# ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫੈਕਲਟੀ ਅਧੀਨ

ਪੀਐੱਚ.ਡੀ. ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

(2020)


**ਨਿਗਰਾਨ**

ਡਾ. ਰਾਜਿੰਦਰ ਕੌਰ ਰੋਹੀ

ਪ੍ਰੋਫ਼ੈਸਰ

ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥਣ**

ਹਰਜਿੰਦਰਪਾਲ ਕੌਰ

ਹਰਜਿੰਦਰਪਾਲ ਕੌਰ


**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

## ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਹਰਜਿੰਦਰਪਾਲ ਕੌਰ ਨੇ ਪ੍ਰਸਤੁਤ ਖੋਜ-ਪ੍ਰਬੰਧ **'ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ'** ਮੇਰੀ ਨਿਗਰਾਨੀ ਅਧੀਨ ਸੰਪੂਰਨ ਕੀਤਾ ਹੈ। ਇਹ ਖੋਜਾਰਥਣ ਦੀ ਮੌਲਿਕ ਰਚਨਾ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐੱਚ.ਡੀ. ਦੀ ਡਿਗਰੀ ਲਈ ਯੋਗ ਸਮਝਦੇ ਹੋਏ ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਪ੍ਰਵਾਨਗੀ ਦਿੰਦੀ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ।

ਮਿਤੀ 30/07/2020

ਡਾ. ਰਾਜਿੰਦਰ ਕੌਰ ਰੋਹੀ
ਪ੍ਰੋਫ਼ੈਸਰ
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਅਧਿਆਇ ਪਹਿਲਾ

# ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਇਤਿਹਾਸਕ ਪਿਛੋਕੜ

ਗੁਰੂ ਕੀ ਕਾਸ਼ੀ ਤਲਵੰਡੀ ਸਾਬੋ (ਦਮਦਮਾ ਸਾਹਿਬ) ਸਿੱਖਾਂ ਦਾ ਪ੍ਰਸਿੱਧ ਗੁਰਧਾਮ ਅਤੇ ਖਾਲਸਾ ਪੰਥ ਦੇ ਪੰਜ ਤਖਤਾਂ ਵਿੱਚੋਂ ਇੱਕ ਤਖ਼ਤ ਇੱਥੇ ਸੁਭਾਇਮਾਨ ਹੈ। ਪਹਿਲੇ, ਨੌਵੇ ਅਤੇ ਦਸਵੇਂ ਗੁਰੂ ਸਾਹਿਬਾਨ ਨੇ ਆਪਣੀ ਚਰਨ-ਛੋਹ ਨਾਲ ਇਸ ਸਥਾਨ ਨੂੰ ਪਵਿੱਤਰ ਕੀਤਾ। ਛੇਵੇਂ ਅਤੇ ਸਤਵੇਂ ਗੁਰੂ ਸਾਹਿਬਾਨ ਦੇ ਵੀ ਇਸ ਸਥਾਨ ਨਾਲ ਸੰਬੰਧਾਂ ਦਾ ਥੋੜ੍ਹਾ-ਬਹੁਤ ਜ਼ਿਕਰ ਮਿਲਦਾ ਹੈ। ਗੁਰੂ ਸਾਹਿਬਾਨ ਨੇ ਇਸ ਪਵਿੱਤਰ ਧਰਤੀ ਨੂੰ 'ਗੁਰੂ ਕੀ ਕਾਸ਼ੀ' ਦਾ ਵਰਦਾਨ ਦੇ ਕੇ ਨਿਵਾਜਿਆ ਹੈ। ਮੌਜੂਦਾ ਪਹਿਲੇ ਅਧਿਆਇ ਵਿਚ ਪਹਿਲਾਂ ਅਸੀਂ ਮਾਲਵਾ ਖੇਤਰ ਦੇ ਇਤਿਹਾਸਕ ਪਿਛੋਕੜ ਬਾਰੇ ਸੰਖੇਪ ਚਰਚਾ ਕਰਾਂਗੇ। ਫਿਰ ਮਾਲਵੇ ਦੇ ਪ੍ਰਮੁੱਖ ਅਤੇ ਪੁਰਾਤਨ ਸ਼ਹਿਰ ਬਠਿੰਡੇ ਦੇ ਇਤਿਹਾਸ ਤੇ ਰੋਸ਼ਨੀ ਪਾਉਂਦੇ ਹੋਏ ਤਲਵੰਡੀ ਸਾਬੋ ਇਲਾਕੇ ਦਾ ਇਤਿਹਾਸਿਕ ਪਿਛੋਕੜ ਵੈਦਿਕ ਕਾਲ ਤੋਂ ਲੈ ਕੇ ਵੀਹਵੀਂ ਸਦੀ ਦੇ ਅਖੀਰ ਤੱਕ ਵਰਣਨ ਕੀਤਾ ਜਾਵੇਗਾ।

**ਮਾਲਵਾ**

ਤਲਵੰਡੀ ਸਾਬੋ ਮਾਲਵੇ ਦਾ ਪੁਰਾਤਨ ਇਤਿਹਾਸਕ ਅਤੇ ਧਾਰਮਿਕ ਨਗਰ ਹੈ। ਪ੍ਰਾਚੀਨ ਕਾਲ ਤੋਂ ਮਾਲਵਾ ਦੇਸ ਸੰਸਾਰ ਨੂੰ ਹਰ ਤਰ੍ਹਾਂ ਦੀ ਵਿਦਿਆ ਦੇਣ ਵਿੱਚ ਮੋਢੀ ਰਿਹਾ ਹੈ। ਸੰਸਾਰ ਦੀ ਅਜਿਹੀ ਕੋਈ ਵਿਦਿਆ ਨਹੀਂ ਜੋ ਇੱਥੇ ਪ੍ਰਗਟ ਨਾ ਹੋਈ ਹੋਵੇ। ਮਾਲਵੇ ਦੇਸ ਨੇ ਆਪਣੀ ਜਵਾਨੀ ਦੇ ਦੌਰ ਵਿੱਚ ਸਥਾਪਤ ਵਿਦਿਆ ਟਕਸਾਲਾਂ ਦੇ ਵਿਦਵਾਨਾਂ ਦੇ ਰਾਹੀਂ ਕੰਧਾਰ, ਬੁਖਾਰਾ, ਮਿਸਰ ਅਤੇ ਚੀਨ ਆਦਿ ਦੇਸਾਂ ਵਿੱਚ ਧਰਮ ਪ੍ਰਚਾਰ ਅਤੇ ਰਾਜਨੀਤਕ ਸੁਧਾਰ ਕਰਕੇ ਆਪਣੇ ਉਤਸ਼ਾਹ ਤੇ ਬਲ ਵਿਦਿਆ ਨੂੰ ਸਫਲਾ ਕੀਤਾ।ਆਦਿ ਕਾਲ ਤੋਂ ਹੀ ਮਾਲਵੇ ਦੀ ਧਰਤੀ ਦੀ ਧਾਰਮਿਕ ਅਤੇ ਅਧਿਆਤਮਕ ਮਹਾਨਤਾ ਗੌਰਵਸ਼ਾਲੀ ਰਹੀ ਹੈ।

ਮੌਜੂਦਾ ਮਾਨਸਾ ਜ਼ਿਲ੍ਹੇ ਦੇ ਅਲੀਪੁਰ ਮੁੰਦਰਾਂ, ਬਗਲੀਆਂ ਦੇ ਥੇਹ, ਡਲੇਵਾਂ, ਛੋਟੀ ਮਾਨਸਾ, ਗੁਰਨੇ ਕਲਾਂ, ਹਸਨਪੁਰ, ਲਖਮੀਰ ਵਾਲਾ ਆਦਿ ਪਿੰਡਾਂ[1] ਅਤੇ ਇਸ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਫਤਹਿਗੜ੍ਹ ਸਾਹਿਬ ਦੇ ਸੰਘੋਲ, ਰੋਪੜ ਸ਼ਹਿਰ ਅਤੇ ਇਸਦੇ ਆਸ-ਪਾਸ ਦੇ ਪਿੰਡਾਂ ਵਿਚ ਸਿੰਧੂ ਘਾਟੀ ਦੀ ਸਭਿਅਤਾ

---

[1] Punjab District Gazetteer-Bathinda, p.35

(ਹੜੱਪਾ ਕਾਲ) ਦੇ ਚਿੰਨ੍ਹ ਮਿਲਦੇ ਹਨ। ਇਨ੍ਹਾਂ ਪਿੰਡਾਂ ਜਾਂ ਥੇਹਾਂ ਵਿਚ ਪੂਰਵ-ਹੜੱਪਾ ਕਾਲ ਦੀਆਂ ਨਿਸ਼ਾਨੀਆਂ ਵੀ ਮਿਲਦੀਆਂ ਹਨ। ਇਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਸਿੰਧੂ ਘਾਟੀ ਦੀ ਉੱਨਤ ਸਭਿਅਤਾ ਮਾਲਵੇ ਦੇ ਸਾਰੇ ਇਲਾਕੇ ਵਿਚ ਫੈਲੀ ਹੋਈ ਸੀ।

ਇਸ ਖੇਤਰ ਨੂੰ ਇਤਿਹਾਸ ਦੇ ਵੱਖ-ਵੱਖ ਪੜਾਵਾਂ ਵਿੱਚ ਵੱਖ-ਵੱਖ ਨਾਵਾਂ ਨਾਲ ਪੁਕਾਰਿਆ ਜਾਂਦਾ ਰਿਹਾ ਹੈ। ਪ੍ਰਾਚੀਨ ਗ੍ਰੰਥਾਂ ਵਿੱਚ ਇਸ ਖਿੱਤੇ ਦਾ ਨਾਮ ਦੇਵਤਿਆਂ ਦਾ ਵਸਾਇਆ ਹੋਣ ਕਰਕੇ 'ਦੇਵ ਨਿਰਮਤ' ਅਤੇ ਵਡਾਰੂਆਂ ਦੀ ਭੂਮੀ ਹੋਣ ਕਰਕੇ 'ਅੱਗ੍ਰ ਜਨਮਾ' ਲਿਖਿਆ ਹੋਇਆ ਮਿਲਦਾ ਹੈ। ਇਸ ਨੂੰ 'ਸਾਰਸ੍ਰਤ ਦੇਸ਼' ਜਾਂ 'ਬ੍ਰਹਮਵਰਤ' ਵੀ ਆਖਿਆ ਜਾਂਦਾ ਸੀ। ਸੂਰਜ ਬੰਸੀਆਂ ਦੇ ਸਮੇਂ ਤੋਂ 'ਦੱਖਣੀ ਮਦਰ' ਨਾਮ ਨਾਲ ਅਤੇ 'ਸ੍ਰੀ ਕੰਠ' ਨਾਉਂ ਨਾਲ ਜਾਣਿਆ ਜਾਂਦਾ ਸੀ। ਵਿਦਿਅਕ ਟਕਸਾਲਾਂ ਦੀ ਧਰਤੀ ਹੋਣ ਕਰਕੇ ਇਸ ਨੂੰ 'ਉਤਰ ਕਾਸ਼ੀ' ਵੀ ਕਿਹਾ ਜਾਂਦਾ ਸੀ। ਗੁਰੂ ਸਾਹਿਬਾਨ ਨੇ ਆਪਣੇ ਪਹਿਲੇ, ਛੇਵੇਂ, ਸਤਵੇਂ, ਨੌਵੇਂ ਅਤੇ ਦਸਵੇਂ ਸਰੂਪਾਂ ਵਿੱਚ ਇਸ ਪੁਰਾਤਨ ਅਤੇ ਸਨਾਤਨ ਦੇਸ ਵਿੱਚ ਅਧਿਕ ਗੁਰੂ ਅਸਥਾਨ, ਅਧਿਕ ਵਿਦਵਾਨ ਅਤੇ ਪਰਉਪਕਾਰੀ ਯੋਧੇ, ਸੰਤ ਅਤੇ ਸ਼ਹੀਦ ਪੈਦਾ ਕਰਕੇ 'ਗੁਰੂ ਕਾ ਮਾਲਵਾ' ਬਚਨਾਂ ਨਾਲ ਸਨਮਾਨਿਤ ਕੀਤਾ।

ਭੂਗੋਲਿਕ ਤੌਰ ਤੇ "ਸਤਲੁਜ ਤੋਂ ਦੱਖਣ-ਪੂਰਬ ਵੱਲ ਮੋਟੇ ਤੌਰ 'ਤੇ ਘੱਗਰ ਦੀ ਬਰਸਾਤੀ ਨਦੀ ਤੱਕ ਮੌਜੂਦਾ ਸਮੇਂ ਵਿਚ ਚੌਦਾਂ ਜ਼ਿਲ੍ਹਿਆਂ ਵਿਚ ਵੰਡਿਆ ਹੋਇਆ ਮਾਲਵਾ ਖੇਤਰ ਹੈ।"[2]

ਕਈ ਵਿਦਵਾਨਾਂ ਦੀ ਰਾਇ ਇਹ ਹੈ ਕਿ ਪ੍ਰਾਚੀਨ ਸਮੇਂ ਵਿੱਚ ਬਹੁਤ ਸਾਰੀਆਂ ਨਦੀਆਂ ਹਿਮਾਲਿਆ ਪਰਬਤ ਵਿੱਚੋਂ ਨਿਕਲ ਕੇ ਰਾਜਪੂਤਾਨਾ (ਰਾਜਸਥਾਨ) ਅਤੇ ਸਿੰਧ ਵੱਲ ਦੀ ਹੋ ਕੇ ਸਮੁੰਦਰ ਵਿੱਚ ਮਿਲਦੀਆਂ ਸਨ। ਇਹਨਾਂ ਵਿੱਚੋਂ ਸਤਲੁਜ, ਬਿਆਸ, ਸਰਸਵਤੀ, ਸਰਸਾ ਅਤੇ ਮਾਰਕੰਡਾ ਆਦਿ ਪ੍ਰਮੁੱਖ ਸਨ। ਜਦੋਂ ਸਮੇਂ ਦੇ ਫੇਰ ਨਾਲ ਰਾਜਪੂਤਾਨੇ ਵਿੱਚ ਰੇਤਾ ਬਹੁਤ ਜ਼ਿਆਦਾ ਵੱਧ ਗਿਆ, ਤਾਂ ਸਤਲੁਜ ਅਤੇ ਬਿਆਸ ਆਪਣੇ ਰਸਤੇ ਬਦਲ ਕੇ ਦੋਵੇਂ ਆਪਸ ਵਿੱਚ ਮਿਲਦੀਆਂ ਹੋਈਆਂ ਹਾਕੜੇ ਨਦੀ ਸਮੇਤ ਸਮੁੰਦਰ ਵਿੱਚ ਪੈਣ ਲਗੀਆਂ। ਇਸ ਤੋਂ ਬਾਅਦ ਹਾਕੜਾ ਅਤੇ ਸਰਸਵਤੀ ਬਿਲਕੁਲ ਹੀ ਸੁੱਕ ਗਈਆਂ। ਸਰਸਾ ਨਦੀ ਪਹਿਲਾਂ ਬੀਕਾਨੇਰ ਦੇ ਇਲਾਕੇ ਵਿੱਚ ਵਹਿੰਦੀ ਸੀ, ਪਰ ਸਤਲੁਜ ਦੇ ਆਪਣੇ ਪਹਿਲੇ ਰਸਤੇ ਨੂੰ ਛੱਡਣ ਤੇ ਰੋਪੜ ਤੋਂ ਥੋੜਾ ਜਿਹਾ ਪਿੱਛੇ ਇਹ ਸਤਲੁਜ ਵਿੱਚ ਹੀ ਰਲ ਗਈ। ਇਸ ਲਈ ਇਸ ਖੇਤਰ ਵਿੱਚ ਰੇਤਾ ਜ਼ਿਆਦਾ ਹੋ ਜਾਣ ਕਰਕੇ

[2] ਡਾ. ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ,* ਪੰਨਾ 17

ਇਸ ਰੇਤ ਸਾਗਰ ਦਾ ਨਾਉਂ  ਰਾਜਪੂਤਾਨੇ ਵਾਂਗ ਮਾਰੂਵਾਰ, ਮਾਰੂਵਾ ਅਤੇ ਫੇਰ ਮਾਲਵਾ ਪ੍ਰਸਿੱਧ ਹੋ ਗਿਆ।[3]

ਮਾਲਵੇ ਦਾ ਇਲਾਕਾ ਜਿਉਂ-ਜਿਉਂ ਰੇਤ ਨਾਲ ਭਰਦਾ ਗਿਆ ਤਿਉਂ-ਤਿਉਂ ਨਦੀਆਂ ਸੁਕਦੀਆਂ ਗਈਆਂ। ਕਈਆਂ ਦੇ ਰਸਤੇ ਵੀ ਬਦਲਦੇ ਗਏ। "ਪ੍ਰਾਚੀਨ ਸਮੇਂ ਵਿੱਚ ਜਦੋਂ ਵਿਸ਼ਵਾਮਿੱਤਰ (ਰਿਸ਼ੀ) ਨੇ ਰਾਜਾ ਸੁਦਾਸ ਨੂੰ ਬਿਆਸਾ ਅਤੇ ਸਤਲੁਜ ਦੇ ਉਰਾਰ ਪਾਰ ਲਿਆ ਕੇ ਸਰਸਵਤੀ (ਨਦੀ) ਤੇ ਆਬਾਦ ਕੀਤਾ ਸੀ, ਉਸ ਸਮੇਂ ਸਰਸਵਤੀ ਥਾਨੇਸਰ ਕੋਲ ਦੀ ਹੋ ਕੇ ਅੱਜ-ਕੱਲ ਦੇ ਦਮਦਮੇਂ ਸਾਹਿਬ (ਤਲਵੰਡੀ ਸਾਬੋ) ਦੇ ਕੋਲ ਵਗਦੀ ਸੀ, ਜੋ ਮਾਰਕੰਡੇ ਆਦਿ ਰਿਖੀਆਂ ਦੇ ਤਪ ਕਰਨ ਦੀਆਂ ਸਾਖੀਆਂ ਤੋਂ ਸਪੱਸ਼ਟ ਹੋ ਜਾਂਦਾ ਹੈ। ਉਸ ਸਮੇਂ ਸਤਲੁਜ ਨਾਭੇ ਦੇ ਉੱਤਰ ਵਲ ਦੀ ਹੁੰਦਾ ਹੋਇਆ ਲਿੱਛਾਬੱਦੀ, ਛਪਾਰ ਅਤੇ ਲੋਹਟਬੱਦੀ ਕੋਲ ਦੀ ਠੀਕਰੀ ਵਾਲੇਂ ਵਿਚੀਂ ਬਠਿੰਡੇ ਪਹੁੰਚਦਾ ਸੀ। ਜਦੋਂ 712 ਬਿ. (655 ਈ.) ਵਿੱਚ ਬਠਿੰਡਾ ਬੱਝਿਆ ਸੀ  ਉਸ ਸਮੇ ਇਹ (ਸਤਲੁਜ) ਕਿਲਾ ਬਠਿੰਡਾ ਦੇ ਠੀਕ ਨਾਲ ਵਗਦਾ ਸੀ।"[4]

ਪਰ ਕਈ ਖੋਜੀਆਂ ਅਨੁਸਾਰ ਨਦੀਆਂ ਸੁਕਣ ਤੋਂ ਮਾਰੂਥਲ  ਬਣ ਜਾਣ ਦਾ ਖਿਆਲ  ਬਹੁਤਾ ਪੁਰਾਣਾ ਅਤੇ ਵਿਦਵਾਨਾਂ ਦੀ ਅਕਲ ਤੋਂ ਹੀ ਮੰਨਿਆ ਹੋਇਆ 'ਖੂਹ ਵਿੱਚ ਇੱਟ' ਦੀ ਤਰ੍ਹਾਂ ਅਨਿਸ਼ਚਿਤ ਹੈ। ਪ੍ਰਾਚੀਨ ਗ੍ਰੰਥਾਂ ਵਿੱਚੋਂ ਜਦ ਤੋਂ ਅਸੀਂ ਇਤਿਹਾਸ ਦੇ  ਤੱਥ ਨੂੰ ਸਮਝਣ ਲੱਗੇ ਹਾਂ, ਉਸ ਸਮੇਂ ਤੋਂ ਇਸ ਖਿੱਤੇ ਦਾ ਨਾਮ ਦੇਵਤਿਆਂ ਦਾ ਵਸਾਇਆ ਹੋਣ ਕਰਕੇ 'ਦੇਵ ਨਿਰਮਤ' ਅਤੇ ਸਭ ਤੋਂ ਪੁਰਾਤਨ ਹੋਣ ਕਰਕੇ 'ਅੱਗ੍ਰ ਜਨਮਾ'(ਵਡਾਰੂਆਂ ਦੀ ਭੂਮੀ) ਲਿਖਿਆ ਹੋਇਆ ਮਿਲਦਾ ਹੈ। ਫੇਰ ਜਗਤ ਨੂੰ ਧਰਮ ਦੀ ਮੁਢਲੀ ਵਿਦਿਆ ਦੇਣ ਵਾਲਾ ਵਿਦਿਆ ਗੁਰੂ ਹੋਣ ਕਾਰਣ 'ਸਾਰਸ੍ਵਤ ਦੇਸ਼'(ਵਿਦਿਆਪਤੀ) ਕਰਕੇ ਪ੍ਰਸਿੱਧ ਹੋਇਆ। ਇਥੇ ਬ੍ਰਹਮ ਰਿਸ਼ੀਆਂ ਦਾ ਵਾਸਾ ਹੋਣ ਕਰਕੇ ਇਸ ਨੂੰ 'ਬ੍ਰਹਮਵਰਤ' ਵੀ ਆਖਿਆ ਜਾਂਦਾ ਸੀ। ਰਿਗਵੇਦ ਅਤੇ ਇਸ ਤੋਂ ਕਾਫੀ ਸਮਾਂ ਬਾਅਦ ਦੀ ਰਚਨਾ ਯਜੁਰਵੇਦ ਦੇ ਸਮੇਂ ਤੱਕ ਇਹ ਖਿੱਤਾ ਬਹੁਤ ਉਪਜਾਊ ਸੀ। 'ਮਨੂੰ ਸਿੰਮ੍ਰਤੀ' ਅਤੇ 'ਪਾਤੰਜਲ ਮਹਾਂ ਭਾਸ਼' ਜੈਸੇ ਪ੍ਰਾਚੀਨ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਇਹ ਦੇਸ ਪੁਰਾਣੇ ਸਮੇਂ ਵਿੱਚ 'ਬ੍ਰਹਮਾ ਵਰਤ', ਪਹਿਲਾਂ ਜੰਮਣ ਵਾਲਿਆਂ ਦਾ ਦੇਸ਼ ਅਤੇ ਸਿਸ਼ਟ ਪੁਰਸ਼ਾਂ ਦਾ ਦੇਸ਼ ਹੈ। ਸੂਰਜ ਬੰਸੀਆਂ ਦੇ ਸਮੇਂ ਤੋਂ 'ਦੱਖਣੀ ਮਦਰ' ਨਾਮ ਨਾਲ ਅਤੇ ਸਰਸਵਤੀ, ਮਾਰਕੰਡੇ ਤੇ ਸਤਲੁਜ ਆਦਿ ਦੇ ਕਾਰਣ ਉਪਜਾਊ

---

[3] ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਸਿੱਖ ਇਤਿਹਾਸ, ਭੂਮਿਕਾ,* ਭਾਗ ਪਹਿਲਾ, ਪੰਨਾ 13

[4] *ਉਹੀ*

ਅਤੇ ਧਨਵਾਨ ਹੋਣ ਕਰਕੇ 'ਸ੍ਰੀ ਕੰਠ' ਨਾਉਂ ਨਾਲ ਜਾਣਿਆ ਜਾਂਦਾ ਸੀ। ਕੁਰਛੇਤਰ, ਕ੍ਰਿਸ਼ਨਦੀਪ (ਵਰਤਮਾਨ ਲੋਹਟਬੱਦੀ), ਨੈਮਿਸ਼ (ਵਰਤਮਾਨ ਦਮਦਮਾ ਸਾਹਿਬ), ਥਾਨੇਸਰ ਆਦਿਕ ਵਿਦਿਆ ਟਕਸਾਲਾਂ ਦੇ ਕਰਕੇ ਇਸ ਨੂੰ ਉਤਰ ਕਾਸ਼ੀ ਵੀ ਆਖਿਆ ਜਾਂਦਾ ਸੀ।[5] ਪਰ ਕਿਤੇ ਵੀ ਇਸਦਾ ਨਾਮ 'ਮਾਲਵਾ' ਜਾਂ 'ਮਾਰੂਵਾਰ' ਨਹੀਂ ਆਉਂਦਾ। ਜੋਧਪੁਰ, ਬੀਕਾਨੇਰ ਆਦਿ ਇਲਾਕੇ ਦਾ ਨਾਮ ਰੇਤਾ ਜ਼ਿਆਦਾ ਹੋਣ ਕਰਕੇ ਪਹਿਲਾਂ ਤੋਂ ਹੀ ਮਾਰੂਬਾਰ, ਮਾਰੂਥਲ ਜਾਂ ਮਾਰਵਾੜ ਸੀ, 'ਮਾਲਵਾ' ਨਹੀਂ ਸੀ। ਮਾਰਵਾੜ ਤੋਂ ਅੱਗੇ ਮੱਧ ਪ੍ਰਦੇਸ ਦਾ ਕੁਝ ਹਿੱਸਾ ਅਤੇ ਧਾਰਾ ਤੇ ਉਜੈਨ ਤਕ ਦਾ ਇਲਾਕਾ ਮਾਰਵਾੜ ਵਾਂਗ ਰੇਤਲਾ ਨਾ ਹੋਣ ਤੇ ਵੀ ਮਾਲਵਾ ਕਹਾਉਂਦਾ ਹੈ। ਇਸ ਲਈ ਮਾਰੂਥਲ ਹੋ ਜਾਣ ਕਰਕੇ ਇਸ ਖਿੱਤੇ ਦਾ ਨਾਮ ਮਾਲਵਾ ਕਲਪਣਾ ਠੀਕ ਨਹੀ।

ਕੁਝ ਵਿਦਵਾਨਾਂ ਦੀ ਮੱਤ ਹੈ ਕਿ 'ਮਾਲ' ਸ਼ਬਦ ਦਾ ਅਰਥ ਉਪਜ (ਪੈਦਾਵਾਰ) ਹੈ। ਇਸ ਲਈ ਇਸ ਦਾ ਅਤੇ ਉਜੈਨ ਦੇ ਇਲਾਕੇ ਦਾ ਨਾਮ ਜ਼ਿਆਦਾ ਉਪਜਾਊ ਹੋਣ ਦੇ ਕਾਰਣ 'ਮਾਲਵਾ' ਪਿਆ ਹੈ। ਪਰੰਤੂ ਇਹ ਕਲਪਣਾ ਵੀ ਠੀਕ ਨਹੀਂ ਹੈ, ਕਿਉਂਕਿ ਮਾਲ ਸ਼ਬਦ ਦੇ ਵਿਦੇਸ਼ੀ ਹੋਣ ਕਾਰਣ ਇਸਨੂੰ ਦੇਸੀ ਭਾਸ਼ਾ ਦਾ ਪਿਛੇਤਰ 'ਵਾ' ਲੱਗ ਕੇ ਮਾਲਵਾ ਸ਼ਬਦ ਬਣਨਾ ਵਿਆਕਰਨ ਦੇ ਵਿਰੁੱਧ ਹੈ।

ਬਹੁਤ ਸਾਰੇ ਵਿਦਵਾਨਾਂ ਦੀ ਇਹ ਰਾਇ ਹੈ ਕਿ 'ਮਾਲਵਾ' ਨਾਮ ਮਦਰ ਗਣ ਨਾਲ ਸੰਬੰਧਤ 'ਮਲੋਈ' ਜਾਤੀ ਤੋਂ ਪਿਆ ਹੈ। ਡਾ. ਸੁਖਦਿਆਲ ਸਿੰਘ ਅਨੁਸਾਰ "ਇਹ ਮਾਲਵਾ ਨਾਂ ਪੈਣ ਦਾ ਵਿਸ਼ੇਸ ਕਾਰਣ ਇਹ ਹੀ ਹੈ ਕਿ ਇੱਥੇ ਮੁੱਢ ਤੋਂ ਹੀ ਮਾਲਵ ਨਾਂ ਦੇ ਜੱਟ ਕਬੀਲਿਆਂ ਦੇ ਲੋਕ ਰਹਿੰਦੇ ਸਨ। ਮਾਲਵ ਕਬੀਲਿਆਂ ਦੇ ਰਹਿਣ ਕਰਕੇ ਇਸ ਦਾ ਨਾਂ ਮਾਲਵਾ ਪ੍ਰਚੱਲਿਤ ਹੋਇਆ।"[6] ਇਸ ਮਲ, ਮਾਲਵ ਜਾਂ ਮਲੋਈ ਜਾਤੀ ਦੇ ਲੋਕਾਂ ਨੇ ਹੀ ਸਿਕੰਦਰ ਨਾਲ ਟੱਕਰ ਲਈ ਸੀ। ਨਰੇਂਦਰ ਧੀਰ ਅਨੁਸਾਰ "ਈਸਾ ਤੋਂ 326 ਸਾਲ ਪਹਿਲਾਂ ਤੋਂ 150 ਈ. ਤੱਕ ਮਾਲਵ ਗਣ ਪੰਜਾਬ ਦੀ ਭੂਮੀ ਤੇ ਨਿਵਾਸ ਕਰਦੇ ਰਹੇ, ਇਸ ਤੋਂ ਬਾਅਦ ਉਹ ਲੋਕ ਰਾਜਪੂਤਾਨਾ ਵਿਚ ਗਏ ਅਤੇ ਉਥੋਂ ਹੀ ਕਾਲਾਂਤਰ ਪ੍ਰਦੇਸ਼ ਵਿਚ ਜਾ ਵਸੇ।"[7] ਡਾ. ਵਣਜਾਰਾ ਬੇਦੀ ਵੀ ਇਸੇ ਧਾਰਨਾ ਦੀ

---

5 *ਉਹੀ,* ਪੰਨਾ 14

6 ਡਾ. ਸੁਖਦਿਆਲ ਸਿੰਘ, *ਉਕਤ,* ਪੰਨਾ 17

7 ਨਰੇਂਦਰ ਧੀਰ, *ਮੈਂ ਧਰਤੀ ਪੰਜਾਬ ਦੀ,* ਪੰਨਾ 164

ਪ੍ਰੋੜਤਾ ਕਰਦਾ ਹੋਇਆ ਲਿਖਦਾ ਹੈ ਕਿ "ਅਜੋਕੇ ਮਾਲਵੇ ਦਾ ਨਾਉਂ ਇਥੇ ਵਸਦੀ 'ਮਾਲਵਾ' ਜਾਂ 'ਮਲੋਈ' ਜਾਤੀ ਦੇ ਚੜ੍ਹਤ ਕਾਲ ਤੋਂ ਚਲਿਆ ਆ ਰਿਹਾ ਹੈ। ਦੂਜੀ ਸਦੀ ਈਸਵੀ ਦੇ ਮੱਧ ਵਿੱਚ ਇਸ ਜਾਤੀ ਦੇ ਲੋਕ ਪੰਜਾਬ ਛੱਡ ਕੇ ਰਾਜਪੂਤਾਨੇ ਵਿੱਚ ਵਸ ਗਏ ਅਤੇ ਉਥੋਂ ਅੱਗੇ ਮੱਧ ਭਾਰਤ ਵਿੱਚ ਫੈਲ ਗਏ।"[8] ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਵਿਦਵਾਨ ਇਸੇ ਵਿਚਾਰਧਾਰਾ ਦੀ ਪ੍ਰੋੜਤਾ ਕਰਦੇ ਹਨ। ਮਾਲਵੇ ਦੇ ਕੁਝ ਪਿੰਡ ਜਿਵੇਂ ਮਲਵਾਲ, ਮੱਲੀਆਂ ਵਾਲਾ, ਤਲਵੰਡੀ ਮੱਲ੍ਹੀਆਂ ਅਤੇ ਮੱਲ੍ਹੀ ਗੋਤ ਦੇ ਲੋਕ ਇਸੇ ਜਾਤੀ ਦੇ ਸੂਚਕ ਹਨ।

"ਪੰਜਾਬ ਵਿੱਚ ਸਥਿਤ ਮਾਲਵੇ ਦੀ ਮੱਧ ਭਾਰਤ ਵਿੱਚ ਸਥਿਤ 'ਮਾਲਵ', ਜਿਸਦੀ ਰਾਜਧਾਨੀ ਉਜੈਨ ਸੀ, ਨਾਲ ਗੂੜੀ ਇਤਿਹਾਸਕ ਅਤੇ ਸੱਭਿਆਚਾਰਕ ਸਾਂਝ ਹੈ। ਮੱਧ ਭਾਰਤ ਵਿੱਚ ਵਸਣ ਵਾਲੀ ਮਾਲਵ ਜਾਤੀ ਅਤੇ ਮਲਵਈ ਲੋਕਾਂ ਦੇ  ਨੈਣ ਨਕਸ਼, ਰੰਗ ਢੰਗ ਤੇ ਲੋਕ ਗੀਤ ਆਦਿ ਵਿਚ ਸਮਾਨਤਾ ਦੋਵਾਂ ਦੀ ਜਾਤੀਗਤ ਸਮਾਨਤਾ ਵੱਲ ਇਸ਼ਾਰਾ ਕਰਦੀ ਹੈ।"[9] ਪੰਜਾਬ ਦੇ ਇਸ ਖਿੱਤੇ 'ਮਾਲਵਾ' ਵਿੱਚ ਵਸਣ ਵਾਲੀ 'ਮਲੋਈ' ਜਾਤੀ ਜਿੱਤਾਂ ਪ੍ਰਾਪਤ ਕਰਦੀ ਹੋਈ ਮੱਧ ਭਾਰਤ ਦੇ ਆਵੰਤੀ ਪ੍ਰਦੇਸ਼ ਵਿੱਚ ਗਈ ਤੇ ਇਸੇ ਜਾਤੀ ਦੇ ਪ੍ਰਵੇਸ਼ ਨਾਲ ਇਸ ਨੂੰ ਮਾਲਵਾ ਸੱਦਿਆ ਜਾਣ ਲੱਗਾ। ਮਾਲਵਾ ਸਿੱਖ ਇਤਿਹਾਸ ਦੀ ਭੂਮਿਕਾ ਵਿਚ ਵਿਸਾਖਾ ਸਿੰਘ ਵੀ ਲਿਖਦੇ ਹਨ ਕਿ "ਜਿਵੇਂ ਉਜੈਨ ਦੇ 'ਆਵੰਤੀ' ਦੇਸ ਦਾ ਨਾਉਂ ਮਾਲਵਾਂ ਦੀ ਬਹੁਗਿਣਤੀ ਅਤੇ ਪ੍ਰਭਤਾ ਕਰਕੇ 'ਮਾਲਵਾ' ਪ੍ਰਸਿੱਧ ਹੋਇਆ। ਉਵੇਂ ਹੀ ਮਦ੍ਰ ਦੇਸ ਵਿੱਚ ਵੀ ਮਾਲਵਾ ਲੋਕਾਂ ਦੇ ਵਾਸ ਕਰਨ ਅਤੇ ਉਹਨਾਂ ਦੀ ਯੂਨਾਨੀਆਂ ਉੱਤੇ ਵਿਜੈ ਪਾਉਣ ਦੇ ਕਾਰਣ 'ਮਾਲਵਾ' ਪਿਆ।"[10] ਮਲੋਈ ਜਾ ਮੱਲੀਆਂ ਵਿੱਚੋਂ ਹੀ ਗੰਧਰਬ ਸੇਨ ਅਥਵਾ ਮਹਿੰਦ੍ਰਾਦਿੱਤ ਪ੍ਰਮਾਰ ਜਾਂ ਪੰਵਾਰ ਦਾ ਪੁੱਤਰ ਮਹਾਂ ਪ੍ਰਤਾਪੀ 'ਬਿਕ੍ਰਮਾ ਦਿੱਤ' ਹੋਇਆ, ਜਿਸ ਨੇ ਵਿਦੇਸ਼ੀ ਸ਼ੱਕ ਆਦਿਕ ਕੌਮਾਂ ਨੂੰ ਅਜਿਹੀ ਹਾਰ ਦਿੱਤੀ, ਜਿਹਨਾਂ ਨੇ 150 ਸਾਲ ਤੱਕ ਭਾਰਤ ਵੱਲ ਮੂੰਹ ਨਹੀਂ ਕੀਤਾ।  ਪੁਰਾਤਨ ਪੰਜਾਬ ਵਿੱਚ ਮਾਲਵ ਜਾਤੀ ਦੇ ਵਸਦੇ ਹੋਣ ਦਾ ਪ੍ਰਮਾਣ ਕੁਝ ਪ੍ਰਾਚੀਨ ਭਾਰਤੀ ਸਿੱਕਿਆਂ ਤੋਂ ਵੀ ਮਿਲਦਾ ਹੈ।

ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪੰਜਾਬ ਦੇ ਇਸ ਵਿਸ਼ੇਸ਼

---

8 ਡਾ. ਵਣਜਾਰਾ ਬੇਦੀ, *ਪੰਜਾਬ ਦੀ ਲੋਕਧਾਰਾ,* ਪੰਨਾ 4

9 ਡਾ. ਨਾਹਰ ਸਿੰਘ, *ਮਾਲਵੇ ਦੇ ਲੋਕ ਗੀਤ,* ਜਿਲਦ ਪਹਿਲੀ, ਪੰਨਾ 2

10 ਵਿਸਾਖਾ ਸਿੰਘ, *ਉਕਤ,* ਪੰਨਾ 15

ਖਿੱਤੇ ਦਾ ਨਾਮ 'ਮਾਲਵਾ' ਮਾਲਵ ਜਾਂ ਮਲੋਈ ਜਾਤੀ ਦੇ ਨਾਂ ਉੱਤੇ 326 ਈ. ਪੂਰਵ ਤੋਂ 150 ਈ. ਦੇ ਵਿਚਕਾਰ ਹੀ ਪਿਆ ਹੈ।

ਵਰਤਮਾਨ ਵਿਚ ਉਜੈਨ ਦੇ ਮਾਲਵੇ ਤੋਂ ਵੱਖਰਾ ਕਰਨ ਲਈ ਪੰਜਾਬ ਦੇ ਮਾਲਵੇ ਨੂੰ ਗੁਰੂ ਸਾਹਿਬਾਨ ਦੀਆਂ ਬਖਸ਼ਸ਼ਾਂ ਦੇ ਸਦਕੇ 'ਗੁਰੂ ਕਾ ਮਾਲਵਾ' ਕਹਾਉਣ ਦਾ ਮਾਨ ਪ੍ਰਾਪਤ ਹੋਇਆ ਹੈ। ਇਥੇ ਬ੍ਰਹਮ ਗਿਆਨੀਆਂ, ਵਿਦਵਾਨਾਂ, ਸ਼ਾਸਤਰਕਾਰਾਂ, ਸੰਤਾਂ, ਮਹੰਤਾਂ, ਲਿਖਾਰੀਆਂ, ਖੋਜੀਆਂ, ਗੁਰਮਤਿ ਪ੍ਰਚਾਰਕਾਂ, ਪਰਉਪਕਾਰੀਆਂ, ਦਾਨੀਆਂ, ਤਿਆਗੀਆਂ, ਸੂਰਬੀਰਾਂ, ਸ਼ਹੀਦਾਂ, ਸਿਦਕੀ ਸਿੱਖਾਂ ਅਤੇ ਧਰਮਾਤਮਾ ਪੁਰਖਾਂ ਦੀ ਬਹੁਤੀ ਵਸੋਂ, ਅਣਗਿਣਤ ਗੁਰਦੁਆਰੇ, ਸਿੱਖ ਧਾਰਮਿਕ ਸੰਸਥਾਵਾਂ ਅਤੇ ਸਕੂਲ, ਕਾਲਜਾਂ ਦੀ ਬਹੁਤਾਤ ਹੋਣ ਕਰਕੇ ਇਸ ਦਾ ਨਾਮ 'ਗੁਰੂ ਕਾ ਮਾਲਵਾ' ਪ੍ਰਸਿੱਧ ਹੋਇਆ।

ਪੁਰਾਤਨ ਸਮੇਂ ਵਿੱਚ ਮਾਲਵਾ ਦੇਸ ਅੰਦਰ ਸਤਲੁਜ (ਵੇਦ ਵਿੱਚ ਇਸ ਨੂੰ ਸ਼ਤੁਦ੍ਰੀ ਕਿਹਾ ਗਿਆ ਹੈ), ਬੁੱਢਾ ਨਾਲਾ, ਕਨਕ ਬਾਹਨੀ, ਭੱਡਲੀ, ਘੱਗਰ, ਕੌਸ਼ਲਿਆ, ਸਰਸਵਤੀ, ਸਰਸਾ (ਵੇਦਾਂ ਵਿੱਚ ਸਰਸ੍ਵਾਨ ਲਿਖਿਆ ਹੈ), ਟਾਂਗਰੀ, ਮਾਰਕੰਡਾ (ਦ੍ਰਿਸ਼ਦਵਤੀ) ਅਤੇ ਮੁਕੰਦਾ ਆਦਿ ਛੋਟੀਆਂ ਅਤੇ ਵੱਡੀਆਂ ਨਦੀਆਂ ਵਗਦੀਆਂ ਸਨ।[11]

ਪ੍ਰਾਚੀਨ ਸਮੇਂ ਵਿੱਚ ਰਿਗ ਆਦਿ ਚਾਰ ਵੇਦ ,ਉਨ੍ਹਾਂ ਦੇ ਵਿਆਕਰਣ ਆਦਿ ਛੇ ਅੰਗ, ਪੁਰਾਣ, ਮੀਮਾਸਾਂ, ਨਿਆਇ ਅਤੇ ਧਰਮ ਸਾਸ਼ਤਰ, ਇਹ 14 ਵਿਦਿਆ ਪ੍ਰਚਲਿਤ ਸਨ। ਇਹਨਾਂ ਦੇ ਬਣਾਉਣ ਵਾਲੇ ਸਾਰੇ ਹੀ ਮਾਲਵਾ ਦੇ ਵਸਨੀਕ ਅਤੇ ਉਤਰ ਕਾਸ਼ੀ ਵਿੱਚ ਸਥਿਤ ਥਾਨੇਸਰ ਅਤੇ ਨੈਮਿਸ਼ ਜਾਂ ਦਮਦਮਾ ਸਾਹਿਬ ਵਾਲੀ ਟਕਸਾਲ ਦੇ ਸਨਾਤਕ (ਗ੍ਰੈਜੂਏਟ) ਸਨ। ਨਿਰੁਕਤ ਦੇ ਕਰਤਾ ਯਾਸਕ, ਵਿਆਕਰਣੀਆਂ ਪਾਣਿਨਿ ਅਤੇ ਸਾਕਲਯ ਦਾ ਕਾਰਜ ਖੇਤਰ ਸਾਰਸ੍ਵਤ ਦੇਸ (ਗੁਰੂ ਕਾ ਮਾਲਵਾ) ਹੀ ਸੀ। ਵੇਦਾਂ ਦੇ ਸੰਪਾਦਕ ਸ਼ਾਕਲਯ ਅਤੇ ਵੇਦ ਵਿਆਸ ਆਦਿ ਉਤਰ ਕਾਸ਼ੀ ਵਿੱਚ ਹੀ ਰਹਿੰਦੇ ਸਨ। ਰਿਸ਼ੀ ਵੇਦ ਵਿਆਸ ਦੇ ਚੇਲੇ 'ਜੈਮਿਨੀ' ਨੇ 'ਪੂਰਬ ਮੀਮਾਂਸਾ' ਦੀ ਰਚਨਾ ਇਸੇ ਉਤਰ ਕਾਸ਼ੀ ਵਿੱਚ ਕੀਤੀ। ਏਥੇ ਹੀ ਵੈਸ਼ੰਪਾਇਨ ਅਤੇ ਅਗਿਨਵੇਸ਼ ਨੇ 'ਆਯੁਰਵੇਦ' ਰਚਿਆ।।[12] ਡਾ. ਗੰਡਾ ਸਿੰਘ ਦੇ ਅਨੁਸਾਰ ਲੱਗਭੱਗ 2000-1500 ਈ.

---

[11] *ਉਹੀ,* ਪੰਨੇ 16-17

[12] *ਉਹੀ,* ਪੰਨਾ 31

ਪੂਰਵ ਆਰੀਆਂ ਲੋਕਾਂ ਨੇ ਸ਼ਤਦ੍ਰੀ (ਸਤਲੁਜ) ਨੂੰ ਪਾਰ ਕਰਨ ਤੋਂ ਬਾਅਦ ਹੀ ਮਾਲਵੇ ਦੇ ਵਿਸ਼ਾਲ ਮੈਦਾਨਾਂ ਵਿਚ ਅਮਨ-ਚੈਨ ਨਾਲ ਪੱਕੇ ਤੌਰ ਤੇ ਰਹਿਣਾ ਸ਼ੁਰੂ ਕੀਤਾ ਸੀ। ਇਸ ਤੋਂ ਪਹਿਲਾਂ ਕਈ ਸਦੀਆਂ ਉਨ੍ਹਾਂ ਦੇ ਇਥੋਂ ਦੇ ਮੂਲ ਨਿਵਾਸੀਆਂ ਨਾਲ ਝਗੜੇ ਹੁੰਦੇ ਰਹੇ ਸਨ ਅਤੇ ਉਨ੍ਹਾਂ ਦਾ ਕੋਈ ਪੱਕਾ ਨਿਵਾਸ ਸਥਾਨ ਨਹੀਂ ਸੀ।[13] ਸਰਸਵਤੀ (ਨਦੀ) ਦੀ ਧਰਤੀ ਨੂੰ ਆਰੀਆ ਲੋਕਾਂ ਨੇ ਬ੍ਰਹਮਵਰਤ ਕਿਹਾ ਹੈ। ਬ੍ਰਹਮਵਰਤ ਤੋਂ ਭਾਵ ਬ੍ਰਾਹਮਣਾਂ ਦਾ ਦੇਸ਼। ਇਸ ਨੂੰ ਆਰੀਆਵਰਤ (ਆਰੀਆਂ ਦਾ ਦੇਸ਼) ਵੀ ਕਿਹਾ ਗਿਆ ਹੈ। ਇਸ ਨਦੀ ਦੇ ਕਿਨਾਰੇ ਹੀ ਆਰੀਆ ਲੋਕਾਂ ਨੇ ਵੇਦਾਂ ਅਤੇ ਹੋਰ ਗ੍ਰੰਥਾਂ ਦੀ ਰਚਨਾ ਕੀਤੀ ਸੀ। ਇਸ ਨਾਲ ਆਰੀਆ ਲੋਕਾਂ ਵਿਚ ਸਰਸਵਤੀ ਨਦੀ ਪੜ੍ਹਨ-ਲਿਖਣ ਦੀ ਪ੍ਰੇਰਨਾ ਦੇਣ ਵਾਲੀ ਨਦੀ ਬਣ ਗਈ ਸੀ ਅਤੇ ਅਖੀਰ ਨੂੰ ਸਰਸਵਤੀ ਨੂੰ ਇਸੇ ਕਰਕੇ ਹੀ ਵਿੱਦਿਆ ਦੀ ਦੇਵੀ ਮੰਨ ਲਿਆ ਗਿਆ ਸੀ।[14]

ਪ੍ਰਾਚੀਨ ਸਮੇਂ ਵਿੱਚ ਪਲਾਢ, ਜਨੇਰ, ਵਿਰਾਟ ਨਗਰ, ਗਾਗਾ, ਸੁਨੇਤ, ਰੋਪੜ, ਪੰਜੋਰ, ਅੰਬਾਲਾ, ਮੋਰੰਡਾ, ਦਾਮਲਾ, ਸੋਢੋਰਾ, ਸੁਨਾਮ, ਸਨੌਰ, ਘੁੜਾਮ, ਸ਼ੈਲੋਦਯ, ਨਾੜਪਿਤ, ਨੈਮਿਸ਼ (ਦਮਦਮਾ ਸਾਹਿਬ), ਹਰਿਆਉ, ਕੁਰਛੇਤਰ, ਥਾਨੇਸਰ, ਕੈਂਥਲ, ਸਪੈਦੋਂ (ਸਫੈਦੋ), ਕੰਪਲਾ, ਰੋਹਤਾਖ (ਸਰਮਦਮਨ), ਦੇਵਝੱਲਾ (ਦੇਹੁਲਾ), ਹੋਡਲਾ, ਕ੍ਰਿਸ਼ਨਦੀਪ (ਲੋਹਟਬੱਦੀ) ਆਦਿ ਮਾਲਵੇ ਦੇ ਪ੍ਰਮੁੱਖ  ਨਗਰ ਸਨ। ਮੌਜੂਦਾ ਸਮੇਂ ਵਿੱਚ ਇਹਨਾਂ ਵਿੱਚੋਂ ਜ਼ਿਆਦਾਤਰ ਦੇ ਨਾਮ ਨਿਸ਼ਾਨ ਹੀ ਰਹਿ ਗਏ ਹਨ। ਸੁਨੇਤ (ਲੁਧਿਆਣੇ ਦੇ ਨੇੜੇ) ਆਦਿ ਦ੍ਰਾਵੜ ਸੱਭਿਅਤਾ ਦੇ ਸਮੇਂ ਦੇ ਸਥਾਨ ਹਨ।[15]

ਪਹਿਲੀ ਸਦੀ ਈ. ਪੂ. ਵਿੱਚ ਕਨਿਸ਼ਕ ਨੇ ਰਾਜ ਕਾਇਮ ਕਰਕੇ ਹਠੂਰ ਨੂੰ ਵਸਾਇਆ ਤੇ ਉਸ ਤੋਂ ਬਾਅਦ  ਗੁਪਤ ਵੰਸ਼, ਸਲਬਾਹਨ ਵੰਸ਼ ਤੇ ਵਰਧਨ ਵੰਸ਼ ਦਾ ਇਸ ਖੇਤਰ ਉੱਤੇ ਰਾਜ ਰਿਹਾ। ਵਿਸਾਖਾ ਸਿੰਘ ਦਾਸ ਆਪਣੀ ਪੁਸਤਕ 'ਮਾਲਵਾ ਸਿੱਖ ਇਤਿਹਾਸ' ਵਿੱਚ ਲਿਖਦੇ ਹਨ ਕਿ 520 ਈਸਵੀ ਵਿੱਚ ਗਜ ਦੇ ਪੁੱਤਰ ਸਾਲਿਬਾਹਨ ਨੇ ਗਜ਼ਨੀ ਛੱਡ ਕੇ  ਪੰਜਾਬ ਉੱਤੇ ਕਬਜ਼ਾ ਕਰਕੇ ਸਿਆਲਕੋਟ ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਦੇ ਸੋਲ੍ਹਾਂ ਪੁੱਤਰਾਂ ਵਿਚੋਂ ਕਈਆਂ ਨੇ ਮਾਲਵੇ ਵਿਚ ਨਗਰ ਆਬਾਦ ਕਰ ਕੇ ਆਪਣੇ ਰਾਜ

---

[13] Dr. Ganda Singh, "Introducing The Punjab", *Punjab Past and Present,* Vol.I, April 1967, p.31

[14] ਡਾ. ਸੁਖਦਿਆਲ ਸਿੰਘ, *ਉਕਤ,* ਪੰਨੇ 18, 20

[15] ਵਿਸਾਖਾ ਸਿੰਘ, *ਉਕਤ,* ਪੰਨੇ 17-18

ਕਾਇਮ ਕੀਤੇ ਜਿਵੇ ਕਿ ਉਸਦੇ ਵੱਡੇ ਪੁੱਤਰ ਰਿਸਾਲੂ ਨੇ ਭਾਦਸੋਂ (ਜਿਲ੍ਹਾ ਫ਼ਤਹਿਗੜ੍ਹ ਸਾਹਿਬ) ਵਸਾਇਆ, ਦੂਜੇ ਪੁੱਤਰ ਸਾਇਰ ਰਾਓ ਨੇ ਸਰਹਿੰਦ ਨੂੰ, ਤ੍ਰੇਹਣ ਨੇ ਸਾਲਿਬਾਹਨਪੁਰਾ (ਮੁਕਤਸਰ ਕੋਲ) ਨੂੰ, ਝਾਂਡੇ ਰਾਏ ਨੇ ਝਾਂਡੇ ਨਗਰ ਜਾਂ ਝਨੇਰ (ਮਲੇਰਕੋਟਲੇ ਤੋਂ ਚਾਰ ਮੀਲ ਦੂਰ) ਨੂੰ ਆਪਣੀ ਰਾਜਧਾਨੀ ਬਣਾਇਆ।[16]

ਛੇਵੀਂ ਸਦੀ ਦੇ ਉਤਰਾਰਧ ਵਿਚ ਪ੍ਰਭਾਕਰ ਵਰਧਨ ਨੇ ਥਾਨੇਸਰ ਨੂੰ ਆਪਣੀ ਰਾਜਧਾਨੀ ਬਣਾ ਕੇ ਮਾਲਵੇ (ਸ੍ਰੀ ਕੰਠ ਦੇਸ[17]) ਦੇ ਜੰਗਲਾਂ ਨੂੰ ਸਾਫ ਅਤੇ ਪੱਧਰਾ ਕਰਾ ਕੇ ਖੇਤੀਯੋਗ ਬਣਾਇਆ ਅਤੇ ਇਸ ਖਿੱਤੇ ਦਾ ਬਹੁਤ ਵਿਕਾਸ ਕੀਤਾ। ਉਸ ਦੇ ਪੁੱਤਰ ਹਰਸ਼ ਵਰਧਨ ਨੇ ਬੁੱਧ ਮੱਤ ਧਾਰਣ ਕਰ ਲਿਆ ਜਿਸ ਨਾਲ ਇਸ ਖੇਤਰ ਵਿੱਚ ਬੁੱਧ ਮੱਤ ਦਾ ਜ਼ੋਰਦਾਰ ਪ੍ਰਭਾਵ ਪਿਆ। ਉਸ ਸਮੇਂ ਭਾਰਤ ਦੇ ਹੋਰ ਖੇਤਰਾਂ ਦੀ ਤਰ੍ਹਾਂ ਮਾਲਵੇ ਵਿਚ ਵੀ ਬੋਧੀ ਸੱਭਿਅਤਾ ਹੋਣ ਕਾਰਣ ਬੋਧੀਆਂ, ਸਿੱਧਾਂ ਅਤੇ ਨਾਥਾਂ ਦੀ ਮਾਨਤਾ ਹੋ ਗਈ ਜੋ ਥਾਂ ਥਾਂ ਸਿੱਧਾਂ ਤੇ ਨਾਥਾਂ ਦੇ ਮੱਠਾਂ ਤੋਂ ਜਾਣਿਆ ਜਾਂਦਾ ਹੈ। ਜੈਸੇ ਗੰਗਾ ਨਥਾਣਾ ਤੇ ਨਾਥਪੁਰਾ ਆਦਿ ਕਾਲੂ ਨਾਥ ਦੇ, ਤਖਤੂਪੁਰੇ ਵਿਚ ਗੋਪੀ ਚੰਦ ਤੇ ਭਰਥਰੀ ਦੇ, ਸੇਲਬਰਾਹ ਵਿਚ ਸੇਲਬਰਾਹ ਨਾਮੀ ਸਿੱਧ ਦਾ, ਛਪਾਰ ਵਿਚ ਸਿੱਧ ਸੁਲੱਖਣ ਦੀ ਮਾੜੀ ਆਦਿ ਸਿੱਧਾਂ ਦੇ  ਸਮੇਂ ਦੇ ਸਥਾਨ ਹਨ। 648 ਈ. ਵਿਚ ਹਰਸ਼ ਵਰਧਨ ਦੀ ਮੌਤ ਤੋਂ ਬਾਅਦ ਸਾਰੇ ਉੱਤਰੀ ਭਾਰਤ ਵਿਚ ਰਾਜਸੀ ਅਫਰਾ-ਤਫਰੀ ਮੱਚ ਗਈ ਸੀ।

ਮਾਲਵਾ ਸਿੱਖ ਇਤਿਹਾਸ ਦੀ ਭੂਮਿਕਾ ਵਿਚ ਵਿਸਾਖਾ ਸਿੰਘ ਲਿਖਦੇ ਹਨ ਕਿ "ਸ਼ੀਲਾਦਿੱਤ ਸ੍ਰੀ ਹਰਸ਼ ਵਰਧਨ ਦੀ ਮੌਤ ਤੋਂ ਅੱਠ ਸਾਲ ਪਿਛੋਂ ਅਰਥਾਤ 712 ਬਿਕ੍ਰਮੀ (655 ਈ.) ਵਿਚ ਰਾਜਾ ਵਿਨੈਪਾਲ (ਵਰਯਾਹ) ਨੇ ਜੋ ਵਿਕ੍ਰਮਾਦਿਤ ਦੀ ਬੰਸ ਵਿਚੋਂ ਸੀ, ਕਿਲਾ ਬਠਿੰਡਾ (ਬਿਕ੍ਰਮਗੜ੍ਹ) ਨੂੰ ਸਤਲੁਜ ਦੇ ਕੰਢੇ ਤੇ ਵਸਾ ਕੇ ਮਾਲਵੇ ਤੇ ਆਪਣਾ ਰਾਜ ਕਾਇਮ ਕੀਤਾ।.....ਇਸ ਦੀ ਬੰਸ ਦੇ ਅਧੀਨ ਪਿਸ਼ੌਰ ਤੱਕ ਸਾਰਾ ਪੰਜਾਬ ਸੀ। ਜਿਸ ਦੀ ਮੁਖ ਰਾਜਧਾਨੀ ਭਟਿੰਡਾ (ਬਠਿੰਡਾ) ਅਤੇ ਲਾਹੌਰ ਪ੍ਰਤਿਨਿਧ ਰਾਜਧਾਨੀ ਸੀ।"[18] ਨੌਵੀਂ ਦਸਵੀਂ ਸਦੀ ਵਿਚ ਇੱਥੇ ਹਿੰਦੂ ਖਾਨਦਾਨ ਦਾ ਰਾਜ ਰਿਹਾ। ਦਸਵੀਂ ਸਦੀ ਦੇ ਅੰਤ ਵਿਚ ਜੈਪਾਲ ਨੇ ਪੰਜਾਬ ਵਿਚ ਇੱਕ ਸੰਗਠਿਤ ਹਿੰਦੂਸ਼ਾਹੀ ਰਾਜ ਦੀ ਸਥਾਪਨਾ ਕੀਤੀ। ਇਹ ਮੰਨਿਆ ਜਾਂਦਾ ਹੈ ਕਿ ਇੱਕ ਸਦੀ ਤੋਂ ਵੱਧ ਸਮੇਂ

---

[16] ਵਿਸਾਖਾ ਸਿੰਘ, *ਉਕਤ,* ਪੰਨੇ 55-57

[17] ਹਰਸ਼ ਵਰਧਨ ਦੇ ਦਰਬਾਰੀ ਪ੍ਰਸਿੱਧ ਵਿਦਵਾਨ 'ਵਾਣ ਭੱਟ' ਨੇ ਆਪਣੀ ਰਚਨਾ 'ਹਰਸ਼ ਚਰਿਤ੍ਰ' ਵਿਚ ਮਾਲਵੇ ਦਾ ਨਾਉਂ 'ਸ੍ਰੀ ਕੰਠ' ਲਿਖਿਆ ਹੈ।

[18] ਵਿਸਾਖਾ ਸਿੰਘ, *ਉਕਤ,* ਪੰਨੇ 61-62

ਤੱਕ ਬਠਿੰਡਾ ਹਿੰਦੂਸ਼ਾਹੀ ਸ਼ਾਸਕਾਂ ਦੀ ਰਾਜਧਾਨੀ ਰਿਹਾ ਸੀ।[19] 1000 ਈ. ਵਿਚ ਜੈਪਾਲ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਅਨੰਦ ਪਾਲ ਗੱਦੀ ਉੱਤੇ ਬੈਠਾ। 1008 ਈ. ਅਨੰਦਪਾਲ ਨੂੰ ਮਹਿਮੂਦ ਗਜ਼ਨਵੀਂ ਦੀਆਂ ਫੌਜਾਂ ਨੇ ਹਰਾ ਦਿੱਤਾ ਅਤੇ ਉਸਦੇ ਬਹੁਤ ਸਾਰੇ ਇਲਾਕੇ ਤੇ ਗਜ਼ਨਵੀਂ ਨੇ ਕਬਜ਼ਾ ਕਰ ਲਿਆ।[20] ਪੁਸਤਕ ਸੈਰ-ਇ-ਪੰਜਾਬ ਦਾ ਕਰਤਾ ਰਾਏ ਕਾਲੀ ਰਾਏ ਲਿਖਦਾ ਹੈ ਕਿ ਜਨੇਰ ਤੇ ਸ਼ਨੇਰ ਤੋਂ ਮਿਲੇ ਕੁਝ ਸਿੱਕੇ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਦਸਵੀਂ ਸਦੀ ਵਿਚ ਇਥੇ ਹਿੰਦੂ ਖਾਨਦਾਨ ਦਾ ਰਾਜ ਸੀ।

ਹਿੰਦੂਸ਼ਾਹੀ ਘਰਾਣੇ ਤੋਂ ਬਾਅਦ ਮਾਲਵੇ ਤੇ ਚੌਹਾਨ ਰਾਜਪੂਤਾਂ ਨੇ ਕਬਜ਼ਾ ਕਰ ਲਿਆ ਸੀ। ਰਾਜਪੂਤ ਰਾਜ ਦੀ ਦੱਖਣ-ਪੱਛਮੀ ਸਰਹੱਦਾਂ ਤੇ ਸਰਹਿੰਦ ਅਤੇ ਬਠਿੰਡਾ ਦੋ ਸਭ ਤੋਂ ਵੱਧ ਮਹੱਤਵਪੂਰਨ ਸੈਨਿਕ ਟਿਕਾਣੇ ਸਨ। ਬਾਰ੍ਹਵੀਂ ਸਦੀ ਦੇ ਅਖੀਰ ਵਿਚ ਜਦੋਂ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਤਰਾਇਨ ਦੇ ਮੈਦਾਨ ਵਿਚ ਹਰਾਇਆ, ਤਾਂ ਮਾਲਵੇ ਵਿਚ ਹਿੰਦੂ ਰਾਜਪੂਤਾਂ ਦਾ ਰਾਜ ਖ਼ਤਮ ਹੋ ਗਿਆ ਤੇ ਇਹ ਸਾਰਾ ਇਲਾਕਾ ਮੁਹੰਮਦ ਗੌਰੀ ਦੇ ਇਸਲਾਮੀ ਰਾਜ ਦੇ ਅਧੀਨ ਹੋ ਗਿਆ ਸੀ।[21]

ਖਿਲਜੀ, ਤੁਗਲਕਾਂ, ਸਯਦ ਸੁਲਤਾਨਾਂ ਤੇ ਫਿਰ ਲੋਧੀਆਂ ਨੇ ਪੰਦਰਵੀਂ ਸਦੀ ਦੇ ਆਰੰਭ ਵਿਚ ਇਸ ਇਲਾਕੇ ਉੱਤੇ ਕਬਜ਼ਾ ਕਰ ਲਿਆ। ਬਹਿਲੋਲ ਲੋਧੀ ਨੇ ਆਪਣੇ ਜੁਆਈ ਸ਼ੇਖ ਸਦਰ ਜਹਾਨ ਨੂੰ ਮਲੇਰ, ਹੰਡਿਆਇਆ, ਲੌਂਗਵਾਲ, ਸੰਘੇੜੇ, ਅਮਰਗੜ੍ਹ ਆਦਿ ਛੋਟੇ ਵੱਡੇ ਲਗਭਗ ਸੱਠ ਪਿੰਡਾਂ ਦੀ ਹਕੂਮਤ ਸੰਭਾਲ ਦਿੱਤੀ। ਬਾਬਰ ਦੇ ਸਮੇਂ ਇਸ ਇਲਾਕੇ ਉੱਤੇ ਸਿੱਧੂ-ਬੈਰਾੜਾਂ ਦਾ ਰਾਜ ਰਿਹਾ।

1631-32 ਈ. (1688 ਬਿ.) ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ਼ਾਹੀ ਫੌਜਾਂ ਵਿਚਕਾਰ ਫੂਲ-ਮਹਿਰਾਜ ਦੀ ਜੰਗ ਹੋਈ, ਜਿਸ ਵਿਚ ਸ਼ਾਹੀ ਫ਼ੌਜਾਂ ਦੀ ਹਾਰ ਹੋਈ।[22] ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਨੇ ਮਾਲਵੇ ਵਿਚ ਸਿੱਖੀ ਪ੍ਰਚਾਰ ਲਈ ਦੌਰੇ ਕੀਤੇ। ਇਨ੍ਹਾਂ ਪ੍ਰਚਾਰ ਦੌਰਿਆਂ ਦੇ ਫ਼ਲਸਰੂਪ ਮਾਲਵੇ ਦੇ ਲੋਕਾਂ ਖਾਸ ਕਰਕੇ ਜੱਟਾਂ ਨੇ ਸਿੱਖ ਧਰਮ ਨੂੰ ਵੱਡੇ ਪੱਧਰ ਤੇ ਅਪਣਾਇਆ। 1705-06 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਤੋਂ ਚਲ ਕੇ ਮਾਲਵੇ ਦੇ ਵੱਖ-ਵੱਖ ਪਿੰਡਾਂ, ਨਗਰਾਂ ਵਿਚ

---

[19] Punjab District Gazetteer-Bathinda, p.37

[20] ਫ਼ੌਜਾ ਸਿੰਘ (ਸੰਪਾ.), *ਪੰਜਾਬ ਦਾ ਇਤਿਹਾਸ (1000 ਈ.-1526),* ਪੰਨਾ 49

[21] Punjab District Gazetteer-Bathinda, p.38

[22] ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 654

ਠਹਿਰਦੇ ਹੋਏ ਤਲਵੰਡੀ ਸਾਬੋ ਪਹੁੰਚੇ ਸਨ। ਦੀਨੇ ਕਾਂਗੜ ਦੀ ਧਰਤੀ ਤੋਂ ਗੁਰੂ ਸਾਹਿਬ ਨੇ ਬਾਦਸ਼ਾਹ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਨਾਂ ਦਾ ਪ੍ਰਸਿੱਧ ਪੱਤਰ ਲਿਖਿਆ। ਖਿਦਰਾਣੇ ਦੀ ਢਾਬ (ਮੁਕਤਸਰ) ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਫੌਜ ਨਾਲ ਟੱਕਰ ਲਈ ਅਤੇ ਬੇਦਾਵਾ ਲਿਖਣ ਵਾਲੇ ਚਾਲੀ ਸਿੰਘ ਲੜ ਕੇ ਸ਼ਹੀਦ ਹੋਏ। ਗੁਰੂ ਸਾਹਿਬ ਨੇ ਬੇਦਾਵੇ ਦਾ ਪੱਤਰ ਪਾੜ ਕੇ ਇਨ੍ਹਾਂ ਚਾਲੀ ਸਿੰਘਾਂ ਨੂੰ ਚਾਲੀ ਮੁਕਤੇ ਕਹਿ ਕੇ ਨਿਵਾਜਿਆ।[23]

ਗੁਰੂ ਸਾਹਿਬ ਦੇ ਚਰਨ ਪਾਉਣ ਤੋਂ ਬਾਅਦ ਮਾਲਵਾ ਸਿੱਖ ਯੋਧਿਆਂ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ। ਮਾਲਵੇ ਦੇ ਜੱਟ ਕਬੀਲਿਆਂ ਨੇ ਵੱਡੀ ਗਿਣਤੀ ਵਿਚ ਅੰਮ੍ਰਿਤ ਛਕ ਕੇ ਖਾਲਸਾ ਪੰਥ ਵਿਚ ਪ੍ਰਵੇਸ਼ ਕੀਤਾ। ਜਦੋਂ ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਦੱਖਣ ਵੱਲੋਂ ਪੰਜਾਬ ਭੇਜਿਆ, ਤਾਂ ਸਭ ਤੋਂ ਪਹਿਲਾਂ ਭਾਈ ਫ਼ਤਹਿ ਸਿੰਘ (ਭਾਈ ਭਗਤੂ ਕਾ), ਭਾਈ ਰੂਪੇ ਦੇ ਭਾਈ ਕਰਮ (ਪਰਮ) ਸਿੰਘ, ਧਰਮ ਸਿੰਘ, ਨਿਗਾਹੀਆ ਸਿੰਘ, ਆਲੀ ਸਿੰਘ, ਆਦਿ ਮਲਵਈ ਸਿੰਘ ਉਸਦੇ ਜੱਥੇ ਵਿਚ ਸ਼ਾਮਿਲ ਹੋਏ ਸਨ। ਫੂਲਕੇ ਚੌਧਰੀ ਆਪ ਤਾਂ ਭਾਵੇਂ ਨਾ ਗਏ, ਪਰ ਧਨ ਆਦਿ ਨਾਲ ਕਾਫੀ ਮੱਦਦ ਕੀਤੀ ਅਤੇ ਆਪਣੇ ਵੱਲੋਂ ਬੰਦੇ ਭੇਜੇ ਸਨ।[24] ਇਸ ਤਰ੍ਹਾਂ ਮਾਲਵੇ ਦੇ ਬਹੁਤ ਸਾਰੇ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਸ਼ਾਮਿਲ ਹੋ ਕੇ ਜ਼ਾਲਮ ਮੁਗ਼ਲ ਸਰਕਾਰ ਨਾਲ ਲੜੇ ਤੇ ਬਾਅਦ ਵਿਚ ਗੁਰੀਲਾ ਜੱਥਿਆਂ ਦੇ ਰੂਪ ਵਿਚ ਮਾਲਵੇ ਦੇ ਜੰਗਲਾਂ ਵਿਚ ਸ਼ਰਨ ਲੈਂਦੇ ਰਹੇ। ਮਾਲਵੇ ਦਾ 'ਲੱਖੀ ਜੰਗਲ' ਮਲਵਈ ਸਿੰਘਾਂ ਦਾ ਗੜ੍ਹ ਰਿਹਾ। 1746 ਈ. ਵਿਚ ਛੋਟੇ ਘੱਲੂਘਾਰੇ ਦੇ ਸਮੇਂ ਸਿੰਘ ਸਤਲੁਜ ਪਾਰ ਕਰਕੇ ਘੱਲ, ਚੜਿੱਕ, ਜੈਤੋਂ, ਰੋਡੇ, ਕੋਟਕਪੂਰੇ, ਢਿੱਲਵੀਂ ਆਦਿ ਮਾਲਵੇ ਦੇ ਪਿੰਡਾਂ ਵਿਚ ਪਹੁੰਚੇ, ਜਿਥੇ ਮਾਲਵੇ ਦੇ ਸਿੱਖਾਂ ਨੇ ਬੜੇ ਪ੍ਰੇਮ ਭਾਵ ਨਾਲ ਉਨ੍ਹਾਂ ਦੀ ਸੇਵਾ ਕੀਤੀ ਅਤੇ ਜਖ਼ਮੀ ਸਿੰਘਾਂ ਦੀ ਮੱਲਮ-ਪੱਟੀ ਕੀਤੀ ਸੀ।[25] ਬਾਅਦ ਵਿਚ ਅਹਿਮਦ ਸ਼ਾਹ ਅਬਦਾਲੀ ਨਾਲ ਜੰਗ ਹੋਣ ਲਗੇ-'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ।' ਇਹ ਸਮਾਂ ਸਾਰੇ ਪੰਜਾਬ ਵਿਚ ਤੇ ਖਾਸ ਤੌਰ ਤੇ ਮਾਲਵੇ ਵਿਚ ਸਮਾਜਿਕ ਅਸੁਰੱਖਿਆ ਤੇ ਮਾਨਸਿਕ ਹਿਰਾਸ ਦਾ ਸੀ।

---

23 ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ *ਸੂਰਜ ਗ੍ਰੰਥ,* ਐਨ ਪਹਿਲਾ, ਅੰਸੂ 12, ਛੰਦ 46 (ਅੱਗੇ ਤੋਂ ਸਿਰਫ਼ ਸੂਰਜ ਪ੍ਰਕਾਸ਼)

24 ਡਾ. ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* ਪੰਨਾ 18

25 ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 159 (ਅੱਗੇ ਤੋਂ ਸਿਰਫ਼ ਤਵਾਰੀਖ਼ ਗੁਰੂ ਖਾਲਸਾ)

ਅਹਿਮਦ ਸ਼ਾਹ ਅਬਦਾਲੀ ਲਈ ਸਭ ਤੋਂ ਵੱਡੀ ਸਮੱਸਿਆ ਸਿੱਖ ਗੁਰੀਲੇ ਸਨ ਜੋ ਮੌਕਾ ਪਾ ਕੇ ਅਬਦਾਲੀ ਦੀ ਫੌਜ ਦੀਆਂ ਟੁਕੜੀਆਂ ਤੇ ਹਮਲਾ ਕਰਕੇ ਲੁੱਟ ਲੈਂਦੇ ਸਨ। ਇਸ ਤੋਂ ਤੰਗ ਹੋ ਕੇ ਅਬਦਾਲੀ ਨੇ ਸਿੱਖਾਂ ਦਾ ਖਾਤਮਾ ਕਰਨ ਦਾ ਫੈਸਲਾ ਕੀਤਾ। 6 ਫਰਵਰੀ 1762 ਈ. (28 ਮਾਘ ਸੰਮਤ 1818 ਬਿ.) ਨੂੰ ਸਿੱਖਾਂ ਅਤੇ ਅਬਦਾਲੀ ਦੀਆਂ ਫੌਜਾਂ ਵਿਚਕਾਰ ਸਭ ਤੋਂ ਵੱਡੀ ਟੱਕਰ ਮਾਲਵੇ ਵਿਚ ਮਲੇਰਕੋਟਲੇ ਦੇ ਉੱਤਰ ਵੱਲ ਹੋਈ ਸੀ, ਜਿਸ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਆਖਿਆ ਜਾਂਦਾ ਹੈ।[26] ਇਹ ਲੜਾਈ ਪੱਖੋਵਾਲ, ਗੁਜਰਵਾਲ, ਘੁੰਗਰਾਣਾ ਤੋਂ ਚਲ ਕੇ ਮਲੇਰਕੋਟਲੇ ਨੇੜੇ ਕੁੱਪ ਰਹੀੜੇ ਵਿਚੋਂ ਲੰਘ ਕੇ ਬਰਨਾਲੇ ਕੋਲ ਗਹਿਲੀਂ ਜਾ ਕੇ ਖਤਮ ਹੋਈ। ਇਸ ਘੱਲੂਘਾਰੇ ਵਿਚ ਤੀਹ ਹਜ਼ਾਰ ਤੋਂ ਜ਼ਿਆਦਾ ਸਿੱਖ ਇਸਤਰੀਆਂ, ਮਰਦ ਤੇ ਬੱਚੇ ਸ਼ਹੀਦ ਹੋ ਗਏ ਸਨ।[27] ਇਹੋ ਘੱਲੂਘਾਰਾ ਸਿੱਖ ਮਿਸਲਾਂ ਤੇ ਸਿੱਖ ਰਾਜ ਦਾ ਇਤਿਹਾਸਕ ਆਧਾਰ ਸਿੱਧ ਹੋਇਆ। ਕਿਉਂਕਿ ਅਬਦਾਲੀ ਦੇ ਜਾਣ ਤੋਂ ਬਾਅਦ ਸਿੱਖ ਸਰਦਾਰਾਂ ਨੇ ਆਪੋ-ਆਪਣੇ ਆਧਾਰ ਖੇਤਰ ਵਿਚ ਛੋਟੀਆਂ ਛੋਟੀਆਂ ਆਜ਼ਾਦ ਸਟੇਟਾਂ ਕਾਇਮ ਕਰ ਲਈਆਂ।

ਬਾਅਦ ਵਿਚ ਮਾਲਵੇ ਵਿਚ ਭੰਗੀ ਮਿਸਲ, ਡੱਲੇ ਵਾਲੀ ਮਿਸਲ ਅਤੇ ਫੂਲਕੀਆ ਮਿਸਲ ਨੇ ਆਪੋ ਆਪਣੇ ਸਥਾਨਾਂ ਤੇ ਕਬਜ਼ਾ ਕਰ ਲਿਆ। ਭੰਗੀ ਮਿਸਲ ਨੇ ਬੱਧਣੀ ਦੇ ਆਸ-ਪਾਸ ਦਾ ਅਤੇ ਡੱਲੇ ਮਿਸਲ ਨੇ ਧਰਮਕੋਟ ਦਾ ਇਲਾਕਾ ਮੱਲ ਲਿਆ। ਮਾਲਵੇ ਦਾ ਬਹੁਤਾ ਖੇਤਰ ਫੂਲਕੀਆ ਮਿਸਲ ਦੇ ਕਬਜ਼ੇ ਵਿਚ ਰਿਹਾ ਜਿਸ ਵਿਚੋਂ ਤਿੰਨ ਪ੍ਰਮੁੱਖ ਰਿਆਸਤਾਂ ਪਟਿਆਲਾ, ਨਾਭਾ ਅਤੇ ਜੀਂਦ ਨੇ ਜਨਮ ਲਿਆ।[28] ਫੂਲਕੀਆ ਮਿਸਲ ਵਿਚੋਂ ਪਟਿਆਲੇ ਵਾਲੀ ਸ਼ਾਖਾ ਜ਼ਿਆਦਾ ਵਧੀ ਫੁੱਲੀ। ਇਸ ਦੇ ਮੋਢੀ ਬਾਬਾ ਆਲਾ ਸਿੰਘ ਨੇ ਪਟਿਆਲਾ, ਬਰਨਾਲਾ ਤੇ ਲੌਂਗੋਵਾਲ ਨੂੰ ਵਸਾਇਆ। ਆਲਾ ਸਿੰਘ ਦੁਆਰਾ ਪਾਨੀਪਤ ਦੀ ਲੜਾਈ ਵਿਚ ਮਰਹੱਟਿਆਂ ਦੇ ਲਸ਼ਕਰ ਵਿਚ ਰਸਦ ਪੁਚਾਉਣ ਕਰਕੇ ਗੁੱਸੇ ਵਿੱਚ ਆਏ ਅਹਿਮਦ ਸ਼ਾਹ ਅਬਦਾਲੀ ਨੇ ਵਾਪਸ ਮੁੜਦੇ ਹੋਏ ਆਲਾ ਸਿੰਘ ਦੀ ਰਾਜਧਾਨੀ ਬਰਨਾਲਾ ਉੱਪਰ ਹਮਲਾ ਕਰ ਦਿੱਤਾ, ਤਾਂ ਆਲਾ ਸਿੰਘ ਨੇ ਉਸ ਨਾਲ ਚਾਰ ਲੱਖ ਰੁਪਏ ਵਿਚ ਸੁਲਾਹ ਕਰ ਲਈ ਅਤੇ ਮਾਲਵੇ ਦੇ 726 ਪਿੰਡਾਂ ਦਾ ਮਾਲਕ ਬਣ ਗਿਆ।[29] ਆਲਾ ਸਿੰਘ

[26] ਰਤਨ ਸਿੰਘ ਭੰਗੂ, *ਪੰਥ ਪ੍ਰਕਾਸ਼,* ਫੁੱਟ-ਨੋਟ 1, ਪੰਨਾ 348

[27] *ਉਹੀ*

[28] ਸੋਹਣ ਸਿੰਘ ਸੀਤਲ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਪੰਨੇ 30, 94, 128,

[29] ਕਰਮ ਸਿੰਘ ਹਿਸਟੋਰੀਅਨ, *ਬਾਬਾ ਆਲਾ ਸਿੰਘ,* ਪੰਨੇ 89-90

ਦੇ ਪੋਤਰੇ ਅਮਰ ਸਿੰਘ ਨੇ 1769 ਈ. ਵਿਚ ਜੋਧ ਸਿੰਘ ਤੋਂ ਕੋਟਕਪੂਰਾ ਅਤੇ 1771 ਈ. ਵਿਚ ਸੁਖਚੈਨ ਸਿੰਘ ਤੋਂ ਬਠਿੰਡਾ ਤੇ ਤਲਵੰਡੀ ਸਾਬੋ ਦਾ ਇਲਾਕਾ ਖੋਹ ਲਿਆ ਸੀ।[30]

1809 ਈ. ਵਿਚ ਅੰਗਰੇਜ਼ਾਂ ਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਸਤਲੁਜ ਪਾਰ ਨਾ ਕਰਨ ਦੀ ਸੰਧੀ ਹੋਈ। ਇਸ ਤਰ੍ਹਾਂ ਮਾਲਵੇ ਦੀਆਂ ਦੇਸੀ ਰਿਆਸਤਾਂ-ਪਟਿਆਲਾ, ਨਾਭਾ, ਜੀਂਦ, ਮਲੇਰਕੋਟਲਾ, ਫਰੀਦਕੋਟ, ਕਲਸੀਆਂ ਨੂੰ ਅੰਗਰੇਜ਼ਾਂ ਦੁਆਰਾ ਰਾਜਨੀਤਕ ਸਰਪ੍ਰਸਤੀ ਦਿੱਤੀ ਗਈ। 1849 ਈ. ਵਿਚ ਦੂਜੀ ਐਂਗਲੋ-ਸਿੱਖ ਲੜਾਈ ਤੋਂ ਬਾਅਦ ਸਮੁੱਚਾ ਪੰਜਾਬ ਰਾਜਨੀਤਕ ਤੌਰ ਤੇ ਸਿੱਧਾ ਅੰਗਰੇਜ਼ਾਂ ਅਧੀਨ ਹੋ ਗਿਆ।

ਸਮੁੱਚੇ ਪੰਜਾਬ ਨੂੰ ਆਪਣੇ ਅਧੀਨ ਕਰਨ ਤੋਂ ਮਗਰੋਂ ਵੀ ਅੰਗਰੇਜ਼ਾਂ ਨੇ ਸਤਲੁਜ ਉਰਾਰ ਦੇ ਇਲਾਕੇ (ਮਾਲਵਾ) ਦੇ ਰਾਜਨੀਤਕ ਪ੍ਰਬੰਧ ਨੂੰ ਰਿਆਸਤੀ ਰੂਪ ਵਿਚ ਹੀ ਕਾਇਮ ਰੱਖਿਆ। 1850 ਈ. ਤੋਂ ਬਾਅਦ ਬਾਕੀ ਪੰਜਾਬ ਵਿਚ, ਜਿੱਥੇ ਸਿੱਧੀ ਅੰਗਰੇਜ਼ੀ ਹਕੂਮਤ ਸੀ, ਤੇਜ਼ੀ ਨਾਲ ਰਾਜਨੀਤਕ ਤੇ ਆਰਥਿਕ ਬਦਲਾਅ ਆਏ। ਪਰੰਤੂ ਰਿਆਸਤੀ ਪ੍ਰਬੰਧ ਦੀ ਦੂਹਰੀ ਲੁੱਟ ਅਧੀਨ ਮਾਲਵਾ ਖੇਤਰ ਵਿਚ ਇਨ੍ਹਾਂ ਪਰਿਵਰਤਨਾਂ ਦੀ ਚਾਲ ਬਹੁਤ ਧੀਮੀ ਸੀ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਬਾਬਾ ਰਾਮ ਸਿੰਘ ਵੱਲੋਂ ਚਲਾਈ ਗਈ ਨਾਮਧਾਰੀ (ਕੂਕਾ) ਲਹਿਰ ਦਾ ਮਾਲਵੇ ਨੇ ਕਾਫੀ ਪ੍ਰਭਾਵ ਕਬੂਲਿਆ। ਮਲੇਰਕੋਟਲਾ ਸ਼ਹਿਰ ਵਿਚ 17-18 ਜਨਵਰੀ 1872 ਈ. ਨੂੰ ਪੈਂਹਠ (65) ਨਾਮਧਾਰੀ ਸਿੰਘ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਗਏ ਸਨ।[31]

1920 ਈ. ਵਿਚ ਜਦੋਂ ਗੁਰਦੁਆਰਾ ਸੁਧਾਰ-ਲਹਿਰ ਚੱਲੀ, ਤਾਂ ਪੰਜਾਬ ਦੇ ਸਿੱਖਾਂ ਵਿਚ ਇੱਕ ਵੱਡਾ ਰੋਸ ਤੇ ਜੋਸ਼ ਪਾਇਆ ਗਿਆ। ਇਸ ਰੋਸ ਤੇ ਜੋਸ਼ ਦਾ ਅਸਰ ਮਾਲਵੇ ਦੀ ਜਨਤਾ ਤੇ ਵੀ ਹੋਇਆ। ਇਸ ਕਾਰਨ ਮਾਲਵੇ (ਫੂਲਕੀਆਂ ਰਿਆਸਤਾਂ) ਵਿਚ ਲੋਕ ਲਹਿਰ ਦਾ ਮੁੱਢ ਬੱਝਿਆ। ਅਕਾਲੀ ਲਹਿਰ ਦੌਰਾਨ 1921 ਈ. ਵਿਚ ਨਨਕਾਣਾ ਸਾਹਿਬ ਤੇ 1922 ਈ. ਵਿਚ ਗੁਰੂ ਕਾ ਬਾਗ ਮੋਰਚੇ ਵਿਚ ਅਕਾਲੀਆਂ ਨੇ ਜੋ ਕੁਰਬਾਨੀਆਂ ਦਿੱਤੀਆਂ, ਉਸ ਦਾ ਅਸਰ ਫੂਲਕੀਆਂ ਰਿਆਸਤਾਂ (ਮਾਲਵੇ) ਵਿਚ ਆਮ ਲੋਕਾਂ ਉੱਤੇ ਬਹੁਤ ਹੋਇਆ। ਜੁਲਾਈ 1923 ਈ. ਵਿਚ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਲਾਹੇ ਜਾਣ ਦੇ ਰੋਸ

---

[30] *ਤਵਾਰੀਖ਼ ਗੁਰੂ ਖਾਲਸਾ,* ਭਾਗ ਦੂਜਾ, ਪੰਨੇ 564-565

[31] ਡਾ. ਗੰਡਾ ਸਿੰਘ, *ਕੂਕਿਆਂ ਦੀ ਵਿਥਿਆ,* ਪੰਨੇ 106-107

ਵਜੋਂ ਅਕਾਲੀਆਂ ਨੇ ਜੈਤੋਂ ਦਾ ਮੋਰਚਾ ਲਗਾਇਆ।[32]

ਦੇਸ਼ ਦੀ ਸੁਤੰਤਰਤਾ ਦਾ ਅੰਦੋਲਨ ਆਰੰਭ ਹੋਣ ਨਾਲ ਹੀ ਮਾਲਵੇ ਦੇ ਲੋਕ ਰਿਆਸਤਾਂ ਅੰਦਰ ਜਗੀਰੂ ਲੁੱਟ ਦੇ ਖ਼ਿਲਾਫ਼ ਜਾਗੇ ਤੇ ਜੱਥੇਬੰਦ ਹੋਏ। ਵੀਹਵੀਂ ਸਦੀ ਦੇ ਸ਼ੁਰੂ ਵਿਚ ਗ਼ਦਰ ਲਹਿਰ ਨੇ ਮਾਲਵੇ ਦੇ ਇਲਾਕੇ ਨੂੰ ਬਹੁਤ ਪ੍ਰਭਾਵਿਤ ਕੀਤਾ। ਜੋਸ਼ੀਲੇ ਗ਼ਦਰੀ ਬਾਬਿਆਂ ਨੇ ਮਾਲਵੇ ਸਥਿਤ ਆਪਣੇ ਜੱਦੀ ਪਿੰਡਾਂ ਵਿਚ ਵਾਪਸ ਆ ਕੇ ਲੋਕਾਂ ਵਿਚ ਹਰ ਕਿਸਮ ਦੇ ਜ਼ਬਰ-ਜੁਲਮ ਖਿਲਾਫ਼ ਖੜੇ ਹੋਣ ਦਾ ਪ੍ਰਚਾਰ ਕੀਤਾ।[33] ਜੁਲਾਈ 1928 ਈ. ਵਿਚ ਮਾਲਵੇ ਵਿਚ ਸਥਾਪਤ ਕੀਤੀ ਗਈ ਕਿਸਾਨ ਲਹਿਰ ਦਾ ਸੰਗਠਿਤ ਰੂਪ 'ਪੰਜਾਬ ਰਿਆਸਤੀ ਪਰਜਾ ਮੰਡਲ' ਮਜ਼ਬੂਤ ਲਹਿਰ ਬਣੀ। ਇਸ ਦੀ ਅਗਵਾਈ ਸ੍ਰ. ਸੇਵਾ ਸਿੰਘ ਠੀਕਰੀਵਾਲਾ ਵਰਗੇ ਮਜ਼ਬੂਤ ਲੋਕ-ਨਾਇਕ ਨੇ ਕੀਤੀ।[34] ਦੇਸ਼ ਆਜ਼ਾਦ ਹੋਣ ਮਗਰੋਂ 1948 ਈ. ਵਿਚ ਮਾਲਵੇ ਦੀਆਂ ਸੱਤ ਦੇਸੀ ਰਿਆਸਤਾਂ ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਮਲੇਰਕੋਟਲਾ, ਕਲਸੀਆਂ, ਨਾਲਾਗੜ੍ਹ ਅਤੇ ਅੱਠਵੀਂ (ਦੁਆਬੇ ਦੀ) ਦੇਸੀ ਰਿਆਸਤ ਕਪੂਰਥਲਾ ਨੂੰ ਇਕੱਠੀਆਂ ਕਰਕੇ ਪੈਪਸੂ ਸਟੇਟ ਦਾ ਗਠਨ ਕੀਤਾ ਗਿਆ ਸੀ। ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੂੰ ਪੈਪਸੂ ਦਾ 'ਰਾਜਪ੍ਰਮੁੱਖ' ਬਣਾਇਆ ਗਿਆ ਸੀ। 1938-39 ਈ. ਵਿਚ ਪਰਜਾ ਮੰਡਲ ਲਹਿਰ ਵਿਚੋਂ ਹੀ ਪੈਦਾ ਹੋਈ 'ਮੁਜ਼ਾਰਾ ਲਹਿਰ' ਨੇ ਲਾਲ ਕਮਿਊਨਿਸਟ ਪਾਰਟੀ ਦੀ ਅਗਵਾਈ ਅਧੀਨ ਆਜ਼ਾਦੀ ਤੋਂ ਬਾਅਦ ਵਿਚ ਮਾਲਵੇ ਦੇ ਇਲਾਕੇ ਵਿਚ ਬੜਾ ਜ਼ੋਰ ਫੜਿਆ। ਇਸ ਲਹਿਰ ਦੇ ਸੰਘਰਸ਼ ਕਾਰਨ ਹੀ ਆਖਰਕਾਰ 1956 ਈ. ਵਿਚ ਪੈਪਸੂ ਵਿਚੋ ਬਿਸਵੇਦਾਰੀ ਪ੍ਰਣਾਲੀ ਨੂੰ ਖਤਮ ਕੀਤਾ ਗਿਆ ਸੀ।[35]

ਮਾਲਵੇ ਦਾ ਖਿੱਤਾ ਪੰਜਾਬ ਦੇ ਹੋਰਨਾਂ ਖਿੱਤਿਆਂ ਨਾਲੋਂ ਜ਼ਿਆਦਾ ਸਮਾਂ ਰਜਵਾੜਾਸ਼ਾਹੀ ਪ੍ਰਬੰਧ ਅਧੀਨ ਜਗੀਰ ਢਾਂਚੇ ਦੀ ਜਕੜ ਵਿਚ ਰਹਿਣ ਕਰਕੇ ਪਛੜਿਆ ਰਿਹਾ। ਇਸ ਦਾ ਮੁੱਖ ਖੇਤਰ ਜਰਨੈਲੀ

---

[32] ਡਾ. ਗੁਰਸ਼ਰਨ ਸਿੰਘ, 'ਫੂਲਕੀਆਂ ਰਿਆਸਤਾਂ ਵਿਚ ਅਕਾਲੀ ਲਹਿਰ', *ਪੰਜਾਬ ਦੀਆ ਲੋਕ ਲਹਿਰਾਂ,* ਏ.ਸੀ .ਅਰੋੜਾ (ਸੰਪਾ.), ਪੰਨੇ 201-202

[33] ਡਾ. ਕਰਨਬੀਰ ਸਿੰਘ ਮਾਨ, 'ਪੂਰਬੀ ਪੰਜਾਬ ਰਿਆਸਤਾਂ ਵਿਚ ਕਿਸਾਨ ਲਹਿਰਾਂ', *ਪੰਜਾਬ ਦੀਆ ਲੋਕ ਲਹਿਰਾਂ,* ਏ.ਸੀ. ਅਰੋੜਾ (ਸੰਪਾ.), ਪੰਨਾ 218

[34] Punjab District Gazetteer-Bathinda, p.57

[35] ਡਾ. ਮਹਿੰਦਰ ਸਿੰਘ, 'ਪੈਪਸੂ ਵਿਚ ਮੁਜ਼ਾਰਾ ਲਹਿਰ, 1948-1956 ਈ.', *ਪੰਜਾਬ ਦੀਆ ਲੋਕ ਲਹਿਰਾਂ,* ਏ.ਸੀ. ਅਰੋੜਾ (ਸੰਪਾ.), ਪੰਨੇ 227-234

ਸੜਕ ਤੋਂ ਦੂਰ ਹੋਣ ਕਾਰਨ ਲੰਮਾ ਸਮਾਂ ਬੇਆਬਾਦ ਰਿਹਾ ਅਤੇ ਜੰਗਲ ਕਹਿ ਕੇ ਪੁਕਾਰਿਆ ਜਾਂਦਾ ਰਿਹਾ। ਪਾਣੀ ਦੀ ਘਾਟ ਕਰਕੇ ਮਲਵਈਆਂ ਨੂੰ ਬੜਾ ਕਰੜਾ ਜੀਵਨ ਬਤੀਤ ਕਰਨਾ ਪੈਂਦਾ ਸੀ। ਮਾਲਵੇ ਦਾ ਕਾਫੀ ਹਿੱਸਾ 1948 ਤੋਂ 1956 ਈ. ਤੱਕ ਪੈਪਸੂ ਦੀ ਰਜਵਾੜਾਸ਼ਾਹੀ ਦੇ ਅਧੀਨ ਹੀ ਰਿਹਾ।

ਵਰਤਮਾਨ ਪੰਜਾਬ ਦੇ 22 ਜ਼ਿਲ੍ਹਿਆਂ ਵਿਚੋਂ 14 ਜ਼ਿਲ੍ਹੇ ਇਸ ਖੇਤਰ ਦੇ ਅੰਤਰਗਤ ਹਨ ਜਿਵੇਂ ਫਿਰੋਜਪੁਰ, ਫ਼ਾਜ਼ਿਲਕਾ, ਮੁਕਤਸਰ, ਫ਼ਰੀਦਕੋਟ, ਮੋਗਾ, ਬਠਿੰਡਾ, ਮਾਨਸਾ, ਸੰਗਰੂਰ, ਬਰਨਾਲਾ, ਲੁਧਿਆਣਾ, ਪਟਿਆਲਾ, ਫ਼ਤਿਹਗੜ੍ਹ ਸਾਹਿਬ, ਰੋਪੜ ਅਤੇ ਮੋਹਾਲੀ। ਪਰ ਭਾਸ਼ਾ ਦੇ ਆਧਾਰ ਤੇ ਪਟਿਆਲਾ, ਫ਼ਤਿਹਗੜ੍ਹ ਸਾਹਿਬ, ਰੋਪੜ ਅਤੇ ਮੋਹਾਲੀ ਨੂੰ ਮਾਲਵੇ ਵਿਚ ਸ਼ਾਮਿਲ ਕਰਨ ਤੋਂ ਸੰਕੋਚ ਕੀਤਾ ਜਾਂਦਾ ਹੈ, ਕਿਉਂਕਿ ਇਨ੍ਹਾਂ ਇਲਾਕਿਆਂ ਵਿਚ ਪੁਆਧੀ ਉਪ-ਭਾਸ਼ਾ ਬੋਲੀ ਜਾਂਦੀ ਹੈ। ਸਥੂਲ ਤੌਰ ਤੇ ਇਹਨਾਂ ਨੂੰ ਮਾਲਵੇ ਵਿਚ ਹੀ ਸ਼ਾਮਿਲ ਕਰ ਲਿਆ ਜਾਂਦਾ ਹੈ।[36] ਰਾਜਨੀਤਿਕ ਖੇਤਰ ਵਿਚ ਮਾਲਵੇ ਦੀ ਪ੍ਰਭੁਤਾ ਕਾਇਮ ਹੋ ਗਈ ਹੈ, ਕਿਉਂਕਿ ਜ਼ਿਆਦਾਤਰ ਵਿਧਾਨ ਸਭਾ ਮੈਂਬਰ ਇੱਥੋਂ ਹੀ ਹੁੰਦੇ ਹਨ।

## ਬਠਿੰਡਾ

ਇਹ ਇੱਕ ਪ੍ਰਾਚੀਨ ਨਗਰ ਹੈ, ਜੋ ਪੰਜਾਬ ਦੇ ਬਠਿੰਡਾ ਜਿਲ੍ਹੇ ਦਾ ਹੈੱਡਕੁਆਟਰ (ਸਦਰ-ਮੁਕਾਮ) ਹੈ। ਇਹ ਪੁਰਾਤਨ ਨਗਰ ਭੱਟੀ ਰਾਉ ਰਾਜਪੂਤ ਦਾ ਵਸਾਇਆ ਹੋਇਆ ਹੈ, ਜਿਸ ਨੇ ਭਟਨੇਰ (ਵਰਤਮਾਨ ਵਿਚ ਹਨੂੰਮਾਨਗੜ੍ਹ) ਆਬਾਦ ਕੀਤਾ ਸੀ। ਹਿਸਾਰ ਤੋਂ ਲੈ ਕੇ ਬੀਕਾਨੇਰ ਤੱਕ ਦਾ ਸਾਰਾ ਖੇਤਰ ਭੱਟੀ ਰਾਜਪੂਤਾਂ ਦੇ ਅਧਿਕਾਰ ਵਿਚ ਹੋਣ ਕਾਰਣ ਇਸਨੂੰ 'ਭੱਟੀਆਣਾ' ਆਖਿਆ ਜਾਂਦਾ ਸੀ। ਭੱਟੀਆਂ ਦਾ ਵਸਾਇਆ ਹੋਣ ਕਾਰਣ ਇਸ ਨਗਰ ਦਾ ਨਾਮ 'ਭਟਿੰਡਾ' ਪਿਆ, ਜੋ ਬਾਅਦ ਵਿਚ ਬਦਲ ਕੇ ਬਠਿੰਡਾ ਪ੍ਰਚੱਲਿਤ ਹੋ ਗਿਆ। ਇੱਕ ਹੋਰ ਵਿਚਾਰਧਾਰਾ ਮੁਤਾਬਕ ਭਟਨੇਰ ਦੇ ਰਾਜਾ ਸੁਰਪਾਲ ਦੇ ਵੱਡੇ ਪੁੱਤਰ ਰਾਜਾ ਬਿਨੈਪਾਲ ਦੇ ਵਜ਼ੀਰ 'ਠੰਡਾ ਰਾਮ' ਨੇ ਇਸ ਸਥਾਨ ਤੇ ਕਿਲੇ ਦੀ ਨੀਂਹ ਰੱਖਣ ਲਈ ਸ੍ਵੈ-ਇੱਛਾ ਨਾਲ ਆਪਣੀ ਬਲੀ ਦਿੱਤੀ ਸੀ। ਰਾਜਾ ਬਿਨੈ ਪਾਲ ਨੇ ਕਿਲੇ ਦੀ ਸਥਾਪਨਾ ਲਈ ਵਜ਼ੀਰ ਵੱਲੋਂ ਦਿੱਤੇ ਬਲੀਦਾਨ ਕਾਰਨ ਆਪਣੇ ਨਾਮ ਤੋਂ ਦੁੱਗਣਾ ਉਸਦਾ ਨਾਮ ਰੱਖਿਆ ਸੀ ਅਰਥਾਤ (ਬਿਨੈ ਪਾਲ ਨਾਮ ਦਾ ਪਹਿਲਾ ਅੱਖਰ ਬੱਬਾ)

---

36 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* ਪੰਨਾ 1424

ਬ+ਠੰਡਾ (ਰਾਮ) = ਬਠੰਡਾ ਜਾਂ ਬਠਿੰਡਾ।[37] ਪ੍ਰਾਚੀਨ ਅਰਬੀ ਇਤਿਹਾਸਕਾਰਾਂ ਨੇ ਇਸ ਨਗਰ ਨੂੰ 'ਤਬਰ-ਏ-ਹਿੰਦ' ਵੀ ਲਿਖਿਆ ਹੈ। ਕਈ ਇਤਿਹਾਸ ਲੇਖਕਾਂ ਨੇ ਇਸ ਦਾ ਪ੍ਰਾਚੀਨ ਸੰਸਕ੍ਰਿਤ ਨਾਮ 'ਵਿਕ੍ਰਮਗੜ੍ਹ' ਦੱਸਿਆ ਹੈ। ਇਹ ਨਗਰ ਮੁਲਤਾਨ ਤੋਂ ਦਿੱਲੀ ਜਾਣ ਵਾਲੇ ਪੁਰਾਤਨ ਵਪਾਰ ਮਾਰਗ ਉੱਪਰ ਸਥਿਤ ਸੀ।[38]

ਵਿਸਾਖਾ ਸਿੰਘ ਜਨੇਤਪੁਰਾ ਅਨੁਸਾਰ "ਮਹਾਰਾਜਾ ਸ੍ਰੀ ਹਰਸ਼ ਵਰਧਨ ਜੋ ਕਿ ਭਾਰਤ ਵਰਸ਼ ਦਾ ਅੰਤਿਮ ਹਿੰਦੂ ਸ਼ਹਿਨਸ਼ਾਹ ਸੀ, ਦੇ ਮਰਨ ਤੋਂ 8 (ਅੱਠ) ਸਾਲ ਪਿਛੋਂ ਅਰਥਾਤ 712 ਬਿ. (655 ਈ.) ਵਿਚ (ਰਾਜਾ) ਬਿਨੇਪਾਲ (ਵਰਿਯਾਹ) ਨੇ ਭਟਨੇਰ ਤੋਂ ਆ ਕੇ ਇਸ (ਨਗਰ) ਨੂੰ ਆਬਾਦ ਕੀਤਾ। ਉਸ ਵੇਲੇ ਸਤਲੁਜ ਕਿਲੇ ਦੇ ਨਾਲ ਦੀ ਬਹਿੰਦਾ ਸੀ।..... ਆਪ ਨੂੰ ਉਜੈਨ ਦੇ (ਪ੍ਰਸਿੱਧ ਰਾਜਾ) ਬਿਕ੍ਰਮਾਦਿੱਤ ਦੀ ਸੰਤਾਨ ਮੰਨ ਕੇ ਇਸ ਸ਼ਹਿਰ ਦਾ ਨਾਉਂ 'ਬਿਕ੍ਰਮਗੜ' ਰੱਖਿਆ ਸੀ। ਪਰ ਭਟਨੇਰ ਦੇ ਸੰਬੰਧ ਕਰਕੇ ਇਹਦਾ ਨਾਉਂ 'ਭਟਿੰਡਾ' ਅਤੇ ਫੇਰ ਬਿਗੜ ਕੇ 'ਬਠਿੰਡਾ' ਪੈ ਗਿਆ।"[39]

ਸ਼ਹਿਰ ਵਿਚ ਰਾਜਾ ਬਿਨੈ ਪਾਲ ਦਾ ਬਣਾਇਆ ਹੋਇਆ ਕਿਲ੍ਹਾ ਬਹੁਤ ਹੀ ਮਜ਼ਬੂਤ ਅਤੇ ਉੱਚਾ ਹੈ। ਇਸ ਕਿਲ੍ਹੇ ਦੀ ਉਚਾਈ 118 ਫੁੱਟ ਹੈ। ਇਸ ਕਿਲ੍ਹੇ ਵਿਚ 32 ਬੁਰਜੀਆਂ ਅਤੇ 4 ਵੱਡੇ ਬੁਰਜ ਹਨ। ਇਹ ਪੰਦਰਾਂ ਏਕੜ ਵਿਚ ਫੈਲਿਆ ਹੋਇਆ ਹੈ।[40] ਦਸਵੀਂ ਸਦੀ ਵਿਚ ਬਠਿੰਡੇ ਦੇ ਇਲਾਕੇ ਤੇ ਹਿੰਦੂਸ਼ਾਹੀ ਘਰਾਣੇ ਦਾ ਰਾਜ ਸੀ। ਹਿੰਦੂਸ਼ਾਹੀ ਖਾਨਦਾਨ ਦਾ ਪ੍ਰਸਿੱਧ ਰਾਜਾ ਜੈਪਾਲ ਸੀ। ਜਿਵੇ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਇਹ ਮੰਨਿਆ ਜਾਂਦਾ ਹੈ ਕਿ ਇੱਕ ਸਦੀ ਤੋਂ ਜ਼ਿਆਦਾ ਸਮੇਂ ਲਈ ਬਠਿੰਡਾ ਹਿੰਦੂਸ਼ਾਹੀ ਰਾਜਿਆਂ ਦੀ ਰਾਜਧਾਨੀ ਰਹੀ ਸੀ।[41] ਜੈਪਾਲ ਦੇ ਪੁੱਤਰ ਰਾਜਾ ਆਨੰਦਪਾਲ ਨੂੰ ਹਰਾ ਕੇ ਮਹਿਮੂਦ ਗਜ਼ਨਵੀ ਨੇ ਇਸ ਇਲਾਕੇ ਤੇ ਹਿੰਦੂਸ਼ਾਹੀ ਰਾਜ ਖਤਮ ਕਰ ਦਿੱਤਾ ਸੀ। ਮਹਿਮੂਦ ਗਜ਼ਨਵੀ ਨੇ 1011-12 ਈ. ਵਿਚ ਬਠਿੰਡੇ ਰਾਹੀਂ ਭਾਰਤ ਉੱਪਰ ਹਮਲਾ ਕੀਤਾ ਸੀ।[42]

ਹਿੰਦੂਸ਼ਾਹੀ ਰਾਜ ਤੋਂ ਬਾਅਦ ਬਠਿੰਡੇ ਦਾ ਇਲਾਕਾ ਚੌਹਾਨ ਰਾਜਪੂਤਾਂ ਦੇ ਅਧੀਨ ਹੋ ਗਿਆ ਸੀ।

---

37 *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਫੁੱਟ ਨੋਟ, ਪੰਨੇ 1074-75

38 ਰਤਨ ਸਿੰਘ ਜੱਗੀ, *ਉਕਤ,* ਪੰਨਾ 1236

39 ਵਿਸਾਖਾ ਸਿੰਘ, *ਉਕਤ,* ਪੰਨੇ 114-115

40 ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 3174

41 Punjab District Gazetteer, Bathinda, p.37

42 ਫ਼ੌਜਾ ਸਿੰਘ (ਸੰਪਾ.), *ਪੰਜਾਬ ਦਾ ਇਤਿਹਾਸ (1000 ਈ.-1526),* ਪੰਨਾ 50

ਪ੍ਰਿਥਵੀ ਰਾਜ ਚੌਹਾਨ ਦੇ ਸ਼ਾਸਨ ਕਾਲ ਸਮੇਂ ਬਠਿੰਡੇ ਦਾ ਕਿਲਾ ਉੱਤਰ-ਪੱਛਮ ਸਰਹੱਦ ਤੇ ਅਹਿਮ ਫੌਜੀ ਟਿਕਾਣਾ ਸੀ। ਮੁਹੰਮਦ ਗੌਰੀ ਨੇ ਆਪਣਾ ਪਹਿਲਾ ਹਮਲਾ ਬਠਿੰਡਾ ਕਿਲੇ ਉਪਰ ਹੀ ਕੀਤਾ। 1186 ਈ. ਵਿਚ ਮੁਹੰਮਦ ਗੌਰੀ ਨੇ ਬਠਿੰਡੇ ਦੇ ਕਿਲੇ ਨੂੰ ਕੁਝ ਦਿਨ ਘੇਰਾ ਪਾਉਣ ਤੋਂ ਬਾਅਦ ਜਲਦੀ ਹੀ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਜਦੋਂ ਮੁਹੰਮਦ ਗੌਰੀ ਵਾਪਸ ਜਾ ਰਿਹਾ ਸੀ, ਤਾਂ ਉਸ ਸਮੇਂ ਪ੍ਰਿਥਵੀ ਰਾਜ ਚੌਹਾਨ ਨੇ ਤੇਰ੍ਹਾਂ ਮਹੀਨੇ ਦੀ ਘੇਰਾਬੰਦੀ ਤੋਂ ਮਗਰੋਂ ਇਸ ਨੂੰ ਫਿਰ ਆਪਣੇ ਅਧਿਕਾਰ ਹੇਠ ਕਰ ਲਿਆ ਸੀ।[43] 1192 ਈ. ਵਿਚ ਜਦੋਂ ਮੁਹੰਮਦ ਗੌਰੀ ਨੇ ਤਰਾਇਨ ਦੀ ਲੜਾਈ ਵਿਚ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਦਿੱਤਾ, ਤਾਂ ਬਠਿੰਡੇ ਦਾ ਇਲਾਕਾ ਇਸਲਾਮੀ ਰਾਜ ਦੇ ਅਧੀਨ ਹੋ ਗਿਆ ਸੀ। ਮੁਹੰਮਦ ਗੌਰੀ ਇਸ ਇਲਾਕੇ ਦਾ ਪਹਿਲਾ ਮੁਸਲਮਾਨ ਸ਼ਾਸਕ ਸੀ।[44] ਮੁਹੰਮਦ ਗੌਰੀ ਦੀ ਮੌਤ ਤੋਂ ਬਾਅਦ ਉਸਦਾ ਗੁਲਾਮ ਕੁਤਬ-ਉਦ-ਦੀਨ ਐਬਕ ਉਸਦਾ ਉੱਤਰਾਧਿਕਾਰੀ ਬਣਿਆ।

ਸੁਲਤਾਨ ਕੁਤਬ-ਉਦ-ਦੀਨ ਐਬਕ ਦੀ ਮੌਤ ਤੋਂ ਮਗਰੋਂ ਜਦੋਂ 1211 ਈ. ਵਿਚ ਇਲਤੁਤਮਿਸ਼ ਸੁਲਤਾਨ ਬਣਿਆ, ਤਾਂ ਉਸ ਸਮੇਂ ਸਿੰਧ ਅਤੇ ਮੁਲਤਾਨ ਦੇ ਸੂਬੇਦਾਰ ਨਾਸਿਰ-ਉਦ-ਦੀਨ ਕਬਾਚਾ ਨੇ ਬਠਿੰਡੇ ਪ੍ਰਾਂਤ ਉੱਤੇ ਕਬਜ਼ਾ ਕੀਤਾ ਹੋਇਆ ਸੀ ਅਤੇ ਉਹ ਸੁਲਤਾਨ ਇਲਤੁਤਮਿਸ਼ ਦਾ ਵਿਰੋਧੀ ਸੀ। ਇਸ ਕਰਕੇ ਇਸ ਪ੍ਰਾਂਤ ਨੂੰ ਆਪਣੇ ਅਧਿਕਾਰ ਵਿਚ ਕਰਨ ਲਈ ਉਨ੍ਹਾ ਦੋਵਾਂ ਵਿਚਕਾਰ ਟਕਰਾਉ ਚਲਦਾ ਰਿਹਾ ਸੀ। 1217 ਈ. ਵਿਚ ਇਲਤੁਤਮਿਸ਼ ਦੀਆਂ ਫੌਜਾਂ ਨੇ ਕਬਾਚਾ ਨੂੰ ਬੁਰੀ ਤਰ੍ਹਾਂ ਹਰਾਇਆ ਅਤੇ ਬਠਿੰਡਾ ਦਿੱਲੀ ਸੁਲਤਾਨ ਦੇ ਅਧੀਨ ਹੋ ਗਿਆ ਸੀ। 1227 ਈ. ਤੋਂ ਥੋੜ੍ਹਾ ਪਹਿਲਾਂ ਇਲਤੁਤਮਿਸ਼ ਵੱਲੋਂ ਬਠਿੰਡਾ ਪ੍ਰਾਂਤ ਵਿਚ ਇੱਕ ਸੂਬੇਦਾਰ ਨਿਯੁਕਤ ਕੀਤਾ ਗਿਆ ਸੀ।[45]

1239 ਈ. ਵਿਚ ਬਠਿੰਡਾ ਪ੍ਰਾਂਤ ਦੇ ਸੂਬੇਦਾਰ ਇਖਤਿਆਰ-ਉਦ-ਦੀਨ ਅਲਤੂਨੀਆ ਨੇ ਅਮੀਰ ਤੁਰਕੀ ਸਰਦਾਰਾਂ ਨਾਲ ਮਿਲ ਕੇ ਦਿੱਲੀ ਦੀ ਸਾਸ਼ਕ ਰਜ਼ੀਆ ਸੁਲਤਾਨਾ (ਇਲਤੁਤਮਿਸ਼ ਦੀ ਧੀ) ਵਿਰੁੱਧ ਬਗਾਵਤ ਕਰ ਦਿੱਤੀ ਸੀ। ਤੁਰਕੀ ਸਰਦਾਰਾਂ ਨੇ ਰਜ਼ੀਆ ਦੇ ਹਬਸ਼ੀ ਪ੍ਰੇਮੀ ਯਾਕੂਤ ਨੂੰ ਕਤਲ ਕਰ ਦਿੱਤਾ

---

43 *ਉਹੀ,* ਪੰਨਾ 94

44 Punjab District Gazetteer-Bathinda, p.38

45 ਫ਼ੌਜਾ ਸਿੰਘ (ਸੰਪਾ.), *ਉਕਤ,* ਪੰਨੇ 100-103

ਅਤੇ ਰਜ਼ੀਆ ਨੂੰ ਅਲਤੂਨੀਆ ਦੇ ਹਵਾਲੇ ਕਰ ਦਿੱਤਾ ਗਿਆ। ਉਹ ਕੁਝ ਸਮਾਂ ਬਠਿੰਡਾ ਕਿਲੇ ਵਿਚ ਕੈਦ ਰਹੀ। ਇਸ ਤੋਂ ਬਾਅਦ ਛੇਤੀ ਹੀ ਅਲਤੂਨੀਆ ਨੇ ਰਜ਼ੀਆ ਨਾਲ ਵਿਆਹ ਕਰ ਲਿਆ ਸੀ। ਅਲਤੂਨੀਆ ਅਤੇ ਰਜ਼ੀਆ ਨੇ ਇਕੱਠੇ ਹੋ ਕੇ ਨਵੇ ਸੁਲਤਾਨ ਬਹਰਾਮ ਸ਼ਾਹ (ਇਲਤੁਤਮਿਸ਼ ਦਾ ਪੁੱਤਰ) ਦੇ ਵਿਰੁੱਧ ਬਗਾਵਤ ਕਰ ਦਿੱਤੀ। ਅਕਤੂਬਰ 1240 ਈ. ਨੂੰ ਕੈਥਲ ਵਿਖੇ ਰਜ਼ੀਆ ਅਤੇ ਸੁਲਤਾਨ ਬਹਰਾਮ ਸ਼ਾਹ ਵਿਚ ਲੜਾਈ ਹੋਈ, ਜਿਸ ਵਿਚ ਰਜ਼ੀਆ ਹਾਰ ਗਈ। ਉਪਰੰਤ ਉਸ ਦੀਆਂ ਫੌਜਾਂ ਨੇ ਉਸਦਾ ਸਾਥ ਛੱਡ ਦਿੱਤਾ ਸੀ ਅਤੇ ਥੋੜਾ ਚਿਰ ਬਾਅਦ ਦਸੰਬਰ 1240 ਨੂੰ ਰਜ਼ੀਆ ਅਤੇ ਅਲਤੂਨੀਆ ਦੋਹਾਂ ਨੂੰ ਕੁਝ ਹਿੰਦੂ ਡਾਕੂਆਂ ਨੇ ਕਤਲ ਕਰ ਦਿੱਤਾ ਸੀ।[46]

1254 ਈ. ਵਿਚ ਬਲਬਨ ਦੇ ਚਚੇਰੇ ਭਰਾ ਸ਼ੇਰ ਖਾਂ ਨੂੰ ਬਠਿੰਡੇ ਦਾ ਗਵਰਨਰ ਨਿਯੁਕਤ ਕੀਤਾ ਗਿਆ ਸੀ। ਉਹ ਇੱਕ ਤਜਰਬੇਕਾਰ ਕਮਾਂਡਰ ਅਤੇ ਸੂਝਵਾਨ ਪ੍ਰਸ਼ਾਸਕ ਸੀ। ਉਸ ਵਿਚ ਰਾਜਿਆਂ ਵਾਲੇ ਸਾਰੇ ਗੁਣ ਸਨ। ਇਸੇ ਕਰਕੇ ਉਸ ਨੂੰ ਬਠਿੰਡਾ ਪ੍ਰਾਂਤ ਦੀ ਸੂਬੇਦਾਰੀ ਤੋਂ ਇਲਾਵਾ ਲਾਹੌਰ, ਮੁਲਤਾਨ, ਸੁਨਾਮ, ਘੁੜਾਮ, ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਸਰਹਿੰਦ ਪ੍ਰਾਂਤ ਦੀ ਸੂਬੇਦਾਰੀ ਸੌਂਪੀ ਗਈ ਸੀ। ਉਸ ਨੇ ਬੜੀ ਬਹਾਦਰੀ ਅਤੇ ਯੋਗਤਾ ਨਾਲ ਮੁਗ਼ਲਾਂ ਦੇ ਹਮਲਿਆਂ ਦਾ ਜਵਾਬ ਦਿੱਤਾ ਸੀ। 1266 ਈ. ਵਿਚ ਜਦੋਂ ਬਲਬਨ ਸੁਲਤਾਨ ਬਣਿਆ, ਤਾਂ ਉਸ ਨੇ (ਆਪਣੇ ਚਚੇਰੇ ਭਰਾ) ਸ਼ੇਰ ਖਾਂ ਨੂੰ (1267 ਈ.) ਜ਼ਹਿਰ ਦੁਆ ਦੇ ਕੇ ਮਰਵਾ ਦਿੱਤਾ ਸੀ, ਕਿਉਂਕਿ ਉਹ ਦਿੱਲੀ ਹਕੂਮਤ ਦੇ ਸਰਹੱਦੀ ਪ੍ਰਾਂਤ ਦਾ ਸੂਬੇਦਾਰ ਹੁੰਦਿਆਂ ਹੋਇਆਂ ਇੰਨਾ ਸ਼ਕਤੀਸ਼ਾਲੀ ਹੋ ਚੁੱਕਾ ਸੀ ਕਿ ਉਹ ਕਿਸੇ ਸਮੇਂ ਵੀ ਨਵੇਂ ਸੁਲਤਾਨ ਬਲਬਨ ਲਈ ਇੱਕ ਵੱਡਾ ਖ਼ਤਰਾ ਬਣ ਸਕਦਾ ਸੀ। ਸ਼ੇਰ ਖਾਂ ਦੀ ਥਾਂ ਤੇ ਬਲਬਨ ਨੇ ਆਪਣੇ ਵੱਡੇ ਪੁੱਤਰ ਸ਼ਹਿਜ਼ਾਦਾ ਮੁਹੰਮਦ ਨੂੰ ਬਠਿੰਡਾ, ਲਾਹੌਰ ਅਤੇ ਮੁਲਤਾਨ ਦਾ ਗਵਰਨਰ ਬਣਾਇਆ ਸੀ। ਉਹ 1285 ਈ. ਵਿਚ ਮੁਗ਼ਲਾਂ ਨਾਲ ਇੱਕ ਲੜਾਈ ਵਿਚ ਮਾਰਿਆ ਗਿਆ ਸੀ।[47] ਪੰਜਾਬ ਡਿਸਟ੍ਰਿਕਟ ਗਜ਼ਟੀਅਰ ਬਠਿੰਡਾ ਵਿਚ ਲਿਖਿਆ ਗਿਆ ਹੈ ਕਿ ਸ਼ੇਰ ਖਾਂ ਤੋਂ ਬਾਅਦ ਬਲਬਨ ਨੇ ਆਪਣੇ ਵੱਡੇ ਪੁੱਤਰ ਬੁਗ਼ਰਾ ਖਾਂ ਨੂੰ ਬਠਿੰਡੇ ਦਾ ਗਵਰਨਰ ਨਿਯੁਕਤ ਕੀਤਾ ਸੀ।[48] ਇਹ

---

[46] *ਉਹੀ,* ਪੰਨੇ 105-106

[47] *ਉਹੀ,,* ਪੰਨੇ 107-109

[48] Punjab District Gazetteer-Bathinda, p.40

ਕਥਨ ਦਰੁੱਸਤ ਨਹੀਂ ਜਾਪਦਾ ਹੈ। ਕਿਉਂਕਿ ਡਾ. ਬਖ਼ਸ਼ੀਸ਼ ਸਿੰਘ ਨਿੱਜਰ ਨੇ ਪੰਜਾਬ ਦਾ ਇਤਿਹਾਸ (1000 ਈ.-1526) ਪੁਸਤਕ ਵਿਚ ਆਪਣੇ ਲੇਖ 'ਮਮਲੂਕ ਸੁਲਤਾਨਾਂ ਦਾ ਰਾਜ' ਵਿਚ ਲਿਖਿਆ ਹੈ ਕਿ ਬੁਗ਼ਰਾ ਖਾਂ ਸਮਾਣੇ ਦੀ ਫੌਜੀ ਛਾਉਣੀ ਦਾ ਇੰਚਾਰਜ ਸੀ, ਨਾ ਕਿ ਬਠਿੰਡੇ ਦਾ ਗਵਰਨਰ।[49]

1429 ਈ. ਵਿਚ ਬਾਦਸ਼ਾਹ ਮੁਬਾਰਕ ਸ਼ਾਹ ਦੇ ਗਵਰਨਰ ਸਲੀਮ ਦੀ ਮੌਤ ਤੋਂ ਬਾਅਦ ਉਸਦੇ ਗੁਲਾਮ ਫੌਲਾਦ ਤੁਰਕਬਚਾ ਨੇ ਬਠਿੰਡੇ ਪ੍ਰਾਂਤ ਦੀ ਰਾਜ ਸੱਤਾ ਸੰਭਾਲ ਲਈ ਅਤੇ ਸੁਲਤਾਨ ਤੋਂ ਬਾਗੀ ਹੋ ਕੇ ਸਤੁੰਤਰ ਰਾਜ-ਅਧਿਕਾਰੀ ਬਣ ਗਿਆ ਸੀ। ਜਦੋਂ ਸੁਲਤਾਨ ਮੁਬਾਰਕ ਸ਼ਾਹ ਦੀਆ ਫ਼ੌਜਾਂ ਨੇ ਉਸ ਨੂੰ ਬਠਿੰਡੇ ਵਿਚ ਘੇਰ ਲਿਆ, ਤਾਂ ਉਸ ਨੇ ਦੋ ਲੱਖ ਤੋਲੇ ਚਾਂਦੀ ਦੇਣ ਦੀ ਸ਼ਰਤ ਬਦਲੇ ਕਾਬਲ ਦੇ ਸੂਬੇਦਾਰ ਸ਼ੈਖ਼ ਅਲੀ ਨੂੰ ਸਹਾਇਤਾ ਲਈ ਬੁਲਾਇਆ ਸੀ। ਸ਼ੈਖ਼ ਅਲੀ ਦੇ ਆਉਣ ਨਾਲ ਸੁਲਤਾਨ ਦੀਆਂ ਫ਼ੌਜਾਂ ਭੱਜ ਗਈਆਂ ਸਨ। ਇਸ ਤੋਂ ਬਾਅਦ ਉਹ ਕੁਝ ਸਮਾਂ ਸੁਤੰਤਰ ਰਾਜ ਕਰਦਾ ਰਿਹਾ ਸੀ। ਆਖਰ ਨਵੰਬਰ 1433 ਨੂੰ ਉਹ ਸੁਲਤਾਨ ਦੀਆਂ ਫੌਜਾਂ ਤੋਂ ਹਾਰ ਗਿਆ ਅਤੇ ਮਾਰਿਆ ਗਿਆ ਸੀ। ਬਠਿੰਡਾ ਫਿਰ ਦਿੱਲੀ ਦੇ ਅਧੀਨ ਹੋ ਗਿਆ ਸੀ।[50]

ਤੁਗਲਕਾਂ ਦੇ ਸ਼ਾਸਨ ਕਾਲ ਸਮੇਂ (1320 ਈ.-1414) ਬਠਿੰਡਾ ਉਨ੍ਹਾਂ ਪ੍ਰਮੁੱਖ ਵਿਦਿਆ ਕੇਂਦਰਾਂ ਵਿਚੋਂ ਇੱਕ ਸੀ, ਜਿਥੇ ਸੰਸਕ੍ਰਿਤ ਅਤੇ ਫਾਰਸੀ ਸਾਹਿਤ ਰਚਨਾਵਾਂ ਨੂੰ ਉਲਥਾਉਣ ਦਾ ਕੰਮ ਵੱਡੇ ਪੱਧਰ 'ਤੇ ਕੀਤਾ ਜਾਂਦਾ ਸੀ।[51]

ਸੰਨ 1526 ਈ. ਵਿਚ ਬੈਰਾੜਾਂ ਨੇ ਪਾਨੀਪਤ ਦੀ ਲੜਾਈ ਸਮੇਂ ਬਾਬਰ ਦੀ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ। ਜਿੱਤ ਪ੍ਰਾਪਤ ਕਰਨ ਤੇ ਬਾਬਰ ਨੇ 'ਲੱਖੀ ਜੰਗਲ-ਬਠਿੰਡੇ' ਦੀ ਚੌਧਰ ਸਿੱਧੂ-ਬੈਰਾੜਾਂ ਨੂੰ ਦੇ ਦਿੱਤੀ। ਉਸ ਸਮੇਂ ਇਹ ਸਾਰਾ ਇਲਾਕਾ 'ਲੱਖੀ ਜੰਗਲ' ਦੇ ਨਾਮ ਨਾਲ ਜਾਣਿਆ ਜਾਂਦਾ ਸੀ ਅਤੇ ਮੁਗ਼ਲ ਹਕੂਮਤ ਵਲੋਂ ਇਸ ਇਲਾਕੇ ਤੇ ਆਪਣੇ ਸੂਬੇਦਾਰ ਵੀ ਨਿਯੁਕਤ ਕੀਤੇ ਜਾਂਦੇ ਸਨ।[52]

---

49 ਡਾ. ਬਖ਼ਸ਼ੀਸ ਸਿੰਘ ਨਿੱਜਰ, 'ਮਮਲੂਕ ਸੁਲਤਾਨਾਂ ਦਾ ਰਾਜ', *ਪੰਜਾਬ ਦਾ ਇਤਿਹਾਸ (1000 ਈ.-1526),* ਫੌਜਾ ਸਿੰਘ (ਸੰਪਾ.), ਪੰਨਾ 108

50 ਫੌਜਾ ਸਿੰਘ (ਸੰਪਾ.), *ਉਕਤ,* ਪੰਨੇ 169-172

51 *ਉਹੀ,* ਪੰਨਾ 345

52 ਸਾਕੀ ਮੁਸਤਾਅਦ ਖਾਂ, *ਮੁਆਸਿਰੀ ਆਲਮਗਿਰੀ, ਗੰਡਾ ਸਿੰਘ ਦੇ ਹਵਾਲੇ ਨਾਲ,* ਪੰਨੇ 454-455

ਸਮੇਂ ਦੇ ਨਾਲ ਕਈ ਘਰਾਣਿਆਂ ਨੇ ਕਿਲੇ ਉੱਪਰ ਕਬਜ਼ਾ ਕੀਤਾ, ਪਰ ਇਸ ਦੀ ਇਤਿਹਾਸਕ ਮਾਨਤਾ ਘੱਟ ਗਈ ਅਤੇ ਉੱਜਾੜ ਬਣ ਗਿਆ ਸੀ। ਸਿੱਖ ਇਤਿਹਾਸ ਦੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਠਹਿਰਨ ਸਮੇਂ ਸੰਨ 1706 ਈ. ਵਿਚ ਇੱਥੇ ਪਧਾਰੇ ਸਨ। ਉਸ ਸਮੇਂ ਕਿਸੇ ਕਾਣੇ ਦੈਂਤ ਦੇ ਵਾਸ ਦਾ ਭਰਮ ਫੈਲੇ ਹੋਣ ਕਾਰਨ ਇਹ ਕਿਲਾ ਉੱਜਾੜ ਬਣਿਆ ਪਿਆ ਸੀ। ਇਹ ਮਾਨਤਾ ਹੈ ਕਿ ਗੁਰੂ ਸਾਹਿਬ ਦੇ ਕਿਲੇ ਵਿਚ ਚਰਨ ਪਾਉਣ ਨਾਲ ਦੈਂਤ ਉੱਥੋਂ ਨਿਕਲ ਗਿਆ ਸੀ। ਗੁਰੂ ਸਾਹਿਬ ਕਈ ਦਿਨ ਇਸ ਕਿਲੇ ਵਿਚ ਠਹਿਰੇ ਸਨ। ਗੁਰੂ ਸਾਹਿਬ ਦੀ ਕਿਲੇ ਵਿਚ ਆਮਦ ਦੀ ਯਾਦ ਵਿਚ 'ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਕਿਲਾ ਮੁਬਾਰਕ' ਬਣਿਆ ਹੋਇਆ ਹੈ। ਕਿਲੇ ਵਿਚ ਗੁਰੂ ਸਾਹਿਬ ਦੀ ਆਮਦ ਦਾ ਜ਼ਿਕਰ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਮਹਾਂਕਵੀ ਭਾਈ ਸੰਤੋਖ ਸਿੰਘ ਵੀ ਕਰਦੇ ਹਨ:-

"ਬਤਾਇ ਸ੍ਰੀ ਸਤਿਗੁਰੂ ਕਰਿਕੈ ਸੌਚ ਸ਼ਨਾਨ।
ਗਏ ਵਠਿੰਡੇ ਦੁਰਗ ਕੋ ਦੇਖਯੋ ਜਾਇ ਮਹਾਨ।"[53]

ਬੈਰਾੜਾਂ ਨੇ ਗੁਰੂ ਸਾਹਿਬ ਨੂੰ ਰਾਜਾ ਬਿਨੈਪਾਲ ਦੁਆਰਾ ਕਿਲੇ ਦੀ ਉਸਾਰੀ ਦਾ ਬ੍ਰਿਤਾਂਤ ਦੱਸਿਆ। ਕਿਲੇ ਦੇ ਬਾਹਰ ਹਾਜੀ ਰਤਨ ਦੀ ਮਜਾਰ ਕੋਲ 'ਗੁਰਦੁਆਰਾ ਗੋਬਿੰਦ ਨਗਰ ਪਾਤਸ਼ਾਹੀ ਦਸਵੀਂ' ਬਣਿਆ ਹੋਇਆ ਹੈ। ਇੱਥੇ ਗੁਰੂ ਜੀ ਦਾ ਸੈਨਾ-ਦਲ ਠਹਿਰਿਆ ਸੀ। ਹੁਣ ਇਹ ਦੋਵੇਂ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹਨ।

ਸਿੱਖ ਮਿਸਲਾਂ ਦੇ ਸਮੇਂ ਇਸ ਸ਼ਹਿਰ ਅਤੇ ਕਿਲੇ ਉੱਪਰ ਰਾਇ ਜੋਧ ਸਿੰਘ ਸਾਬੋ ਕੇ ਦਾ ਕਬਜ਼ਾ ਸੀ। ਉਸ ਨੇ ਜਦੋਂ ਬਠਿੰਡੇ ਦੇ ਕਿਲੇ ਤੇ ਕਬਜ਼ਾ ਕੀਤਾ, ਤਾਂ ਉਸ ਸਮੇਂ ਕਿਲੇ ਵਿਚ ਕੇਵਲ ਇੱਕ ਦੀਵਾਨਾ ਫਕੀਰ ਰਿਹਾ ਕਰਦਾ ਸੀ। ਜੋਧ ਸਿੰਘ ਨੇ ਉਸ ਫ਼ਕੀਰ ਨੂੰ ਪਿੰਡ ਬੱਲੂਆਣਾ ਅਤੇ ਬਹਿਮਣ ਦੀਵਾਨਾ ਦੇ ਕੇ ਕਿਲੇ ਤੇ ਅਧਿਕਾਰ ਕਰ ਲਿਆ ਸੀ।[54] ਸੰਨ 1754 ਈ. ਵਿਚ ਸ੍ਰ. ਗੁਰਬਖਸ਼ ਸਿੰਘ ਕੈਥਲ ਵਾਲੇ ਅਤੇ ਬਾਬਾ ਆਲਾ ਸਿੰਘ ਨੇ ਮਿਲ ਕੇ ਬਠਿੰਡੇ 'ਤੇ ਹਮਲਾ ਕਰ ਦਿੱਤਾ ਸੀ। ਕਿਲੇ ਦੀ ਲੰਮਾ ਸਮਾਂ ਘੇਰਾਬੰਦੀ ਤੋਂ ਬਾਅਦ ਜੋਧ ਸਿੰਘ ਨੂੰ ਸੁਲਾਹ ਕਰਨੀ ਪਈ ਅਤੇ ਬਠਿੰਡੇ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਤੇ ਗੁਰਬਖਸ਼ ਸਿੰਘ ਅਤੇ ਆਲਾ

53 *ਸੂਰਜ ਪ੍ਰਕਾਸ਼, ਐਨ ਪਹਿਲਾ, ਅੰਸੂ 24,* ਛੰਦ 1

54 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਪੰਨਾ 9

ਸਿੰਘ ਨੇ ਮਿਲ ਕੇ ਕਬਜ਼ਾ ਕਰ ਲਿਆ ਸੀ।[55]

ਰਾਇ ਜੋਧ ਸਿੰਘ ਤੋਂ ਬਾਅਦ ਸਰਦਾਰ ਸੁਖਚੈਨ ਸਿੰਘ ਸਾਬੋ ਕਾ ਦੇ ਸਮੇਂ ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਸੰਨ 1771 ਈ. ਵਿਚ ਲੰਮਾ ਸਮਾਂ ਘੇਰਾ ਪਾਉਣ ਮਗਰੋਂ ਕਿਲੇ ਤੇ ਕਬਜ਼ਾ ਕਰ ਲਿਆ ਸੀ ਅਤੇ ਇਸ ਨੂੰ ਪੂਰਨ ਤੌਰ ਤੇ ਆਪਣੇ ਅਧਿਕਾਰ ਵਿਚ ਲੈ ਕੇ ਰਿਆਸਤ ਪਟਿਆਲਾ ਵਿਚ ਸ਼ਾਮਿਲ ਕਰ ਲਿਆ ਸੀ।[56] ਮਹਾਰਾਜਾ ਪਟਿਆਲਾ ਕਰਮ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਠਿੰਡਾ ਕਿਲ੍ਹੇ ਵਿਚ ਆਉਣ ਦੀ ਯਾਦ ਵਿਚ ਕਿਲੇ ਦਾ ਨਾਮ 'ਗੋਬਿੰਦਗੜ੍ਹ' ਰੱਖਿਆ ਸੀ। 1948 ਈ. ਰਿਆਸਤ ਪਟਿਆਲਾ ਦੀ ਕਾਇਮੀ ਤੱਕ ਸਰਕਾਰੀ ਤੌਰ ਤੇ ਇਹੀ ਨਾਮ ਰਿਹਾ ਸੀ।

ਬਾਬਾ ਰਾਮ ਸਿੰਘ ਵੱਲੋ ਚਲਾਈ ਗਈ ਨਾਮਧਾਰੀ ਲਹਿਰ (ਕੂਕਾ ਲਹਿਰ) ਵਿਚ ਬਠਿੰਡਾ ਇਲਾਕੇ ਦੇ ਲੋਕਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਪਿੰਡ ਪਿੱਥੋ (ਨੇੜੇ ਰਾਮਪੁਰਾ-ਫੂਲ) ਦੇ ਤਿੰਨ ਨਾਮਧਾਰੀ ਸਿੰਘਾਂ ਮਸਤਾਨ ਸਿੰਘ, ਗੁਰਮੁਖ ਸਿੰਘ ਅਤੇ ਮੰਗਲ ਸਿੰਘ ਨੂੰ ਰਾਇਕੋਟ ਦੇ ਬੁੱਚੜਾਂ ਦੇ ਕਤਲ ਕੇਸ ਵਿਚ ਜੁਲਾਈ 1871 ਈ. ਵਿਚ ਫਾਂਸੀ ਉੱਤੇ ਚਾੜ ਕੇ ਸ਼ਹੀਦ ਕੀਤਾ ਗਿਆ ਸੀ।[57] 1920 ਈ. ਵਿਚ ਸ਼ੁਰੂ ਹੋਈ ਅਕਾਲੀ ਲਹਿਰ ਵਿਚ ਵੀ ਬਠਿੰਡਾ ਇਲਾਕੇ ਨੇ ਵੱਧ-ਚੜ੍ਹ ਕੇ ਭਾਗ ਲਿਆ। ਜੈਤੋਂ ਦੇ ਮੋਰਚੇ ਦੌਰਾਨ ਬਠਿੰਡੇ ਦੇ ਅਕਾਲੀਆਂ ਨੇ ਅਹਿਮ ਯੋਗਦਾਨ ਪਾਇਆ ਅਤੇ ਕੁਰਬਾਨੀਆਂ ਕੀਤੀਆਂ। ਜੁਲਾਈ 1928 ਈ. ਵਿਚ ਸਿੱਖਾਂ ਦੇ ਬੇਤਾਜ਼ ਬਾਦਸ਼ਾਹ ਬਾਬਾ ਖੜਕ ਸਿੰਘ ਨੇ ਇਸ ਇਲਾਕੇ ਦੇ ਪਿੰਡਾਂ ਦਾ ਦੌਰਾ ਕੀਤਾ ਅਤੇ ਰੈਲੀਆਂ ਕਰ ਕੇ ਲੋਕਾਂ ਵਿਚ ਉਤਸ਼ਾਹ ਅਤੇ ਜੋਸ਼ ਭਰਿਆ। ਇਨ੍ਹਾਂ ਰੈਲੀਆਂ ਵਿਚ ਅਕਾਲੀ ਆਗੂ ਸ੍ਰ. ਸੇਵਾ ਸਿੰਘ ਠੀਕਰੀਵਾਲਾ ਦੀ ਪਟਿਆਲਾ ਜੇਲ੍ਹ ਵਿਚੋਂ ਰਿਹਾਈ ਦੀ ਮੰਗ ਕੀਤੀ ਗਈ।[58] ਇਸੇ ਦੌਰੇ ਦੌਰਾਨ 17 ਜੁਲਾਈ 1928 ਈ. ਨੂੰ ਮਾਨਸਾ ਵਿਖੇ 'ਪੰਜਾਬ ਰਿਆਸਤੀ ਪਰਜਾ ਮੰਡਲ' ਦੀ ਸਥਾਪਨਾ ਦਾ ਐਲਾਨ ਕੀਤਾ ਗਿਆ। ਸ੍ਰ. ਸੇਵਾ ਸਿੰਘ ਠੀਕਰੀਵਾਲਾ ਨੂੰ ਇਸ ਸੰਗਠਨ ਦਾ ਪ੍ਰਧਾਨ ਬਣਾਇਆ ਗਿਆ। 'ਪੰਜਾਬ ਰਿਆਸਤੀ ਪਰਜਾ ਮੰਡਲ' ਲਹਿਰ

---

[55] *ਤਵਾਰੀਖ਼ ਗੁਰੂ ਖ਼ਾਲਸਾ,* ਭਾਗ ਦੂਜਾ, ਪੰਨਾ 558

[56] Bhagat Singh, *History of the Sikh Misals,* p.308

[57] ਡਾ. ਗੰਡਾ ਸਿੰਘ, *ਕੂਕਿਆਂ ਦੀ ਵਿਥਿਆ,* ਪੰਨੇ 75-76

[58] ਡਾ. ਕਰਨਬੀਰ ਸਿੰਘ ਮਾਨ, 'ਪੂਰਬੀ ਪੰਜਾਬ ਰਿਆਸਤਾਂ ਵਿਚ ਕਿਸਾਨ ਲਹਿਰਾਂ', *ਪੰਜਾਬ ਦੀਆ ਲੋਕ ਲਹਿਰਾਂ,* ਏ.ਸੀ. ਅਰੋੜਾ (ਸੰਪਾ.), ਪੰਨਾ 220

ਦਾ ਗੜ੍ਹ ਬਠਿੰਡਾ ਇਲਾਕਾ ਹੀ ਸੀ। ਇਸ ਲਹਿਰ ਦੌਰਾਨ ਪਰਜਾ ਮੰਡਲ ਆਗੂਆਂ ਵੱਲੋ ਰਿਆਸਤੀ ਹਕੂਮਤ ਦੇ ਮਾੜੇ ਪ੍ਰਸ਼ਾਸਨ ਅਤੇ ਕੁਰੀਤੀਆਂ ਵਿਰੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਬਠਿੰਡੇ ਦੇ ਅਨੇਕਾਂ ਪਿੰਡਾ ਕਸਬਿਆਂ ਵਿਚ ਕਾਨਫ਼ਰੰਸਾਂ ਕੀਤੀਆਂ ਗਈਆਂ।[59] ਇਸੇ ਤਰ੍ਹਾਂ ਮੁਜਾਰਾ ਲਹਿਰ ਦੌਰਾਨ ਵੀ ਇਸ ਇਲਾਕੇ ਦੇ ਲੋਕਾਂ ਨੇ ਬੜੇ ਜੋਸ਼ ਤੇ ਉਤਸ਼ਾਹ ਨਾਲ ਭਾਗ ਲੈ ਕੇ ਬਿਸਵੇਦਾਰੀ ਪ੍ਰਣਾਲੀ ਨੂੰ ਖ਼ਤਮ ਕਰਨ ਵਿਚ ਮਹੱਤਵਪੂਰਨ ਰੋਲ ਨਿਭਾਇਆ। 1948 ਈ. ਵਿਚ ਪੈਪਸੂ ਬਣਨ ਤੇ ਬਠਿੰਡਾ ਜ਼ਿਲ੍ਹੇ ਦਾ ਹੈੱਡ ਕੁਆਟਰ ਫ਼ਰੀਦਕੋਟ ਬਣਾਇਆ ਗਿਆ ਸੀ, ਜੋ ਕਿ 1953 ਈ. ਵਿਚ ਬਠਿੰਡੇ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ।[60] 1956 ਈ. ਵਿਚ ਪੈਪਸੂ ਨੂੰ ਪੰਜਾਬ ਵਿਚ ਮਿਲਾ ਦਿੱਤਾ ਗਿਆ ਸੀ ਅਤੇ ਬਠਿੰਡਾ ਪੰਜਾਬ ਪ੍ਰਾਂਤ ਦਾ ਇੱਕ ਜ਼ਿਲ੍ਹਾ ਬਣਿਆ।

## ਤਲਵੰਡੀ ਸਾਬੋ (ਦਮਦਮਾ ਸਾਹਿਬ)

ਪੰਜਾਬ ਅੰਦਰ ਤਲਵੰਡੀ ਨਾਮ ਦੇ ਅਨੇਕ ਪਿੰਡ ਮਿਲਦੇ ਹਨ। ਤਲਵੰਡੀ ਦਾ ਅਰਥ ਹੈ ਉਹ ਭੂਮੀ ਜਾਂ ਧਰਤੀ ਜੋ ਉਪਜਾਊ, ਜਰਖੇਜ਼ ਹੋਵੇ। ਭਾਵ ਇਹ ਧਰਤੀ ਅਨੇਕ ਤਰ੍ਹਾਂ ਦੀਆਂ ਫਸਲਾਂ, ਸਬਜ਼ੀਆਂ, ਫ਼ਲਾਂ ਅਤੇ ਹੋਰ ਬਨਸਪਤੀ ਨੂੰ ਪੈਦਾ ਕਰਨ ਵਾਲੀ ਹੈ। ਇਹੀ ਕਾਰਨ ਹੈ ਕਿ ਬਹੁਤ ਸਾਰੇ ਪਿੰਡਾਂ ਦਾ ਨਾਂ ਤਲਵੰਡੀ ਹੈ। ਪਰੰਤੂ ਸਿੱਖ ਇਤਿਹਾਸ ਵਿੱਚ ਇਸ ਨਾਮ ਦੇ ਕੇਵਲ ਦੋ ਹੀ ਪਵਿੱਤਰ ਨਗਰ ਪ੍ਰਸਿੱਧ ਹਨ, ਜੋ ਸਿੱਖ ਇਤਿਹਾਸ ਦਾ ਅਨਿੱਖੜਵਾਂ ਅੰਗ ਹਨ। ਪਹਿਲਾ ਇਤਿਹਾਸਕ ਪਿੰਡ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜਿਲ੍ਹਾਂ ਸ਼ੇਖ਼ੂਪੁਰਾ ਪਾਕਿਸਤਾਨ ਵਿੱਚ ਹੈ। ਇਸ ਨਾਮ ਦਾ ਦੂਸਰਾ ਨਗਰ ਮਾਲਵੇ ਇਲਾਕੇ ਦੇ ਜਿਲ੍ਹਾਂ ਬਠਿੰਡਾ ਵਿੱਚ ਇਤਿਹਾਸਕ ਪਿੰਡ ਤਲਵੰਡੀ ਸਾਬੋ ਹੈ। ਇਹ ਨਗਰ ਮਾਲਵੇ ਇਲਾਕੇ ਦਾ ਪੁਰਾਤਨ ਤੇ ਇਤਿਹਾਸਕ ਨਗਰ ਹੈ। ਇਹ ਨਗਰ ਬਠਿੰਡਾ ਤੋਂ ਦੱਖਣ ਪੂਰਬ ਵੱਲ 28 ਕਿਲੋਮੀਟਰ ਦੀ ਦੂਰੀ ਤੇ ਰਾਮਾ ਮੰਡੀ ਰੇਲਵੇ ਸਟੇਸ਼ਨ ਤੋਂ 12 ਕਿਲੋਮੀਟਰ ਹੈ। ਗੁਰਪਦ ਪ੍ਰੇਮ ਪ੍ਰਕਾਸ਼ ਵਿਚ ਬਾਬਾ ਸੁਮੇਰ ਸਿੰਘ ਇਸ ਸਥਾਨ ਦੀ ਧਾਰਮਿਕ ਮਹੱਤਤਾ ਹੋਣ ਕਰਕੇ ਤਲਵੰਡੀ ਸਾਬੋ ਨੂੰ ਦੁੱਖਾਂ ਦਾ ਨਾਸ਼ ਕਰਨ ਵਾਲੀ ਧਰਤੀ ਕਹਿ ਕੇ ਇਸ ਤਰ੍ਹਾਂ ਵਡਿਆਉਂਦੇ ਹਨ:

---

59 Punjab District Gazetteer-Bathinda, p.59

60 *Ibid,* p.34

"ਜਸ ਨਾਮ ਪ੍ਰਥਮਹਿ ਤਲਵੰਡੀ

ਸਾਬੋ ਕੀ ਸੁ ਭੂਮਿ ਦੁਖ ਖੰਡੀ।"[61]

ਤਲਵੰਡੀ ਸਾਬੋ ਦੀ ਧਰਤੀ ਤੇ ਪ੍ਰਾਚੀਨ ਕਾਲ ਤੋਂ ਹੀ ਰੱਬੀ ਬਾਣੀ ਦੀ ਗੂੰਜ ਪੈਂਦੀ ਰਹੀ ਹੈ। "ਵੈਦਿਕ ਸਮੇਂ ਵਿੱਚ ਸਰਸਵਤੀ ਨਦੀ ਦੀ ਇੱਕ ਸ਼ਾਖਾ ਥਾਨੇਸਰ ਕੋਲ ਦੀ ਹੁੰਦੀ ਹੋਈ ਵਰਤਮਾਨ ਤਲਵੰਡੀ ਸਾਬੋ ਦੇ ਕੋਲ ਦੀ ਵਗਦੀ ਸੀ।"[62] ਵੈਦਿਕ ਰਿਸ਼ੀਆਂ ਦੀ ਧਰਤੀ ਹੋਣ ਦੇ ਕਾਰਨ ਸਰਸਵਤੀ ਅਤੇ ਦ੍ਰਿਸ਼ਟਵਤੀ (ਮਾਰਕੰਡਾ) ਨਦੀ ਦੇ ਵਿਚਕਾਰਲਾ ਖੇਤਰ ਉਸ ਸਮੇਂ 'ਬ੍ਰਹਮਵਰਤ' ਕਰਕੇ ਪ੍ਰਸਿੱਧ ਸੀ। ਉਸ ਸਮੇਂ ਸਤਲੁਜ ਦਰਿਆ ਵੀ ਬਠਿੰਡੇ ਵਹਿੰਦਾ ਹੁੰਦਾ ਸੀ। ਵੈਦਿਕ ਕਾਲ ਦੌਰਾਨ ਤਲਵੰਡੀ ਸਾਬੋ ਇੱਕ ਰਮਣੀਕ ਤੇ ਖ਼ੂਬਸੂਰਤ ਨਗਰ ਸੀ। ਜਿਸ ਦੀਆਂ ਨਦੀਆਂ ਦੇ ਕਿਨਾਰੇ ਰਿਸ਼ੀ ਮੁਨੀ ਤੇ ਸੰਤ ਮਹਾਤਮਾ ਕਰਤੇ ਦੀ ਕੁਦਰਤ ਦਾ ਗਾਇਨ ਰੂਪ ਵਿੱਚ ਸਿਮਰਨ ਕਰਦੇ। ਇਹ ਸਥਾਨ ਰਿਸ਼ੀਆਂ ਮੁਨੀਆਂ ਦੀ ਵਿਸਮਾਦ ਅਵਸਥਾ ਵਿੱਚ ਆ ਕੇ ਕੀਤੇ ਗਏ ਤਪ ਦਾ ਸਥਾਨ ਵੀ ਹੈ। ਸਰਸਵਤੀ ਨਦੀ ਦੇ ਕਿਨਾਰੇ ਉਪਰ ਉਸ ਸਮੇਂ ਹਰ ਤਰ੍ਹਾਂ ਨਾਲ ਉੱਨਤ ਸ਼ਹਿਰ 'ਪੁਰਿੰਦ੍ਰੀ' ਵਸਿਆ ਹੋਇਆ ਸੀ। ਪੁਰਿੰਦ੍ਰੀ ਦੀ ਵੈਦਿਕ ਕਾਲ ਦੇ ਸਾਹਿਤ ਵਿਚ ਬਹੁਤ ਪ੍ਰਸੰਸਾ ਕੀਤੀ ਮਿਲਦੀ ਹੈ। ਪੁਰਿੰਦ੍ਰੀ ਦਾ ਅਰਥ ਹੈ ਇੰਦ੍ਰਪੁਰੀ।

"ਸਰਸ੍ਰਤੀ ਦੀ ਸ਼ਾਖਾ ਤੇ ਹੀ ਰਿਸ਼ੀ 'ਵੇਦ ਵਿਆਸ' ਦੀ ਆਗਿਆ ਨਾਲ ਉਸਦੇ ਚੇਲੇ 'ਪੀਲ' ਨੇ ਵੇਦ ਤ੍ਰਈ ਦੇ ਮੰਤਰਾਂ ਦਾ ਸੰਗ੍ਰਹਿ ਉਤਰ ਕਾਸ਼ੀ ਵਰਤਮਾਨ-ਤਲਵੰਡੀ ਸਾਬੋਕੀ ਦਮਦਮਾ ਸਾਹਿਬ (ਗੁਰੂ ਕੀ ਕਾਸ਼ੀ) ਦੇ ਅਸਥਾਨ ਵਿਖੇ ਬੈਠਕੇ ਕੀਤਾ। ਜਿਥੇ ਮਾਰਕੰਡੇ (ਰਿਸ਼ੀ) ਨੇ ਤਪ ਕੀਤਾ ਅਤੇ ਉਤਰ ਕਾਸ਼ੀ ਵਸਾਈ ਸੀ।"[63]

ਮਾਰਕੰਡੇ ਰਿਸ਼ੀ ਦਾ ਤਪ ਸਥਾਨ ਗੁਰੂਸਰ ਸਰੋਵਰ ਦੇ ਦੱਖਣ ਵੱਲ ਬੇਰੀ ਹੇਠ ਸੀ। ਉਸ ਨੇ ਇਥੇ ਵਿਦਿਆ ਪੀਠ ਕਾਇਮ ਕੀਤੀ ਸੀ। ਜਿਸ ਦਾ ਨਾਮ ਉਰਲੇ ਸਮੇਂ ਵਿੱਚ ਪੂਰਵਕਾਸ਼ੀ ਦੇ ਟਾਕਰੇ ਤੇ ਉਤਰ ਕਾਸ਼ੀ ਪਿਆ। ਦਸਵੇਂ ਪਾਤਸ਼ਾਹ ਨੇ ਵੀ ਗੁਰੂ ਕੀ ਕਾਸ਼ੀ ਉਥੇ ਹੀ ਸਥਾਪਤ ਕੀਤੀ।

---

61 ਬਾਬਾ ਸੁਮੇਰ ਸਿੰਘ, *ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼,* ਪੰਨਾ 440

62 ਵਿਸਾਖਾ ਸਿੰਘ, *ਉਕਤ,* ਪੰਨੇ 13,106

63 *ਉਹੀ* , ਪੰਨਾ 33

"ਚੰਦ੍ਰਬੰਸੀ 'ਉਤਰ ਕੁਰੁ' ਸ਼ਾਖਾ ਦਾ ਪ੍ਰਤਾਪੀ ਰਾਜਾ 'ਪੁਰੁਰਵਾ' ਦੇ ਪੋਤੇ 'ਨਹੁਸ਼' ਨੇ ਕੰਧਾਰ ਦੇਸ ਤੋਂ ਆ ਕੇ ਇਸ ਸਾਰਸ੍ਵਤ ਦੇਸ਼ ਨੂੰ ਸਭ ਤੋਂ ਪਹਿਲਾਂ ਰਾਸ਼ਟਰੀਯ ਨਿਯਮ ਅਨੁਸਾਰ ਆਪਣੇ ਅਧਿਕਾਰ ਵਿੱਚ ਕੀਤਾ। ਇਸ ਦੇ ਵਡਕੇ ਸ਼ਹਿਨਸ਼ਾਹ ਇੰਦਰ ਦੇ ਅਧੀਨ ਵਡੇ-ਵਡੇ ਰਾਜਿਆਂ ਵਿਚੋਂ ਸਨ। ਇਸ ਨੇ ਸਭ ਤੋਂ ਪਹਿਲਾਂ ਕੁਰੂਛੇਤਰ ਮੰਡਲ ਵਿੱਚ 'ਨੈਮਿਸ਼' ਨਾਮੇ ਨਗਰ ਵਸਾ ਕੇ ਆਪਣੀ ਰਾਜਧਾਨੀ ਅਸਥਾਪਿਨ ਕੀਤੀ।"[64] ਉਸੇ ਰਾਜੇ ਦਾ ਪੋਤਾ ਯਦੂ ਸੀ, ਜੋ ਯਾਦਵਾਂ ਦਾ ਵਡੇਰਾ ਹੋਇਆ। ਰਿਗਵੇਦ ਵਿਚਲੇ ਰਾਜਾ ਨਹੁਸ਼ ਅਤੇ ਅਗਸਤ ਮੁਨੀ ਦੇ ਵਾਰਤਾਲਾਪ ਤੋਂ ਪਤਾ ਲੱਗਦਾ ਹੈ ਕਿ ਅਗਸਤ ਤੇ ਉਸਦਾ ਪਿਤਾ ਭਾਰਦੁਵਾਜ ਵੀ ਪਹਿਲਾਂ ਸਰਸਵਤੀ ਦੇ ਕੰਢੇ ਨੈਮਿਸ਼ ਸ਼ਹਿਰ ਦੇ ਹੀ ਨਿਵਾਸੀ ਸਨ, ਜੋ ਬਾਅਦ ਵਿੱਚ ਦੱਖਣ ਜਾਣ ਵਾਲਿਆਂ ਭਾਰਤੀਆਂ ਦਾ ਪੁਰੋਹਿਤ ਸੀ। ਇਹ ਨੈਮਿਸ਼ ਨਗਰ ਹੀ ਵਰਤਮਾਨ ਸਮੇਂ ਵਿੱਚ ਦਮਦਮਾ ਸਾਹਿਬ ਹੈ।[65] ਡਾ. ਗੰਡਾ ਸਿੰਘ ਨੇ ਲਿਖਿਆ ਹੈ ਕਿ 'ਨਾਟਯ ਸ਼ਾਸਤ੍ਰ' ਦਾ ਰਚਨਕਾਰ ਭਰਤ ਮੁਨੀ, ਜੋ ਨਾਟਕ ਕਲਾ ਦਾ ਮੋਢੀ ਮੰਨਿਆ ਜਾਂਦਾ ਹੈ, ਵੀ ਇਸੇ ਨੈਮਿਸ਼ ਨਗਰ ਦਾ ਵਾਸੀ ਸੀ।[66]

ਵੈਦਿਕ ਸਮੇਂ ਵਿਚ ਮਾਰਕੰਡੇ ਰਿਸ਼ੀ ਤੋਂ ਇਲਾਵਾ ਪਰਾਸਰ ਤੇ ਬਿਆਸ ਆਦਿਕ ਅਨੇਕ ਰਿਸ਼ੀ ਇਥੇ ਹੀ ਰਹਿੰਦੇ ਸਨ। ਰਿਗਵੇਦ ਅਤੇ ਐਤਰੇਯ ਬ੍ਰਾਹਮਣ ਵਿਚ ਵੀ ਜ਼ਿਕਰ ਹੈ ਕਿ ਮੰਤਰ ਕਰਤਾ ਰਿਸ਼ੀ ਸਰਸਵਤੀ ਦੇ ਕਿਨਾਰੇ ਉਤੇ ਰਹਿੰਦੇ ਸਨ। ਪੁਰਾਤਨ ਸਮੇਂ ਵਿਚ ਸਰਸਵਤੀ ਦੇ ਪਾਣੀ ਤੇ ਬ੍ਰਹਮ ਵਿਦਿਆ ਦੀ ਬਾਣੀ ਨਾਲ ਇਹ ਧਰਤੀ ਧਾਰਮਿਕ੍ਰ, ਅਧਿਆਤਮਿਕ ਅਤੇ ਪੂਜਨੀਕ ਬਣੀ ਹੋਈ ਸੀ।

ਪਰੰਤੂ ਹੌਲੀ-ਹੌਲੀ ਸਮੇਂ ਦੇ ਬਦਲਾਅ ਕਾਰਨ ਜਦੋਂ ਸਤਲੁਜ ਪਿਛਾਂਹ ਹਟਦਾ-ਹਟਦਾ ਦੂਰ ਹੋ ਗਿਆ ਤਾਂ ਉਸਦੀ ਇੱਕ ਸ਼ਾਖਾ ਫੇਰ ਵੀ ਇਥੇ ਵਗਦੀ ਰਹੀ। ਜਿਸ ਦਾ ਨਾਉ 'ਆਕੜਾ' ਸੀ। ਸਿੰਧ ਵਿੱਚ ਜਾ ਕੇ 'ਆਕੜਾ' ਹੀ 'ਹਾਕੜਾ' ਬਣ ਗਿਆ।[67] ਸਮੇਂ ਦੇ ਪਰਿਵਰਤਨ ਨਾਲ ਸਤਲੁਜ ਅਤੇ ਸਰਸਵਤੀ ਦੇ ਪਿਛੇ ਹਟ ਜਾਣ ਕਰਕੇ ਇਹ ਇਲਾਕਾ ਮਾਰੂ ਭੂਮੀ ਬਣ ਗਿਆ। ਇਸ ਧਰਤੀ ਨੇ ਇਤਿਹਾਸ ਦੇ ਕਈ ਰੂਪ ਦੇਖੇ। ਇਥੇ ਬੁਧ ਧਰਮ ਦਾ ਬੋਲਬਾਲਾ ਹੋਇਆ। ਜਿਸਨੇ ਵੈਦਿਕ ਸੰਸਕ੍ਰਿਤੀ ਆਸ਼ਰਮ ਤੇ ਵਿਦਿਆਲਾਯ ਮਿਟਾ ਦੇਣ

---

[64] *ਉਹੀ,* ਪੰਨਾ 29

[65] *ਉਹੀ,* ਪੰਨਾ 7

[66] Dr. Ganda Singh, 'Introducing The Punjab', *Punjab Past and Present,* Vol.I, April 1967, p.31

[67] ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 2

ਦਾ ਹੰਬਲਾ ਮਾਰਿਆ ਤੇ ਆਪ ਵੀ ਨਾਥਾਂ ਜੋਗੀਆਂ ਦਾ ਰੂਪ ਧਾਰਦਾ ਮੜ੍ਹੀਆਂ ਮਸਾਣੀਆਂ ਵਿਚ ਫਸ ਬੈਠਾ। ਇਸਲਾਮੀ ਹਮਲਾਵਰਾਂ ਨੇ ਇਸ ਪ੍ਰਦੇਸ਼ ਦੀ ਸੰਸਕ੍ਰਿਤੀ ਮਿਟਾ ਕੇ ਧਰਤੀ ਨਾਲ ਮਿਲਾ ਦਿੱਤੀ ਤੇ ਹਿੰਦੂ, ਬੋਧੀ ਮੰਦਰ ਵਿਦਿਆਲਯ ਤੇ ਪੁਸਤਕਾਲਯ ਤਬਾਹ ਕਰ ਦਿੱਤੇ ਤੇ ਇਹ ਪਵਿੱਤਰ ਉਤਰ ਕਾਸ਼ੀ ਅਗਿਆਨਤਾ ਅੱਤਿਆਚਾਰ ਹੇਠ ਦੱਬ ਗਈ।[68] ਇਹ ਸਾਰਾ ਇਲਾਕਾ ਬੇਆਬਾਦ ਜੰਗਲ ਬੀਆਬਾਨ ਬਣ ਗਿਆ ਸੀ।

ਸੰਨ 1149 ਈ: ਵਿਚ ਇਸ ਇਲਾਕੇ 'ਤੇ ਹਿੰਦੂ ਗੁੱਜਰਾਂ ਨੇ ਕਬਜ਼ਾ ਕਰ ਲਿਆ ਸੀ।[69] 1211 ਈ. ਵਿਚ ਕੁਤਬ-ਉਦ-ਦੀਨ ਐਬਕ ਤੋਂ ਬਾਅਦ ਉਸ ਦਾ ਜਵਾਈ ਸ਼ਮਸ-ਉਦ-ਦੀਨ ਇਲਤੁਤਮਿਸ਼ (ਸ਼ਾਸਨ ਕਾਲ 1211-1236 ਈ.) ਦਿੱਲੀ ਦਾ ਸੁਲਤਾਨ ਬਣਿਆ ਸੀ।[70] ਇਸ ਬਾਦਸ਼ਾਹ ਦੇ ਸਮੇਂ ਸੱਤਾ ਦੇ ਲਾਲਚ ਵਿਚ ਬਹੁਤ ਸਾਰੇ ਹਿੰਦੂਆਂ ਨੇ ਇਸਲਾਮ ਧਾਰਨ ਕੀਤਾ ਸੀ। ਤਲਵੰਡੀ ਦੇ ਹਿੰਦੂ ਗੁੱਜਰਾਂ ਨੇ ਵੀ ਇਸਲਾਮ ਧਾਰਨ ਕਰ ਕੇ ਅਠਤਾਲੀ (48) ਪਿੰਡਾਂ ਦੀ ਚੌਧਰ ਪ੍ਰਾਪਤ ਕੀਤੀ ਸੀ।[71] ਇਨ੍ਹਾਂ ਗੁੱਜਰਾਂ ਦੇ ਇੱਕ ਚੌਧਰੀ ਦੀ ਕੇਵਲ ਇਕੋ ਇਕ ਧੀ 'ਸ਼ਹਾਬੋ' ਸੀ। ਉਹ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪਣੇ ਕਬੀਲੇ ਦੀ ਮੁਖੀ ਬਣੀ ਸੀ। ਜਿਸ ਕਰਕੇ ਪਿੰਡ ਦਾ ਨਾਉ 'ਤਲਵੰਡੀ ਸਹਾਬੋ' ਮਸ਼ਹੂਰ ਹੋ ਗਿਆ ਸੀ।[72] ਜਿਸ ਨੂੰ ਅੱਜ-ਕੱਲ੍ਹ 'ਤਲਵੰਡੀ ਸਾਬੋ' ਕਿਹਾ ਜਾਂਦਾ ਹੈ।

ਤਲਵੰਡੀ ਸਾਬੋ ਦੇ ਨਾਮਕਰਨ ਬਾਰੇ ਦੂਜੀ ਵਿਚਾਰਧਾਰਾ ਹੈ ਕਿ ਤਲਵੰਡੀ ਸਾਬੋ ਦੇ ਚੌਧਰੀਆਂ ਦੇ ਘਰਾਣੇ ਵਿਚ ਬਰਾੜ ਤੋਂ ਛੇਵੇਂ ਸਥਾਨ ਤੇ ਸਾਬੋ ਨਾਮ ਦਾ ਇਕ ਸਰਦਾਰ ਹੋਇਆ ਹੈ, ਜੋ ਹੱਲੜ ਦਾ ਪੁੱਤਰ ਸੀ। ਉਸਨੇ ਬਰਾੜਾਂ ਦਾ ਕਬਜ਼ਾ ਤਲਵੰਡੀ ਸਾਬੋ ਤੇ ਕਰਵਾਇਆ ਸੀ। ਅਪ੍ਰੈਲ 1526 ਈ: ਵਿਚ ਬਾਬਰ ਅਤੇ ਬਾਦਸ਼ਾਹ ਇਬਰਾਹੀਮ ਲੋਧੀ ਵਿਚਕਾਰ ਪਾਨੀਪਤ ਦੇ ਮੈਦਾਨ ਵਿਚ ਜੰਗ ਹੋਇਆ ।[73] ਇਸ ਲੜਾਈ ਵਿਚ ਸੰਘਰ, ਸਾਬੋ ਆਦਿ ਬਰਾੜਾਂ ਨੇ ਬਾਬਰ ਦੀ ਸਹਾਇਤਾ ਕੀਤੀ ਸੀ। ਬਾਬਰ ਦੀ ਜਿੱਤ ਹੋਣ 'ਤੇ 'ਲੱਖੀ ਜੰਗਲ-ਬਠਿੰਡਾ' ਦੀ ਚੌਧਰ ਸਿੱਧੂ-ਬਰਾੜਾਂ ਨੂੰ ਹਾਸਿਲ ਹੋਈ। ਉਨ੍ਹਾਂ ਵਿਚੋਂ ਸਾਬੋ ਬਰਾੜ ਨੇ ਤਲਵੰਡੀ ਤੇ

---

68 *ਉਹੀ,* ਪੰਨੇ 3-4

69 *ਉਹੀ,* ਪੰਨਾ 4

70 ਡਾ. ਫੌਜਾ ਸਿੰਘ (ਸੰਪਾ.), *ਉਕਤ,* ਪੰਨਾ 100

71 ਵਿਸਾਖਾ ਸਿੰਘ, *ਉਕਤ,* ਪੰਨਾ 67

72 *ਉਹੀ,* ਪੰਨਾ 105

73 ਡਾ. ਫੌਜਾ ਸਿੰਘ (ਸੰਪਾ.), *ਉਕਤ,* ਪੰਨਾ 182

ਕਬਜ਼ਾ ਕੀਤਾ।[74] ਸਾਬੋ ਨੇ ਤਲਵੰਡੀ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ ਅਤੇ ਇਥੇ ਵਸਣ ਵਾਲੇ ਲੋਕਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ। ਉਸ ਨੇ ਪਾਣੀ ਦੀ ਥੁੜ ਨੂੰ ਪੂਰਾ ਕਰਨ ਲਈ ਇਲਾਕੇ ਵਿਚ ਕਈ ਥਾਵਾਂ 'ਤੇ ਢਾਬਾਂ ਪੁਟਵਾਈਆਂ। ਇਸ ਤੋਂ ਇਲਾਵਾ ਉਸਨੇ ਬਿਮਾਰੀਆਂ ਅਤੇ ਕਾਲ ਆਦਿ ਦੇ ਬਿਪਤਾ ਸਮੇਂ ਲੋਕਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਸੀ। ਇਸ ਤਰ੍ਹਾਂ ਸਾਬੋ ਨੇ ਆਪਣੇ ਸਮੇਂ ਤਲਵੰਡੀ ਸਾਬੋ ਨਗਰ ਦਾ ਬਹੁਤ ਵਿਕਾਸ ਕੀਤਾ ਸੀ। ਇਸ ਕਰਕੇ ਉਸਦੇ ਨਾਮ ਤੋਂ ਹੀ ਇਸ ਸਥਾਨ ਦਾ ਨਾਮ 'ਤਲਵੰਡੀ ਸਾਬੋ' ਪੈ ਗਿਆ।[75] ਚੌਧਰੀ ਸਾਬੋ ਦੀ ਮੌਤ ਸ਼ੇਰ ਸ਼ਾਹ ਸੂਰੀ ਦੇ ਸ਼ਾਸਨ ਕਾਲ ਦੌਰਾਨ ਹੋਈ ਸੀ।

ਚੌਧਰੀ ਸਾਬੋ ਦਾ ਇਕੋ ਇਕ ਪੁੱਤਰ 'ਮਾਗੋ' ਸੀ। ਉਸਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਇਸ ਇਲਾਕੇ ਦੀ ਚੌਧਰ ਪ੍ਰਾਪਤ ਕੀਤੀ। ਉਹ ਇੱਕ ਸਮਝਦਾਰ ਤੇ ਨੀਤੀਵਾਨ ਚੌਧਰੀ ਸੀ। ਜਿਸ ਕਾਰਨ ਉਸਨੇ ਸ਼ੇਰ ਸ਼ਾਹ ਸੂਰੀ ਤੋਂ 'ਮਲਕ' ਦਾ ਖਿਤਾਬ ਹਾਸਲ ਕੀਤਾ।[76] ਮਲਕ ਮਾਗੋ ਦੇ ਦੋ ਪੁੱਤਰ ਮਲਕ ਸੱਤੋ ਅਤੇ ਮਲਕ ਨਾਨੂ ਸਨ। ਆਪਣੇ ਪਿਤਾ ਤੋਂ ਬਾਅਦ ਮਲਕ ਸੱਤੋ ਨੂੰ ਇਸ ਨਗਰ ਦੀ ਚੌਧਰ ਮਿਲੀ ਸੀ। ਇਸ ਤੋਂ ਅੱਗੇ ਮਲਕ ਸੱਤੋ ਦੇ ਵੀ ਦੋ ਪੁੱਤਰ ਮਲਕ ਭੋਲ ਅਤੇ ਮਲਕ ਬਾਜਕ ਸਨ। ਵੱਡਾ ਪੁੱਤਰ ਹੋਣ ਦੇ ਨਾਤੇ ਮਲਕ ਭੋਲ ਇਸ ਇਲਾਕੇ ਦਾ ਚੌਧਰੀ ਬਣਿਆ। ਮਲਕ ਭੋਲ ਦਾ ਇਕਲੌਤਾ ਪੁੱਤਰ 'ਸਾਧੂ' ਸੀ। ਸਾਧੂ ਦੇ ਅੱਗੇ ਅੱਠ ਪੁੱਤਰ ਸਨ। ਉਨ੍ਹਾਂ ਵਿੱਚੋਂ ਰਜ਼ਾਦਾ ਸਭ ਤੋਂ ਵੱਡਾ ਸੀ, ਜੋ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਚੌਧਰੀ ਬਣਿਆ। ਰਜ਼ਾਦਾ ਇੱਕ ਨੀਤੀਵਾਨ ਚੌਧਰੀ ਸੀ। ਉਸਦੇ ਆਪਣੇ ਗੁਆਂਢੀ ਹਾਕਮਾਂ ਨਾਲ ਚੰਗੇ ਸੰਬੰਧ ਸਨ। ਉਸ ਨੇ ਆਪਣੇ ਅਸਰ ਰਸੂਖ ਨਾਲ ਬਾਦਸ਼ਾਹ ਅਕਬਰ ਤੋਂ 'ਰਾਏ' ਦਾ ਖਿਤਾਬ ਹਾਸਿਲ ਕੀਤਾ ਸੀ। ਰਜ਼ਾਦੇ ਦੇ ਵੀ ਅੱਗੇ ਪੰਜ ਪੁੱਤਰ ਸਨ। ਉਸ ਤੋਂ ਬਾਅਦ ਉਸ ਦਾ ਵੱਡਾ ਪੁੱਤਰ ਆਕਲ ਤਲਵੰਡੀ ਸਾਬੋ ਦਾ ਚੌਧਰੀ ਬਣਿਆ। ਉਸ ਨੇ ਵੀ ਅਕਬਰ ਕੋਲੋ ਚੌਧਰ ਦੀ ਸਨਦ ਪ੍ਰਾਪਤ ਕੀਤੀ।[77]

ਚੌਧਰੀ ਆਕਲ ਦਾ ਇਕੋ ਇੱਕ ਪੁੱਤਰ ਸਲੇਮ ਸ਼ਾਹ ਸੀ, ਜੋ ਚੌਧਰੀ ਬਣਿਆ। ਸਲੇਮਸ਼ਾਹ ਸਾਧੂ-

---

[74] ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 5

[75] *ਉਹੀ*

[76] *ਉਹੀ*

[77] *ਉਹੀ,* ਪੰਨਾ 6

ਸੰਤਾਂ ਦੀ ਸੇਵਾ ਕਰਨ ਵਾਲਾ ਧਾਰਮਿਕ ਵਿਅਕਤੀ ਸੀ। ਗਿਆਨੀ ਬਲਵੰਤ ਸਿੰਘ ਜੀ ਨੇ ਸਲੇਮਸ਼ਾਹ ਬਾਰੇ ਲਿਖਿਆ ਹੈ:

> "ਉਸਨੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਮਹਾਰਾਜ ਕੋਲੋਂ ਸਿੱਖੀ ਦੀ ਪ੍ਰਾਪਤ ਕੀਤੀ ਸੀ। ਇਹ ਵੀ ਪਤਾ ਲਗਦਾ ਹੈ ਕਿ ਉਹ ਮਰਾੜ (ਮਹਿਰਾਜ) ਦੀ ਜੰਗ ਸਮੇਂ ਘੋੜਸਵਾਰ ਅਤੇ ਪਿਆਦੇ ਲੈ ਕੇ ਸਤਿ ਗੁਰੂ ਜੀ ਦੀ ਸਹਾਇਤਾ ਲਈ ਹਾਜ਼ਰ ਹੋਇਆ ਸੀ।"[78]

ਇਥੇ ਗਿਆਨੀ ਜੀ ਨੂੰ ਭੁਲੇਖਾ ਲੱਗਿਆ ਹੈ। ਸ੍ਰੀ ਗੁਰੂ ਹਰਗੋਬਿੰਦ ਜੀ ਦੀ ਫੂਲ-ਮਹਿਰਾਜ ਵਾਲੀ ਜੰਗ ਸੰਨ 1633 ਈ. ਵਿਚ ਹੋਈ ਸੀ।[79] ਇਸ ਜੰਗ ਵਿਚ ਗੁਰੂ ਸਾਹਿਬ ਦਾ ਸਾਥ ਦੇਣ ਵਾਲਾ ਸਲੇਮ ਸ਼ਾਹ ਦੀਨਾ-ਕਾਂਗੜ ਵਾਲੇ ਚੌਧਰੀ ਰਾਇ ਜੋਧ (ਸ਼ਾਹ) ਦਾ ਭਰਾ ਸੀ।[80] ਉਮਰ ਦੇ ਹਿਸਾਬ ਨਾਲ ਅਨੁਮਾਨ ਹੈ ਕਿ ਸਲੇਮ ਸ਼ਾਹ ਦਾ ਪਿਤਾ ਚੌਧਰੀ ਆਕਲ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਸਮਕਾਲੀ ਹੋਇਆ ਹੋਵੇਗਾ। ਗਿਆਨੀ ਗਿਆਨ ਸਿੰਘ ਨੇ ਤਵਾਰੀਖ਼ ਗੁਰੂ ਖਾਲਸਾ ਵਿਚ ਲਿਖਿਆ ਹੈ ਕਿ ਫੂਲ-ਮਹਿਰਾਜ ਦੀ ਲੜਾਈ ਸਮੇਂ ਮਾਲਵੇ ਦੇ ਬੈਰਾੜ, ਗਿੱਲ, ਧਾਲੀਵਾਲ, ਭੁੱਲਰ, ਮਾਨ, ਚਾਹਲ, ਸਿੱਧੂ ਆਦਿ ਵੱਖ-ਵੱਖ ਜੱਟ ਕਬੀਲਿਆਂ ਨੇ ਗੁਰੂ ਸਾਹਿਬ ਦੀ ਹਰ ਪੱਖੋਂ ਸਹਾਇਤਾ ਕੀਤੀ ਸੀ।[81] ਇਸ ਤੋਂ ਇਲਾਵਾ ਇਹ ਰਿਵਾਇਤ ਵੀ ਹੈ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਫੂਲ-ਮਹਿਰਾਜ ਦੀ ਜੰਗ ਸਮੇਂ ਤਲਵੰਡੀ ਸਾਬੋ ਦੇ ਬੈਰਾੜ ਚੌਧਰੀ ਗੁਰੂ ਸਾਹਿਬ ਦੀ ਸੇਵਾ ਲਈ ਹਾਜ਼ਰ ਹੋਏ ਅਤੇ ਜੰਗ ਵਿਚ ਗੁਰੂ ਸਾਹਿਬ ਦਾ ਸਾਥ ਦਿੱਤਾ। ਇਸ ਲਈ ਉਪਰੋਕਤ ਤੱਥਾਂ ਅਤੇ ਦਲੀਲਾਂ ਦੇ ਆਧਾਰ 'ਤੇ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਫੂਲ-ਮਹਿਰਾਜ ਦੀ ਲੜਾਈ ਸਮੇਂ ਤਲਵੰਡੀ ਸਾਬੋ ਦੇ ਚੌਧਰੀ ਆਕਲ ਨੇ ਗੁਰੂ ਸਾਹਿਬ ਦਾ ਸਾਥ ਦਿੱਤਾ ਸੀ।

ਤਲਵੰਡੀ ਸਾਬੋ ਦਾ ਚੌਧਰੀ ਸਲੇਮ ਸ਼ਾਹ ਗੁਰੂ ਤੇਗ ਬਹਾਦਰ ਜੀ ਦਾ ਸਮਕਾਲੀ ਸੀ। ਜਦੋਂ ਗੁਰੂ ਤੇਗ ਬਹਾਦਰ ਜੀ 1674 ਈ: (ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਫੂਲ-ਮਹਿਰਾਜ ਦੀ ਜੰਗ ਤੋਂ ਤਕਰੀਬਨ ਚਾਲੀ ਕੁ ਸਾਲ ਬਾਅਦ) ਵਿਚ ਤਲਵੰਡੀ ਸਾਬੋ ਪੁੱਜੇ, ਤਾਂ ਉਸ ਸਮੇਂ ਸਲੇਮ ਸ਼ਾਹ ਨੇ ਬੜੀ

---

78 *ਉਹੀ*

79 ਡਾ. ਸੁਖਦਿਆਲ ਸਿੰਘ, *ਗੁਰੂ ਹਰਿਗੋਬਿੰਦ ਸਾਹਿਬ- ਜੀਵਨ, ਯੁੱਧ ਅਤੇ ਯਾਤਰਾਵਾਂ*, ਪੰਨਾ 28

80 *ਤਵਾਰੀਖ਼ ਗੁਰੂ ਖਾਲਸਾ*, ਭਾਗ ਪਹਿਲਾ, ਪੰਨਾ 547

81 *ਉਹੀ*

ਸ਼ਰਧਾ ਭਾਵਨਾ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ ਸੀ।[82] ਉਸਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਇਸ ਇਲਾਕੇ ਨੂੰ ਅਨੇਕਾਂ ਵਰਦਾਨਾਂ ਨਾਲ ਨਿਵਾਜਿਆ। ਇਸ ਸਮੇਂ ਬਾਲਕ ਅਵਸਥਾ ਵਿਚ ਭਾਈ ਡੱਲਾ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਰੋਜ਼ਾਨਾ ਆਪਣੇ ਪਿਤਾ ਸਲੇਮ ਸ਼ਾਹ ਨਾਲ ਗੁਰੂ ਦਰਬਾਰ ਵਿਚ ਆਇਆ ਕਰਦਾ ਸੀ। ਨਿਮਰ ਅਤੇ ਕੋਮਲ ਸੁਭਾਅ ਹੋਣ ਕਾਰਨ ਸਲੇਮ ਸ਼ਾਹ ਆਪਣੀ ਚੌਧਰ ਦਾ ਪੂਰੀ ਤਰ੍ਹਾਂ ਪ੍ਰਬੰਧ ਨਹੀਂ ਕਰ ਸਕਿਆ ਸੀ। ਜਿਸ ਕਾਰਨ ਉਸਦੀ ਚੌਧਰ ਦੇ ਬਹੁਤ ਸਾਰੇ ਪਿੰਡਾਂ ਤੇ ਭੱਟੀਆਂ ਨੇ ਆਪਣਾ ਕਬਜ਼ਾ ਕਰ ਲਿਆ ਸੀ।

ਚੌਧਰੀ ਸਲੇਮ ਸ਼ਾਹ ਦੇ ਡੱਲਾ, ਮੱਲਾ, ਹਮੀਰ, ਬੀਰ, ਨੱਥੂ ਅਤੇ ਲਾਲ ਚੰਦ ਛੇ ਪੁੱਤਰ ਸਨ। ਉਮਰ ਦੇ ਲਿਹਾਜ਼ ਨਾਲ ਡੱਲੇ ਨੇ ਇਸ ਇਲਾਕੇ ਦੀ ਚੌਧਰ ਪ੍ਰਾਪਤ ਕੀਤੀ। ਉਹ ਬਹੁਤ ਹੀ ਸੂਰਬੀਰ ਤੇ ਹਿੰਮਤੀ ਯੋਧਾ ਸੀ। ਉਸਨੇ ਆਪਣੀ ਤਾਕਤ ਨਾਲ ਆਪਣੇ ਪਿਤਾ ਤੋਂ ਖੋਹੇ ਗਏ ਇਲਾਕਿਆਂ ਨੂੰ ਹਾਸਿਲ ਕਰਕੇ ਭੱਟੀਆਂ ਨੂੰ ਹਮੇਸ਼ਾਂ ਲਈ ਇਸ ਇਲਾਕੇ ਤੋਂ ਬਾਹਰ ਧੱਕ ਦਿੱਤਾ ਸੀ। ਇਲਾਕੇ ਦੇ ਸਭ ਚੌਧਰੀਆਂ ਵਿੱਚੋਂ ਉਸਦੀ ਫੌਜ ਦੀ ਗਿਣਤੀ ਜ਼ਿਆਦਾ ਸੀ। ਡੱਲੇ ਨੇ ਆਪਣੇ ਸਮੇਂ ਇਲਾਕੇ ਦਾ ਬਹੁਤ ਵਿਕਾਸ ਵੀ ਕੀਤਾ ਸੀ। ਇਸ ਲਈ ਉਹ ਕਿਲ੍ਹਿਆਂ, ਫ਼ੌਜਾਂ, ਘੋੜਿਆਂ ਦਾ ਮਾਲਕ ਬਣਿਆ ਅਤੇ ਜੰਗਲ ਦਾ ਰਾਜਾ ਪ੍ਰਸਿੱਧ ਹੋਇਆ ਸੀ। ਨੌਵੇਂ ਗੁਰੂ ਸਾਹਿਬ ਦੁਆਰਾ ਦਿੱਤੇ ਹੋਏ ਵਰਦਾਨ ਪੂਰੀ ਤਰ੍ਹਾਂ ਪਰਤੱਖ ਦੇਖਣ ਨੂੰ ਮਿਲੇ ਸਨ।[83]

ਗਿਆਨੀ ਬਲਵੰਤ ਸਿੰਘ ਅਨੁਸਾਰ ਡੱਲੇ ਦਾ ਜਨਮ ਭਾਦਰੋਂ ਸੁਦੀ ਦਸਵੀਂ ਨੂੰ ਹੋਇਆ ਸੀ। ਡੱਲੇ ਦੀ ਮਾਤਾ ਦਾ ਨਾਮ 'ਮਾਈ ਕਰਾਈ' ਸੀ, ਜੋ ਧੌਲਪੁਰ ਨਿਵਾਸੀ ਹਰੀਏ ਦੀ ਧੀ ਸੀ ਅਤੇ ਡੱਲੇ ਦੀ ਪਤਨੀ ਦਾ ਨਾਮ 'ਮਾਈ ਖਾਤੀ' ਸੀ ਜੋ ਕਿ ਥਾਨੇਸਰ ਨਿਵਾਸੀ ਤਿਲੋਕੇ ਦੀ ਪੁੱਤਰੀ ਸੀ।[84] 'ਗੁਰੂ ਕੀਆਂ ਸਾਖੀਆਂ' ਦੇ ਲੇਖਕ ਨੇ 'ਕਪੂਰੇ ਬਰਾੜ' ਦੀ ਭੈਣ 'ਕਪੂਰੋ' ਨੂੰ ਭਾਈ ਡੱਲੇ ਦੀ ਪਤਨੀ ਲਿਖਿਆ ਹੈ।[85] ਇਹ ਗੱਲ ਦਰੁੱਸਤ ਨਹੀਂ ਜਾਪਦੀ ਹੈ। ਕਿਉਂਕਿ ਕਪੂਰਾ ਅਤੇ ਡੱਲਾ ਦੋਵੇਂ ਬਰਾੜ ਸਨ। ਇੱਕ ਗੋਤ ਨਾਲ ਸੰਬੰਧ ਰੱਖਦੇ ਹੋਣ ਕਾਰਨ ਉਸ ਸਮੇਂ ਦੀਆਂ ਸਮਾਜਿਕ ਰਹੁ-ਰੀਤਾਂ ਦੇ ਮੁਤਾਬਕ ਕਪੂਰੇ ਦੀ ਭੈਣ ਦਾ ਵਿਆਹ ਡੱਲੇ ਨਾਲ ਹੋਣਾ

---

[82] ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 7

[83] *ਉਹੀ*

[84] *ਉਹੀ*

[85] ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪੰਨਾ 180

ਸੰਭਵ ਨਹੀਂ ਜਾਪਦਾ ਹੈ।

ਉਸ ਸਮੇਂ ਤਲਵੰਡੀ ਸਾਬੋ ਸਮੇਤ ਬਠਿੰਡੇ ਦਾ ਸਾਰਾ ਇਲਾਕਾ 'ਲੱਖੀ ਜੰਗਲ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬਰਾੜ ਗੋਤ ਦੇ ਕਬੀਲੇ ਦੇ ਚਾਰ ਮੁੱਖ ਧੜੇ ਸਨ। ਇਨ੍ਹਾਂ ਵਿੱਚੋਂ ਇੱਕ ਧੜਾ ਡੱਲੇ ਬਰਾੜ ਦਾ ਸੀ। ਇਨ੍ਹਾਂ ਨੂੰ 'ਸਾਬੋ ਕੇ ਬਰਾੜ' ਕਿਹਾ ਜਾਂਦਾ ਸੀ। ਜਦੋਂ 1706 ਈ. (1762-63 ਬਿ.) ਵਿਚ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਆਏ, ਤਾਂ ਡੱਲਾ ਬਰਾੜ ਇਥੋਂ ਦਾ ਚੌਧਰੀ ਸੀ।[86] ਉਸਨੇ ਬਹੁਤ ਆਦਰ-ਸਤਿਕਾਰ ਨਾਲ ਅੱਗੇ ਜਾ ਕੇ ਗੁਰੂ ਸਾਹਿਬ ਦਾ ਸਵਾਗਤ ਕੀਤਾ ਅਤੇ ਬੜੀ ਪ੍ਰਸੰਨਤਾ ਨਾਲ ਉਨ੍ਹਾਂ ਨੂੰ ਆਪਣੇ ਪਿੰਡ ਲੈ ਕੇ ਆਇਆ। ਚੌਧਰੀ ਡੱਲੇ ਬਰਾੜ ਅਤੇ ਤਲਵੰਡੀ ਸਾਬੋ ਇਲਾਕੇ ਦੀਆਂ ਸੰਗਤਾਂ ਵੱਲੋਂ ਆਦਰ-ਭਾਉ ਨਾਲ ਗੁਰੂ ਸਾਹਿਬ ਦੀ ਕੀਤੀ ਸੇਵਾ ਦਾ ਰਤਨ ਸਿੰਘ ਭੰਗੂ ਨੇ ਇਸ ਤਰ੍ਹਾਂ ਵਰਣਨ ਕੀਤਾ ਹੈ:

"ਹਮ ਤੈ ਸਰੈ ਸੁ ਖਿਜਮਤ ਕਰੈਂ।
ਤਨ ਮਨ ਧਨ ਸਭ ਗੁਰ ਢਿਗ ਧਰੈਂ।
ਨਿਜ ਪ੍ਰਵਾਰ ਸਦ ਸਭੀ ਲਿਆਇਆ।
ਆਇ ਸਤਿਗੁਰ ਕੈ ਚਰਨੀ ਲਾਯਾ।
ਕਿਨ੍ਹੈਂ ਮੁਹਰ ਕਿਨੈਂ ਰੁਪੱਯਾ ਖੇਸ।
ਕਿਨੈਂ ਗਊ ਮੈਂਹ ਘੋੜੀ ਬੇਸ।
ਕਿਨ੍ਹ ਦਾਣੋਂ ਕਿਨ੍ਹ ਲੰਗਰ ਚਲਾਯਾ।
ਕਿਨੈ ਘੀਉ ਕਿਨ੍ਹੇ ਲੂਣ ਘਤਾਇਆ।
ਡੱਲੇ ਸਦ ਸਭ ਸਾਬੋ ਲਈ।"[87]

ਭਾਈ ਡੱਲੇ ਦੇ ਮਨ ਵਿਚ ਗੁਰੂ ਸਾਹਿਬ ਲਈ ਅਥਾਹ ਸ਼ਰਧਾ ਸੀ। ਉਸਨੇ ਗੁਰੂ ਸਾਹਿਬ ਲਈ ਆਪਣੀ ਹਵੇਲੀ ਖਾਲੀ ਕਰ ਕੇ ਸੌਂਪਣ ਦੀ ਬੇਨਤੀ ਕੀਤੀ ਸੀ। ਪਹਿਲੇ ਪੰਜ ਦਿਨ ਗੁਰੂ ਸਾਹਿਬ ਅਤੇ ਸਿੰਘਾਂ ਦਾ ਲੰਗਰ ਉਸ ਦੇ ਘਰ ਹੀ ਤਿਆਰ ਹੁੰਦਾ ਰਿਹਾ ਸੀ। ਬਾਅਦ ਵਿਚ ਵੀ ਉਹ ਘੋੜਿਆ, ਡੰਗਰਾਂ ਲਈ ਚਾਰਾ,

---

[86] ਸੁਖਦਿਆਲ ਸਿੰਘ, *ਸ਼੍ਰੋਮਣੀ ਸਿੱਖ ਇਤਿਹਾਸ,* ਭਾਗ ਪਹਿਲਾ, ਪੰਨਾ 292

[87] ਰਤਨ ਸਿੰਘ ਭੰਗੂ, *ਪੰਥ ਪ੍ਰਕਾਸ਼,* ਪੰਨਾ 65

ਦਾਣਾ ਅਤੇ ਜ਼ਰੂਰਤ ਦਾ ਹੋਰ ਸਾਮਾਨ ਭੇਜਦਾ ਰਹਿੰਦਾ ਸੀ। ਇੱਕ ਵਾਰ ਉਸਨੇ ਗੁਰੂ ਸਾਹਿਬ, ਦੋਵੇਂ ਮਾਤਾਵਾਂ (ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ) ਅਤੇ ਹੋਰ ਸਾਰੇ ਸਿੱਖਾਂ ਨੂੰ ਪ੍ਰੇਮ ਭਾਵਨਾ ਨਾਲ ਲੰਗਰ ਛਕਾਇਆ ਸੀ। ਇਸ ਮੌਕੇ ਗੁਰੂ ਸਾਹਿਬ ਨੂੰ ਇੱਕ ਵਧੀਆ ਘੋੜਾ, ਦੋਸ਼ਾਲਾ ਅਤੇ ਸੌ ਰੁਪਏ ਭੇਟ ਕਰ ਕੇ ਮੱਥਾ ਟੇਕਿਆ ਅਤੇ ਦੋਵੇਂ ਮਾਤਾਵਾਂ ਨੂੰ ਚੰਗੇ ਗਹਿਣੇ ਤੇ ਪੱਚੀ-ਪੱਚੀ ਰੁਪਏ ਭੇਟ ਕੀਤੇ ਸਨ।[88]

ਉਸਨੇ ਗੁਰੂ ਸਾਹਿਬ ਦੀ ਪ੍ਰੇਰਨਾ ਨਾਲ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਜਦੋਂ ਗੁਰੂ ਸਾਹਿਬ ਤਨਖਾਹਦਾਰ ਬਰਾੜ ਸੈਨਿਕਾਂ ਨੂੰ ਤਨਖਾਹਾਂ ਵੰਡਦੇ ਸਨ, ਤਾਂ ਗੁਰੂ ਸਾਹਿਬ ਭਾਈ ਡੱਲੇ ਨੂੰ ਵੀ ਤਨਖਾਹ ਲੈਣ ਲਈ ਕਹਿੰਦੇ ਸਨ। ਪਰੰਤੂ ਭਾਈ ਡੱਲੇ ਨੇ ਹਮੇਸ਼ਾ ਨਿਮਰਤਾ ਸਹਿਤ ਨਾਂਹ ਕੀਤੀ ਸੀ। ਜਦੋਂ ਭਾਈ ਡੱਲੇ ਨੇ ਗੁਰੂ ਸਾਹਿਬ ਤੋਂ ਕੁਝ ਮੰਗਿਆ ਵੀ, ਤਾਂ ਔੜ ਦੇ ਸਮੇਂ ਇਲਾਕੇ ਵਿਚ ਮੀਂਹ ਵਰਸਾਉਣ ਦੀ ਬੇਨਤੀ ਕੀਤੀ ਸੀ।[89] ਉਸਨੇ ਆਪਣੇ ਨਿੱਜੀ ਸੁਆਰਥ ਲਈ ਗੁਰੂ ਸਾਹਿਬ ਤੋਂ ਕਦੇ ਵੀ ਕੁਝ ਨਹੀਂ ਮੰਗਿਆ ਸੀ। ਇਸੇ ਤਰ੍ਹਾਂ ਜਦੋਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਭਾਈ ਡੱਲੇ ਨੂੰ ਦੋ ਵਾਰ ਧਮਕੀ ਭਰੇ ਖ਼ਤ ਭੇਜ ਕੇ ਗੁਰੂ ਸਾਹਿਬ ਨੂੰ ਉਸਦੇ ਹਵਾਲੇ ਕਰਨ ਲਈ ਕਿਹਾ ਸੀ। ਤਾਂ ਭਾਈ ਡੱਲੇ ਨੇ ਬੜੀ ਦ੍ਰਿੜਤਾ ਅਤੇ ਨਿਡਰਤਾ ਨਾਲ ਸੂਬੇ ਸਰਹਿੰਦ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਸੀ ਕਿ ਸਾਡੇ ਜਿਉਂਦੇ ਤੂੰ ਗੁਰੂ ਸਾਹਿਬ ਨੂੰ ਫੜਨ ਬਾਰੇ ਸੋਚੀਂ ਵੀ ਨਾ।[90]

ਜਿੰਨਾ ਚਿਰ ਗੁਰੂ ਸਾਹਿਬ ਤਲਵੰਡੀ ਸਾਬੋ ਵਿਖੇ ਰਹੇ, ਉਹ ਹਮੇਸ਼ਾ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਿਹਾ ਸੀ। ਉਹ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸਦਾ ਹੀ ਇੱਕ ਨਿਮਾਣਾ ਸਿੱਖ ਬਣ ਕੇ ਰਿਹਾ ਸੀ। ਗੁਰੂ ਸਾਹਿਬ ਨੇ ਉਸਦੀ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਉਸ ਨੂੰ ਸ੍ਰੀ ਸਾਹਿਬ, ਢਾਲਾ, ਕੰਗਣਾ ਦੀ ਜੋੜੀ ਬਖਸ਼ੀ ਅਤੇ ਆਪਣੇ ਗਲੋਂ ਚੋਲਾ ਉਤਾਰ ਕੇ ਡੱਲੇ ਨੂੰ ਬਖਸ਼ਿਆ ਸੀ।[91] ਸ੍ਰੀ ਸਾਹਿਬ ਅਤੇ ਚੋਲਾ ਭਾਈ ਡੱਲ ਸਿੰਘ ਦੇ ਪਰਿਵਾਰ ਕੋਲ ਤਲਵੰਡੀ ਸਾਬੋ ਵਿਖੇ ਅੱਜ ਵੀ ਮੌਜੂਦ ਹਨ ਅਤੇ ਸੁਰੱਖਿਅਤ ਪਏ ਹਨ।

ਭਾਈ ਡੱਲਾ ਚਾਹੁੰਦਾ ਸੀ ਕਿ ਗੁਰੂ ਸਾਹਿਬ ਸਦਾ ਲਈ ਹੀ ਤਲਵੰਡੀ ਵਿਖੇ ਰਹਿਣ। ਜਦੋਂ ਗੁਰੂ

---

88 *ਭਾਈ ਵੀਰ ਸਿੰਘ (ਸੰਪਾ.)*, ਮਾਲਵਾ ਦੇਸ਼ ਰਟਨ ਦੀ *ਸਾਖੀ ਪੋਥੀ,* ਪੰਨਾ 68 (ਅੱਗੇ ਤੋਂ ਸਿਰਫ਼ ਸਾਖੀ ਪੋਥੀ)

89 *ਸੂਰਜ ਪ੍ਰਕਾਸ਼,* ਐਨ ਪਹਿਲਾ, ਅੰਸੂ 27, ਛੰਦ 9

90 *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨੇ 1077, 79

91 *ਸਾਖੀ ਪੋਥੀ,* ਪੰਨਾ 88

ਸਾਹਿਬ ਨੇ ਤਲਵੰਡੀ ਸਾਬੋ ਤੋਂ ਦੱਖਣ ਵੱਲ ਜਾਣ ਦੀ ਤਿਆਰੀ ਕੀਤੀ, ਤਾਂ ਉਸ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਤੁਸੀਂ ਹਮੇਸ਼ਾ ਇਥੇ ਹੀ ਨਿਵਾਸ ਰੱਖੋ। ਅਸੀਂ ਸਾਰੇ ਦਿਨ-ਰਾਤ ਤੁਹਾਡੀ ਸੇਵਾ ਕਰਾਂਗੇ। ਤੁਹਾਨੂੰ ਦੱਖਣ ਜਾਣ ਦੀ ਲੋੜ ਨਹੀਂ। ਗੁਰੂ ਸਾਹਿਬ ਨੌਂ ਮਹੀਨੇ ਅਤੇ ਨੌਂ ਦਿਨ ਤਲਵੰਡੀ ਸਾਬੋ ਵਿਖੇ ਠਹਿਰ ਕੇ ਦੱਖਣ ਵੱਲ ਨੂੰ ਚਲੇ ਗਏ। ਸਾਖੀ ਪੋਥੀ, ਸੂਰਜ ਪ੍ਰਕਾਸ਼, ਤਵਾਰੀਖ਼ ਗੁਰੂ ਖਾਲਸਾ, ਗੁਰ ਬਿਲਾਸ ਪਾਤਸ਼ਾਹੀ 10ਵੀਂ ਆਦਿ ਲਿਖਤਾਂ ਦੇ ਅਨੁਸਾਰ ਭਾਈ ਡੱਲਾ ਸਰਸਾ ਤੱਕ ਗੁਰੂ ਸਾਹਿਬ ਦੇ ਨਾਲ ਗਿਆ ਸੀ ਅਤੇ ਫਿਰ ਵਾਪਸ ਮੁੜ ਆਇਆ ਸੀ।[92] ਪਰੰਤੂ 'ਗੁਰੂ ਕੀਆਂ ਸਾਖੀਆਂ' ਦੇ ਲੇਖਕ ਅਨੁਸਾਰ ਗੁਰੂ ਸਾਹਿਬ ਨੇ ਭਾਈ ਡੱਲੇ ਨੂੰ ਤਲਵੰਡੀ ਸਾਬੋ ਵਿਖੇ ਰਹਿ ਕੇ ਆਪਣੀ ਰਿਆਸਤ ਦੀ ਚੰਗੀ ਤਰ੍ਹਾਂ ਦੇਖ-ਭਾਲ ਕਰਨ ਦੀ ਤਾਕੀਦ ਕੀਤੀ ਸੀ ਅਤੇ ਨਾਲ ਹੀ ਭਾਈ ਦੇਸਾ ਸਿੰਘ ਦਾ ਧਿਆਨ ਰੱਖਣ ਦੀ ਵੀ ਹਦਾਇਤ ਕੀਤੀ ਸੀ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਗੁਰੂ ਤੇਗ ਬਹਾਦਰ ਜੀ ਦੇ ਸਥਾਨ ਦੀ ਸੇਵਾ-ਸੰਭਾਲ ਕਰਨ ਲਈ ਨਿਯਤ ਕੀਤਾ ਸੀ।[93]

'ਸੂਰਜ ਪ੍ਰਕਾਸ਼' ਵਿਚ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਭਾਈ ਡੱਲੇ ਦੁਆਰਾ ਗੁਰੂ ਸਾਹਿਬ ਨੂੰ ਛੱਡ ਕੇ ਚਲੇ ਜਾਣ ਤੇ ਗੁਰੂ ਸਾਹਿਬ ਉਸ 'ਤੇ ਕ੍ਰੋਧਿਤ ਹੋ ਗਏ ਅਤੇ ਉਨ੍ਹਾਂ ਨੇ ਭਾਈ ਡੱਲੇ (ਅਤੇ ਭਾਈ ਰਾਮ ਸਿੰਘ ਭਾਈ ਕੇ ਚੱਕ ਵਾਲੇ) ਨੂੰ ਸਰਾਪ ਦੇ ਦਿੱਤਾ ਸੀ। ਇਸ ਸਰਾਪ ਕਾਰਨ ਭਾਈ ਡੱਲਾ ਕੁਝ ਸਮੇਂ ਬਾਅਦ ਬੀਮਾਰ ਹੋ ਕੇ ਮਰ ਗਿਆ ਅਤੇ ਉਸਦੇ ਦੋਵੇਂ ਪੋਤੇ ਵੀ ਮਰ ਗਏ ਸਨ। ਇਸ ਤਰ੍ਹਾਂ ਭਾਈ ਡੱਲੇ ਦਾ ਵੰਸ਼ ਖ਼ਤਮ ਹੋ ਗਿਆ ਸੀ।[94]

ਸੂਰਜ ਪ੍ਰਕਾਸ਼ ਦੇ ਇਸ ਪ੍ਰਸੰਗ ਵਿੱਚ ਗੁਰੂ ਸਾਹਿਬ ਨੂੰ ਇੱਕ ਕ੍ਰੋਧੀ ਗੁਰੂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਜੋ ਕਿ ਬਿਲਕੁਲ ਵੀ ਠੀਕ ਨਹੀਂ ਹੈ। ਗੁਰੂ ਸਾਹਿਬ ਦੀ ਸ਼ਖ਼ਸੀਅਤ ਇੱਕ ਬ੍ਰਹਮ-ਗਿਆਨੀ ਸ਼ਖ਼ਸੀਅਤ ਸੀ। ਇਸ ਲਿਖਤ ਦੇ ਲੇਖਕ ਨੇ ਕਈ ਥਾਵਾਂ ਤੇ ਗੁਰੂ ਸਾਹਿਬ ਨੂੰ ਸਰਾਪ ਦਿੰਦੇ ਵਿਖਾਇਆ ਹੈ। ਗੁਰੂ ਸਾਹਿਬ ਵਰਗੀ ਪ੍ਰਮੇਸਰ ਸਰੂਪ ਸੰਪੂਰਨ ਸ਼ਖ਼ਸੀਅਤ ਕਿਸੇ ਨੂੰ ਵੀ ਸਰਾਪ ਨਹੀਂ ਦੇ ਸਕਦੀ। ਇਹ ਗੱਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਨਹੀਂ ਹੈ। ਭਾਈ ਡੱਲੇ ਵਰਗੇ ਸ਼ਰਧਾਵਾਨ ਸਿੱਖ ਨੂੰ, ਜਿਹੜਾ ਲਗਾਤਾਰ

---

92 *ਸਾਖੀ ਪੋਥੀ,* ਪੰਨੇ 89-90; *ਸੂਰਜ ਪ੍ਰਕਾਸ਼,* ਐਨ 1, ਅੰਸੂ 33, ਛੰਦ 30; *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨੇ 1089-90

93 *ਗੁਰੂ ਕੀਆਂ ਸਾਖੀਆਂ,* ਪੰਨਾ 186

94 *ਸੂਰਜ ਪ੍ਰਕਾਸ਼,* ਐਨ 1, ਅੰਸੂ 35, ਛੰਦ 20-22

ਨੌਂ ਮਹੀਨੇ ਨੌ ਦਿਨ ਤਨ ਮਨ ਅਤੇ ਧਨ ਨਾਲ ਗੁਰੂ ਸਾਹਿਬ ਦੀ ਦਿਨ-ਰਾਤ ਸੇਵਾ ਕਰਦਾ ਰਿਹਾ ਹੋਵੇ[95], ਜਿਸਨੇ ਗੁਰੂ ਸਾਹਿਬ ਦਾ ਸਾਥ ਦਿੰਦੇ ਹੋਏ ਸੂਬਾ ਸਰਹਿੰਦ ਦੇ ਧਮਕੀ ਭਰੇ ਦੋ ਪੱਤਰਾਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਸੀ ਤੇ ਸੂਬੇ ਨਾਲ ਲੜਾਈ ਕਰਨ ਲਈ ਤਿਆਰ ਸੀ[96] ਅਤੇ ਜਿਸ ਨੇ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਅੰਮ੍ਰਿਤਪਾਨ ਕੀਤਾ ਹੋਵੇ, ਗੁਰੂ ਸਾਹਿਬ ਗੁੱਸੇ ਹੋ ਕੇ ਉਸ ਨੂੰ ਸਰਾਪ ਕਿਵੇਂ ਦੇ ਸਕਦੇ ਹਨ? ਇਹ ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਛੁਟਿਆਉਣ ਵਾਲੀ ਗੱਲ ਹੋਵੇਗੀ। ਇਸ ਤੋਂ ਇਲਾਵਾ ਗਿਆਨੀ ਬਲਵੰਤ ਸਿੰਘ ਦੇ ਅਨੁਸਾਰ ਭਾਈ ਡੱਲੇ ਦੇ ਆਪਣੀ ਕੋਈ ਔਲਾਦ ਹੀ ਨਹੀਂ ਸੀ।[97] ਫਿਰ ਉਸਦੇ ਪੋਤਿਆਂ ਦੇ ਹੋਣ ਅਤੇ ਸਰਾਪ ਨਾਲ ਉਨ੍ਹਾਂ ਦੇ ਮਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਕਰਕੇ ਗੁਰੂ ਸਾਹਿਬ ਦੇ ਸਰਾਪ ਕਾਰਨ ਚੌਧਰੀ ਡੱਲੇ ਅਤੇ ਉਸਦੇ ਪੋਤਿਆਂ ਦਾ ਮਰਨਾ ਲੇਖਕ ਦੀਆਂ ਮਨੋਕਲਪਿਤ ਅਤੇ ਤਰਕਹੀਣ ਗੱਲਾਂ ਹਨ। ਅਸਲ ਵਿਚ ਭਾਈ ਡੱਲਾ ਦੇ ਅੰਤਿਮ ਸਮੇਂ ਬਾਰੇ ਕੋਈ ਵੀ ਭਰੋਸੇਯੋਗ ਜਾਣਕਾਰੀ ਨਹੀਂ ਮਿਲਦੀ ਹੈ। ਤਲਵੰਡੀ ਸਾਬੋ ਵਿਖੇ ਬਰਾੜਾਂ ਦੀ ਜੋ ਪੀੜ੍ਹੀ ਇਸ ਸਮੇਂ ਚਲ ਰਹੀ ਹੈ, ਉਹ ਭਾਈ ਡੱਲੇ ਦੇ ਭਰਾ ਬੀਰ ਸਿੰਘ ਦੀ ਔਲਾਦ ਹੈ।

ਚੌਧਰੀ ਡੱਲ ਸਿੰਘ ਤੋਂ ਮਗਰੋਂ ਸਾਬੋ ਕੇ ਬਰਾੜਾਂ ਵਿਚ ਜੋਧ ਸਿੰਘ ਪ੍ਰਸਿੱਧ ਵਿਅਕਤੀ ਹੋਇਆ ਹੈ। ਗਿਆਨੀ ਗਿਆਨ ਸਿੰਘ ਨੇ ਉਸਦੀ ਗਿਣਤੀ ਅਠਾਰ੍ਹਵੀਂ ਸਦੀ ਦੇ ਪੂਰਵਾਰਧ ਦੇ ਮੁਖੀਏ ਸਿੰਘਾਂ ਵਿਚ ਕੀਤੀ ਹੈ।[98] ਰਾਇ ਜੋਧ ਸਿੰਘ ਬੜਾ ਬਹਾਦਰ ਅਤੇ ਤਲਵਾਰ ਦਾ ਧਨੀ ਸੀ। ਉਸ ਨੇ ਤਲਵਾਰ ਦੇ ਜ਼ੋਰ ਨਾਲ ਸਤਲੁਜ ਤਕ ਦਾ ਇਲਾਕਾ ਆਪਣੇ ਅਧੀਨ ਕਰ ਲਿਆ ਸੀ। ਸਿੱਖ ਮਿਸਲਾਂ ਦੇ ਸਮੇਂ ਬਠਿੰਡੇ ਸ਼ਹਿਰ ਅਤੇ ਕਿਲੇ ਉੱਪਰ ਉਸ ਦਾ ਕਬਜ਼ਾ ਸੀ।

1746 ਈ. ਵਿਚ ਜਦੋਂ ਸਰਹੰਦ ਦੇ ਹਾਕਮ ਅਲੀ ਮੁਹੰਮਦ ਖਾਨ ਨੇ ਆਲਾ ਸਿੰਘ ਨੂੰ ਕੈਦ ਕਰ ਲਿਆ ਸੀ[99], ਤਾਂ ਉਸ ਦਾ ਪਰਿਵਾਰ ਭੱਜ ਕੇ ਜੋਧ ਸਿੰਘ ਕੋਲ ਬਠਿੰਡੇ ਕਿਲੇ ਵਿਚ ਰਿਹਾ ਸੀ। ਐਥੇ ਸਮੇਂ

---

95 *ਸੂਰਜ ਪ੍ਰਕਾਸ਼,* ਐਨ 1, ਅੰਸੂ 20, ਛੰਦ 33-48; *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1066

96 *ਸੂਰਜ ਪ੍ਰਕਾਸ਼,* ਐਨ 1, ਅੰਸੂ 22, 26; *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨੇ 1077,79

97 ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 8

98 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 398

99 ਕਰਮ ਸਿੰਘ ਹਿਸਟੋਰੀਅਨ, *ਬਾਬਾ ਆਲਾ ਸਿੰਘ,* ਪੰਨਾ 54

ਵਿਚ ਆਲਾ ਸਿੰਘ ਦੇ ਪਰਿਵਾਰ ਦੀ ਰਾਏ ਜੋਧ ਨੇ ਪੂਰੀ ਰੱਖਿਆ ਕੀਤੀ। ਇਸ ਤੋਂ ਕੁਝ ਸਮਾਂ ਬਾਅਦ ਭੀਖੀ ਵਾਲੇ ਗੈਂਡੇ ਚਾਹਲ ਦੀ ਧੀ, ਜੋ ਸਰਦਾਰ ਗੁਰਬਖਸ਼ ਸਿੰਘ ਕੈਥਲ ਵਾਲੇ ਦੀ ਮੰਗੇਤਰ ਸੀ, ਨੂੰ ਰਾਏ ਜੋਧ ਬਾਬਾ ਆਲਾ ਸਿੰਘ ਦੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਵਿਆਹ ਲਿਆਇਆ। ਭਾਈ ਗੁਰਬਖਸ਼ ਸਿੰਘ ਅਤੇ ਬਾਬਾ ਆਲਾ ਸਿੰਘ ਦੀ ਆਪਸ ਵਿਚ ਗੂੜ੍ਹੀ ਦੋਸਤੀ ਸੀ। ਸੰਨ 1754 ਈ. ਵਿਚ ਭਾਈ ਗੁਰਬਖਸ਼ ਸਿੰਘ ਅਤੇ ਬਾਬਾ ਆਲਾ ਸਿੰਘ ਨੇ ਮਿਲ ਕੇ ਬਠਿੰਡੇ 'ਤੇ ਹਮਲਾ ਕਰ ਦਿੱਤਾ। ਤਿੰਨ ਮਹੀਨੇ ਜੋਧ ਸਿੰਘ ਕਿਲੇ ਵਿਚ ਡਟਿਆ ਰਿਹਾ ਸੀ। ਜਿੱਤ ਨਾ ਹੁੰਦੀ ਦੇਖ ਕੇ ਆਖਰਕਾਰ ਆਲਾ ਸਿੰਘ ਨੇ ਖਾਲਸਾ ਦੇ ਬੁੱਢੇ ਦਲ ਨੂੰ ਮੱਦਦ ਲਈ ਬੁਲਾਇਆ, ਜੋ ਉਨ੍ਹਾ ਦਿਨਾਂ ਵਿਚ ਉਸ ਇਲਾਕੇ ਵਿਚ ਹੀ ਕਿਧਰੇ ਠਹਿਰਿਆ ਹੋਇਆ ਸੀ। ਹਾਲਾਤਾਂ ਦੇ ਮੱਦੇਨਜ਼ਰ ਜੋਧ ਸਿੰਘ ਨੇ ਵਕੀਲ ਭੇਜ ਕੇ ਆਲਾ ਸਿੰਘ ਨਾਲ ਸੁਲਾਹ ਕਰ ਲਈ ਸੀ। ਆਲਾ ਸਿੰਘ ਅਤੇ ਗੁਰਬਖਸ਼ ਸਿੰਘ ਨੇ ਬਠਿੰਡੇ ਇਲਾਕੇ ਦੇ ਕਈ ਪਿੰਡਾਂ ਨੂੰ ਕਬਜ਼ੇ ਵਿਚ ਕਰਕੇ ਆਪਸ ਵਿਚ ਵੰਡ ਲਿਆ ਸੀ। ਇਸ ਤੋਂ ਇਲਾਵਾ ਆਲਾ ਸਿੰਘ ਵੱਲੋਂ ਬੁੱਢਾ ਦਲ ਨੂੰ ਬਹੁਤ ਸਾਰਾ ਧਨ ਭੇਂਟ ਕੀਤਾ ਗਿਆ ਸੀ।[100]

ਇਸ ਘਟਨਾ ਤੋਂ ਬਾਅਦ ਖਾਲਸਾ ਪੰਥ ਵਿਚ ਜੋਧ ਸਿੰਘ ਦਾ ਬਿਲਕੁਲ ਹੀ ਸਤਿਕਾਰ ਨਾ ਰਿਹਾ ਅਤੇ ਉਸਦਾ ਰਾਜਨੀਤਿਕ ਜੀਵਨ ਅਤੇ ਭਵਿੱਖ ਲੱਗਭੱਗ ਖ਼ਤਮ ਹੀ ਹੋ ਗਿਆ ਸੀ।

ਜੋਧ ਸਿੰਘ ਤੋਂ ਬਾਅਦ ਸੁਖਚੈਨ ਸਿੰਘ ਸਾਬੋ ਕਾ ਉਸਦਾ ਉਤਰਾਧਿਕਾਰੀ ਬਣਿਆ। 1769 ਈ. ਦੇ ਅਖੀਰ ਵਿਚ ਰਾਜਾ ਅਮਰ ਸਿੰਘ ਪਟਿਆਲਾ (ਆਲਾ ਸਿੰਘ ਦਾ ਪੋਤਾ) ਨੇ ਸੁਖਚੈਨ ਸਿੰਘ ਤੇ ਚੜ੍ਹਾਈ ਕਰ ਦਿੱਤੀ। ਉਹ ਪੂਰੀ ਤਿਆਰੀ ਕਰ ਕੇ ਬਠਿੰਡੇ ਕਿਲੇ ਅੰਦਰ ਬੈਠ ਗਿਆ ਸੀ। ਇਸ ਮਜ਼ਬੂਤ ਕਿਲੇ ਨੂੰ ਜਿੱਤਣਾ ਸੌਖਾਲਾ ਨਹੀਂ ਸੀ। ਅਮਰ ਸਿੰਘ ਨੇ ਇੱਕ ਸਾਲ ਤੱਕ ਇਸ ਕਿਲੇ ਨੂੰ ਘੇਰਾ ਪਾਈ ਰੱਖਿਆ। ਆਖਰ ਕਿਲੇ ਅੰਦਰ ਰਾਸ਼ਨ-ਪਾਣੀ ਮੁੱਕਣ ਤੇ ਸੁਖਚੈਨ ਸਿੰਘ ਨੂੰ ਅਮਰ ਸਿੰਘ ਨਾਲ ਸਮਝੌਤਾ ਕਰਨਾ ਪਿਆ। ਰਾਜਾ ਅਮਰ ਸਿੰਘ ਕਿਲੇ ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਇਸ ਕਰਕੇ ਕਿਲਾ ਖਾਲੀ ਕਰਾਉਣ ਦੇ ਮਨੋਰਥ ਨਾਲ ਉਹ ਸੁਖਚੈਨ ਸਿੰਘ ਦੇ ਪੁੱਤਰ ਕਪੂਰ ਸਿੰਘ ਤੇ ਪੰਜ ਹੋਰ ਜਣਿਆਂ ਨੂੰ ਬੰਧਕ (ਜਾਮਿਨ) ਬਣਾ ਕੇ ਆਪਣੇ ਨਾਲ ਪਟਿਆਲੇ ਲੈ ਗਿਆ ਸੀ। ਕਾਫੀ ਸਮਾਂ ਸੁਖਚੈਨ ਸਿੰਘ ਕਿਲਾ ਖਾਲੀ ਕਰਨ ਤੋਂ ਟਾਲ-ਮਟੋਲ ਕਰਦਾ ਰਿਹਾ। ਫਿਰ ਉਸਦੇ ਪੁੱਤਰ ਕਪੂਰ ਸਿੰਘ ਨੂੰ ਛੱਡਣ ਤੋਂ ਮਗਰੋਂ ਅਮਰ ਸਿੰਘ ਨੇ ਉਸਨੂੰ (ਸੁਖਚੈਨ ਸਿੰਘ) ਕੈਦ

---

[100] *ਤਵਾਰੀਖ਼ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 558

ਕਰ ਲਿਆ ਸੀ। ਕਪੂਰ ਸਿੰਘ ਨੇ ਕਿਲੇ ਵਿਚ ਜਾ ਕੇ ਜੰਗ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਪਰੰਤੂ ਕੈਦ ਤੋਂ ਤੰਗ ਹੋ ਕੇ ਸੁਖਚੈਨ ਸਿੰਘ ਨੂੰ ਆਪਣੇ ਪੁੱਤਰ ਨੂੰ ਕਿਲਾ ਸੌਂਪਣ ਲਈ ਪੱਤਰ ਲਿਖਣਾ ਪਿਆ। ਆਖਰਕਾਰ ਸੰਨ 1771 ਈ. ਵਿਚ ਕਿਲਾ ਪਟਿਆਲਾ ਰਿਆਸਤ ਨੂੰ ਸੌਂਪ ਦਿੱਤਾ ਗਿਆ। ਸੁਖਚੈਨ ਸਿੰਘ ਨੂੰ ਗੁਜ਼ਾਰੇ ਲਈ ਬਾਰ੍ਹਾਂ ਪਿੰਡਾਂ ਦੀ ਜਾਗੀਰ ਦਿੱਤੀ ਗਈ ਸੀ।[101] ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਜਗਾ ਬਾਹਮਣ, ਪਥਰਾਲਾ, ਤਲਵੰਡੀ, ਨੰਗਲ ਆਦਿ ਚੌਵੀ (24) ਪਿੰਡ ਸੁਖਚੈਨ ਸਿੰਘ ਨੂੰ ਗੁਜ਼ਾਰੇ ਲਈ ਜਗੀਰ ਵਜੋਂ ਦਿੱਤੇ ਗਏ ਸਨ ਅਤੇ ਕਿਲਾ ਬਠਿੰਡਾ ਸਮੇਤ ਚਾਰ ਲੱਖ ਰੁਪਏ ਸਾਲਾਨਾ ਜਗੀਰ ਦਾ ਇਲਾਕਾ ਰਾਜਾ ਅਮਰ ਸਿੰਘ ਦੇ ਕਬਜ਼ੇ ਵਿਚ ਆ ਗਿਆ ਸੀ।[102]

ਰਿਆਸਤ ਪਟਿਆਲਾ ਵਿਚ ਇਹ ਨਗਰ ਨਜਾਮਤ (ਜਿਲ੍ਹਾ) ਬਰਨਾਲਾ, ਤਹਿਸੀਲ ਬਠਿੰਡਾ (ਗੋਬਿੰਦਗੜ੍ਹ) ਦੇ ਪ੍ਰਸ਼ਾਸ਼ਨਿਕ ਖੇਤਰ ਅਧੀਨ ਪੈਂਦਾ ਸੀ। ਵੀਹਵੀਂ ਸਦੀ ਦੇ ਪੂਰਬਾਰਧ ਵਿਚ ਜਦੋਂ ਮਾਲਵੇ ਇਲਾਕੇ ਵਿਚ ਅਕਾਲੀ ਲਹਿਰ ਜ਼ੋਰ ਫੜਨ ਲੱਗੀ, ਤਾਂ ਨਗਰ ਤਲਵੰਡੀ ਸਾਬੋ ਵਿਖੇ ਹੀ ਅਕਾਲੀਆਂ ਦੀਆਂ ਧਾਰਮਿਕ ਤੇ ਰਾਜਨੀਤਕ ਕਾਨਫਰੰਸਾਂ ਹੁੰਦੀਆ ਰਹੀਆਂ ਸਨ।[103] ਇਨ੍ਹਾਂ ਸਮਿਆਂ ਵਿਚ ਹੀ ਇਹ ਨਗਰ ਸ੍ਰ. ਸੇਵਾ ਸਿੰਘ ਠੀਕਰੀਵਾਲਾ ਦੀ ਅਗਵਾਈ ਵਿਚ ਚਲਾਈ ਗਈ 'ਪੰਜਾਬ ਰਿਆਸਤੀ ਪਰਜਾ ਮੰਡਲ ਲਹਿਰ' ਦੀਆਂ ਗਤੀਵਿਧੀਆਂ ਦੇ ਅਹਿਮ ਕੇਂਦਰਾਂ ਵਿਚੋਂ ਇੱਕ ਸੀ। ਇੱਕ ਵਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵਿਸਾਖੀ ਦੇ ਮੇਲੇ ਮੌਕੇ ਪਰਜਾ ਮੰਡਲ ਦੇ ਵਰਕਰਾਂ ਨੂੰ ਪਟਿਆਲਾ ਰਿਆਸਤ ਵੱਲੋ ਗ੍ਰਿਫ਼ਤਾਰ ਕੀਤਾ ਗਿਆ ਅਤੇ ਮਹਾਰਾਜਾ ਪਟਿਆਲਾ (ਭੁਪਿੰਦਰ ਸਿੰਘ) ਨੂੰ ਗੱਦੀ ਤੋਂ ਲਾਹੇ ਜਾਣ ਦੀ ਮੰਗ ਕਰਨ ਦਾ ਦੋਸ਼ ਲਾਇਆ ਗਿਆ ਸੀ।[104] ਇਸ ਨਗਰ ਦੀ ਵੱਡੀ ਧਾਰਮਿਕ ਮਹੱਤਤਾ ਹੋਣ ਦੇ ਬਾਵਜੂਦ ਵੀ ਰਿਆਸਤ ਪਟਿਆਲਾ ਨੇ ਇਸ ਦੇ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ। ਦੇਸ ਆਜ਼ਾਦ ਹੋਣ ਤੋਂ ਮਗਰੋਂ ਪੈਪਸੂ ਦੇ ਪੰਜਾਬ ਵਿਚ ਰਲੇਵੇਂ ਤੱਕ (1956 ਈ.) ਵੀ ਇਸ ਨਗਰ ਨੂੰ ਕੋਈ ਪੱਕੀ ਸੜਕ ਨਹੀਂ ਬਣਾਈ ਗਈ ਸੀ।[105]

---

101 Bhagat Singh, *History of the Sikh Misals,* p.308

102 *ਤਵਾਰੀਖ਼ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 565

103 Punjab District Gazetteer, Bathinda, p.59

104 *Ibid*, p.59

105 ਵਿਸਾਖਾ ਸਿੰਘ, *ਉਕਤ*, ਪੰਨਾ 234

ਉਨ੍ਹੀਵੀਂ ਸਦੀ ਦੇ ਅੰਤ ਤੱਕ ਤਲਵੰਡੀ ਸਾਬੋ ਇੱਕ ਸਾਧਾਰਨ ਜਿਹਾ ਪਿੰਡ ਸੀ। ਇੱਥੇ ਉੱਚੇ-ਉੱਚੇ ਟਿੱਬੇ ਅਤੇ ਬੇ-ਆਬਾਦ ਭੂਮੀ ਸੀ, ਸਾਰਾ ਦਿਨ ਰੇਤਾ ਉਡਦਾ ਰਹਿੰਦਾ ਸੀ, ਹਨੇਰੀਆਂ ਚਲਦੀਆ ਰਹਿੰਦੀਆਂ ਸਨ। ਇਸ ਕਰਕੇ ਅਜਿਹੀ ਮਾਰੂ-ਭੂਮੀ ਵਿੱਚ ਜੰਡ ਕਰੀਰ, ਕਿੱਕਰਾਂ, ਬੇਰੀਆਂ, ਬੂੰਈ, ਕੌੜ-ਤੁੰਮੇ, ਪੋਹਲੀ, ਅਲੇਹਾ, ਖਿੱਪ, ਭਖੜਾ ਆਦਿ ਹੀ ਹੁੰਦਾ ਸੀ। ਮੀਂਹ ਘੱਟ ਪੈਣ ਕਾਰਣ ਫਸਲਾਂ ਨਾਂ-ਮਾਤਰ ਹੀ ਹੁੰਦੀਆ ਸਨ। ਬਾਜਰਾ, ਮੋਠ ਵਰਗੀਆ ਮਾਰੂ ਫਸਲਾਂ ਹੀ ਪੈਦਾ ਹੁੰਦੀਆਂ ਸਨ। ਜੰਗਲ ਹੋਣ ਦੇ ਕਾਰਨ ਇੱਥੇ ਸੇਹ, ਗੋਹ, ਸੱਪ, ਕੋਹੜ-ਕਿਰਲੇ ਨਿਉਲੇ ਅਤੇ ਮਿਰਗ, ਰੋਝ ਆਦਿ ਜੀਵ-ਜੰਤੂ ਆਮ ਫਿਰਦੇ ਸਨ। ਇਸ ਤੋਂ ਇਲਾਵਾ ਲੂੰਬੜ, ਗਿੱਦੜ ਅਤੇ ਮੋਰ ਵੀ ਆਮ ਦੇਖੇ ਜਾਂਦੇ ਸਨ। ਕਿਤੇ ਕਿਤੇ ਬਘਿਆੜ ਵੀ ਦੇਖਿਆ ਜਾਂਦਾ ਸੀ। ਆਮ ਲੋਕ ਮੱਝਾਂ, ਗਾਵਾਂ, ਭੇਡਾਂ ਅਤੇ ਬੱਕਰੀਆਂ ਪਾਲਦੇ ਸਨ। ਰੇਤਲਾ ਇਲਾਕਾ ਹੋਣ ਕਰਕੇ ਊਠ ਵੀ ਅਕਸਰ ਘਰਾਂ ਵਿੱਚ ਰੱਖੇ ਜਾਂਦੇ ਸਨ। ਊਠ ਖੇਤੀਬਾੜੀ ਦੇ ਕੰਮਾਂ ਦੇ ਨਾਲ-ਨਾਲ ਆਵਾਜਾਈ ਦੇ ਸਾਧਨ ਤੌਰ ਤੇ ਵੀ ਵਰਤਿਆ ਜਾਂਦਾ ਸੀ। ਚੰਗੀ ਆਰਥਿਕ ਹਾਲਤ ਵਾਲੇ ਲੋਕ ਰਥਾਂ ਤੇ ਘੋੜਿਆਂ ਦੀ ਸਵਾਰੀ ਕਰਦੇ ਸਨ। ਸਾਧਾਰਨ ਲੋਕ ਊਠ ਤੇ ਜਾਂ ਪੈਦਲ ਤੁਰਦੇ ਸਨ।[106]

1882 ਈ. ਵਿੱਚ ਰੋਪੜ ਤੋਂ ਸਰਹਿੰਦ ਨਹਿਰ ਨਿਕਲਣ ਤੇ ਤਲਵੰਡੀ ਸਾਬੋ ਦੇ ਵਿਚੀਂ ਇੱਕ ਰਜਵਾਹਾ ਨਿਕਲਿਆ। ਜਿਸ ਦੇ ਕਾਰਣ ਇਸ ਮਾਰੂ ਧਰਤੀ ਤੇ ਖੇਤੀਬਾੜੀ ਵਿਚ ਸੰਚਾਈ ਵਾਸਤੇ ਵਧੀਆ ਪਾਣੀ ਪ੍ਰਾਪਤ ਹੋਇਆ। ਨਹਿਰੀ ਪਾਣੀ ਉਪਲਬਧ ਹੋਣ ਕਰਕੇ ਇਥੇ ਫ਼ਸਲਾਂ, ਫਲ, ਸਬਜ਼ੀਆਂ ਆਦਿ ਪੈਦਾ ਹੋਣੇ ਸ਼ੁਰੂ ਹੋ ਗਏ। ਦੇਸ ਦੀ ਆਜ਼ਾਦੀ ਤੋਂ ਬਾਅਦ 1948 ਈ. ਵਿਚ ਪੈਪਸੂ ਬਣਨ ਉਪਰੰਤ ਬਠਿੰਡਾ ਜ਼ਿਲ੍ਹਾ ਬਣਿਆ, ਤਾਂ ਇਸ ਨਗਰ ਨੂੰ ਜ਼ਿਲ੍ਹਾ ਅਤੇ ਤਹਿਸੀਲ ਬਠਿੰਡਾ ਨਾਲ ਜੋੜਿਆ ਗਿਆ ਸੀ। 1956 ਈ. ਵਿਚ ਪੈਪਸੂ ਨੂੰ ਪੰਜਾਬ ਵਿਚ ਮਿਲਾ ਦਿੱਤਾ ਗਿਆ ਸੀ। ਇਸ ਤੋਂ ਬਾਅਦ 1957 ਈ. ਵਿਚ ਬਠਿੰਡੇ ਤੋ ਇਸ ਨਗਰ ਨੂੰ ਪੱਕੀ ਸੜਕ ਬਣਾਈ ਗਈ। ਇਸ ਤੋਂ ਪਹਿਲਾਂ ਇਸ ਨਗਰ ਨੂੰ ਜਾਣ ਵਾਲੇ ਸਾਰੇ ਰਸਤੇ ਕੱਚੇ ਹੁੰਦੇ ਸਨ। 1979 ਈ. ਵਿਚ ਇਸ ਨਗਰ ਨੂੰ ਬਠਿੰਡਾ ਜ਼ਿਲ੍ਹਾ ਦੀ ਤਹਿਸੀਲ ਬਣਾ ਦਿੱਤਾ ਗਿਆ ਸੀ। ਪਿਛਲੇ ਕੁਝ ਸਮੇਂ ਤੋਂ ਨਗਰ ਦੇ ਵਿਕਾਸ ਵਿਚ ਕਾਫ਼ੀ ਤੇਜ਼ੀ ਆਈ ਹੈ।

ਇਸ ਤਰ੍ਹਾਂ ਮੌਜੂਦਾ ਅਧਿਆਇ ਵਿਚ ਅਸੀਂ ਦੇਖਿਆ ਹੈ ਕਿ ਮਾਲਵੇ ਦਾ ਖੇਤਰ ਸੰਸਾਰ ਦੀ ਮੁਢਲੀ

---

[106] ਗਿਆਨੀ ਬਲਵੰਤ ਸਿੰਘ, *ਉਕਤ,* ਪੰਨੇ 12-13

ਵੈਦਿਕ ਸਭਿਅਤਾ ਦੇ ਸਮੇਂ ਤੋਂ ਹੀ ਧਾਰਮਿਕ, ਰਾਜਨੀਤਕ ਅਤੇ ਸੱਭਿਆਚਾਰਕ ਪੱਖੋ ਇੱਕ ਅਮੀਰ ਖਿੱਤਾ ਰਿਹਾ ਹੈ। ਰਿਸ਼ੀਆਂ-ਮੁਨੀਆਂ ਨੇ ਇਸ ਧਰਤੀ ਉੱਪਰ ਵੇਦਾਂ, ਪੁਰਾਣਾਂ ਤੇ ਹੋਰ ਪ੍ਰਾਚੀਨ ਗ੍ਰੰਥਾਂ ਦੀ ਰਚਨਾ ਕੀਤੀ। ਸਤਵੀਂ ਸਦੀ ਵਿਚ ਰਾਜਾ ਬਿਨੈਪਾਲ ਨੇ ਬਠਿੰਡਾ ਕਿਲੇ ਦੀ ਉਸਾਰੀ ਕਰਾ ਕੇ ਇਥੇ ਆਪਣੀ ਰਾਜਧਾਨੀ ਬਣਾਈ। ਮੁਗ਼ਲ ਕਾਲ ਵੇਲੇ ਇਹ ਇਲਾਕਾ 'ਲੱਖੀ ਜੰਗਲ' ਨਾਮ ਨਾਲ ਪ੍ਰਸਿੱਧ ਹੋਇਆ। ਇਸ ਮਾਲਵੇ ਖਿੱਤੇ ਦਾ ਨਗਰ ਤਲਵੰਡੀ ਸਾਬੋ ਪੁਰਾਤਨ ਸਮੇਂ ਤੋਂ ਹੀ ਇੱਕ ਅਧਿਆਤਮਿਕ ਅਤੇ ਧਾਰਮਿਕ ਕੇਂਦਰ ਰਿਹਾ ਹੈ। ਵੈਦਿਕ ਕਾਲ ਸਮੇਂ ਇਥੇ ਮਾਰਕੰਡੇ ਰਿਸ਼ੀ ਨੇ ਉੱਤਰ ਕਾਸ਼ੀ ਦੀ ਸਥਾਪਨਾ ਕੀਤੀ ਸੀ। ਇਸਲਾਮੀ ਸੁਲਤਾਨ ਕਾਲ ਸਮੇਂ ਹਿੰਦੂ ਗੁੱਜਰਾਂ ਨੇ ਇਸਲਾਮ ਧਾਰਨ ਕਰ ਕੇ ਇਥੋਂ ਦੀ ਚੌਧਰ ਪ੍ਰਾਪਤ ਕੀਤੀ ਸੀ। ਮੁਗ਼ਲ ਕਾਲ ਸਮੇਂ ਇਸ ਨਗਰ ਤੇ ਸਾਬੋ ਕੇ ਬਰਾੜਾਂ ਦਾ ਕਬਜ਼ਾ ਰਿਹਾ। ਉਸ ਤੋਂ ਮਗਰੋਂ ਇਹ ਇਲਾਕਾ ਫੂਲਕੀਆਂ ਮਿਸਲ ਦੀ ਪਟਿਆਲਾ ਰਿਆਸਤ ਦੇ ਅਧਿਕਾਰ ਹੇਠ ਆ ਗਿਆ ਸੀ। ਦੇਸ ਦੀ ਆਜ਼ਾਦੀ ਤੋਂ ਬਾਅਦ ਇਹ ਇਲਾਕਾ ਥੋੜ੍ਹਾ ਸਮਾਂ ਪੈਪਸੂ ਰਾਜ ਦੇ ਅਧੀਨ ਰਿਹਾ ਤੇ ਫਿਰ ਪੰਜਾਬ ਸੂਬੇ ਦਾ ਹਿੱਸਾ ਬਣ ਗਿਆ ਸੀ। ਮੌਜੂਦਾ ਸਮੇਂ ਵਿਚ ਇਹ ਨਗਰ ਜ਼ਿਲ੍ਹਾ ਬਠਿੰਡਾ ਦੀ ਇੱਕ ਤਹਿਸੀਲ ਹੈ।

ਸਿੱਟੇ ਦੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਤਲਵੰਡੀ ਸਾਬੋ ਪ੍ਰਾਚੀਨ ਕਾਲ ਤੋਂ ਹੀ ਇੱਕ ਅਹਿਮ ਧਾਰਮਿਕ, ਅਧਿਆਤਮਿਕ ਅਤੇ ਵਿੱਦਿਅਕ ਕੇਂਦਰ ਰਿਹਾ ਹੈ।

## ਅਧਿਆਇ ਦੂਜਾ

# ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਧਾਰਮਿਕ ਮਹੱਤਵ

ਤਲਵੰਡੀ ਸਾਬੋ ਦਾ ਸਿੱਖ ਪੰਥ ਦੇ ਇਤਿਹਾਸ ਨਾਲ ਬਹੁਤ ਗਹਿਰਾ ਅਤੇ ਪੁਰਾਤਨ ਸੰਬੰਧ ਹੈ। ਇਸ ਸਥਾਨ ਉਤੇ ਸਿੱਖ ਪੰਥ ਦੇ ਪੰਜ ਤਖਤਾਂ ਵਿਚੋਂ ਇਕ ਤਖਤ ਸੁਸ਼ੋਭਿਤ ਹੈ। ਵੱਖ-ਵੱਖ ਗੁਰੂ ਸਾਹਿਬਾਨ ਨੇ ਆਪਣੀ ਚਰਨ-ਛੋਹ ਨਾਲ ਇਸ ਧਰਤੀ ਨੂੰ ਪਵਿੱਤਰ ਕੀਤਾ। ਭਾਵੇਂ ਵੈਦਿਕ ਕਾਲ, ਸਲਤਨਤ ਕਾਲ ਤੇ ਮੁੱਢਲੇ ਮੁਗਲ ਕਾਲ ਵਿਚ ਇਸ ਸਥਾਨ ਦੀ ਧਾਰਮਿਕ ਤੇ ਰਾਜਨੀਤਕ ਭੂਮਿਕਾ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲਦੀ, ਪਰ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਇਸ ਸਥਾਨ ਨੂੰ ਵਡਿਆਈ ਬਖਸ਼ ਕੇ ਸੰਸਾਰ ਭਰ ਵਿਚ ਪ੍ਰਸਿੱਧ ਕੀਤਾ ਹੈ। ਫਲਸਰੂਪ ਇਹ ਸਥਾਨ ਮੌਜੂਦਾ ਸਮੇਂ ਵਿਚ ਸਿੱਖੀ ਦਾ ਇਕ ਬਹੁਤ ਹੀ ਮਹੱਤਵਪੂਰਨ ਕੇਂਦਰ ਬਣ ਚੁੱਕਾ ਹੈ

**ਗੁਰੂ ਨਾਨਕ ਦੇਵ ਜੀ**

ਤਲਵੰਡੀ ਸਾਬੋ ਵਿਚ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਾਉਣ ਦੀ ਰਵਾਇਤ ਹੈ। ਇਸ ਦਾ ਪ੍ਰਤੱਖ ਜ਼ਿਕਰ ਕਿਸੇ ਵੀ ਪੁਰਾਤਨ ਲਿਖਤ ਵਿਚ ਨਹੀ ਮਿਲਦਾ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ ਗੁਰੂ ਨਾਨਕ ਦੇਵ ਜੀ ਨਵੰਬਰ 1515 ਈ: ਵਿਚ ਪਹਿਲੀ ਉਦਾਸੀ ਸਮੇਂ ਸਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਤਲਵੰਡੀ ਸਾਬੋ ਵਿਖੇ ਪਹੁੰਚੇ ਸਨ।[1] ਆਪ ਜੀ ਨੇ ਗੁਰੂਸਰ ਸਰੋਵਰ ਦੇ ਕਿਨਾਰੇ ਨਿਵਾਸ ਕੀਤਾ। ਇਸ ਸਰੋਵਰ ਦੇ ਕਿਨਾਰੇ ਦੱਖਣ ਵਾਲੇ ਪਾਸੇ ਇਕ ਬੇਰੀ ਹੇਠ ਜਿੱਥੇ ਆਪ ਜੀ ਦਾ ਨਿਵਾਸ ਸੀ, ਹੁਣ ਉਥੇ ਗੁਰਦੁਆਰਾ ਮੰਜੀ ਸਾਹਿਬ ਬਣਿਆ ਹੋਇਆ ਹੈ। ਇਸ ਸਥਾਨ ਉਪਰ ਗੁਰੂ ਜੀ ਨੇ ਕੀਰਤਨ ਕੀਤਾ ਤੇ ਗੁਰਮਤਿ-ਉਪਦੇਸ਼ ਵੀ ਦਿੱਤਾ। ਗੁਰੂ ਜੀ ਨੇ ਫੁਰਮਾਇਆ ਕਿ "ਇਹ ਸਥਾਨ ਮਹਾਨ ਤੀਰਥ ਬਣੇਗਾ, ਇੱਥੇ ਭੋਗ-ਮੋਖ, ਮੀਰੀ-ਪੀਰੀ, ਦੇਗ-ਤੇਗ, ਸ਼ਕਤੀ-ਭਗਤੀ, ਗਿਆਨ-ਵਿਗਿਆਨ, ਬ੍ਰਹਮ-ਵਿੱਦਿਆ ਦੀ ਗੰਗੋਤਰੀ ਵਹੇਗੀ।"[2] ਗੁਰੂ ਜੀ ਇੱਥੇ ਕਈ ਦਿਨ ਠਹਿਰੇ ਅਤੇ ਤਲਵੰਡੀ ਨਿਵਾਸੀਆਂ ਨੇ ਬੜੇ ਪ੍ਰੇਮ ਭਾਵਨਾ

---

1 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਪੰਨਾ 19

2 *ਉਹੀ,* ਪੰਨਾ 19

ਨਾਲ ਉਹਨਾਂ ਦੀ ਸੇਵਾ ਕੀਤੀ। ਗੁਰੂ ਸਾਹਿਬ ਦੇ ਬਚਨਾਂ ਅਨੁਸਾਰ ਤਲਵੰਡੀ ਸਾਬੋ ਸਿੱਖ ਪੰਥ ਦਾ ਮਹਾਨ ਗੁਰਧਾਮ, ਤਖ਼ਤ ਅਤੇ ਗੁਰੂ ਕਾਸ਼ੀ ਦੇ ਰੂਪ ਵਿਚ ਪ੍ਰਗਟ ਹੋਇਆ। ਗੁਰੂ ਜੀ ਨੇ ਆਪਣੀ ਚਰਨ ਛੋਹ ਨਾਲ ਤਲਵੰਡੀ ਸਾਬੋ ਦਾ ਕਣ-ਕਣ ਪਵਿੱਤਰ ਕੀਤਾ। ਲੋਕਾਂ ਵਿੱਚ ਸਿੱਖੀ ਦੀ ਜਾਗ ਲਾਈ। ਗੁਰੂ ਨਾਨਕ ਦੇਵ ਜੀ ਦੀ ਤਲਵੰਡੀ ਸਾਬੋ ਵਿੱਚ ਯਾਦ ਨੂੰ ਸਮਰਪਿਤ ਗੁਰਦੁਆਰਾ ਨਾਨਕਸਰ, ਇਸ ਇਲਾਕੇ ਵਿੱਚ ਸਿੱਖ ਧਰਮ ਦੇ ਪ੍ਰਵੇਸ਼ ਕਰਨ ਦੀ ਜਿਉਂਦੀ ਜਾਗਦੀ ਮਿਸਾਲ ਹੈ।

**ਸ੍ਰੀ ਗੁਰੂ ਹਰਗੋਬਿੰਦ ਜੀ**

ਤਲਵੰਡੀ ਸਾਬੋ ਦਾ ਸੰਬੰਧ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਵੀ ਦੱਸਿਆ ਜਾਂਦਾ ਹੈ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਕਥਨ ਅਨੁਸਾਰ ਇੱਕ ਵਾਰ ਛੇਵੇਂ ਗੁਰੂ ਜੀ ਨੂੰ ਸੰਗਤ ਨੇ ਬੇਨਤੀ ਕੀਤੀ ਕਿ, "ਸੱਚੇ ਪਾਤਿਸ਼ਾਹ! ਪਹਿਲੇ ਸਤਿਗੁਰਾਂ ਦੀ ਤਰ੍ਹਾਂ ਆਪ ਜੀ ਨੇ ਗੁਰਬਾਣੀ ਦਾ ਉਚਾਰਣ ਕਿਉਂ ਨਹੀਂ ਕੀਤਾ?" ਸਤਿਗੁਰੂ ਜੀ ਨੇ ਫੁਰਮਾਇਆ, "ਅਸੀਂ ਦਸਵੇਂ ਸਰੂਪ ਵਿੱਚ ਤਲਵੰਡੀ ਸਾਬੋ (ਮਾਲਵੇ) ਵਿੱਚ ਦਮਦਮਾ ਸਾਹਿਬ (ਤੀਰਥ) ਪ੍ਰਗਟ ਕਰਕੇ ਗੁਰੂ ਕੀ ਕਾਂਸ਼ੀ ਦੀ ਸਥਾਪਨਾ ਕਰਾਂਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਆਦਿ ਤੋਂ ਅੰਤ ਤੱਕ ਉਚਾਰ ਕੇ ਲਿਖਾਂਗੇ। ਜਿਸ ਵਿਚ ਇਕ ਅੱਖਰ ਦਾ ਭੇਦ (ਵਾਧਾ ਘਾਟਾ) ਨਹੀ ਹੋਵੇਗਾ। ਉਸ ਪ੍ਰਮਾਣੀਕ ਬੀੜ ਤੋਂ ਅੱਗੇ ਹੋਰ ਉਤਾਰੇ ਹੋਣਗੇ।" ਸ੍ਰੀ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਇਸ ਦਾ ਜ਼ਿਕਰ ਇੰਜ ਹੈ:

ਸਵੈਯਾ

"ਸੁਨਿ ਕੈ ਹਮ ਤਾਂਹਿ ਕੇ ਬੈਨਨ ਕੋ ਗੁਰ ਗ੍ਰਿੰਥ ਕੋ ਆਦਿ ਤੇ ਅੰਤ ਊਚਾਰਊਂ
ਅਛਰ ਕੋ ਇਕ ਭੇਦ ਰਹੇ ਨਹੀਂ ਔਰ ਸਰੂਪ ਵਹੀ ਸੋ ਉਤਾਰਊਂ।
ਕਾਂਸੀ ਰਚੋ ਤਿਹ ਮਾਲਵ ਦੇਸ ਮਹਿ ਮੂੜ ਪੜੈ ਹੁਇ ਬੁਧ ਉਦਰਾਊਂ।
ਨਾਉਂ ਦਮਦਮਾ ਤਾਂਹਿ ਧਰਊ ਸੋਊ ਪਾਵਨ ਬੀੜ ਕਉ ਨਾਮ ਸਵਾਰਊਂ।"[3]

ਇਤਿਹਾਸ ਇਹ ਵੀ ਦਸਦਾ ਹੈ ਕਿ ਭਾਈ ਡੱਲਾ ਸਿੰਘ ਦੇ ਬਜ਼ੁਰਗਾਂ ਨੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਸਿੱਖੀ ਪ੍ਰਾਪਤ ਕੀਤੀ ਸੀ।[4] ਤਵਾਰੀਖ਼ ਗੁਰੂ ਖਾਲਸਾ ਅਨੁਸਾਰ ਫੂਲ-ਮਹਿਰਾਜ

---

[3] ਭਗਤ ਸਿੰਘ, *ਗੁਰ ਬਿਲਾਸ ਪਾਤਸ਼ਾਹੀ ਛੇਵੀਂ,* (ਸੰਪਾ.) ਗੁਰਮੁਖ ਸਿੰਘ, ਪੰਨਾ 280

[4] ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪੰਨਾ 182

ਦੀ ਜੰਗ ਸਮੇਂ ਮਾਲਵੇ ਇਲਾਕੇ ਦੇ ਬੈਰਾੜ, ਗਿੱਲ, ਧਾਲੀਵਾਲ, ਭੁੱਲਰ, ਮਾਨ, ਸਿੱਧੂ ਆਦਿ ਸਾਰੇ ਜੱਟ ਕਬੀਲਿਆਂ ਨੇ ਹਰ ਪੱਖੋਂ ਗੁਰੂ ਸਾਹਿਬ ਦੀ ਪੂਰੀ ਮੱਦਦ ਕੀਤੀ ਸੀ।[5] ਇਹ ਸਥਾਨਕ ਰਵਾਇਤ ਵੀ ਹੈ ਕਿ ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਫੂਲ-ਮਹਿਰਾਜ ਦੀ ਜੰਗ ਸਮੇਂ ਮਾਲਵੇ ਵਿਚ ਆਏ, ਤਾਂ ਤਲਵੰਡੀ ਸਾਬੋ ਦੇ ਬੈਰਾੜ ਚੌਧਰੀ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਹੋਏ ਅਤੇ ਜੰਗ ਵਿਚ ਗੁਰੂ ਸਾਹਿਬ ਦਾ ਸਾਥ ਦਿੱਤਾ। ਇਸ ਤਰ੍ਹਾਂ ਸੰਕੇਤ ਮਿਲਦੇ ਹਨ ਕਿ ਛੇਵੇਂ ਗੁਰੂ ਜੀ ਦਾ ਤਲਵੰਡੀ ਸਾਬੋ ਨਾਲ ਸੰਪਰਕ ਜ਼ਰੂਰ ਸੀ। 'ਗੁਰੂ ਕੀਆਂ ਸਾਖੀਆਂ' ਦੇ ਅਨੁਸਾਰ ਸ੍ਰੀ ਗੁਰੂ ਹਰਿਰਾਏ ਜੀ ਨੇ ਵੀ ਗਿਆਰਾਂ ਦਿਨ ਤਲਵੰਡੀ ਸਾਬੋ ਵਿਖੇ ਨਿਵਾਸ ਰੱਖਿਆ ਸੀ।[6]

### ਸ੍ਰੀ ਗੁਰੂ ਤੇਗ ਬਹਾਦਰ ਜੀ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਲਵੰਡੀ ਸਾਬੋ ਵਿਚ ਆਮਦ ਬਾਰੇ ਸਾਨੂੰ ਸਭ ਤੋਂ ਪਹਿਲੀ ਜਾਣਕਾਰੀ ਇੱਕ ਮੁਢਲੀ ਲਿਖਤ 'ਮਹਿਮਾ ਪ੍ਰਕਾਸ਼' ਤੋਂ ਇਸ ਤਰ੍ਹਾਂ ਮਿਲਦੀ ਹੈ:

"ਗੁਰ ਲਖੀ ਜੰਗਲ ਕੀਆ ਪਿਆਨਾ। ਸਿਖਨ ਕੀ ਸਰਧਾ ਮਨ ਜਾਨਾ।

ਗੁਰਦਰਸਨ ਸਰਧਾ ਜਿਨ ਜਿਨ ਕੀਨਾ। ਤਹ ਤਹ ਗਏ ਦਿਆਲ ਪ੍ਰਬੀਨਾ।

ਦੇ ਦਰਸਨ ਸਗਲ ਕ੍ਰਿਤਾਰਥ ਕਰੇ। ਸੰਖਿਆ ਲਿਖਤ ਅੰਤ ਨਹੀ ਪਰੇ।

. . . . . . . . . . . .

ਪੁਨ ਸਾਬੋ ਕੀ ਤਿਲਵੰਡੀ ਗਏ। ਤਿਸ ਦੇਸ ਮਾਹਿ ਕਾਲ ਕਛੁਕ ਰਹੇ।"[7]

ਇਸ ਲਿਖਤ ਤੋਂ ਸਾਨੂੰ ਨੌਵੇਂ ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿਖੇ ਆਉਣ ਬਾਰੇ ਪਤਾ ਤਾਂ ਜ਼ਰੂਰ ਲੱਗਦਾ ਹੈ, ਪਰੰਤੂ ਇਸ ਲਿਖਤ ਤੋਂ ਸਾਨੂੰ ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿਖੇ ਆਗਮਨ ਦੀ ਤਿਥ ਸੰਮਤ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਹੈ।

'ਗੁਰੂ ਕੀਆਂ ਸਾਖੀਆਂ' ਦੇ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਇਲਾਕੇ ਦਾ (ਪਹਿਲਾ) ਦੌਰਾ 1665 ਈ. ਵਿਚ ਕੀਤਾ ਸੀ।[8] ਗੁਰਗੱਦੀ ਧਾਰਨ ਤੋਂ ਬਾਅਦ 1664-65 ਈ. ਵਿਚ ਜਦੋਂ ਗੁਰੂ ਸਾਹਿਬ

---

5 ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 547

6 *ਗੁਰੂ ਕੀਆਂ ਸਾਖੀਆਂ,* ਪੰਨਾ 182

7 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ, (ਸੰਪਾ.) ਉੱਤਮ ਸਿੰਘ ਭਾਟੀਆ ਤੇ ਹੋਰ, ਪੰਨਾ 638

8 *ਗੁਰੂ ਕੀਆਂ ਸਾਖੀਆਂ,* ਪੰਨਾ 69

ਅੰਮ੍ਰਿਤਸਰ ਤੋਂ ਕੀਰਤਪੁਰ ਨੂੰ ਗਏ ਸਨ ਤਾਂ ਉਸ ਸਮੇ ਮਾਲਵਾ ਦੇਸ਼ ਦੀ ਯਾਤਰਾ ਕੀਤੀ। ਗੁਰੂ ਸਾਹਿਬ ਮਾਝੇ ਦੇ ਇਲਾਕੇ ਵਿਚ ਵਿਚਰਨ ਉਪਰੰਤ ਸਤਲੁਜ ਪਾਰ ਕਰ ਕੇ ਜ਼ੀਰਾ, ਮੋਗਾ ਆਦਿ ਨਗਰਾਂ ਵਿਚੀਂ ਹੁੰਦੇ ਹੋਏ ਪਿੰਡ ਡਰੋਲੀ (ਆਪਣੇ ਮਾਸੜ ਭਾਈ ਸਾਂਈ ਦਾਸ ਕੋਲ) ਪਹੁੰਚੇ ਤੇ ਕੁਝ ਦਿਨ ਬਾਅਦ ਇਥੋਂ ਅੱਗੇ ਲੱਖੀ ਜੰਗਲ (ਬਠਿੰਡਾ ਅਤੇ ਫਰੀਦਕੋਟ ਦਾ ਇਲਾਕਾ) ਵਿਚ ਪਹੁੰਚੇ। ਮਾਲਵੇ ਵਿਚ ਧਰਮ ਪ੍ਰਚਾਰ ਕਰਦੇ ਹੋਏ ਗੁਰੂ ਸਾਹਿਬ ਤਲਵੰਡੀ ਸਾਬੋ ਪਹੁੰਚੇ ਸਨ। ਗੁਰੂ ਸਾਹਿਬ ਨੇ ਸੰਮਤ 1722 ਬਿ. ਸਾਲ (1665 ਈ.) ਦੀ ਵਿਸਾਖੀ ਦਾ ਤਿਉਹਾਰ ਇਸੇ ਨਗਰ ਵਿਚ ਮਨਾਇਆ ਸੀ। 'ਗੁਰੂ ਕੀਆਂ ਸਾਖੀਆਂ' ਦੇ ਅਨੁਸਾਰ ਮਾਲਵਾ ਦੇਸ਼ ਦੀ ਯਾਤਰਾ ਦੇ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਤਲਵੰਡੀ ਸਾਬੋ ਵਿੱਚ ਇੱਕ ਮਹੀਨਾ ਰਹਿ ਕੇ ਸੰਗਤਾਂ ਨੂੰ ਤਾਰਦੇ ਰਹੇ ਸਨ।[9] ਇਥੋਂ ਅੱਗੇ ਗੁਰੂ ਸਾਹਿਬ ਬਾਂਗਰ ਦੇ ਇਲਾਕੇ ਵਿਚ ਧਮਤਾਨ ਹੋ ਕੇ ਮਈ 1665 ਈ. ਦੇ ਆਸ-ਪਾਸ ਕੀਰਤਪੁਰ ਪੁੱਜ ਗਏ।[10] ਪਰੰਤੂ ਗੁਰੂ ਸਾਹਿਬ ਦੇ ਇਸ ਦੌਰੇ ਬਾਰੇ ਜਾਣਕਾਰੀ ਦੇਣ ਵਾਲੀ ਕੋਈ ਹੋਰ ਭਰੋਸੇਯੋਗ ਲਿਖਤ ਜਾਂ ਨਿਸ਼ਚਿਤ ਪ੍ਰਮਾਣ ਦੀ ਅਣਹੋਂਦ ਕਾਰਣ ਇਸ ਦੀ ਪ੍ਰਮਾਣੀਕਤਾ ਬਾਰੇ ਕੁਝ ਕਹਿਣਾ ਔਖਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਮਾਲਵੇ ਤੇ ਬਾਂਗਰ ਇਲਾਕੇ ਵਿਚ ਮੁੱਖ ਪ੍ਰਚਾਰ ਯਾਤਰਾ 1673-74 ਅਤੇ 1675 ਦੇ ਪਹਿਲੇ ਅੱਧ ਵਿਚ ਕੀਤੀ ਗਈ।[11] ਇਸ ਯਾਤਰਾ ਸਮੇਂ ਗੁਰੂ ਸਾਹਿਬ 1674 ਈ. ਵਿਚ ਤਲਵੰਡੀ ਸਾਬੋ ਪਹੁੰਚੇ ਸਨ। ਇਸ ਸਥਾਨ ਨੂੰ ਗੁਰੂ ਸਾਹਿਬ ਨੇ ਆਪਣੀ 'ਗੁਪਤ ਕਾਸ਼ੀ' ਦਾ ਦਰਜਾ ਦਿੱਤਾ ਅਤੇ ਭਵਿੱਖ ਬਾਣੀ ਕੀਤੀ ਕਿ ਦਸਮ ਗੁਰੂ ਸਾਹਿਬ ਇਸ ਸਥਾਨ ਤੇ ਠਹਿਰਨਗੇ ਤੇ ਇਸ 'ਗੁਪਤ ਕਾਸ਼ੀ' ਨੂੰ ਪ੍ਰਗਟ ਕਰਨਗੇ। 'ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ' ਵਿੱਚ ਸ੍ਰੀ ਗੁਰੂ ਤੇਗ ਬਹਾਦਰ ਅਤੇ ਸੈਫਾਬਾਦ (ਮੌਜੂਦਾ ਬਹਾਦਰਗੜ੍ਹ ਨੇੜੇ ਪਟਿਆਲਾ) ਦੇ ਨਵਾਬ ਸਰਫ਼ਦੀਨ (ਕਈ ਜਗਾ ਸੈਫ਼ ਖਾਂ ਲਿਖਿਆ ਹੈ) ਵਿਚਕਾਰ ਵਾਰਤਾਲਾਪ ਦਾ ਉਲੇਖ ਦਿੱਤਾ ਹੈ। ਇਸ ਵਿੱਚ ਗੁਰੂ ਸਾਹਿਬ ਨਵਾਬ ਸਰਫ਼ਦੀਨ ਨੂੰ ਫੁਰਮਾਉਂਦੇ ਹਨ, "ਸਰਫ਼ਦੀਨ! ਜੰਗਲ ਦੇਸ਼ ਮੇਂ ਹਮਾਰੀ ਗੁਪਤਿ ਕਾਂਸੀ ਹੈ ਉਹਾਂ ਜਾ ਕਰ ਤਿਸ ਨੂੰ ਪ੍ਰਗਟ ਕਰਾਂਗੇ।"[12]

---

9 *ਉਹੀ,* ਪੰਨਾ 182

10 ਫ਼ੌਜਾ ਸਿੰਘ ਤਾਰਨ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ: ਜੀਵਨ ਤੇ ਰਚਨਾ,* ਪੰਨਾ 27, 76-77

11 ਸੁਖਦਿਆਲ ਸਿੰਘ, *ਸ਼੍ਰੋਮਣੀ ਸਿੱਖ ਇਤਿਹਾਸ,* ਭਾਗ ਪਹਿਲਾ, ਪੰਨਾ 210

12 ਭਾਈ ਵੀਰ ਸਿੰਘ (ਸੰਪਾ.), *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ,* ਪੰਨਾ 23 (ਅੱਗੇ ਤੋਂ ਸਾਖੀ ਪੋਥੀ)

ਇਸ ਤੋਂ ਇਹ ਸੰਕੇਤ ਵੀ ਮਿਲਦਾ ਹੈ ਕਿ ਨੌਵੇਂ ਸਤਿਗੁਰੂ ਇਸ ਸਥਾਨ ਉੱਪਰ ਪਹਿਲਾਂ ਵੀ ਪਧਾਰ ਚੁੱਕੇ ਸਨ ਅਤੇ ਉਨ੍ਹਾਂ ਦਾ ਤਲਵੰਡੀ ਸਾਬੋ ਵਿਖੇ ਧਰਮ ਪ੍ਰਚਾਰ ਦੇ ਉਦੇਸ਼ ਲਈ ਦੁਬਾਰਾ ਆਉਣ ਦਾ ਵਿਚਾਰ ਵੀ ਸੀ।

'ਸਾਖੀ ਪੋਥੀ' ਅਤੇ 'ਤਵਾਰੀਖ਼ ਗੁਰੂ ਖਾਲਸਾ' ਅਨੁਸਾਰ ਗੁਰੂ ਸਾਹਿਬ ਤਲਵੰਡੀ ਸਾਬੋ ਵਿੱਖੇ ਨੌਂ ਦਿਨ ਰਹੇ ਸਨ।[13] ਸਾਖੀ ਪੋਥੀ ਵਿਚ ਗੁਰੂ ਸਾਹਿਬ ਦੇ ਆਉਣ ਦਾ ਬ੍ਰਿਤਾਂਤ ਇਸ ਤਰ੍ਹਾਂ ਦਰਜ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਤਲਵੰਡੀ ਪਹੁੰਚ ਕੇ ਇੱਕ ਉੱਚੇ ਟਿੱਬੇ ਕੋਲ ਜਾ ਕੇ ਨਮਸਕਾਰ ਕਰਕੇ, ਆਪ ਉਸ ਟਿੱਬੇ ਦੇ ਕੋਲ ਹੇਠਾਂ ਆਸਨ ਲਾ ਕੇ ਬੈਠ ਗਏ। ਇਹ ਵੇਖ ਕੇ ਸਿੱਖਾਂ ਨੇ ਗੁਰੂ ਸਾਹਿਬ ਨੂੰ ਪ੍ਰਸ਼ਨ ਕੀਤਾ, "ਪਾਤਿਸ਼ਾਹ! ਇੱਥੇ ਤਾਂ ਕੋਈ ਅਸਥਾਨ ਨਹੀ ਹੈ। ਆਪ ਜੀ ਨੇ ਕਿਸ ਨੂੰ ਮੱਥਾ ਟੇਕਿਆ ਹੈ?" ਗੁਰੂ ਸਾਹਿਬ ਨੇ ਭਵਿੱਖਤ ਬਚਨ ਕਰਦੇ ਹੋਏ ਉੱਤਰ ਦਿੱਤਾ," ਇੱਥੇ ਵੱਡਾ ਸਥਾਨ ਬਣੇਗਾ। ਇੱਥੇ ਨੌ ਨੇਜੇ ਉੱਚਾ ਦਮਦਮਾ ਹੋਵੇਗਾ ਅਤੇ ਸੋਨੇ ਦੇ ਕਲਸ ਹੋਣਗੇ। ਇਸ ਸਥਾਨ (ਟਿੱਬੇ) ਉੱਪਰ ਬੈਠਣ ਵਾਲਾ ਗੁਰੂ ਦੇ ਦਸਵੇਂ ਜਾਮੇ ਵਿਚ ਪਰਮ ਪ੍ਰਤਾਪੀ ਮਹਾਂਬਲੀ (ਸ੍ਰੀ ਗੁਰੂ ਗੋਬਿੰਦ ਸਿੰਘ) ਸਾਥੋਂ ਬਾਅਦ ਆਵੇਗਾ। ਇੱਥੇ ਟਿੱਬੇ ਉਪਰ ਕਮਰਕੱਸਾ ਖੋਲ੍ਹ ਕੇ ਦਮ ਲਵੇਗਾ। ਅਸੀਂ ਉਸ ਮਹਾਂਪੁਰਖ ਦੇ ਸਥਾਨ ਨੂੰ ਮੱਥਾ ਟੇਕਿਆ ਹੈ।"[14]

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਪ੍ਰਚਾਰ ਦੇ ਨਾਲ-ਨਾਲ ਜਨਤਕ ਭਲਾਈ ਦੇ ਵੀ ਕਾਰਜ ਕੀਤੇ। ਮਾਲਵੇ ਇਲਾਕੇ ਵਿਚ ਪਾਣੀ ਦੀ ਬੜੀ ਘਾਟ ਸੀ। ਗੁਰੂ ਸਾਹਿਬ ਨੇ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਢਾਬਾਂ ਵਿਚੋਂ ਮਿੱਟੀ ਕਢਵਾਈ ਅਤੇ ਛੱਪੜਾਂ ਦੀ ਪੁਟਾਈ ਕਰਵਾਈ ਅਤੇ ਕਈ ਥਾਵਾਂ ਤੇ ਪਾਣੀ ਪੀਣ ਲਈ ਖੂਹ ਵੀ ਲਗਵਾਏ।[15] ਇਸੇ ਤਰ੍ਹਾਂ ਤਲਵੰਡੀ ਸਾਬੋ ਵਿਚ ਵੀ ਪਾਣੀ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਗੁਰੂ ਸਾਹਿਬ ਨੇ ਗੁਰੂਸਰ ਸਰੋਵਰ ਦੀ ਕਾਰ ਸੇਵਾ ਦਾ ਟੱਕ ਲਾਇਆ ਅਤੇ ਪੰਜ ਵਾਰੀ ਆਪਣੇ ਦੋਸ਼ਾਲੇ ਨਾਲ ਮਿੱਟੀ ਬਾਹਰ ਕੱਢ ਕੇ ਇਸ ਪਵਿੱਤਰ ਕਾਰਜ ਦਾ ਆਰੰਭ ਕੀਤਾ। ਗੁਰੂ ਸਾਹਿਬ ਵੱਲੋਂ ਆਪ ਅੱਗੇ ਹੋ ਕੇ ਮਿੱਟੀ ਕੱਢਣ ਦੀ ਮਿਸਾਲ ਤੋਂ ਆਸ-ਪਾਸ ਇਕੱਠੀ ਹੋਈ ਸਿੱਖ ਸੰਗਤ ਅਤੇ ਇਲਾਕੇ ਦੇ ਲੋਕਾਂ ਨੂੰ ਬਹੁਤ ਉਤਸ਼ਾਹ ਤੇ

---

13 *ਸਾਖੀ ਪੋਥੀ,* ਪੰਨਾ 67 ; ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 687

14 *ਸਾਖੀ ਪੋਥੀ,* ਪੰਨਾ 32

15 ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ (1469 ਈ.-1708),* ਪੰਨਾ 165

ਪ੍ਰੇਰਣਾ ਮਿਲੀ ਅਤੇ ਉਹ ਸਾਰੇ ਸਰੋਵਰ ਦੀ ਪੁਟਾਈ ਦੇ ਕੰਮ ਵਿਚ ਜੁਟ ਗਏ।[16] 'ਗੁਰੂ ਕੀਆਂ ਸਾਖੀਆਂ' ਅਨੁਸਾਰ ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦੀ ਰਹਿਨੁਮਾਈ ਹੇਠ ਗਿਆਰਾਂ ਦਿਨ ਵਿਚ ਗੁਰੂਸਰ ਸਰੋਵਰ ਤਿਆਰ ਕੀਤਾ ਸੀ।[17]

ਪੜ੍ਹਨ-ਲਿਖਣ ਦਾ ਜ਼ਿਕਰ ਚੱਲਣ ਤੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਇੱਥੇ ਗੁਰੂ ਕੀ ਕਾਂਸ਼ੀ ਹੋਵੇਗੀ।[18] ਸਿੱਖ ਸੰਗਤਾਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਆਪ ਜੀ ਨੇ ਬਚਨ ਕੀਤਾ ਸੀ ਕਿ ਇੱਥੇ ਸਾਡੀ 'ਗੁਪਤ ਕਾਸ਼ੀ' ਹੈ। ਕਾਂਸ਼ੀ ਵਿੱਚ ਤਾਂ ਵਿਸ਼ਵ ਨਾਥ ਦਾ ਸੁੰਦਰ ਮੰਦਰ ਹੈ, ਅੰਨਪੂਰਨਾਂ ਦੇਵੀ ਦੇ ਮੰਦਰ ਵਿਚ ਅੰਨ ਛੇਤਰ ਚਲਦੇ ਹਨ, ਵੇਦਾਂ ਦੇ ਆਚਰਯ ਹਨ, ਭਗੀਰਥੀ ਗੰਗਾ ਨਦੀ ਅਤੇ ਮਣੀਕਰਣ ਤੀਰਥ ਹੈ। ਇੱਥੇ ਕੀ ਕੀ ਹੈ? ਤਲਵੰਡੀ ਸਾਬੋ ਵਿਚ ਕਾਸ਼ੀ ਵਾਲੀਆਂ ਕਿਹੜੀਆਂ ਨਿਸ਼ਾਨੀਆਂ ਹਨ? ਗੁਰੂ ਜੀ ਨੇ ਫੁਰਮਾਇਆ, "ਇੱਥੇ ਵਿਸ਼ਵ ਨਾਥ ਦੀ ਥਾਂ ਮਹਾਂ ਤੀਰਥ ਦਮਦਮਾ ਸਾਹਿਬ ਹੋਵੇਗਾ। ਇਥੇ ਅੰਨਪੂਰਨਾਂ ਦੇਵੀ ਦੇ ਮੰਦਰ ਵਾਂਗ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਭਗੀਰਥੀ ਗੰਗਾ ਨਦੀ ਦੀ ਥਾਂ ਇਥੇ ਨਾਮ, ਕਥਾ, ਕੀਰਤਨ ਦੀ ਗੰਗਾ ਵਹੇਗੀ। ਮਣੀਕਰਣ ਤੀਰਥ ਦੀ ਥਾਂ ਗੁਰੂਸਰ ਸਰੋਵਰ ਹੋਵੇਗਾ। ਇਥੇ ਬਹੁਤ ਗੁਣੀ-ਗਿਆਨੀ, ਸ਼ਬਦ ਦੀ ਵਿਚਾਰ ਕਰਨ ਵਾਲੇ, ਨਾਮ-ਅਭਿਆਸੀ, ਲਿਖਾਰੀ, ਭਜਨੀਕ, ਤਪੀਸਰ, ਸੇਵਾ ਕਰਨ ਵਾਲੇ ਹੋਣਗੇ। ਸਿੱਖ ਗੁਰਬਾਣੀ ਪੜ੍ਹਨ, ਲਿਖਣ ਅਤੇ ਅਰਥ ਸਿੱਖ ਕੇ ਵਿਦਵਾਨ ਬਣਨਗੇ।[19] 'ਪੰਥ ਪ੍ਰਕਾਸ਼' ਵਿਚ ਗਿਆਨੀ ਗਿਆਨ ਸਿੰਘ ਨੇ ਤਲਵੰਡੀ ਸਾਬੋ ਵਿਚ ਕਾਸ਼ੀ ਵਾਲੀਆ ਨਿਸ਼ਾਨੀਆਂ ਦਾ ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦੱਸਿਆ ਹੈ।[20] ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਲਵੰਡੀ ਸਾਬੋ ਯਾਤਰਾ ਸਮੇਂ ਇਥੋਂ ਦਾ ਚੌਧਰੀ ਸਲੇਮ ਸ਼ਾਹ (ਸਾਬੋ ਕੇ ਬਰਾੜ ਸਰਦਾਰ) ਬੜੀ ਪ੍ਰੇਮ ਭਾਵਨਾ ਨਾਲ ਗੁਰੂ ਸਾਹਿਬ ਦੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਰਿਹਾ।[21] ਗੁਰੂ ਜੀ ਅਤੇ ਸੰਗਤ ਦੀ ਟਹਿਲ ਸੇਵਾ ਕਰਦਾ ਰਿਹਾ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਸਮੇਂ ਗੁਰੂ ਸਾਹਿਬ ਨੇ ਚੌਧਰੀ ਸਲੇਮ ਸ਼ਾਹ ਦੇ ਪੁੱਤਰ ਡੱਲੇ ਨੂੰ ਵੀ ਅਨੇਕਾਂ ਵਰਦਾਨ

---

16 *ਸਾਖੀ ਪੋਥੀ,* ਪੰਨਾ 33

17 *ਗੁਰੂ ਕੀਆਂ ਸਾਖੀਆਂ,* ਪੰਨਾ 182

18 *ਤਵਾਰੀਖ਼ ਗੁਰੂ ਖਾਲਸਾ, ਭਾਗ ਪਹਿਲਾ ,* ਪੰਨਾ 687

19 *ਸਾਖੀ ਪੋਥੀ,* ਪੰਨਾ 33

20 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ 1777

21 *ਤਵਾਰੀਖ ਗੁਰੂ ਖਾਲਸਾ, ਭਾਗ* ਪਹਿਲਾ, ਪੰਨਾ 687

ਦਿੱਤੇ, ਜੋ ਬਾਲਕ ਅਵਸਥਾ ਵਿੱਚ ਆਪਣੇ ਪਿਤਾ ਨਾਲ ਰੋਜ਼ਾਨਾ ਗੁਰੂ ਦਰਬਾਰ ਵਿੱਚ ਹਾਜ਼ਰ ਹੁੰਦਾ ਸੀ।[22] ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਤਲਵੰਡੀ ਸਾਬੋ ਵਿਖੇ ਇਸ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਕੇਂਦਰ ਦੀ ਨੀਂਹ ਰੱਖੀ ਗਈ ਸੀ। ਗੁਰੂ ਜੀ ਦੇ ਵਰਦਾਨ ਸਦਕਾ ਤਲਵੰਡੀ ਸਾਬੋ ਅਜੋਕੇ ਸਮੇਂ ਵਿਚ ਸਿੱਖਾਂ ਦਾ ਇੱਕ ਪ੍ਰਸਿੱਧ ਗੁਰਧਾਮ ਬਣ ਚੁੱਕਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਤਖਤ ਸਾਹਿਬ ਦੇ ਕੰਪਲੈਕਸ ਵਿਚ ਪੁਰਾਤਨ ਸੁੰਦਰ ਇਮਾਰਤ ਬਣੀ ਹੋਈ ਸੀ। ਜੋ ਢਾਹ ਦਿੱਤੀ ਗਈ ਅਤੇ ਹੁਣ ਇਸ ਸਥਾਨ ਤੇ ਛੋਟਾ ਜਿਹਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਬਣਿਆ ਹੋਇਆ ਹੈ।[23]

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਜੰਗ ਤੋਂ ਬਾਅਦ ਮੁਗਲ ਫੌਜ ਦੇ ਘੇਰੇ ਵਿੱਚੋਂ ਨਿਕਲਕੇ ਮਾਛੀਵਾੜੇ, ਰਾਇਕੋਟ ਹੁੰਦੇ ਹੋਏ ਦੀਨਾਂ ਕਾਂਗੜ ਆ ਗਏ। ਇਸ ਪਿੱਛੋਂ ਗੁਰੂ ਜੀ ਪਾਸ ਮਾਲਵੇ ਅੰਦਰ ਫਿਰ ਸਿੱਖ ਸੰਗਤਾਂ ਦਾ ਇਕੱਠ ਹੋਣ ਲੱਗਾ। ਇੱਥੇ ਬੈਠ ਕੇ ਗੁਰੂ ਸਾਹਿਬ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮਾ (ਫ਼ਤਿਹ ਜਾਂ ਜਿੱਤ ਦੀ ਚਿੱਠੀ) ਲਿਖਿਆ। ਇਹ ਜ਼ਫ਼ਰਨਾਮਾ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਨੂੰ ਦੇ ਕੇ ਬਾਦਸ਼ਾਹ ਵੱਲ ਭੇਜ ਦਿੱਤਾ ਸੀ।[24] ਮੁਗ਼ਲ ਹਕੂਮਤ ਦੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਵੱਲੋਂ ਭੇਜੀ ਗਈ ਫੌਜ ਦੇ ਅੱਗੇ ਵੱਧਣ ਦੀਆਂ ਖਬਰਾਂ ਗੁਰੂ ਸਾਹਿਬ ਨੂੰ ਮਿਲ ਰਹੀਆਂ ਸਨ। ਗੁਰੂ ਸਾਹਿਬ ਇਸ ਇਲਾਕੇ ਅੰਦਰ ਲੜਾਈ ਲਈ ਢੁਕਵੀਂ ਥਾਂ ਲੱਭਦੇ ਹੋਏ ਖਿਦਰਾਣੇ ਦੀ ਢਾਬ, ਜਿਸ ਨੂੰ ਅੱਜ-ਕੱਲ ਮੁਕਤਸਰ ਸਾਹਿਬ ਕਿਹਾ ਜਾਂਦਾ ਹੈ, ਪਹੁੰਚ ਗਏ। ਇਥੇ ਗੁਰੂ ਜੀ ਨੇ ਮੁਗਲ ਫੌਜ ਦਾ ਮੁਕਾਬਲਾ ਕਰਨ ਲਈ ਮੋਰਚਾ ਬੰਦੀ ਕੀਤੀ। ਆਨੰਦਪੁਰ ਸਾਹਿਬ ਦੇ ਘੇਰੇ ਦੌਰਾਨ, ਜੋ ਮਝੈਲ ਸਿੰਘ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਛੱਡ ਗਏ ਸਨ, ਉਹ ਵੀ ਆ ਮਿਲੇ। ਸਰਹਿੰਦ ਤੋਂ ਚੜ੍ਹ ਕੇ ਆਈ ਮੁਗ਼ਲ ਸੈਨਾ ਦੀ ਮੁਕਤਸਰ ਦੀ ਜੰਗ ਵਿੱਚ ਹਾਰ ਹੋਈ। ਮੁਕਤਸਰ ਦੀ ਲੜਾਈ ਵਿਚੋਂ ਸਪੱਸ਼ਟ ਫ਼ਤਿਹ ਪ੍ਰਾਪਤ ਕਰ ਕੇ ਗੁਰੂ ਸਾਹਿਬ ਲੱਖੀ ਜੰਗਲ ਇਲਾਕੇ ਵਿਚ ਪਹੁੰਚੇ।

---

[22] ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 21

[23] *ਉਹੀ,* ਪੰਨਾ 65

[24] ਡਾ. ਸੁਖਦਿਆਲ ਸਿੰਘ, *ਉਕਤ*, ਪੰਨਾ 233

ਮੁਕਤਸਰ ਦੀ ਲੜਾਈ ਉਪਰੰਤ ਗੁਰੂ ਸਾਹਿਬ ਮਾਲਵੇ ਅੰਦਰ ਸੁਰੱਖਿਅਤ ਥਾਂ ਲੱਭ ਕੇ ਅਮਨ-ਸ਼ਾਤੀ ਨਾਲ ਠਹਿਰਨਾ ਚਾਹੁੰਦੇ ਸਨ। ਬਿਨ੍ਹਾਂ ਸ਼ੱਕ ਸਰਹਿੰਦ ਦਾ ਸੂਬੇਦਾਰ ਬੁਰੀ ਤਰ੍ਹਾਂ ਹਾਰ ਚੁੱਕਿਆ ਸੀ ਅਤੇ ਹਾਲ ਦੀ ਘੜੀ ਉਸ ਵੱਲੋਂ ਦੂਸਰੇ ਹਮਲੇ ਦੀ ਸੰਭਾਵਨਾ ਨਹੀਂ ਸੀ। ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵੱਲ ਜਾਣ ਦੇ ਕਈ ਕਾਰਨ ਸਨ। ਪਹਿਲਾ ਕਾਰਨ ਇਹ ਸੀ ਕਿ ਮਾਲਵਾ ਸਾਰਾ ਹੀ ਜੱਟ ਕਬੀਲਿਆਂ ਦੀ ਆਬਾਦੀ ਵਾਲਾ ਇਲਾਕਾ ਸੀ। ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਏ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਮਾਲਵੇ ਵਿਚ ਯਾਤਰਾਵਾਂ ਦੌਰਾਨ ਕੀਤੇ ਗਏ ਸਿੱਖੀ ਦੇ ਪ੍ਰਚਾਰ ਕਾਰਨ ਇਸ ਇਲਾਕੇ ਦੇ ਬਹੁਤ ਸਾਰੇ ਲੋਕਾਂ ਨੇ ਸਿੱਖੀ ਧਾਰਨ ਕਰ ਲਈ ਸੀ। ਇਸ ਕਰਕੇ ਇਹ ਜੱਟ ਕਬੀਲੇ ਜ਼ਿਆਦਾਤਰ ਸਿੱਖ ਸਨ ਅਤੇ ਗੁਰੂ ਜੀ ਦੇ ਨਾਲ ਸਨ। "ਇਨ੍ਹਾਂ ਲਚਕਦਾਰ ਅਤੇ ਸੁਤੰਤਰਤਾ-ਪ੍ਰੇਮੀ ਲੋਕਾਂ ਨੂੰ ਨਾ ਹੀ ਅਧਿਆਤਮਿਕ ਬਰੀਕੀਆਂ ਬਹੁਤੀਆਂ ਚੰਗੀਆਂ ਲੱਗਦੀਆਂ ਸਨ ਤੇ ਨਾ ਹੀ ਜਟਿਲ ਰੀਤਾਂ ਵਿੱਚ ਇਨ੍ਹਾਂ ਦਾ ਮਨ ਖੁੱਭਦਾ ਸੀ। ਸਿੱਖ ਧਰਮ ਦੇ ਸਾਦਾ, ਅਮਲੀ ਤੇ ਸੁਤੰਤਰਕਾਰੀ ਅਸੂਲਾਂ ਨੇ ਉਨ੍ਹਾਂ ਨੂੰ ਬੜੀ ਖਿੱਚ ਪਾਈ।"[25] ਦੂਸਰਾ ਕਾਰਨ ਇਹ ਕਿ ਮਾਲਵੇ ਦਾ ਸਾਰਾ ਇਲਾਕਾ ਸੰਘਣੇ ਜੰਗਲਾਂ ਵਾਲਾ, ਰੇਤਲਾ ਅਤੇ ਪਾਣੀ ਦੀ ਘਾਟ ਵਾਲਾ ਖੇਤਰ ਸੀ। ਘੱਟ ਉਪਜਾਊ ਹੋਣ ਕਰਕੇ ਇੱਥੇ ਪੈਦਾਵਾਰ ਵੀ ਘੱਟ ਹੁੰਦੀ ਸੀ। ਜਿੰਨਾ ਕੁ ਵੀ ਮੁਆਮਲਾ ਇੱਥੋਂ ਮਿਲ ਸਕਦਾ ਸੀ, ਜੱਟ ਕਬੀਲਿਆਂ ਦੇ ਚੌਧਰੀ ਆਪੋ ਆਪਣੇ ਖੇਤਰਾਂ ਵਿੱਚੋਂ ਉਤਨਾ ਕੁ ਮੁਆਮਲਾ ਸੂਬਾਈ ਹਕੂਮਤ ਨੂੰ ਦਿੰਦੇ ਰਹਿੰਦੇ ਸਨ। ਮੁਆਮਲਾ ਇਕੱਠਾ ਕਰਨ ਤੋਂ ਇਲਾਵਾ ਮੁਗ਼ਲ ਹਕੂਮਤ ਦੀ ਮਾਲਵੇ ਦੇ ਖੇਤਰ ਵਿੱਚ ਹੋਰ ਕੋਈ ਦਿਲਚਸਪੀ ਨਹੀਂ ਸੀ।

ਇਸ ਤੋਂ ਇਲਾਵਾ ਇਸ ਇਲਾਕੇ ਦੀ ਭੂਗੋਲਿਕ ਸਥਿਤੀ ਕੁਝ ਐਸੀ ਸੀ ਕਿ ਪੰਜਾਬ ਦੇ ਮੁਗ਼ਲ ਗਵਰਨਰ ਉਨ੍ਹਾਂ ਦੇ ਮਾਮਲਿਆਂ ਵਿੱਚ ਬਹੁਤੀ ਦਖਲ-ਅੰਦਾਜੀ ਕਰਨ ਦੇ ਅਸਮਰਥ ਸਨ।[26] ਇਸ ਕਰਕੇ ਮੁਗ਼ਲ ਫ਼ੌਜਾਂ ਅਜਿਹੇ ਰੁੱਖੇ ਅਤੇ ਗ਼ੈਰ-ਮੁਸਲਿਮ ਆਬਾਦੀ ਵਾਲੇ ਇਲਾਕੇ ਵਿੱਚ ਖਾਹਮੁਖਾਹ ਦੀ ਲੜਾਈ ਕਰਕੇ ਆਪਣੀ ਸ਼ਾਨੋ-ਸ਼ੌਕਤ ਨੂੰ ਤਬਾਹ ਨਹੀਂ ਕਰਨਾ ਚਾਹੁੰਦੀਆਂ ਸਨ।

---

[25] ਹਰਬੰਸ ਸਿੰਘ, *ਗੁਰੂ ਗੋਬਿੰਦ ਸਿੰਘ,* ਪੰਨਾ 126

[26] *ਉਹੀ,* ਪੰਨਾ 126

ਗੁਰੂ ਸਾਹਿਬ ਦੀ ਅੰਤਿਮ ਸੋਚ ਇਹੀ ਸੀ ਕਿ ਕਿਸੇ ਇਕਾਂਤ ਤੇ ਸ਼ਾਂਤ ਵਾਤਾਵਰਣ ਵਿੱਚ ਜਾ ਕੇ ਬਾਕੀ ਰਹਿੰਦੇ ਪੰਥਕ ਕਾਰਜ ਪੂਰੇ ਕੀਤੇ ਜਾਣ। ਮੁਗ਼ਲ ਹਕੂਮਤ ਦੇ ਸਰਹਿੰਦ ਕੇਂਦਰ ਤੋਂ ਹੋਰ ਦੂਰ ਹੋਣ ਲਈ ਗੁਰੂ ਸਾਹਿਬ ਦੀਨਾ-ਕਾਂਗੜ ਤੋਂ ਹੋਰ ਅੱਗੇ ਜਾ ਕੇ ਠਹਿਰਨਾ ਚਾਹੁੰਦੇ ਸੀ। ਭਾਵੇਂ ਮਾਲਵੇ ਦੇ ਸਾਰੇ ਜੱਟ ਕਬੀਲੇ ਗੁਰੂ ਸਾਹਿਬ ਨਾਲ ਸਨ, ਪਰੰਤੂ ਫਿਰ ਵੀ ਕੋਟਕਪੂਰੇ ਵਾਲੇ ਚੌਧਰੀ ਕਪੂਰੇ ਬਰਾੜ ਦੀ ਸਰਹਿੰਦ ਦੇ ਸੂਬੇਦਾਰ ਨਾਲ ਨੇੜਤਾ ਸੀ ਅਤੇ ਦੀਨਾ-ਕਾਂਗੜ ਦੇ ਧਾਲੀਵਾਲ ਚੌਧਰੀਆਂ ਦਾ ਝੁਕਾਅ ਵੀ ਜ਼ਿਆਦਾ ਮੁਗ਼ਲ ਹਕੂਮਤ ਵੱਲ ਸੀ। ਦਾਨ (ਸਿੰਘ) ਬਰਾੜ ਅਤੇ ਇਸ ਤੋਂ ਅੱਗੇ ਡੱਲੇ ਬਰਾੜ ਦਾ ਸਰਕਾਰ ਵੱਲ ਜ਼ਿਆਦਾ ਝੁਕਾਅ ਨਹੀ ਸੀ।[27] ਪਿੰਡ ਤਲਵੰਡੀ ਸਾਬੋ ਦੇ ਸਾਬੋ ਕੇ ਸਰਦਾਰਾਂ ਨੇ ਛੇਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਦੀਆਂ ਮਾਲਵਾ ਯਾਤਰਾਵਾਂ ਦੌਰਾਨ ਸਿੱਖੀ ਧਾਰਨ ਕੀਤੀ ਹੋਈ ਸੀ ਅਤੇ ਇਹਨਾਂ ਦਾ ਘਰਾਣਾ ਗੁਰੂ ਘਰ ਵਿਚ ਅਥਾਹ ਸ਼ਰਧਾ ਰੱਖਦਾ ਸੀ। ਗੁਰੂ ਜੀ ਨੇ ਉਪਰੋਕਤ ਸਾਰੀਆਂ ਸਥਿਤੀਆਂ ਵਾਚਣ ਉਪਰੰਤ ਚੌਧਰੀ ਡੱਲੇ ਬਰਾੜ ਦੇ ਪਿੰਡ ਤਲਵੰਡੀ ਸਾਬੋ ਵਿਖੇ ਜਾ ਕੇ ਰਹਿਣ ਦਾ ਨਿਰਣਾ ਲਿਆ।

'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਇਸ ਤੋਂ ਪਹਿਲਾਂ ਵੀ ਸੰਮਤ 1750 ਬਿ. (1693 ਈ.) ਵਿਚ ਤਲਵੰਡੀ ਸਾਬੋ ਨਗਰ ਵਿਖੇ ਪਧਾਰ ਚੁੱਕੇ ਸਨ। ਕੁਝ ਦਿਨ ਚੌਧਰੀ ਡੱਲੇ ਕੋਲ ਠਹਿਰ ਕੇ ਇਲਾਕੇ ਦੀਆਂ ਸੰਗਤਾਂ ਨੂੰ ਦਰਸ਼ਨ ਦਿੰਦੇ ਰਹੇ ਸਨ। ਇਸ ਤੋਂ ਅੱਗੇ ਗੁਰੂ ਸਾਹਿਬ ਬਾਂਗਰ ਇਲਾਕੇ ਵਿਚ ਧਮਤਾਨ ਨਗਰ ਵਿਚ ਠਹਿਰੇ ਸਨ।[28]

### ਗੁਰੂ ਸਾਹਿਬ ਦਾ ਤਲਵੰਡੀ ਸਾਬੋ ਵਿਖੇ ਆਗਮਨ

'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਮੁਕਤਸਰ ਦੇ ਜੰਗ ਤੋਂ ਬਾਅਦ ਸੰਮਤ 1762 ਬਿ. ਮਾਘ ਸੁਦੀ ਚੌਦਸ ਦਿਨ ਵੀਰਵਾਰ ਨੂੰ ਤਲਵੰਡੀ ਸਾਬੋ ਵਿਖੇ ਪਹੁੰਚੇ ਸਨ।[29] ਭਾਵੇਂ ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿਖੇ ਪਹੁੰਚਣ ਦੀ ਤਾਰੀਖ਼ ਦਾ ਪ੍ਰਤੱਖ ਜ਼ਿਕਰ 'ਗੁਰੂ ਕੀਆਂ ਸਾਖੀਆਂ' ਤੋਂ ਇਲਾਵਾ ਹੋਰ ਕਿਸੇ ਮੁਢਲੀ ਲਿਖਤ ਵਿਚ ਨਹੀਂ ਮਿਲਦਾ, ਪਰ ਅਸਿੱਧੇ ਤੌਰ ਤੇ ਇਸ ਦੀ ਪੁਸ਼ਟੀ ਗੁਰੂ ਸਾਹਿਬ ਵੱਲੋਂ ਦੱਖਣ ਜਾਣ ਸਮੇਂ

---

[27] ਡਾ. ਸੁਖਦਿਆਲ ਸਿੰਘ, *ਉਕਤ,* ਪੰਨਾ 233

[28] *ਗੁਰੂ ਕੀਆਂ ਸਾਖੀਆਂ,* ਪੰਨਾ 108

[29] *ਉਹੀ,* ਪੰਨਾ 180

20 ਕੱਤਕ ਸੰਮਤ 1763 ਬ੍ਰਿ. (21 ਅਕਤੂਬਰ 1706) ਨੂੰ ਬੈਰਾੜਾਂ ਤੇ ਭਾਈ ਰੂਪੇ ਦੀ ਸੰਗਤ ਨੂੰ ਭੇਜੇ ਗਏ ਹੁਕਮਨਾਮੇ[30], ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਦੀ ਸਾਖੀ 104 ਵਿਚ ਗੁਰੂ ਸਾਹਿਬ ਦੇ ਦੱਖਣ ਜਾਣ ਦੇ ਬ੍ਰਿਤਾਂਤ[31], ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਅਤੇ ਸੁੱਖਾ ਸਿੰਘ ਦੇ ਗੁਰ ਬਿਲਾਸ ਪਾਤਸ਼ਾਹੀ 10 ਵੀਂ ਵਿਚ ਗੁਰੂ ਜੀ ਦੇ ਤਲਵੰਡੀ ਸਾਬੋ ਤੋਂ ਜਾਣ ਬਾਰੇ ਵਰਣਨ ਤੋਂ ਜ਼ਰੂਰ ਹੁੰਦੀ ਹੈ। ਆਧੁਨਿਕ ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬ ਤਲਵੰਡੀ ਸਾਬੋ ਜਨਵਰੀ ਦੇ ਅਖੀਰ ਵਿਚ 1706 ਈ. ਨੂੰ ਪਹੁੰਚੇ।[32] ਡਾ. ਗੰਡਾ ਸਿੰਘ ਦੇ ਅਨੁਮਾਨ ਮੁਤਾਬਕ ਗੁਰੂ ਸਾਹਿਬ ਤਲਵੰਡੀ ਸਾਬੋ 20-21 ਜਨਵਰੀ 1706 ਈ. ਨੂੰ ਪਹੁੰਚੇ ਹੋਣਗੇ।[33] ਬਿਕਰਮੀ ਅਤੇ ਈਸਵੀ ਸਾਲਾਂ ਦੀ ਪੋਹ ਦੇ ਮਹੀਨੇ ਦੀਆਂ ਮਿਤੀਆਂ ਵਿਚ ਨਿਸ਼ਚਿਤਤਾ ਨਾ ਹੋਣ ਕਾਰਨ ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿਖੇ ਪਹੁੰਚਣ ਦੀ ਕੋਈ ਇੱਕ ਤਾਰੀਖ਼ ਨਿਰਧਾਰਤ ਕਰਨੀ ਮੁਸ਼ਕਲ ਹੈ। ਸਿੱਖ ਰਵਾਇਤ ਤੇ ਮੁਢਲੇ ਸ੍ਰੋਤਾਂ ਅਨੁਸਾਰ ਗੁਰੂ ਸਾਹਿਬ ਤਲਵੰਡੀ ਸਾਬੋ ਵਿਖੇ 9 ਮਹੀਨੇ 9 ਦਿਨ ਠਹਿਰੇ ਸਨ।[34] ਗੁਰੂ ਸਾਹਿਬ ਦਾ ਆਗਮਨ ਸੁਣ ਕੇ ਤਲਵੰਡੀ ਸਾਬੋ ਦਾ ਚੌਧਰੀ ਡੱਲਾ ਆਪਣੇ ਪਿੰਡ ਅਤੇ ਇਲਾਕੇ ਵਿਚੋਂ ਚਾਰ ਸੌ ਆਦਮੀਆਂ ਨੂੰ ਨਾਲ ਲੈ ਕੇ ਪੱਕਾ ਕਲਾਂ ਤੋਂ ਤਲਵੰਡੀ ਸਾਬੋ ਦੇ ਰਸਤੇ ਤੇ ਤਲਵੰਡੀ ਸਾਬੋ ਤੋਂ ਪੰਜ ਕੋਹ ਅੱਗੇ ਸਵਾਗਤ ਕਰਨ ਲਈ ਪਹੁੰਚਿਆ।[35] ਚੌਧਰੀ ਡੱਲੇ ਨੇ ਗੁਰੂ ਜੀ ਦਾ ਬਹੁਤ ਹੀ ਨਿੱਘਾ ਸਵਾਗਤ ਕੀਤਾ ਅਤੇ ਬੜੇ ਆਦਰ-ਸਨਮਾਨ ਨਾਲ ਗੁਰੂ ਜੀ ਨੂੰ ਆਪਣੇ ਨਗਰ ਤਲਵੰਡੀ ਸਾਬੋ ਲੈ ਕੇ ਆਇਆ। ਗੁਰੂ ਜੀ ਦੇ ਆਉਣ ਸਮੇਂ ਡੱਲੇ ਦਾ ਪਰਿਵਾਰ, ਖਾਨਦਾਨ ਅਤੇ ਨਗਰ ਦੀ ਸੰਗਤ ਗੁਰੂ ਜੀ ਦੇ ਸਵਾਗਤ ਲਈ ਪਹੁੰਚੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਲਵੰਡੀ ਸਾਬੋ ਪਹੁੰਚਣ ਬਾਰੇ ਸਾਖੀ ਪੋਥੀ ਵਿੱਚ ਬੜੇ ਭਾਵਪੂਰਤ ਤਰੀਕੇ ਨਾਲ ਦਰਜ ਕੀਤਾ ਗਿਆ ਹੈ ਕਿ "ਅਗੇ ਗੁਰੂ ਜੀ ਚੜੇ, ਦਮਦਮੇ ਜੀ ਆਏ। ਗੁਰੂ ਜੀ ਪ੍ਰਥਮੇ ਸ੍ਰੀ ਗੁਰੂ ਤੇਗ ਬਹਾਦਰ ਜੀ ਕੇ ਅਸਥਾਨ ਨੂੰ ਮੱਥਾ ਟੇਕਿਆ। ਫੇਰ ਬਚਨ ਕੀਤਾ ਕਿ ਐਸ ਬਰਮੀ

---

30 ਡਾ. ਗੰਡਾ ਸਿੰਘ (ਸੰਪਾ.), *ਹੁਕਮਨਾਮੇ,* ਪੰਨਾ 184-185

31 *ਸਾਖੀ ਪੋਥੀ,* ਪੰਨੇ 89-90

32 ਸੁਖਦਿਆਲ ਸਿੰਘ, *ਸ਼੍ਰੋਮਣੀ ਸਿੱਖ ਇਤਿਹਾਸ,* ਭਾਗ ਪਹਿਲਾ, ਪੰਨਾ 292

33 ਸੈਨਾਪਤਿ, *ਸ੍ਰੀ ਗੁਰ ਸੋਭਾ,* ਭੂਮਿਕਾ, (ਸੰਪਾ.) ਡਾ. ਗੰਡਾ ਸਿੰਘ, ਪੰਨਾ 39

34 ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ 10 ਵੀਂ, ਪੰਨਾ 356; *ਸਾਖੀ ਪੋਥੀ,* ਪੰਨਾ 89 ; ਰਤਨ ਸਿੰਘ ਭੰਗੂ, *ਪੰਥ ਪ੍ਰਕਾਸ਼,* ਪੰਨਾ 68

35 *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1063 ; ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼),* ਐਨ 1, ਅੰਸੂ 19, ਛੰਦ 19

ਨੂੰ ਏਕ ਬਰਾਬਰ ਕਰੋ। ਇਸ ਉੱਤੇ ਕਮਰ ਕੱਸਾ ਖੋਲਾਂਗੇ।"[36] ਇਸ ਤਰ੍ਹਾਂ ਸੰਗਤ ਨੇ ਗੁਰੂ ਸਾਹਿਬ ਦੇ ਕਹਿਣ ਅਨੁਸਾਰ ਟਿੱਬੇ ਨੂੰ ਪੱਧਰਾ ਕਰਕੇ ਆਸਣ ਲਾ ਦਿੱਤਾ, ਤਾਂ ਕਿ ਗੁਰੂ ਜੀ ਵਿਸ਼ਰਾਮ ਕਰ ਸਕਣ। ਗੁਰੂ ਸਾਹਿਬ ਨੇ ਕਮਰ ਕੱਸਾ ਖੋਲਕੇ ਸ਼ਸਤਰ ਰੱਖੇ ਅਤੇ ਟਿੱਬੇ ਤੋ ਆਲੇ-ਦੁਆਲੇ ਦਾ ਦ੍ਰਿਸ਼ ਵੇਖ ਕੇ ਬੜੇ ਪ੍ਰਸੰਨ ਹੋਏ ਤੇ ਫੁਰਮਾਇਆ, "ਇਹ ਤਾ ਆਨੰਦਪਰ ਵਾਲਾ ਦਮਦਮਾ ਹੈ, ਇਥੇ ਆਨੰਦਪੁਰ ਵਾਲੀ ਹਵਾ ਆਉਂਦੀ ਹੈ।" ਚੌਧਰੀ ਡੱਲੇ ਨੇ ਗੁਰੂ ਜੀ ਨੂੰ ਉਸ ਦੀ ਹਵੇਲੀ ਵਿੱਚ ਡੇਰਾ ਕਰਨ ਲਈ ਬੇਨਤੀ ਕੀਤੀ, ਪਰ ਗੁਰੂ ਜੀ ਨੇ ਆਪਣਾ ਡੇਰਾ ਹਵੇਲੀ ਤੋਂ ਬਾਹਰ ਟਿੱਬੇ ਉਪਰ ਤੰਬੂਆਂ ਅਤੇ ਕਨਾਤਾਂ ਵਿੱਚ ਰੱਖਿਆ। ਪਹਿਲੇ ਪੰਜ ਦਿਨ ਗੁਰੂ ਸਾਹਿਬ ਅਤੇ ਸਿੰਘਾਂ ਦਾ ਲੰਗਰ ਚੌਧਰੀ ਡੱਲੇ ਦੇ ਘਰ ਹੀ ਤਿਆਰ ਹੁੰਦਾ ਸੀ। ਸਾਰੇ ਸਿੰਘ ਡੱਲੇ ਦੇ ਘਰ ਜਾ ਕੇ ਲੰਗਰ ਛੱਕਦੇ ਸਨ ਅਤੇ ਗੁਰੂ ਸਾਹਿਬ ਦਾ ਭੋਜਨ ਬਾਹਰ ਡੇਰੇ ਵਿਚ ਹੀ ਲੈ ਕੇ ਆਉਂਦੇ ਸਨ।[37] ਬੈਰਾੜ ਦਿਹਾੜੀ ਲੈਂਦੇ ਸਨ ਤੇ ਆਪਣਾ ਲੰਗਰ ਆਪ ਤਿਆਰ ਕਰਦੇ ਸਨ। ਇਸ ਤੋਂ ਬਾਅਦ ਗੁਰੂ ਜੀ ਨੇ ਬਾਹਰ ਆਪਣੇ ਡੇਰੇ ਵਿਚ ਲੰਗਰ ਸ਼ੁਰੂ ਕੀਤਾ। ਇਸ ਤੋਂ ਮਗਰੋਂ ਵੀ ਡੱਲਾ ਸਿੱਖ ਸੰਗਤਾਂ ਦੇ ਲੰਗਰ ਲਈ ਰਸਦ, ਦਾਣਾ ਅਤੇ ਪਸ਼ੂਆਂ ਲਈ ਚਾਰਾ ਆਦਿ ਬੜੇ ਉਤਸ਼ਾਹ ਨਾਲ ਭੇਜਦਾ ਰਿਹਾ।

ਸਭ ਤੋਂ ਪਹਿਲਾਂ ਗੁਰੂ ਸਾਹਿਬ ਨੇ 'ਗੁਰੂਸਰ ਸਰੋਵਰ' ਦੀ ਕਾਰ-ਸੇਵਾ ਆਰੰਭ ਕੀਤੀ। ਗੁਰੂ ਜੀ ਨੇ ਆਪਣੀ ਢਾਲ ਵਿਚ ਮਿੱਟੀ ਭਰ ਕੇ ਬਾਹਰ ਕੱਢੀ।[38] ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸੇ ਸਰੋਵਰ ਦੀ ਕਾਰ-ਸੇਵਾ ਆਪਣੇ ਦੁਸ਼ਾਲੇ ਨਾਲ ਮਿੱਟੀ ਕੱਢ ਕੇ ਸ਼ੁਰੂ ਕੀਤੀ ਸੀ। ਇਸ ਲਈ ਇਹ ਕਹਾਵਤ ਬਣ ਗਈ 'ਨੌਂਵੇ ਨੇ ਦੋਸ਼ਾਲੇ ਨਾਲ, ਦਸਵੇਂ ਨੇ ਢਾਲੇ ਨਾਲ'

**ਤਲਵੰਡੀ ਸਾਬੋ ਵਿੱਚ ਸੰਗਤਾਂ ਦੀ ਆਵਾਜਾਈ**

ਜਦੋਂ ਗੁਰੂ ਸਾਹਿਬ ਆਨੰਦਪੁਰ ਛੱਡ ਕੇ ਮਾਲਵੇ ਵਿਚ ਆ ਗਏ, ਤਾਂ ਉਸ ਵਕਤ ਸਿੱਖ ਸੰਗਤਾਂ ਨੂੰ ਇਹ ਪਤਾ ਨਹੀਂ ਲੱਗ ਰਿਹਾ ਸੀ ਕਿ ਗੁਰੂ ਜੀ ਪੱਕੇ ਤੌਰ ਤੇ ਕਿੱਥੇ ਠਹਿਰੇ ਹੋਏ ਹਨ। ਗੁਰੂ ਜੀ ਦੇ ਦਰਸ਼ਨਾਂ ਤੋਂ ਬਿਨਾਂ ਸੰਗਤਾਂ ਉਦਾਸ ਹੋਈਆਂ ਪਈਆਂ ਸਨ। ਜਦੋਂ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਖੇ ਟਿਕਾਣਾ

---

36 *ਸਾਖੀ ਪੋਥੀ,* ਪੰਨਾ 67

37 *ਸੂਰਜ ਪ੍ਰਕਾਸ਼,* ਐਨ 1, ਅੰਸੂ 20, ਛੰਦ 11

38 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10 ਵੀਂ,* ਪੰਨਾ 213

ਕੀਤਾ, ਗੁਰੂ ਸਾਹਿਬ ਦੇ ਏਥੇ ਠਹਿਰਨ ਦੀ ਖਬਰ ਦੂਰ-ਦੂਰ ਦੀਆਂ ਸਿੱਖ ਸੰਗਤਾਂ ਵਿੱਚ ਫੈਲ ਗਈ। ਇਸ ਉਪਰੰਤ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਤਲਵੰਡੀ ਸਾਬੋ ਆਉਣ ਲੱਗ ਪਈਆਂ। ਸੰਗਤਾਂ ਦੀ ਆਵਾਜਾਈ ਦਿਨੋ-ਦਿਨ ਵੱਧਦੀ ਚਲੀ ਗਈ। ਸੰਗਤਾਂ ਦੇ ਆਗਮਨ, ਉਤਸ਼ਾਹ ਅਤੇ ਪ੍ਰੇਮ-ਭੇਟਾ ਦਾ ਬ੍ਰਿਤਾਂਤ ਗਿਆਨੀ ਗਿਆਨ ਸਿੰਘ ਨੇ 'ਪੰਥ-ਪ੍ਰਕਾਸ਼' ਵਿੱਚ ਇਉਂ ਕੀਤਾ ਹੈ:

"ਸੰਗਤ ਔਰ ਘਨੀ ਨਿਤ ਆਵਤ, ਲੈ ਕਰਿ ਭੇਟ ਕਈ ਪਰਕਾਰੇ।

ਦੂਧ ਦਹੀਂ ਘ੍ਰਿਤ ਅੰਨ ਦੁਕੂਲ, ਤੁਰੰਗ ਤੁਰੰਗਨੀ ਚਾਰੁ ਅਪਾਰੇ।

----------------------------------------------

ਪਾਇਨ ਚਾਰ ਪਦਾਰਥ ਬਾਂਛਿਤ, ਸ੍ਰੀ ਗੁਰ ਤੈ ਨਰ ਨਾਰਿ ਕਰੋਰੈਂ।

ਆਇਸ ਆਸਿਖ ਲੈ ਗੁਰੁ ਤੈ, ਫਿਰ ਜਾਵਨ ਧਾਮਨ ਆਪਨ ਓਰੈਂ।"[39]

ਜਿੰਨ੍ਹਾਂ ਸਮਾਂ ਗੁਰੂ ਸਾਹਿਬ ਤਲਵੰਡੀ ਸਾਬੋ ਵਿੱਚ ਰਹੇ, ਸੰਗਤਾਂ ਦੀ ਆਵਾਜਾਈ ਇਸ ਤਰ੍ਹਾਂ ਸਦਾ ਹੀ ਬਣੀ ਰਹੀ। ਇਉਂ ਗੁਰੂ ਗੋਬਿੰਦ ਸਿੰਘ ਜੀ ਦੇ ਤਲਵੰਡੀ ਸਾਬੋ ਵਿੱਚ ਟਿਕਾਣਾ ਕਰ ਲੈਣ ਨਾਲ ਇੱਥੋਂ ਦੀ ਰੌਣਕ ਵਿੱਚ ਬੜਾ ਵਾਧਾ ਹੋਇਆ।

**ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਦਾ ਆਗਮਨ**

ਆਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਵੱਲੋਂ ਵਿਸ਼ਵਾਸਘਾਤ ਕਰ ਕੇ ਕੀਤੇ ਅਚਾਨਕ ਹਮਲੇ ਸਮੇਂ ਸਰਸਾ ਨਦੀ ਦੇ ਕਿਨਾਰੇ ਗੁਰੂ ਸਾਹਿਬ ਦਾ ਪਰਿਵਾਰ ਵਿਛੜ ਗਿਆ। ਜਿਥੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਗੰਗੂ ਨਾਲ ਉਸਦੇ ਪਿੰਡ ਖੇੜੀ ਵੱਲ ਨੂੰ ਚਲੇ ਗਏ, ਉਥੇ ਗੁਰੂ ਸਾਹਿਬ ਜੀ ਦੇ ਮਹਿਲ (ਪਤਨੀਆਂ) ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਵੀ ਗੁਰੂ ਸਾਹਿਬ ਤੋਂ ਵੱਖ ਹੋ ਗਏ ਸਨ ਅਤੇ ਇੱਕ ਰਾਤ ਰੋਪੜ ਰਹਿਣ ਮਗਰੋਂ ਦਿੱਲੀ ਨੂੰ ਚਲੇ ਗਏ ਸਨ।[40] ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿੱਚ ਠਹਿਰਨ ਦਾ ਪਤਾ ਲੱਗਣ ਤੇ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਦਿੱਲੀ ਤੋਂ ਤਲਵੰਡੀ ਸਾਬੋ ਪਹੁੰਚੀਆਂ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਭਾਈ ਡੱਲੇ ਦੀ ਪਤਨੀ ਬੀਬੀ ਕਪੂਰੋ ਨੇ ਗੁਰੂ ਸਾਹਿਬ ਤੋਂ

---

[39] ਗਿਆਨੀ ਗਿਆਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼, ਭਾਗ ਪਹਿਲਾ,* ਪੰਨਾ 1772 (ਅੱਗੇ ਤੋਂ ਸਿਰਫ਼ ਪੰਥ ਪ੍ਰਕਾਸ਼)

[40] *ਸੂਰਜ ਪ੍ਰਕਾਸ਼,* ਰੁੱਤ 6, ਅੰਸੂ 33, ਛੰਦ 36

ਆਗਿਆ ਲੈ ਕੇ ਦੋਵੇਂ ਮਾਤਾਵਾਂ ਨੂੰ ਦਿੱਲੀ ਤੋਂ ਲੈ ਕੇ ਆਉਣ ਵਾਸਤੇ ਤਲਵੰਡੀ ਸਾਬੋ ਤੋਂ ਗੁਰੂ ਸਾਹਿਬ ਦੇ ਪੈਗਾਮ ਸਮੇਤ ਦੋ ਰੱਥ ਭੇਜੇ ਸਨ। ਦੋਵੇਂ ਮਾਤਾਵਾਂ ਭਾਈ ਸ਼ੀਹਾਂ ਸਿੰਘ ਅਤੇ ਦਿੱਲੀ ਦੀ ਸੰਗਤ ਸਮੇਤ ਤਲਵੰਡੀ ਸਾਬੋ ਪਹੁੰਚੀਆਂ ਸਨ।[41]

ਗਿਆਨੀ ਗਿਆਨ ਸਿੰਘ ਦੇ ਅਨੁਸਾਰ ਦੋਵੇਂ ਮਾਤਾਵਾਂ ਭਾਈ ਮਨੀ ਸਿੰਘ ਜੀ ਅਤੇ ਮਾਮਾ ਕ੍ਰਿਪਾਲ ਚੰਦ ਜੀ ਨਾਲ ਦਮਦਮਾ ਸਾਹਿਬ ਪਹੁੰਚੀਆਂ ਸਨ।[42] ਪਰੰਤੂ ਹੋਰਨਾਂ ਇਤਿਹਾਸਕਾਰਾਂ ਦੇ ਅਨੁਸਾਰ ਭਾਈ ਮਨੀ ਸਿੰਘ ਜੀ ਉਸ ਸਮੇਂ ਦਿੱਲੀ ਵਿਚ ਨਹੀ ਸਨ ਅਤੇ ਸ੍ਰੀ ਅੰਮ੍ਰਿਤਸਰ ਤੋਂ ਦਮਦਮਾ ਸਾਹਿਬ ਪਹੁੰਚੇ ਸਨ।[43] ਗੁਰੂ ਸਾਹਿਬ ਨੇ ਉਨਾਂ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਸੇਵਾ ਸੌਂਪੀ ਹੋਈ ਸੀ। ਇਥੇ ਪਹੁੰਚ ਕੇ ਮਾਤਾਵਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਗੱਲ ਕਰਦਿਆਂ ਮਾਤਾਵਾਂ ਦੇ ਗਲੇ ਭਰ ਆਏ ਤੇ ਬਹੁਤ ਵਿਆਕੁਲ ਹੋ ਗਈਆਂ। ਕਰੁਣਾਮਈ ਮਾਹੌਲ ਬਣ ਗਿਆ। ਗੁਰੂ ਸਾਹਿਬ ਨੇ ਮਾਤਾਵਾਂ ਨੂੰ ਧੀਰਜ ਦਿੰਦਿਆਂ ਸਮਝਾਇਆ ਕਿ ਸੂਰਮਿਆਂ ਦੀਆਂ ਮਾਤਾਵਾਂ ਨੂੰ ਪੁੱਤਰਾਂ ਦੀ ਸ਼ਹਾਦਤ ਦਾ ਦੁੱਖ ਨਹੀ ਮਨਾਉਣਾ ਚਾਹੀਦਾ। ਇਹ ਸਾਰਾ ਸੰਸਾਰ ਨਾਸ਼ਵਾਨ ਹੈ, ਜੋ ਜੰਮਦਾ ਹੈ ਆਖਰ ਨੂੰ ਸੰਸਾਰ ਤੋਂ ਚਲੇ ਜਾਂਦਾ ਹੈ। ਵੈਰਾਗ ਅਤੇ ਸ਼ੋਕ ਤਿਆਗ ਕੇ ਅਕਾਲ ਪੁਰਖ ਦਾ ਭਾਣਾ ਮੰਨਣਾ ਚਾਹੀਦਾ ਹੈ।[44] ਗੁਰੂ ਸਾਹਿਬ ਦਾ ਉਪਦੇਸ਼ ਮੰਨ ਕੇ ਮਾਤਾਵਾ ਨੇ ਰੋਣਾ ਛੱਡ ਦਿੱਤਾ ਅਤੇ ਗੁਰੂ ਸਾਹਿਬ ਤੋਂ ਆਨੰਦਪੁਰ ਛੱਡਣ ਤੋਂ ਬਾਅਦ ਦਾ ਸਾਰਾ ਬ੍ਰਿਤਾਂਤ ਸੁਣਿਆ।

ਚੌਧਰੀ ਡੱਲੇ ਨੇ ਮਾਤਾਵਾਂ ਨੂੰ ਆਪਣੀ ਹਵੇਲੀ ਵਿਚ ਰਹਿਣ ਲਈ ਬੇਨਤੀ ਕੀਤੀ, ਪਰੰਤੂ ਮਾਤਾਵਾਂ ਨੇ ਕਿਹਾ ਕਿ ਉਹ ਗੁਰੂ ਸਾਹਿਬ ਦੇ ਚਰਨਾਂ ਵਿਚ ਰਹਿਣਾ ਚਾਹੁੰਦੀਆਂ ਹਨ। ਇਸ ਲਈ ਗੁਰੂ ਸਾਹਿਬ ਦੇ ਡੇਰੇ ਦੇ ਨੇੜੇ ਹੀ ਮਾਤਾਵਾਂ ਦੇ ਰਹਿਣ ਲਈ ਤੰਬੂ ਲਵਾ ਦਿੱਤੇ ਗਏ। ਇੱਕ ਵਾਰ ਚੌਧਰੀ ਡੱਲੇ ਨੇ ਗੁਰੂ ਸਾਹਿਬ, ਮਾਤਾਵਾਂ, ਸਾਰੇ ਸਿੰਘਾਂ ਅਤੇ ਤਨਖਾਹਦਾਰ ਬੈਰਾੜਾਂ ਨੂੰ ਬੜੇ ਪ੍ਰੇਮ-ਭਾਵ ਨਾਲ ਆਪਣੇ ਘਰ ਲੰਗਰ

---

[41] *ਗੁਰੂ ਕੀਆਂ ਸਾਖੀਆਂ,* ਪੰਨਾ 181

[42] *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1065

[43] *ਗੁਰੂ ਕੀਆਂ ਸਾਖੀਆਂ,* ਪੰਨਾ 183 ; ਭਾਈ ਸੇਵਾ ਸਿੰਘ, *ਸ਼ਹੀਦ ਬਿਲਾਸ,* ਪੰਨਾ 84 ; ਬਾਬਾ ਸੁਮੇਰ ਸਿੰਘ, *ਗੁਰ-ਪਦ ਪ੍ਰੇਮ ਪ੍ਰਕਾਸ਼,* ਪੰਨਾ 455

[44] *ਸੂਰਜ ਪ੍ਰਕਾਸ਼,* ਐਨ 1, ਅੰਸੂ 20, ਛੰਦ 20-26

ਛਕਾਇਆ। ਇਸ ਮੌਕੇ ਚੌਧਰੀ ਡੱਲੇ ਨੇ ਗੁਰੂ ਜੀ ਨੂੰ ਇੱਕ ਵਧੀਆ ਘੋੜਾ, ਦੁਸ਼ਾਲਾ ਅਤੇ ਸੌ ਰੁਪਏ ਚਾਂਦੀ ਦੇ ਭੇਂਟ ਕਰ ਕੇ ਮੱਥਾ ਟੇਕਿਆ ਅਤੇ ਦੋਵੇਂ ਮਾਤਾਵਾਂ ਨੂੰ ਕੀਮਤੀ ਗਹਿਣੇ ਅਤੇ ਪੱਚੀ-ਪੱਚੀ ਰੁਪਏ ਚਾਂਦੀ ਦੇ ਭੇਂਟ ਕੀਤੇ।[45]

**ਡੱਲੇ ਦੇ ਯੋਧਿਆਂ ਦੀ ਪਰਖ-ਡੱਲੇ ਦਾ ਹੰਕਾਰ ਤੋੜਨਾ**

ਇਹ ਸਿੱਖ ਇਤਿਹਾਸ ਦੀ ਇੱਕ ਪ੍ਰਸਿੱਧ ਕਥਾ ਹੈ ਅਤੇ ਸਿੱਖ ਰਿਵਾਇਤ ਵਿੱਚ ਆਮ ਪ੍ਰਚੱਲਿਤ ਹੈ। ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਅਤੇ ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਅਤੇ ਬਾਬਾ ਸੁਮੇਰ ਸਿੰਘ ਨੇ ਗੁਰ-ਪਦ ਪ੍ਰੇਮ ਪ੍ਰਕਾਸ਼ ਵਿਚ ਇਸ ਘਟਨਾ ਨੂੰ ਦਰਜ ਕੀਤਾ ਹੈ। ਤਲਵੰਡੀ ਸਾਬੋ ਵਿਖੇ ਇੱਕ ਦਿਨ ਲਾਹੌਰ ਤੋਂ ਆਏ ਕਾਰੀਗਰਾਂ ਸਿੱਖਾਂ ਨੇ ਗੁਰੂ ਸਾਹਿਬ ਨੂੰ ਇੱਕ ਵਧੀਆ ਕੀਮਤੀ ਬੰਦੂਕ ਭੇਂਟ ਕੀਤੀ। ਚੌਧਰੀ ਡੱਲਾ ਅਕਸਰ ਆਨੰਦਪੁਰ ਦੀਆਂ ਲੜਾਈਆਂ ਦਾ ਪ੍ਰਸੰਗ ਛੇੜ ਕੇ ਕਹਿੰਦਾ ਕਿ ਗੁਰੂ ਸਾਹਿਬ ਤੁਸੀਂ ਮੈਨੂੰ ਇਸ ਔਖੇ ਸਮੇਂ ਵਿਚ ਹੁਕਮਨਾਮਾ (ਬੁਲਾਵਾ) ਕਿਉਂ ਨਹੀ ਭੇਜਿਆ। ਮੈਂ ਆਪਣੇ ਬਹਾਦਰ ਸੂਰਬੀਰਾਂ ਨੂੰ ਨਾਲ ਲੈ ਕੇ ਪਹੁੰਚਦਾ ਅਤੇ ਮੁਗਲਾਂ ਨਾਲ ਯੁੱਧ ਕਰਕੇ ਮਾਰ ਭਜਾਉਂਦਾ। ਜੇਕਰ ਤੁਸੀਂ ਮੈਨੂੰ ਬੁਲਾ ਲੈਂਦੇ, ਤਾਂ ਤੁਹਾਡਾ ਏਨਾ ਨੁਕਸਾਨ ਨਹੀਂ ਹੋਣਾ ਸੀ।[46] ਡੱਲੇ ਨੂੰ ਆਪਣੇ ਯੋਧਿਆਂ ਤੇ ਬਹੁਤ ਜ਼ਿਆਦਾ ਮਾਣ ਸੀ। ਡੱਲੇ ਦਾ ਇਹ ਹੰਕਾਰ ਤੋੜਨ ਵਾਸਤੇ ਗੁਰੂ ਜੀ ਨੇ ਬੰਦੂਕ ਦੇ ਨਿਸ਼ਾਨੇ ਦੀ ਪਰਖ ਲਈ ਡੱਲੇ ਤੋਂ ਦੋ ਯੋਧਿਆਂ ਦੀ ਮੰਗ ਕੀਤੀ। ਡੱਲੇ ਦਾ ਕੋਈ ਵੀ ਆਦਮੀ ਗੁਰੂ ਜੀ ਦੀ ਬੰਦੂਕ ਦਾ ਨਿਸ਼ਾਨਾ ਬਣਨ ਲਈ ਤਿਆਰ ਨਾ ਹੋਇਆ। ਸਗੋਂ ਇਧਰ-ਉਧਰ ਖਿਸਕਣ ਲੱਗੇ। ਡੱਲਾ ਬਹੁਤ ਸ਼ਰਮਿੰਦਾ ਹੋਇਆ ਅਤੇ ਧੌਣ ਨੀਵੀਂ ਕਰ ਕੇ ਚੁੱਪ ਧਾਰ ਕੇ ਬੈਠਾ ਰਿਹਾ। ਇਸ ਤੋਂ ਮਗਰੋਂ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਬੰਦੂਕ ਦੇ ਨਿਸ਼ਾਨੇ ਲਈ ਆਵਾਜ਼ ਦਿੱਤੀ। ਇਸ ਸਮੇਂ ਦੋ ਰੰਘਰੇਟੇ ਸਿੰਘ (ਭਾਈ ਬੀਰ ਸਿੰਘ ਅਤੇ ਭਾਈ ਧੀਰ ਸਿੰਘ) ਪੱਗ ਬੰਨਦਿਆਂ ਹੀ ਭੱਜੇ ਆਏ ਅਤੇ ਬੰਦੂਕ ਦਾ ਨਿਸ਼ਾਨਾ ਬਣਨ ਵਾਸਤੇ ਉਹ ਇੱਕ ਦੂਜੇ ਤੋਂ ਅੱਗੇ ਖੜ੍ਹਨ ਦੀ ਜ਼ਿੱਦ ਕਰਨ ਲੱਗੇ। ਡੱਲਾ ਅਤੇ ਉਸਦੇ ਸੂਰਮੇ ਇਹ ਸਭ ਕੁਝ ਵੇਖ ਕੇ ਬੜੇ ਹੈਰਾਨ ਹੋਏ। ਗੁਰੂ ਸਾਹਿਬ ਨੇ ਉਹਨਾਂ ਦੇ ਉੱਪਰ ਦੀ ਗੋਲੀ ਚਲਾ ਦਿੱਤੀ, ਦੋਵੇਂ ਸਿੰਘ ਨਿਰਭੈ ਅਡੋਲ ਖੜੇ ਰਹੇ। ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਡੱਲੇ ਨੂੰ ਕਿਹਾ ਕਿ ਵੇਖੋ ਸਾਡੇ

[45] *ਸਾਖੀ ਪੋਥੀ,* ਪੰਨਾ 68

[46] *ਸੂਰਜ ਪ੍ਰਕਾਸ਼,* ਐਨ 1, ਅੰਸੂ 19, ਛੰਦ 60

ਕੋਲ ਜੰਗ ਕਰਨ ਲਈ ਇਹੋ ਜਿਹੇ ਸੂਰਮੇ ਹਨ। ਜੰਗ ਦੇ ਮੈਦਾਨ ਵਿਚੋਂ ਵੀ ਤੇਰੇ ਯੋਧੇ ਮੌਤ ਦੇ ਡਰ ਤੋਂ ਭੱਜ ਆਉਣਗੇ। ਡੱਲੇ ਨੇ ਕਿਹਾ ਕਿ ਸਤਿਗੁਰੂ ਜੀ ਤੁਹਾਡੇ ਸਿੰਘ ਹੀ ਸੱਚੇ ਯੋਧੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਨੇ ਡੱਲੇ ਦਾ ਹੰਕਾਰ ਤੋੜਿਆ।[47]

**ਅੰਮ੍ਰਿਤ ਸੰਚਾਰ**

ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦੂਰੋਂ-ਨੇੜਿਓ ਆਈਆਂ ਸੰਗਤਾਂ ਨੂੰ ਮੁੱਖ ਉਪਦੇਸ਼ ਅੰਮ੍ਰਿਤਪਾਨ ਕਰਨ ਦਾ ਦਿੰਦੇ ਸਨ। ਸੰਗਤਾਂ ਅੰਮ੍ਰਿਤ ਛਕ ਕੇ ਗੁਰੂ ਸਾਹਿਬ ਦੀ ਪ੍ਰਸੰਨਤਾ ਹਾਸਲ ਕਰਦੀਆਂ ਸਨ। ਜਿਹੜਾ ਵਿਅਕਤੀ ਖੰਡੇ ਦੀ ਪਾਹੁਲ ਲੈਣ ਤੋਂ ਸੰਕੋਚ ਕਰਦਾ, ਉਹ ਗੁਰੂ ਜੀ ਦੀਆਂ ਖੁਸ਼ੀਆਂ ਤੋਂ ਵਾਂਝਾ ਰਹਿ ਜਾਂਦਾ ਸੀ। ਰੋਜ਼ਾਨਾ ਗੁਰੂ ਸਾਹਿਬ ਕਥਾ-ਕੀਰਤਨ ਤੋਂ ਬਾਅਦ ਅੰਮ੍ਰਿਤ ਛਕਣ ਦਾ ਉਪਦੇਸ਼ ਦਿੰਦੇ ਸਨ। ਨਿਤਾ-ਪ੍ਰਤਿ ਅੰਮ੍ਰਿਤ ਸੰਚਾਰ ਹੋਣ ਲੱਗਾ।

ਤਲਵੰਡੀ ਸਾਬੋ ਵਿਖੇ ਮਾਲਵੇ ਦੇ ਪੁਰਾਤਨ ਸਿੱਖਾਂ ਦੇ ਕਈ ਘਰਾਣਿਆਂ ਦੇ ਮੁਖੀਆਂ ਨੇ ਖੰਡੇ ਦੀ ਪਾਹੁਲ ਲਈ ਤੇ ਖਾਲਸਾ ਪੰਥ ਵਿੱਚ ਪ੍ਰਵੇਸ਼ ਕੀਤਾ। ਭਾਈ ਭਗਤੂ ਦੇ ਪਰਿਵਾਰ ਵਿਚੋਂ ਭਾਈ ਤਖਤੂ ਸਿੰਘ, ਭਾਈ ਬਖਤੂ ਸਿੰਘ, ਭਾਈ ਰਾਮ ਸਿੰਘ, ਭਾਈ ਫਤਿਹ ਸਿੰਘ ਚੱਕਾਂ ਵਾਲਿਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਭਾਈ ਰੂਪੇ ਦੇ ਖਾਨਦਾਨ ਵਿੱਚੋਂ ਭਾਈ ਪਰਮ ਸਿੰਘ ਤੇ ਭਾਈ ਧਰਮ ਸਿੰਘ, ਸਿੰਘ ਸਜੇ। ਇਸੇ ਹੀ ਤਰ੍ਹਾਂ ਫੂਲ ਦੇ ਪਰਿਵਾਰ ਵਿੱਚੋਂ ਤ੍ਰਿਲੋਕ ਸਿੰਘ ਤੇ ਰਾਮ ਸਿੰਘ ਨੇ ਅੰਮ੍ਰਿਤਪਾਨ ਕੀਤਾ।[48] ਕੋਠਾ ਗੁਰੂ ਦੇ ਚਾਰ ਸੋਢੀਆਂ ਨੇ ਵੀ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ, ਇਹਨਾਂ ਵਿੱਚ ਸੋਢੀ ਕੌਲ ਦੇ ਪੁੱਤਰ ਅਭੈ ਰਾਮ ਨੇ ਵੀ ਅੰਮ੍ਰਿਤ ਛਕਿਆ। ਇਸ ਤਰ੍ਹਾਂ ਰੋਜ਼ਾਨਾ ਅਨੇਕਾਂ ਮਲਵਈ ਸਿੱਖ ਅੰਮ੍ਰਿਤ ਦੀ ਦਾਤ ਹਾਸਿਲ ਕਰ ਕੇ ਖਾਲਸਾ ਪੰਥ ਵਿਚ ਦਾਖਲ ਹੋਣ ਲੱਗੇ।[49] ਡਾ. ਟਰੰਪ ਦੇ ਕਥਨ ਅਨੁਸਾਰ ਗੁਰੂ ਸਾਹਿਬ ਨੇ ਦਮਦਮਾ ਸਾਹਿਬ ਵਿਖੇ ਇੱਕ ਲੱਖ ਵੀਹ ਹਜ਼ਾਰ ਵਿਅਕਤੀਆਂ ਨੂੰ ਅੰਮ੍ਰਿਤ ਛਕਾਇਆ ਸੀ।[50] ਗੁਰੂ ਸਾਹਿਬ ਦੇ ਸਮੇਂ ਇਨੇ ਵੱਡੇ ਪੱਧਰ ਤੇ ਅੰਮ੍ਰਿਤ ਸੰਚਾਰ ਹੋਰ ਕਿਤੇ ਨਹੀ ਹੋਇਆ ਸੀ। ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਬਾਟਿਆਂ

---

[47] *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1064

[48] *ਗੁਰੂ ਕੀਆਂ ਸਾਖੀਆਂ,* ਪੰਨਾ 183

[49] *ਪੰਥ ਪ੍ਰਕਾਸ਼,* ਭਾਗ ਪਹਿਲਾ, ਪੰਨਾ 1064

[50] Dr. Ernest Trumpp, *The Adi Granth,* p.xcii (92), fn. 3

ਦੀ ਬਜਾਏ ਕੜਾਹਿਆਂ ਵਿਚ ਅੰਮ੍ਰਿਤ ਤਿਆਰ ਕੀਤਾ ਜਾਂਦਾ ਸੀ। ਕਈ ਵਾਰ ਬਚਿਆ ਹੋਇਆ ਅੰਮ੍ਰਿਤ ਝਾੜੀਆਂ ਉਪਰ ਛਿੜਕਾ ਕੇ ਗੁਰੂ ਸਾਹਿਬ ਫੁਰਮਾਉਂਦੇ ਕਿ ਜ਼ੁਲਮ ਦੇ ਖਾਤਮੇ ਲਈ ਝਾੜ-ਝਾੜ ਵਿਚੋਂ ਖਾਲਸਾ ਪੈਦਾ ਹੋਵੇਗਾ। ਇਥੇ ਸੁਮਇਆਣੀ ਖਾਲਸਾ (ਜਲ ਦੇ ਸੋਮੇ ਵਾਂਗ ਪ੍ਰਗਟ ਹੋਇਆ ਖਾਲਸਾ) ਹੋਵੇਗਾ।[51] ਭਾਵ ਕਿ ਇਥੇ ਅਨੇਕਾਂ ਸਿੰਘ ਪੈਦਾ ਹੋਣਗੇ।

ਜਦੋਂ ਚੌਧਰੀ ਡੱਲੇ ਨੇ ਵੀ ਗੁਰੂ ਸਾਹਿਬ ਤੋਂ ਚਰਨਾਂ ਵਿੱਚ ਪੀੜੀ ਜਿੰਨੀ ਥਾਂ ਮੰਗੀ, ਤਾਂ ਗੁਰੂ ਸਾਹਿਬ ਨੇ ਉਸ ਨੂੰ ਵੀ ਪਹਿਲਾਂ ਅੰਮ੍ਰਿਤ ਛਕਣ ਲਈ ਆਖਿਆ। ਡੱਲੇ ਨੇ ਕਿਹਾ ਕਿ ਸਤਿਗੁਰੂ ਜੀ ਉਸ ਨੇ ਤਾਂ ਅੰਮ੍ਰਿਤ, ਜੋ ਸੀਤ ਪ੍ਰਸ਼ਾਦ ਤੁਹਾਡੇ ਥਾਲ ਦਾ ਹੁੰਦਾ ਹੈ, ਬਹੁਤ ਵਾਰੀ ਛਕਿਆ ਹੈ। ਗੁਰੂ ਸਾਹਿਬ ਕਿਹਾ ਕਿ ਖੰਡੇ ਦਾ ਅੰਮ੍ਰਿਤ ਛਕ। ਡੱਲੇ ਨੇ ਸਤਿ ਬਚਨ ਕਿਹਾ ਅਤੇ ਅਗਲੇ ਸਵੇਰ ਕੜਾਹ ਪ੍ਰਸਾਦਿ ਤਿਆਰ ਕੀਤਾ ਅਤੇ ਡੱਲੇ ਨੇ ਸੌ ਸਿੰਘਾਂ ਸਮੇਤ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ।[52] ਅੰਮ੍ਰਿਤਧਾਰੀ ਹੋ ਕੇ ਭਾਈ ਡੱਲਾ ਸਿੰਘ ਬਣ ਗਿਆ। ਗੁਰੂ ਸਾਹਿਬ ਨੇ ਖੁਸ਼ ਹੋ ਕੇ ਭਾਈ ਡੱਲਾ ਸਿੰਘ ਨੂੰ ਸ੍ਰੀ ਸਾਹਿਬ, ਢਾਲਾ, ਕੰਗਣਾ ਦੀ ਜੋੜੀ ਬਖਸ਼ੀ ਅਤੇ ਆਪਣੇ ਗਲੋਂ ਚੋਲਾ ਉਤਾਰ ਕੇ ਡੱਲਾ ਸਿੰਘ ਨੂੰ ਬਖਸ਼ਿਆ।[53]

ਭੁੱਚੋ ਪਿੰਡ ਤੋਂ ਭਾਈ ਭਗਤੂ ਦਾ ਪੋਤਰਾ ਭਾਈ ਦਿਆਲ ਦਾਸ ਗੁਰੂ ਸਾਹਿਬ ਦੇ ਕਹਿਣ ਤੇ ਅੰਮ੍ਰਿਤ ਛਕਣ ਲਈ ਤਿਆਰ ਨਹੀਂ ਹੋਇਆ ਸੀ, ਕਿਉਂਕਿ ਉਸ ਦੇ ਮਨ ਵਿੱਚ ਉੱਚੀ ਜਾਤ ਦਾ ਹੰਕਾਰ ਸੀ। ਗੁਰੂ ਜੀ ਨੇ ਉਦੋਂ ਤੱਕ ਨਾ ਹੀ ਉਸ ਨਾਲ ਗੱਲਬਾਤ ਕੀਤੀ ਤੇ ਨਾ ਹੀ ਉਸਦਾ ਲੰਗਰ ਪ੍ਰਵਾਨ ਕੀਤਾ, ਜਦੋਂ ਤੱਕ ਉਹ ਆਪਣੀ ਭੁੱਲ ਮੰਨ ਕੇ ਅੰਮ੍ਰਿਤ ਦੀ ਦਾਤ ਲੈਣ ਲਈ ਤਿਆਰ ਨਾ ਹੋਇਆ। ਗੁਰੂ ਸਾਹਿਬ ਨੇ ਪਿੰਡ ਭਾਗੂ ਵਿਖੇ ਦਿਆਲ ਦਾਸ ਨੂੰ ਖਿਮਾ ਕਰ ਕੇ ਅੰਮ੍ਰਿਤ ਛਕਾਇਆ ਅਤੇ ਫਿਰ ਉਸਦਾ ਲੰਗਰ ਸੰਗਤਾਂ ਵਿੱਚ ਵਰਤਾਇਆ ਗਿਆ।[54]

ਚੌਧਰੀ ਡੱਲੇ ਅਤੇ ਭਾਈ ਦਿਆਲ ਦਾਸ ਦੇ ਅੰਮ੍ਰਿਤ ਛਕਣ ਦੀਆਂ ਇਹਨਾਂ ਘਟਨਾਵਾਂ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਅੰਮ੍ਰਿਤ ਛਕਣ ਤੇ ਕਿੰਨ੍ਹਾ ਜ਼ੋਰ ਦਿੰਦੇ ਸਨ। ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ

---

[51] *ਸਾਖੀ ਪੋਥੀ,* ਪੰਨਾ 82

[52] *ਸੂਰਜ ਪ੍ਰਕਾਸ਼,* ਐਨ 1, ਅੰਸੂ 28, ਛੰਦ 43

[53] *ਸਾਖੀ ਪੋਥੀ,* ਪੰਨਾ 88

[54] *ਉਹੀ,* ਪੰਨੇ 72-73

ਨੇ ਤਲਵੰਡੀ ਸਾਬੋ ਵਿਖੇ ਵੱਡੇ ਪੱਧਰ ਤੇ ਅੰਮ੍ਰਿਤ ਸੰਚਾਰ ਕਰ ਕੇ ਮਾਲਵੇ ਵਿੱਚ ਖਾਲਸਾ ਪੰਥ ਦਾ ਕੇਵਲ ਵਿਸਤਾਰ ਹੀ ਨਹੀਂ ਕੀਤਾ, ਸਗੋਂ ਤਲਵੰਡੀ ਸਾਬੋ ਦੇ ਰੂਪ ਵਿੱਚ ਮਾਲਵੇ ਵਿੱਚ ਇੱਕ ਮਜ਼ਬੂਤ ਸਿੱਖੀ ਕੇਂਦਰ ਦੀ ਨੀਂਹ ਵੀ ਰੱਖੀ।

**ਵਿਸਾਖੀ ਦਾ ਮੇਲਾ**

ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦੇ ਠਹਿਰਨ ਦੌਰਾਨ ਹੀ ਵਿਸਾਖੀ ਦਾ ਤਿਉਹਾਰ ਆ ਗਿਆ। ਗੁਰੂ ਅਮਰਦਾਸ ਸਾਹਿਬ ਜੀ ਦੇ ਸਮੇਂ ਤੋਂ ਹੀ ਸਿੱਖ ਸੰਗਤਾਂ ਨੇ ਵਿਸਾਖੀ ਦੇ ਤਿਉਹਾਰ ਨੂੰ ਕੌਮੀ ਤਿਉਹਾਰ ਦੇ ਤੌਰ ਤੇ ਮਨਾਉਣਾ ਸ਼ੁਰੂ ਕਰ ਦਿੱਤਾ ਸੀ। 1699 ਈ: ਵਿੱਚ ਵਿਸਾਖੀ ਵਾਲੇ ਦਿਨ ਹੀ ਆਨੰਦਪੁਰ ਸਾਹਿਬ ਵਿੱਚ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। 1699 ਈ: ਦੀ ਵਿਸਾਖੀ ਪਿੱਛੋਂ ਲਗਾਤਾਰ ਕਈ ਸਾਲ ਜੰਗਾਂ-ਯੁੱਧਾਂ ਵਿੱਚ ਹੀ ਗੁਜ਼ਰੇ ਸਨ। ਇਨ੍ਹਾਂ ਜੰਗਾਂ ਵਿੱਚ ਆਨੰਦਪੁਰ ਸਾਹਿਬ ਦੀ ਤਾਂ ਭਿਆਨਕ ਤਬਾਹੀ ਹੋਈ ਹੀ ਸੀ, ਸਗੋ ਗੁਰੂ ਸਾਹਿਬ ਦੇ ਪਰਿਵਾਰ ਦਾ ਵੀ ਬਹੁਤ ਜਾਨੀ ਨੁਕਸਾਨ ਹੋਇਆ ਸੀ। ਗੁਰੂ ਸਾਹਿਬ ਦੇ ਚਾਰੇ ਸਾਹਿਬਜ਼ਾਦੇ ਅਤੇ ਅਨੇਕਾਂ ਸਿੰਘ ਸ਼ਹੀਦ ਹੋ ਚੁੱਕੇ ਸਨ। ਐਨਾ ਜਾਨੀ ਅਤੇ ਮਾਲੀ ਨੁਕਸਾਨ ਹੋ ਜਾਣ ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਗੁਰੂ ਸਾਹਿਬ ਦੀ ਹਾਜ਼ਰੀ ਵਿੱਚ ਸੰਗਤਾਂ ਇਕੱਠੀਆਂ ਹੋ ਕੇ ਵਿਸਾਖੀ ਦਾ ਤਿਉਹਾਰ ਮਨਾ ਰਹੀਆਂ ਸਨ। ਆਨੰਦਪੁਰ ਸਾਹਿਬ ਵਿਖੇ 1699 ਈ: ਦੀ ਵਿਸਾਖੀ ਵਾਂਗ ਹੀ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵੀ ਬੇਸ਼ੁਮਾਰ ਸਿੱਖ ਸੰਗਤਾਂ ਦਾ ਇਕੱਠ ਹੋਇਆ ਸੀ। ਸਿੱਖ ਸੰਗਤਾਂ ਦੂਰੋਂ-ਨੇੜਿਓ ਆਪਣੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਪੂਰੇ ਜ਼ੋਰ-ਸ਼ੋਰ ਨਾਲ ਪਹੁੰਚੀਆਂ ਹੋਈਆਂ ਸਨ।[55] ਉਹ ਗੁਰੂ ਸਾਹਿਬ ਦੇ ਚਾਰ ਪੁੱਤਰਾਂ ਦੀ ਸ਼ਹੀਦੀ ਨਾਲ ਪਏ ਘਾਟੇ ਨੂੰ ਪੂਰਾ ਤਾਂ ਨਹੀਂ ਕਰ ਸਕਦੇ ਸਨ, ਪਰ ਉਹ ਆਪਣਾ ਸਭ ਕੁਝ ਗੁਰੂ ਸਾਹਿਬ ਨੂੰ ਅਰਪਣ ਕਰਕੇ ਚਾਰ ਸਾਹਿਬਜ਼ਾਦਿਆਂ ਦੀ ਅਣਹੋਂਦ ਦਾ ਅਹਿਸਾਸ ਜ਼ਰੂਰ ਘਟਾ ਸਕਦੇ ਸਨ।[56] ਇਸ ਮੌਕੇ ਤਲਵੰਡੀ ਸਾਬੋ ਵਿੱਚ ਇਕੱਠੀਆਂ ਹੋਈਆਂ ਸਿੱਖ ਸੰਗਤਾਂ ਦੇ ਭਾਰੀ ਇਕੱਠ ਨੂੰ ਵੇਖ ਕੇ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਦੀ ਪ੍ਰੇਮ-ਭਾਵਨਾ ਨੂੰ ਇਉਂ ਕਹਿ ਕੇ ਵਡਿਆਇਆ:

ਇਨ ਪੁਤ੍ਰਨ ਕੇ ਸੀਸ ਪਹਿ, ਵਾਰ ਦੀਏ ਸੁਤ ਚਾਰ।

---

[55] *ਗੁਰੂ ਕੀਆਂ ਸਾਖੀਆਂ,* ਪੰਨਾ 182; *ਸਾਖੀ ਪੋਥੀ,* ਪੰਨਾ 69

[56] ਡਾ. ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ,* ਪੰਨਾ 235

ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

ਇਹ ਗੱਲ ਗੁਰੂ ਅਤੇ ਸਿੱਖ ਦੇ ਜਜ਼ਬਾਤੀ ਰਿਸ਼ਤੇ ਨੂੰ ਦਰਸਾਉਂਦੀ ਹੈ। ਇਸੇ ਰਿਸ਼ਤੇ ਨੇ ਹੀ ਨਾਦੀ ਅਤੇ ਬਿੰਦੀ ਪੁੱਤਰਾਂ ਦੇ ਫ਼ਰਕ ਨੂੰ ਮਿਟਾਇਆ ਹੋਇਆ ਸੀ। ਗੁਰੂ ਸਾਹਿਬ ਦੇ ਹਜ਼ਾਰਾਂ ਨਾਦੀ ਪੁੱਤਰ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਬੈਠੇ ਸਨ। ਆਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਦੀ ਲੜਾਈ ਤੱਕ ਗੁਰੂ ਸਾਹਿਬ ਦੀ ਹਜ਼ੂਰੀ ਵਿਚਲਾ ਖਾਲਸਾ ਸਿਰਫ਼ ਗਿਣਤੀ ਦੇ ਪੰਜ ਕੁ ਸਿੰਘਾਂ ਨੂੰ ਛੱਡ ਕੇ ਸ਼ਹੀਦ ਹੋ ਚੁੱਕਿਆ ਸੀ। ਪਰ ਇਸ ਵਿਸਾਖੀ ਦੇ ਮੇਲੇ ਤੇ ਸਾਗਰ ਵਾਂਗ ਠਾਠਾਂ ਮਾਰਦੇ ਹੋਏ ਇਕੱਠ ਨੇ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਖਾਲਸੇ ਦੇ ਹੋਏ ਜਾਨੀ ਨੁਕਸਾਨ ਦਾ ਅਹਿਸਾਸ ਨਹੀਂ ਹੋਣ ਦਿੱਤਾ।

**ਤਲਵੰਡੀ ਸਾਬੋ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ (ਦਮਦਮੀ ਬੀੜ)**

ਤਲਵੰਡੀ ਸਾਬੋ ਵਿਖੇ ਨਿਵਾਸ ਦੇ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਦੇ ਭਲੇ ਹਿੱਤ ਜੋ ਸਭ ਤੋਂ ਮਹਾਨ ਕਾਰਜ ਕੀਤਾ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਨਾਲ ਸੰਬੰਧਿਤ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ 1604 ਈ: ਵਿੱਚ ਕਰਕੇ ਇਸ ਦਾ ਪ੍ਰਕਾਸ਼ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਕੀਤਾ ਸੀ। ਗੁਰੂ ਹਰਗੋਬਿੰਦ ਸਾਹਿਬ ਦੇ ਮੁਗਲਾਂ ਨਾਲ ਸੰਘਰਸ਼ ਦੌਰਾਨ ਗੁਰੂ ਸਾਹਿਬ ਨੂੰ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਵਿੱਚ ਨਿਵਾਸ ਕਰਨਾ ਪਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਧੀਰ ਮੱਲ ਦੇ ਪਾਸ ਰਹਿ ਗਈ ਸੀ, ਜਿਸ ਨੂੰ ਇਤਿਹਾਸ ਵਿੱਚ ਕਰਤਾਰਪੁਰੀ ਬੀੜ ਕਰਕੇ ਜਾਣਿਆ ਜਾਂਦਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਉੱਪਰ ਗੁਰੂ ਘਰ ਵਿਰੋਧੀ ਮੀਣਾ ਸੰਪ੍ਰਦਾਇ ਦਾ ਕਬਜ਼ਾ ਹੋ ਗਿਆ ਸੀ। ਮੀਣਾ ਸੰਪ੍ਰਦਾਇ ਦੇ ਆਗੂਆਂ ਨੇ ਨਾਨਕ ਛਾਪ ਹੇਠ ਕੱਚੀ ਬਾਣੀ ਰਚਕੇ ਗੁਰਬਾਣੀ ਵਿੱਚ ਰਲਾਵਟ ਪਾਉਣ ਦੇ ਯਤਨ ਕਰ ਦਿੱਤੇ ਸਨ। ਸਿੱਖ ਗੁਰੂ ਸਾਹਿਬਾਨ ਦੇ ਕੇਂਦਰੀ ਪੰਜਾਬ ਵਿੱਚੋਂ ਸ਼ਿਵਾਲਿਕ ਖੇਤਰ ਵੱਲ ਚਲੇ ਜਾਣ ਨਾਲ ਸਿੱਖ ਧਰਮ ਗ੍ਰੰਥ ਦੇ ਸ਼ੁੱਧ-ਪਾਠ ਤੇ ਸਰੂਪ ਬਾਰੇ ਕਈ ਸ਼ੰਕੇ ਖੜੇ ਹੋ ਗਏ ਸਨ। ਕਈਆਂ ਪੁਰਾਤਨ ਹੱਥ-ਲਿਖਤ ਬੀੜਾਂ ਵਿੱਚ ਮੀਰਾਂ ਬਾਈ ਦੇ ਪਦ ਪ੍ਰਵੇਸ਼ ਕਰਨ ਤੋਂ ਇਲਾਵਾ ਭਗਤਾਂ ਦੇ ਕਈ ਹੋਰ ਵਾਧੂ ਸ਼ਬਦ ਵੀ ਸ਼ਾਮਿਲ ਕਰ ਲਏ ਗਏ ਸਨ। ਇਸੇ ਹੀ ਤਰ੍ਹਾਂ ਸਿੱਖ ਗੁਰੂਆਂ ਦੇ ਨਾਮ ਹੇਠ ਕੱਚੀ ਬਾਣੀ ਵੀ ਪ੍ਰਵੇਸ਼ ਪਾ ਗਈ ਸੀ। ਸਿੱਖਾਂ ਦੇ ਨਿਤਨੇਮ ਵਿੱਚ ਕੁਲ ਕਿਤਨੇ ਸ਼ਬਦ ਹਨ, ਇਸ ਬਾਰੇ ਮੱਤਭੇਦ ਸਨ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ ਸ਼ੁੱਧ ਸਰੂਪ ਤੇ ਗ੍ਰੰਥ ਵਿੱਚ ਸਥਾਨ ਬਾਰੇ ਵੀ ਕੋਈ ਇਕਸਾਰਤਾ ਨਹੀਂ

ਸੀ। ਅਜਿਹੇ ਮੱਤ-ਭੇਦਾਂ ਨੂੰ ਹਮੇਸ਼ਾਂ ਲਈ ਖਤਮ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਪ੍ਰਦਾਨ ਕਰਨ ਲਈ ਉੱਦਮ ਕੀਤਾ। ਕਿਹਾ ਜਾਂਦਾ ਹੈ ਕਿ ਇਸ ਉਦੇਸ਼ ਹਿੱਤ ਉਨ੍ਹਾਂ ਨੇ ਧੀਰ ਮੱਲੀਆਂ ਤੋਂ ਆਦਿ ਬੀੜ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਜਦ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਆਦਿ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ,[57] ਤਾਂ ਗੁਰੂ ਜੀ ਨੇ ਭਾਈ ਮਨੀ ਸਿੰਘ ਦੀ ਸਹਾਇਤਾ ਨਾਲ ਸਿੱਖ ਧਰਮ ਗ੍ਰੰਥ ਦੀ ਪੁਨਰ ਸਿਰਜਨਾ ਦਾ ਕਾਰਜ ਆਰੰਭਿਆ। ਰਾਗਾਂ ਦੀ ਵੰਡ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੱਖ-ਵੱਖ ਰਾਗਾਂ ਵਿੱਚ ਪਰੋ ਕੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਗਿਆ। ਕੱਚੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਿੱਚ ਪ੍ਰਵੇਸ਼ ਕਰ ਗਈ ਸੀ ਉਸਨੂੰ ਖਾਰਜ ਕਰ ਦਿੱਤਾ ਗਿਆ। ਨਿਤਨੇਮ ਦੇ ਕੁਲ ਸ਼ਬਦ ਨਿਸ਼ਚਿਤ ਕਰ ਦਿੱਤੇ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਰਾਗਾਂ ਅਨੁਸਾਰ ਸ਼ਾਮਿਲ ਕਰਕੇ ਸਲੋਕਾਂ ਦਾ ਸਥਾਨ ਪੱਕੇ ਤੌਰ ਤੇ ਨਿਸ਼ਚਿਤ ਕੀਤਾ। ਇਉਂ ਅੰਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਸਰੂਪ ਤਿਆਰ ਹੋਇਆ ਉਸ ਨੂੰ 'ਦਮਦਮੀ ਬੀੜ' ਕਰਕੇ ਜਾਣਿਆ ਜਾਂਦਾ ਹੈ।

ਇਸ ਮਹਾਨ ਕਾਰਜ ਦੀ ਸਫ਼ਲਤਾ ਵਾਸਤੇ ਦਮਦਮਾ ਸਾਹਿਬ ਦੇ ਨਜ਼ਦੀਕ ਹੀ ਵਿਸ਼ੇਸ਼ ਤੰਬੂ ਲਾਇਆ ਗਿਆ। ਗੁਰੂ ਸਾਹਿਬ ਬਾਣੀ ਉਚਾਰਦੇ ਸਨ ਅਤੇ ਭਾਈ ਮਨੀ ਸਿੰਘ ਉਸ ਨੂੰ ਕਲਮ ਨਾਲ ਲਿਖਦੇ ਸਨ। ਬਾਬਾ ਦੀਪ ਸਿੰਘ ਜੀ (ਸ਼ਹੀਦ) ਸਹਾਇਕ ਲਿਖਾਰੀ ਦੀ ਸੇਵਾ ਨਿਭਾਉਂਦੇ ਸਨ। ਉਹ ਗੁਰਬਾਣੀ ਦੀ ਲਿਖਾਈ ਲਈ ਕਾਗਜ਼, ਕਲਮਾਂ ਤੇ ਸਿਆਹੀ ਦਾ ਪ੍ਰਬੰਧ ਕਰਦੇ ਸਨ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਅਨੁਸਾਰ, ਇੱਕ ਵਾਰ ਸਿੱਖ ਸੰਗਤ ਨੇ ਛੇਵੇਂ ਗੁਰੂ ਸਾਹਿਬ ਨੂੰ ਬੇਨਤੀ ਕੀਤੀ," ਸੱਚੇ ਪਾਤਸ਼ਾਹ! ਪਹਿਲੇ ਸਤਿਗੁਰਾਂ ਦੀ ਤਰ੍ਹਾਂ ਆਪ ਜੀ ਨੇ ਗੁਰਬਾਣੀ ਉਚਾਰਨ ਕਿਉਂ ਨਹੀ ਕੀਤੀ?" ਗੁਰੂ ਸਾਹਿਬ ਨੇ ਉਤਰ ਦਿੱਤਾ," ਅਸੀਂ ਦਸਵੇਂ ਸਰੂਪ ਵਿਚ ਮਾਲਵੇ (ਤਲਵੰਡੀ ਸਾਬੋ) ਵਿਚ ਗੁਰੂ ਕੀ ਕਾਸ਼ੀ ਦੀ ਸਥਾਪਨਾ ਕਰਾਂਗੇ। ਉਸ ਦਾ ਨਾਮ ਦਮਦਮਾ (ਸਾਹਿਬ) ਧਰਾਂਗੇ। ਆਦਿ ਤੋਂ ਅੰਤ ਤੱਕ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਨੂੰ ਉਚਾਰਾਂਗੇ। ਜਿਸ ਵਿਚ ਇਕ ਅਖਰ ਦਾ ਵੀ ਭੇਦ (ਵਾਧਾ-ਘਾਟਾ) ਨਹੀ ਹੋਵੇਗਾ। ਉਸ ਬੀੜ ਤੋਂ ਹੋਰ ਸਰੂਪਾਂ ਦੇ ਉਤਾਰੇ ਹੋਣਗੇ।[58]

---

[57] *ਪੰਥ ਪ੍ਰਕਾਸ਼,* ਭਾਗ ਪਹਿਲਾ, ਪੰਨਾ 1781; ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ,* ਪੰਨਾ 151

[58] *ਗੁਰ ਬਿਲਾਸ ਪਾਤਸ਼ਾਹੀ ਛੇਵੀਂ,* ਪੰਨਾ 280

'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਗਿਆਨੀ ਗਿਆਨ ਸਿੰਘ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਉਣ ਬਾਰੇ ਇੰਝ ਲਿਖਦੇ ਹਨ:

"ਨਾਹਿ ਅਵਕਾਸ਼ ਰਚਾਨੇ ਕੇਰਾ। ਮਿਲਿਓ ਥਾ, ਬਹੁ ਬਢਯੋ ਬਖੇਰਾ।
ਅਬਿ ਅਵਕਾਸ਼ ਪਾਇ ਗੁਰੁ ਗਯਾਨੀ। ਗ੍ਰੰਥ ਰਚਨ ਕੀ ਤਯਾਰੀ ਠਾਨੀ।
ਜੋ ਜੰਗਲ ਮੰਗਲ ਪਰ ਦਾਈ। ਅਬਿ ਦਰਵਾਰ ਉਦਾਰ ਜਹਾਂ-ਈ।
ਤੰਬੂ ਤਹਾਂ ਕਨਾਤ ਲਗਾਈ। ਭੀਤਰ ਬੈਠੇ ਆਪ ਗੁਸਾਂਈਂ।
ਮਨੀ ਸਿੰਘ ਕੋ ਲਿਖਨ ਬਿਠਾਯੋ। ਨਿਤ ਦੁਇ ਪਹਿਰ ਸੰਕੇਤ ਠਰਾਯੋ।
ਸਤਿਗੁਰੂ ਗਏ ਉਚਾਰਤ ਜੈਸੈ। ਬਾਨੀ ਲਿਖੀ ਸਿੱਖ ਤਹਿ ਜੈਸੇ।"[59]

ਇਤਿਹਾਸਕਾਰ ਡਾ. ਗੰਡਾ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਦੇ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਯਾਦ ਸ਼ਕਤੀ ਵਿਚੋਂ ਸਾਰਾ ਗੁਰੂ ਗ੍ਰੰਥ ਸਾਹਿਬ ਜ਼ੁਬਾਨੀ ਹੀ ਲਿਖਵਾ ਦਿੱਤਾ ਸੀ, ਇਸ ਯਾਦ ਸ਼ਕਤੀ ਦੀ ਕਰਾਮਾਤ ਦਾ ਜ਼ਿਕਰ 'ਗੁਰਬਿਲਾਸ' ਅਤੇ 'ਸੂਰਜ ਪ੍ਰਕਾਸ਼' ਵਿਚ ਨਹੀ ਆਉਂਦਾ।[60] ਭਾਵ ਕਿ ਡਾ. ਗੰਡਾ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਇਸ ਗੱਲ ਨਾਲ ਸਹਿਮਤ ਹੁੰਦੇ ਨਹੀ ਜਾਪਦੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਵਿਖੇ ਆਪਣੀ ਯਾਦ ਸ਼ਕਤੀ ਨਾਲ ਕੰਠ ਤੋਂ ਬਾਣੀ ਉਚਾਰ ਕੇ ਸਾਰਾ ਗੁਰੂ ਗ੍ਰੰਥ ਸਾਹਿਬ ਲਿਖਵਾਇਆ ਸੀ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਗੰਡਾ ਸਿੰਘ ਅਤੇ ਤੇਜਾ ਸਿੰਘ ਨੇ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਅਤੇ ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' ਦੀਆਂ ਉਪਰੋਕਤ ਲਿਖਤਾਂ ਨੂੰ ਨਜ਼ਰ-ਅੰਦਾਜ਼ ਕੀਤਾ ਹੈ। ਭਾਈ ਕਾਹਨ ਸਿੰਘ ਨਾਭਾ ਨੇ ਵੀ ਮਹਾਨ ਕੋਸ਼ ਵਿਚ ਇਸ ਬਾਰੇ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ (ਸਾਬੋ ਤਲਵੰਡੀ) ਦੇ ਸਥਾਨ ਤੇ ਆਪਣੀ ਆਤਮਿਕ ਸ਼ਕਤੀ ਨਾਲ ਕੰਠ ਤੋਂ ਬਾਣੀ ਉਚਾਰ ਕੇ ਸਾਰਾ ਗੁਰੂ ਗ੍ਰੰਥ ਸਾਹਿਬ ਲਿਖਵਾਇਆ।[61] ਸਿੱਖ ਵਿਸ਼ਵਾਸ ਅਨੁਸਾਰ ਵੀ ਇਹ ਬੜੀ ਮਜ਼ਬੂਤ ਰਿਵਾਇਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਆਪਣੀ ਯਾਦ

---

59 *ਪੰਥ ਪ੍ਰਕਾਸ਼, ਭਾਗ ਪਹਿਲਾ,* ਪੰਨਾ 1782

60 ਪ੍ਰਿੰ. ਤੇਜਾ ਸਿੰਘ ਡਾ. ਗੰਡਾ ਸਿੰਘ, *ਸਿੱਖ ਇਤਿਹਾਸ (1469ਈ.-1765), (ਅਨੁ.) ਡਾ. ਭਗਤ ਸਿੰਘ,* ਪੰਨਾ 77

61 ਭਾਈ ਕਾਹਨ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 1563

ਸ਼ਕਤੀ ਵਿਚੋਂ ਸਾਰਾ ਗੁਰੂ ਗ੍ਰੰਥ ਸਾਹਿਬ ਮੂੰਹ-ਜ਼ੁਬਾਨੀ ਹੀ ਉਚਾਰ ਕੇ ਲਿਖਵਾਇਆ ਸੀ। ਇਸ ਵਿਚ ਕਰਾਮਾਤ ਵਾਲੀ ਵੀ ਕੋਈ ਗੱਲ ਨਹੀਂ ਜਾਪਦੀ। ਗੁਰੂ ਗੋਬਿੰਦ ਸਿੰਘ ਜੀ ਕੋਈ ਸਧਾਰਨ ਵਿਅਕਤੀ ਨਹੀ ਸਨ। ਇਸ ਤੋਂ ਇਲਾਵਾ ਪੁਰਾਣੇ ਸਮੇਂ ਵਿਚ ਭੱਟਾਂ ਅਤੇ ਕਥਾਕਾਰਾਂ ਦੁਆਰਾ ਯਾਦਦਸ਼ਤ ਵਿਚੋਂ ਸਾਰਾ ਮਹਾਂਕਾਵਿ ਉਚਾਰਣਾ ਕੋਈ ਅਸਧਾਰਣ ਗੱਲ ਨਹੀਂ ਸੀ। ਉਪਰੋਕਤ ਲਿਖਤਾਂ ਅਤੇ ਰਿਵਾਇਤ ਦੀ ਰੋਸ਼ਨੀ ਵਿਚ ਇਹ ਗੱਲ ਬਹੁਤ ਹੀ ਭਰੋਸੇ ਨਾਲ ਕਹੀ ਜਾ ਸਕਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਆਪਣੀ ਆਤਮਿਕ ਸ਼ਕਤੀ ਨਾਲ ਮੂੰਹ-ਜ਼ਬਾਨੀ ਹੀ ਬਾਣੀ ਉਚਾਰ ਕੇ ਸਾਰਾ ਗੁਰੂ ਗ੍ਰੰਥ ਸਾਹਿਬ ਲਿਖਵਾਇਆ ਸੀ।

ਡਾ. ਗੰਡਾ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਇਸ ਗੱਲ ਨੂੰ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਸ ਥਾਂ (ਤਲਵੰਡੀ ਸਾਬੋ) ਬੈਠ ਕੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੀ ਸੀ, ਇਸ ਆਧਾਰ ਤੇ ਖੰਡਿਤ ਕਰਦੇ ਹਨ ਕਿ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਇੱਕ ਬੀੜ ਮੌਜੂਦ ਹੈ ਜਿਸ ਉਪਰ 1748 ਬਿਕਰਮੀ (1691 ਈ.) ਦੀ ਮਿਤੀ ਦਰਜ ਹੈ ਅਤੇ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਆਪਣੀ ਸਹੀ ਥਾਂ ਉੱਤੇ ਲਿਖੀ ਹੋਈ ਹੈ। ਉਹਨਾਂ ਅਨੁਸਾਰ ਇੱਕ ਹੋਰ ਅਜਿਹੀ ਬੀੜ ਢਾਕੇ ਵਿੱਚੋਂ ਮਿਲੀ ਹੈ ਜੋ ਇਸ ਪਟਨਾ ਸਾਹਿਬ ਵਾਲੀ ਬੀੜ ਤੋਂ ਪਹਿਲਾਂ ਦੀ ਹੈ ਅਤੇ ਇਹ ਬੀੜ ਗੁਰੂ ਗੋਬਿੰਦ ਸਿੰਘ ਜੀ ਦੇ ਗੱਦੀ ਉੱਤੇ ਬੈਠਣ ਦੇ ਪਹਿਲੇ ਸਾਲ ਵਿਚ ਹੀ ,1675 ਈ. ਵਿਚ ਲਿਖੀ ਗਈ ਸੀ।[62] 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ' ਦੇ ਲੇਖਕ ਜੀ. ਬੀ. ਸਿੰਘ ਅਨੁਸਾਰ ਇਹ 'ਢਾਕਾ ਸੰਗਤ ਵਾਲੀ ਬੀੜ' ਹੀ 'ਦਮਦਮੇ ਵਾਲੀ ਬੀੜ' ਹੈ ਜਿਹੜੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ (ਮਾਖੋਵਾਲ) ਵਿਚ ਦਮਦਮੇ (ਆਦਿ ਸਿੰਘਾਸਣ) ਦੇ ਸਥਾਨ ਤੇ ਲਿਖਾਈ ਸੀ (ਨਾਂ ਕਿ ਦਮਦਮਾ ਸਾਹਿਬ ਤਲਵੰਡੀ ਸਾਬੋ)।[63]

ਭਾਈ ਜੋਧ ਸਿੰਘ ਨੇ 'ਪ੍ਰਾਚੀਨ ਬੀੜਾਂ ਬਾਰੇ ਭੁੱਲਾਂ ਦੀ ਸੋਧਨ' ਕਿਤਾਬ ਵਿਚ ਢਾਕੇ ਵਾਲੀ ਬੀੜ ਬਾਰੇ ਵਿਸਤਾਰ ਸਹਿਤ ਵਰਣਨ ਕੀਤਾ ਹੈ। ਭਾਈ ਜੋਧ ਸਿੰਘ ਦੇ ਅਨੁਸਾਰ ਇਹ ਬੀੜ ਭਾਈ ਬੰਨੋ ਵਾਲੀ

---

[62] ਪ੍ਰਿੰ. ਤੇਜਾ ਸਿੰਘ ਡਾ. ਗੰਡਾ ਸਿੰਘ, *ਉਕਤ,* ਪੰਨਾ 77

[63] ਜੀ.ਬੀ. ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ,* ਪੰਨਾ 217

ਬੀੜ ਦੀ ਇੱਕ ਅਸ਼ੁੱਧ ਨਕਲ ਹੈ। ਇਹ ਬੀੜ ਅਸ਼ੁੱਧੀਆਂ ਨਾਲ ਭਰੀ ਪਈ ਹੈ। ਇਸ ਵਿਚ ਮੀਰਾਂ ਬਾਈ ਦਾ ਸ਼ਬਦ ਲਿਖਿਆ ਹੋਇਆ ਹੈ ਅਤੇ ਨਿਤਨੇਮ ਰਹਰਾਸਿ ਬਾਣੀ ਵਿਚ ਸਿਰਫ ਪੰਜ ਸ਼ਬਦ ਹੀ ਦਰਜ ਹਨ ਤੇ ਚਾਰ ਸ਼ਬਦ, ਜੋ ਪਿਛੋਂ ਸ਼ਾਮਿਲ ਹੋਏ ਹਨ, ਦਰਜ ਨਹੀ ਹਨ। ਅਜਿਹੀ ਅਸ਼ੁੱਧ ਬੀੜ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਹੀ ਲਿਖਾਈ ਹੋ ਸਕਦੀ।[64]

ਦੂਜੀ ਹੱਥ-ਲਿਖਤ ਬੀੜ ਸ੍ਰੀ ਹਰਿਮੰਦਿਰ ਸਾਹਿਬ, ਤਖਤ ਸ੍ਰੀ ਪਟਨਾ ਸਾਹਿਬ, ਦੇ ਤੋਸ਼ਾਖਾਨੇ ਵਿਚ ਸੰਭਾਲੀ ਪਈ ਹੈ ਜਿਸ ਨੂੰ ਭਾਈ ਰਣਧੀਰ ਸਿੰਘ ਜੀ (ਨਾਰੰਗਵਾਲ) ਨੇ ਦਰਸਿਆ ਪਰਸਿਆ ਹੈ। ਭਾਈ ਸਾਹਿਬ ਦਸਦੇ ਹਨ ਕਿ ਇਹ ਗ੍ਰੰਥ ਸੰਮਤ 1749 (1692 ਈ.)ਵਿਚ ਲਿਖਿਆ ਹੋਇਆ ਹੈ ਅਤੇ ਇਸ ਗ੍ਰੰਥ ਦੇ ਪਤ੍ਰਾ-ਅੰਕ 1027 ਉੱਤੇ ਸੂਚਨਾ ਦਰਜ ਹੈ ਕਿ '੧ਓ॥ ਏਹੁ ਗਿਰੰਥ ਫਤੇ ਚੰਦ ਕੇ ਗਿਰੰਥ ਕਾ ਨਕਲ ਫਤੇ ਚੰਦ ਕਾ ਗਿਰੰਥ ਪੁਹਕਰ ਕੇ ਗਿਰੰਥ ਕਾ ਨਕਲ ਪੁਹਕਰ ਕਾ ਗਿਰੰਥ ਵੱਡੇ ਗਿਰੰਥ ਨਾਲਿ ਸੋਧਿਆ ਹੈ ਪੰਜਵੇਂ ਮਹਲ ਗੁਰਦਾਸ ਭਲੇ ਪਾਸਹੁੰ ਲਿਖਵਾਇਆ ਸੀ ਜੋ ਉਸ ਗਿਰੰਥ ਨਾਲਿ ਸੋਧੈ ਸੋ ਗਿਰੰਥ ਸੁਧ ਹੋਵੇ॥'[65] ਇਸ ਗ੍ਰੰਥ ਦੇ ਪਤ੍ਰਾ 1027 ਦੇ ਪਿਛਲੇ ਪਾਸੇ ਇਸ ਗ੍ਰੰਥ ਦੇ ਲਿਖਾਰੀ ਭਾਈ ਰਾਮ ਰਾਇ ਨੇ ਆਪਣੇ ਸੰਬੰਧੀ ਵੀ ਕੁਝ ਸੂਚਨਾ ਦਿੱਤੀ ਹੈ। ਭਾਈ ਸਾਹਿਬ ਲਿਖਦੇ ਹਨ ਪਹਿਲਾਂ ਇਹ ਗ੍ਰੰਥ ਪਤ੍ਰਾ-ਅੰਕ 1027 ਤੇ ਸਮਾਪਤ ਹੋ ਜਾਂਦਾ ਸੀ ਪ੍ਰੰਤੂ ਬਾਅਦ ਵਿਚ ਹੋਰ ਪਤ੍ਰੇ (1028-1035) ਸ਼ਾਮਿਲ ਕਰ ਕੇ ਸਲੋਕ ਮਹੱਲਾ 9, ਰਾਗਮਾਲਾ ਅਤੇ ਕੁਝ ਫਾਲਤੂ ਬਾਣੀਆਂ ਦਰਜ ਕੀਤੀਆਂ ਗਈਆਂ।[66] ਇਸ ਤਰ੍ਹਾਂ ਭਾਈ ਰਣਧੀਰ ਸਿੰਘ ਦੀਆਂ ਲਿਖਤਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਬੀੜ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਹੀ ਲਿਖਾਈ ਗਈ। ਡਾ.ਪਿਆਰ ਸਿੰਘ ਨੇ 'ਗਾਥਾ ਸ੍ਰੀ ਆਦਿ ਗ੍ਰੰਥ' ਵਿਚ ਇਸ ਗ੍ਰੰਥ ਨੂੰ 'ਭਾਈ ਰਾਮ ਰਾਇ ਲਿਖਿਤ ਬੀੜ' ਨਾਮ ਹੇਠ ਦਰਜ ਕੀਤਾ ਹੈ।[67]

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਹ ਦੋਵੇਂ ਬੀੜਾਂ (ਢਾਕਾ ਸੰਗਤ ਵਾਲੀ ਬੀੜ ਅਤੇ ਪਟਨਾ ਸਾਹਿਬ ਵਾਲੀ ਬੀੜ) ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਹੀ ਲਿਖਾਈਆਂ ਗਈਆਂ। ਨਿਰਸੰਦੇਹ, 1706ਈ.

---

64 ਭਾਈ ਜੋਧ ਸਿੰਘ, *ਪ੍ਰਾਚੀਨ ਬੀੜਾਂ ਬਾਰੇ ਭੁੱਲਾਂ ਦੀ ਸੋਧਨ,* ਪੰਨੇ 118-121

65 ਡਾ. ਪਿਆਰ ਸਿੰਘ, *ਗਾਥਾ ਸ੍ਰੀ ਆਦਿ ਗ੍ਰੰਥ,* ਪੰਨਾ 341

66 *ਉਹੀ,* ਪੰਨਾ 339

67 *ਉਹੀ*

ਤੋਂ ਪਹਿਲਾਂ ਦੀਆਂ ਕਈ ਬੀੜਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਹੈ ਪ੍ਰੰਤੂ ਬੇਤਰਤੀਬੇ ਢੰਗ ਨਾਲ ਹੈ, ਇਕਸਾਰਤਾ ਨਹੀ ਹੈ। ਇਹ ਬਾਣੀ ਕਿਸੇ ਹੋਰ ਦੁਆਰਾ ਸ਼ਾਮਿਲ ਕੀਤੀ ਹੋ ਸਕਦੀ ਹੈ ਪ੍ਰੰਤੂ ਖ਼ੁਦ ਗੁਰੂ ਸਾਹਿਬ ਦੁਆਰਾ ਨਹੀ। ਪੰਡਤ ਤਾਰਾ ਸਿੰਘ ਨਰੋਤਮ ਲਿਖਦੇ ਹਨ ਕਿ "ਈਹਾਂ (ਤਲਵੰਡੀ ਸਾਬੋ) ਗੁਰੂ ਜੀ ਨੇ ਨੈ ਮਹੀਨੇ ਵਾਸ ਕਰ ਗੁਰੂ ਤੇਗ ਬਹਾਦਰ ਜੀ ਕੇ ਸ਼ਬਦ ਮਿਲਾਇ ਕਰ ਤੀਸਰੀ ਬੀੜ[68] ਗ੍ਰੰਥ ਸਾਹਿਬ ਜੀ ਕੀ ਲਿਖਵਾਈ।"[69] ਪ੍ਰਚੱਲਤ ਸਿਖ ਰਿਵਾਇਤ ਦੇ ਅਨੁਸਾਰ 1706 ਈ. ਵਿਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਸਭ ਤੋਂ ਪਹਿਲਾਂ ਦਸਮ ਗੁਰੂ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪਾਵਨ ਬੀੜ ਵਿਚ ਸ਼ਾਮਿਲ ਕੀਤੀ ਅਤੇ ਇਹ ਦਮਦਮੀ ਬੀੜ ਹੀ ਸੀ ਜਿਸ ਨੂੰ ਗੁਰੂ ਸਾਹਿਬ ਵੱਲੋਂ 1708 ਈ. ਵਿਚ ਨਾਂਦੇੜ ਵਿਖੇ ਗੁਰਤਾ-ਗੱਦੀ ਬਖ਼ਸ਼ੀ ਗਈ। ਸਿੱਖ ਵਿਸ਼ਵਾਸ ਵਿਚ ਇਹ ਰਿਵਾਇਤ ਇਤਨੀ ਪਕੇਰੇ ਰੂਪ ਵਿਚ ਪ੍ਰਚੱਲਿਤ ਹੈ ਜਿਸ ਤੋਂ ਇਹ ਗੱਲ ਮੰਨੀ ਜਾ ਸਕਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 1706 ਈ. ਵਿਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਹੀ ਸਭ ਤੋਂ ਪਹਿਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪਾਵਨ ਬੀੜ ਵਿਚ ਸ਼ਾਮਿਲ ਕੀਤੀ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਾ-ਤਰਤੀਬ ਰਾਗਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਵਿਚ ਸ਼ਾਮਿਲ ਕਰ ਕੇ ਇਸ ਨੂੰ ਸੰਪੂਰਣ ਰੂਪ ਦਿੱਤਾ, ਉਹਨਾਂ ਨੇ ਕੁਝ ਫ਼ਾਲਤੂ ਅਤੇ ਅਪ੍ਰਮਾਣੀਕ ਬਾਣੀਆਂ, ਜੋ 1706 ਈ. ਤੋਂ ਪਹਿਲਾਂ ਦੀਆਂ ਕੁਝ ਹੱਥ-ਲਿਖਤ ਬੀੜਾਂ ਵਿਚ ਦਾਖਲ ਹੋ ਗਈਆਂ ਸਨ, ਨੂੰ ਬਾਹਰ ਕੱਢਿਆ। ਇਹ ਫ਼ਾਲਤੂ ਬਾਣੀਆਂ ਨਿਮਨ-ਲਿਖਤ ਰਚਨਾਵਾਂ ਹਨ:[70]

---

68 ਸਿੱਖ ਪਰੰਪਰਾ ਵਿਚ ਕਰਤਾਰਪੁਰੀ ਬੀੜ ਜਾਂ ਆਦਿ ਬੀੜ ਨੂੰ ਪਹਿਲੀ ਬੀੜ, ਭਾਈ ਬੰਨੋ ਵਾਲੀ ਬੀੜ ਨੂੰ ਦੂਜੀ ਬੀੜ ਅਤੇ ਦਮਦਮੀ ਬੀੜ ਨੂੰ ਤੀਸਰੀ ਬੀੜ ਕਿਹਾ ਜਾਂਦਾ ਹੈ।

69 ਪੰਡਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ,* ਪੰਨਾ 186

70 ਭਗਤ ਸਿੰਘ, *ਗੁਰ ਬਿਲਾਸ ਪਾਤਸ਼ਾਹੀ ਛੇਵੀਂ,* ਪੰਨਾ 151; ਕਾਹਨ ਸਿੰਘ, *ਮਹਾਨ ਕੋਸ਼,* ਪੰਨਾ 1562; ਪ੍ਰੋ. ਸਾਹਿਬ ਸਿੰਘ, *ਆਦਿ ਬੀੜ ਬਾਰੇ,* ਪੰਨੇ 146, 148; ਭਾਈ ਜੋਧ ਸਿੰਘ, *ਪ੍ਰਾਚੀਨ ਬੀੜਾਂ ਬਾਰੇ ਭੁੱਲਾਂ ਦੀ ਸੋਧਨ,* ਪੰਨੇ 84, 116; ਡਾ. ਪਿਆਰ ਸਿੰਘ, *ਗਾਥਾ ਸ੍ਰੀ ਆਦਿ ਗ੍ਰੰਥ,* ਪੰਨੇ 123, 475-488 (ਡਾ. ਪਿਆਰ ਸਿੰਘ 'ਰਾਗਮਾਲਾ' ਨੂੰ ਵੀ ਫ਼ਾਲਤੂ ਬਾਣੀ ਲਿਖਦੇ ਹਨ, ਪਰੰਤੂ ਇਹ ਗੱਲ ਦਰੁੱਸਤ ਨਹੀ। ਵਧੇਰੇ ਜਾਣਕਾਰੀ ਲਈ ਦੇਖੋ, ਭਾਈ ਜੋਧ ਸਿੰਘ, ਕਰਤਾਰਪੁਰੀ ਬੀੜ ਦੇ ਦਰਸ਼ਨ ਅਤੇ ਪ੍ਰੋ. ਸਾਹਿਬ ਸਿੰਘ, ਆਦਿ ਬੀੜ ਬਾਰੇ,); Jasbir Singh Mann, "Final standardization of Guru Granth Sahib (Damdami Bir) at Damdama Sahib Sabo Talwandi 1706", one Granth, one Panth and one Rehat Maryada.

- ਸਲੋਕ ਮਹਲਾ ੧(ਪਹਿਲਾ) 'ਜਿਤੁ ਦਰ ਲਖ ਮੁਹੰਮਦਾ...., ਏਸੁ ਕਲੀਓ ਪੰਜ ਭੀਤੀਓ...., ਨਾਨਕ ਛਿੰਜ ਪਈ ਦਰਵਾਜੈ....' (ਤਿੰਨ ਸਲੋਕ) ਗੁਰੂ ਨਾਨਕ ਦੇਵ ਜੀ ਦੇ ਨਾਮ ਹੇਠ ਦਰਜ ਮਿਲਦੇ ਹਨ।
- ਸਲੋਕ ਮਹਲਾ ੧(ਪਹਿਲਾ) 'ਬਾਇ ਆਤਿਸ਼ ਆਬ ਖਾਕ....ਆਪਿਓ ਹੋਇ ਤਾ ਛੁਰਿ ਮਰਾਂ ਸਚ ਸਦਾ ਬਖਸੰਦ।' (ਸੋਲਾਂ ਸਲੋਕ) ਗੁਰੂ ਨਾਨਕ ਦੇਵ ਜੀ ਦੇ ਨਾਮ ਹੇਠ ਦਰਜ ਮਿਲਦੇ ਹਨ।
- ਰਤਨਮਾਲਾ ਰਾਗ ਰਾਮਕਲੀ ਮਹਲਾ ੧(ਪਹਿਲਾ) 'ਆਸਨ ਸਾਧ ਨਿਰਾਲਮ ਰਹੈ....ਨਾਨਕ ਕਹੈ ਸੋਈ ਬੈਰਾਗੀ।' (ਪੱਚੀ ਪੰਕਤੀਆਂ)
- ਰਾਗੁ ਮਾਰੂ ਵਿਚ ਮੀਰਾ ਬਾਈ ਦਾ ਸ਼ਬਦ 'ਮਨੁ ਹਮਾਰਾ ਬਾਧਿਓ ਮਾਈ, ਕਵਲ ਨੈਨ ਆਪਣੇ ....'
- ਰਾਗੁ ਸਾਰੰਗ ਦੇ ਅੰਤ ਵਿਚ ਭਗਤ ਸੂਰਦਾਸ ਦਾ ਪੂਰਾ ਸ਼ਬਦ 'ਛਾਡਿ ਮਨ ਹਰਿ ਬਿਮੁਖਨ ਕੋ ਸੰਗ....' (ਜਦੋਂ ਕਿ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿਚ ਛੇ ਸ਼ਬਦਾਂ ਦੀ ਸਿਰਫ਼ ਪਹਿਲੀ ਇੱਕ ਤੁੱਕ ਸ਼ਾਮਿਲ ਕੀਤੀ ਸੀ।)
- ਰਾਗੁ ਗੂਜਰੀ ਵਿਚ ਭਗਤ ਤ੍ਰਿਲੋਚਨ ਦਾ ਵਾਧੂ ਸ਼ਬਦ 'ਨਵਨਿਧਿ ਪਰਸੀ ਤਉ ਕਾਹਿ ਰੇ....'
- ਰਾਗੁ ਧਨਾਸਰੀ ਵਿਚ ਭਗਤ ਨਾਮਦੇਵ ਦਾ ਵਾਧੂ ਸ਼ਬਦ 'ਸਾਤ ਸਮੁੰਦ ਜਾ ਕੀ ਹੈ ਕਿਰਣੀ....'
- ਰਾਗੁ ਗਉੜੀ ਵਿਚ ਭਗਤ ਕਬੀਰ ਦਾ ਦੁਪਦਾ 'ਵਾਰ ਸੱਤ' ਦੇ ਆਰੰਭ ਤੇ 'ਧਰ ਅੰਬਰ ਵਿਚਿ ਬੇਲੜੀ' ਅਤੇ ਰਾਗੁ ਸੋਰਠਿ ਵਿਚ ਭਗਤ ਕਬੀਰ ਦਾ ਪਦਾ 'ਅਉਧੂ ਸੋ ਜੋਗੀ ਗੁਰੁ ਮੇਰਾ....'
- ਹਕੀਕਤ ਰਾਹੁ ਮੁਕਾਮ ਰਾਜੇ ਸ਼ਿਭਨਾਭ ਕੀ
- ਸਿਆਹੀ ਕੀ ਬਿਧੀ, ਦੋ ਰੂਪਾਂ ਵਿਚ ਵੱਡਾ ਅਤੇ ਛੋਟਾ
- ਸਾਖੀ ਮਹੱਲਾ ੫ ਜਾਂ ਸਾਖੀ ਗੁਰੂ ਬਾਬੇ ਦੀ ਜਾਂ ਸਾਖੀ ਗੁਰੂ ਅਮਰਦਾਸ ਕੀ (ਪੰਜ ਕੰਮ ਕਰੈ, ਪੰਜ ਕੰਮ ਨ ਕਰੈ) ਬਾਹੋਵਾਲ ਵਾਲੀ ਪੋਥੀ ਅਤੇ ਕੁਝ ਹੋਰ ਹੱਥ-ਲਿਖਤ ਸਰੂਪਾਂ ਵਿਚ ਮਿਲਦੀ ਹੈ।
- ਚਲਿਤ੍ਰ ਜੋਤੀ ਜੋਤਿ ਸਮਾਵਣੇ ਕੇ (ਪਹਿਲੇ ਨੌਂ ਗੁਰੂ ਸਾਹਿਬਾਨ ਦੇ ਚਲਾਣੇ ਦੀਆਂ ਥਿੱਤਾਂ)
- ਨਸੀਹਤਨਾਮਾ, ਹਾਜ਼ਰੀਨਾਮਾ ਅਤੇ ਪੈਂਤੀ ਅੱਖਰੀ ਕੁਝ ਗੁਟਕਿਆਂ ਅਤੇ ਹੱਥ-ਲਿਖਤ ਸਰੂਪਾਂ ਵਿਚ ਮਿਲਦੀ ਹੈ।

ਇਸ ਤੋਂ ਇਲਾਵਾ, ਗੁਰੂ ਸਾਹਿਬ ਦੁਆਰਾ ਨਿਮਨ-ਲਿਖਤ ਅਨੁਸਾਰ ਕੁਝ ਸ਼ਬਦ ਸਹੀ ਥਾਂ ਤੇ ਨਿਰਧਾਰਤ

ਕੀਤੇ ਗਏ।[71]

- 54ਵਾਂ ਸਲੋਕ 'ਬਲ ਹੂਆ ਬੰਧਨ ਛੁਟੇ....' ਜੋ ਕੁਝ ਬੀੜਾਂ ਵਿਚ ਮਹਲਾ ਦਸਵਾਂ ਹੇਠ ਦਰਜ ਮਿਲਦਾ ਸੀ, ਨੂੰ ਨੌਵੇ ਮਹਲੇ ਦੇ ਸਲੋਕਾਂ ਵਿਚ ਨਿਸ਼ਚਿਤ ਕੀਤਾ ।
- ਬਸੰਤ ਕੀ ਵਾਰ ਮਹਲਾ ਪੰਜਵਾਂ ਦੇ ਤਿੰਨ ਸਲੋਕ ਸਹੀ ਥਾਂ ਤੇ ਨਿਰਧਾਰਿਤ ਕੀਤੇ, ਜੋ ਕੁਝ ਹੱਥ-ਲਿਖਤ ਬੀੜਾਂ ਦੇ ਅੰਤ ਵਿਚ ਮਹਲਾ ਪਹਿਲਾ ਹੇਠ ਦਰਜ ਮਿਲਦੇ ਹਨ।
- ਰਾਗ ਜੈਜਾਵੰਤੀ ਵਿਚ ਨੌਵੇਂ ਗੁਰੂ ਦੇ ਸ਼ਬਦ 31ਵੇਂ ਰਾਗ ਹੇਠ ਨਿਸ਼ਚਿਤ ਕੀਤੇ, ਕਿਉਂਕਿ ਕਈ ਹੱਥ-ਲਿਖਤ ਬੀੜਾਂ ਵਿਚ ਇਹ ਸ਼ਬਦ ਰਾਗ ਜੈਤਸਰੀ ਹੇਠ ਜਾਂ ਜੈਤਸਰੀ ਰਾਗ ਤੋਂ ਬਾਅਦ ਵੱਖਰੇ ਰਾਗ ਹੇਠ ਜਾਂ ਕਈ ਵਾਰ ਰਾਗ ਗਉੜੀ ਤੋਂ ਪਹਿਲਾ ਅਤੇ ਬਾਅਦ ਵਿਚ ਦਰਜ ਹੋਏ ਮਿਲਦੇ ਹਨ।
- ਵਾਰਾਂ ਦੇ ਆਰੰਭ ਵਿਚ ਧੁਨੀਆਂ ਨਿਸ਼ਚਿਤ ਕੀਤੀਆਂ, ਜੋ ਕਈ ਬੀੜਾਂ ਵਿਚ ਅਲੋਪ ਸਨ।
- ਰਾਗਮਾਲਾ ਬੀੜ ਦੇ ਅੰਤ ਵਿਚ ਨਿਸ਼ਚਿਤ ਕੀਤੀ ਜਿਵੇਂ ਕਿ ਕਰਤਾਰਪੁਰੀ ਬੀੜ ਵਿਚ ਹੈ, ਕਿਉਂਕਿ ਕਈ ਹੱਥ-ਲਿਖਤ ਬੀੜਾਂ ਵਿਚ ਰਾਗਮਾਲਾ ਨਹੀ ਮਿਲਦੀ ਸੀ। ਉਹ ਸਿਰਫ ਮੁੰਦਾਵਣੀ ਨਾਲ ਸਮਾਪਤ ਹੁੰਦੀਆਂ ਸਨ।
- ਰਾਗ ਰਾਮਕਲੀ (ਛੰਤ) ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਬਦ 'ਰੁਣ ਝੁੰਝਨੜਾ ਗਾਉ ਸਖੀ .....' ਦੀਆਂ ਸਿਰਫ ਦੋ ਪੰਕਤੀਆਂ ਨਿਸ਼ਚਿਤ ਕੀਤੀਆਂ, ਕਿਉਂਕਿ ਕਈ ਹੱਥ-ਲਿਖਤ ਬੀੜਾਂ ਵਿਚ ਪੂਰਾ ਸ਼ਬਦ (ਚਾਰ ਪਦੇ) ਮਿਲਦਾ ਸੀ।
- 'ਸੋ ਪੁਰਖ' ਜੁੱਟ ਵਾਲੇ ਚਾਰ ਸ਼ਬਦਜੋੜ ਕੇ ਨਿਤਨੇਮ ਰਹਰਾਸਿ ਬਾਣੀ ਨੂੰ ਸੰਪੂਰਨ ਕੀਤਾ।[72]
- ਕਰਤਾਰਪੁਰੀ ਬੀੜ ਵਾਂਗ ਰਾਗਾਂ ਤੋਂ ਬਾਅਦ ਭੋਗ ਦੀਆਂ ਬਾਣੀਆਂ ਦੀ ਤਰਤੀਬ ਨਿਸ਼ਚਿਤ ਕੀਤੀ।

ਕੁਝ ਪਿਛਲੇਰੇ ਟਿਪਣੀਕਾਰ ਦਾਅਵਾ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਰਾਗ ਸੋਰਠਿ ਵਿਚ ਭਗਤ ਕਬੀਰ ਜੀ ਦੇ ਇੱਕ ਸ਼ਬਦ ਵਿਚ 'ਖਲਾਸੇ' ਸ਼ਬਦ ਦੀ ਥਾਂ ਸ਼ਬਦ 'ਖਾਲਸੇ' ਦਾ ਬਦਲ ਕੀਤਾ। ਪ੍ਰੰਤੂ ਇਹ

---

[71] Jasbir Singh Mann, "Final standardization of Guru Granth Sahib (Damdami Bir) at Damdama Sahib Sabo Talwandi 1706", one Granth, one Panth and one Rehat Maryada.

[72] ਪ੍ਰਿੰ.ਤੇਜਾ ਸਿੰਘ ਡਾ.ਗੰਡਾ ਸਿੰਘ, *ਉਕਤ,* ਪੰਨਾ 77

ਗੱਲ ਦਰੁਸਤ ਨਹੀ ਹੈ। ਕਿਉਂਕਿ ਕਬੀਰ ਜੀ ਦਾ ਪਹਿਲਾਂ ਹੀ ਪਾਠ 'ਖਾਲਸੇ' ਹੈ[73], ਜਿਵੇਂ ਕਿ ਕਰਤਾਰਪੁਰੀ ਅਤੇ ਹੋਰ ਹੱਥ-ਲਿਖਤ ਬੀੜਾਂ ਵਿਚ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਦਾ ਕਾਰਜ ਸੰਪੂਰਣ ਹੋਣ ਤੇ ਦੀਵਾਨ ਸਜਾਏ ਗਏ ਅਤੇ ਇਸ ਕਾਰਜ ਦੀ ਨਿਰਵਿਘਨ ਸਮਾਪਤੀ ਉੱਤੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਗਿਆ। ਬੀੜ ਦੀ ਤਿਆਰੀ ਲਈ ਵਰਤੀ ਗਈ ਸਿਆਹੀ ਅਤੇ ਕਲਮਾਂ ਗੁਰੂ ਜੀ ਨੇ ਤੰਬੂ ਦੇ ਨੇੜੇ ਸਰੋਵਰ ਵਿੱਚ ਪਾ ਦਿੱਤੀਆਂ ਅਤੇ ਇਹ ਸਰੋਵਰ ਤਲਵੰਡੀ ਸਾਬੋ ਵਿੱਚ ਅੱਜ ਵੀ ਮੌਜੂਦ ਹੈ ਅਤੇ 'ਲਿਖਣਸਰ ਸਰੋਵਰ' ਦੇ ਨਾਮ ਨਾਲ ਪ੍ਰਸਿੱਧ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਲਿਖਾਈ ਦਾ ਕੰਮ ਸੰਪੂਰਣ ਹੋਣ ਤੋਂ ਮਗਰੋਂ ਜਦੋਂ ਗੁਰੂ ਜੀ ਦੱਖਣ ਨੂੰ ਰਵਾਨਾ ਹੋਏ ਸਨ ਤਾਂ ਅਸਲੀ ਬੀੜ ਜੋ ਭਾਈ ਮਨੀ ਸਿੰਘ ਤੋਂ ਲਿਖਵਾਈ ਸੀ, ਗੁਰੂ ਸਾਹਿਬ ਆਪਣੇ ਨਾਲ ਨਾਂਦੇੜ ਲੈ ਗਏ ਅਤੇ ਉੱਥੇ ਹੀ ਇਸ ਬੀੜ ਨੂੰ ਗੁਰੂ-ਪਦ ਪ੍ਰਦਾਨ ਕੀਤਾ।[74] ਰਤਨ ਸਿੰਘ ਭੰਗੂ ਅਨੁਸਾਰ ਵੱਡੇ ਘੱਲੂਘਾਰੇ (1762 ਈ.) ਸਮੇਂ ਦੁਰਾਨੀਆਂ ਨਾਲ ਯੁੱਧ ਦੇ ਦੌਰਾਨ ਇਹ ਬੀੜ ਨਸ਼ਟ ਹੋ ਗਈ ਦੱਸੀ ਜਾਂਦੀ ਹੈ।[75] ਗਿਆਨੀ ਗਿਆਨ ਸਿੰਘ ਅਨੁਸਾਰ ਦੂਜੇ ਘੱਲੂਘਾਰੇ ਦੇ ਸਮੇਂ ਇਹ ਦਮਦਮੀ ਬੀੜ ਅਲੋਪ ਹੋ ਗਈ। ਗਿਆਨ ਸਿੰਘ ਲਿਖਦੇ ਹਨ ਕਿ ਵੱਡੇ ਬਜ਼ੁਰਗਾਂ ਤੋਂ ਸੁਣਦੇ ਹਾਂ ਕਿ ਵੱਡੇ ਘੱਲੂਘਾਰੇ ਵਿਚ ਇਹ ਬੀੜ ਅਹਿਮਦ ਸ਼ਾਹ ਦੁਰਾਨੀ ਲੈ ਗਿਆ ਸੀ ਅਤੇ ਹੁਣ ਇਹ ਕਾਬੁਲ ਵਿਖੇ ਵੱਡੀ ਧਰਮਸ਼ਾਲਾ ਵਿਚ ਸੁਭਾਇਮਾਨ ਹੈ। ਕੁਝ ਕਹਿੰਦੇ ਹਨ ਕਿ ਪਟਨਾ ਸਾਹਿਬ ਵਿਖੇ ਹੈ।[76] ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਪੰਨਾ ਨੰ. 1564 ਤੇ ਪੈਰ ਟੂਕ ਚ ਲਿਖਿਆ ਹੈ ਕਿ ਅਸੀਂ ਗਵਰਨਮੈਂਟ (ਸਰਕਾਰ) ਦੇ ਰਾਹੀਂ ਪਤਾ ਕਰ ਲਿਆ ਹੈ ਕਿ ਕਾਬੁਲ ਵਿਚ ਅਜਿਹੀ ਕੋਈ ਬੀੜ ਮੌਜੂਦ ਨਹੀਂ ਹੈ।[77] ਇਸ ਲਈ ਇਸ ਬੀੜ ਦੀ ਸਹੀ ਸਥਿਤੀ ਬਾਰੇ ਹੁਣ ਕੁਝ ਕਹਿਣਾ ਮੁਸ਼ਕਲ ਹੈ। ਡਾ. ਇੰਦੂ ਭੂਸ਼ਨ ਬੈਨਰਜੀ ਨੇ ਗੁਰੂ ਸਾਹਿਬ ਦੁਆਰਾ ਤਲਵੰਡੀ ਸਾਬੋ ਵਿਖੇ

---

73 *ਮਹਾਨ ਕੋਸ਼,* ਪੰਨਾ 1564

74 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* ਪੰਨਾ 946

75 ਰਤਨ ਸਿੰਘ ਭੰਗੂ, *ਪੰਥ ਪ੍ਰਕਾਸ਼,* ਪੰਨਾ 346

76 *ਪੰਥ ਪ੍ਰਕਾਸ਼,* ਭਾਗ ਪਹਿਲਾ, ਪੰਨਾ 1783

77 *ਮਹਾਨ ਕੋਸ਼,* ਪੰਨਾ 1564

ਦਸਮ ਗ੍ਰੰਥ ਦੀਆਂ ਕੁਝ ਰਚਨਾਵਾਂ ਕਲਮਬੱਧ ਕਰਨ ਬਾਰੇ ਵੀ ਜ਼ਿਕਰ ਕੀਤਾ ਹੈ।[78] ਪਰੰਤੂ ਕਿਸੇ ਵੀ ਮੁਢਲੀ ਲਿਖਤ ਵਿਚ ਇਸ ਸੰਬੰਧੀ ਕੋਈ ਵੇਰਵਾ ਨਹੀਂ ਮਿਲਦਾ ਹੈ। ਇਸ ਲਈ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦੁਆਰਾ ਦਸਮ ਗ੍ਰੰਥ ਦੀ ਸੰਪਾਦਨਾ ਕਰਨ ਦੀ ਧਾਰਨਾ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ**

ਤਲਵੰਡੀ ਸਾਬੋ ਵਿਖੇ ਰਹਿੰਦਿਆਂ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਦੇ ਕਾਰਜ ਦੇ ਨਾਲ-ਨਾਲ ਗੁਰਬਾਣੀ ਦੀ ਕਥਾ ਵੀ ਸ਼ੁਰੂ ਕੀਤੀ। ਅੰਮ੍ਰਿਤ ਵੇਲੇ ਗੁਰੂ ਸਾਹਿਬ ਆਪਣੇ ਮੁਖ਼ਾਰਬਿੰਦ ਤੋਂ ਗੁਰਬਾਣੀ ਉਚਾਰ ਕੇ ਭਾਈ ਮਨੀ ਸਿੰਘ ਤੋਂ ਲਿਖਵਾਉਂਦੇ ਅਤੇ ਸ਼ਾਮ ਨੂੰ ਸਾਰੀ ਲਿਖੀ ਬਾਣੀ ਦੀ ਕਥਾ ਹੁੰਦੀ ਸੀ ਅਤੇ ਗੁਰੂ ਸਾਹਿਬ ਗੁਰਬਾਣੀ ਦੇ ਗੁੱਝੇ ਅਰਥਾਂ ਦੀ ਵਿਆਖਿਆ ਕਰਦੇ ਸਨ।[79] ਇੱਕ-ਇੱਕ ਪੰਕਤੀ ਅਤੇ ਇੱਕ-ਇੱਕ ਸ਼ਬਦ ਦੀ ਸਪੱਸ਼ਟਤਾ ਸਹਿਤ ਵਿਆਖਿਆ ਹੁੰਦੀ ਸੀ। ਦੂਰੋਂ-ਨੇੜਿਉਂ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੀਆਂ ਸਨ ਅਤੇ ਪਾਵਨ ਮੁਖ਼ਾਰਬਿੰਦ ਤੋਂ ਸ਼ਰਧਾ-ਭਾਵਨਾ ਅਤੇ ਇਕਾਗਰਤਾ ਨਾਲ ਗੁਰਬਾਣੀ ਦੀ ਕਥਾ ਸੁਣ ਕੇ ਆਪਣਾ ਜੀਵਨ ਸਫ਼ਲ ਕਰਦੀਆਂ ਸਨ। ਇਸ ਤਰ੍ਹਾਂ ਦਿਨ ਪ੍ਰਤੀਦਿਨ ਸੰਗਤਾਂ ਦੀ ਆਵਾਜਾਈ ਲੱਗੀ ਰਹਿੰਦੀ ਸੀ। ਭਾਵੇਂ ਦੇਸ਼-ਪ੍ਰਦੇਸ਼ ਦੀ ਸੰਗਤ ਹਜ਼ਾਰਾਂ ਦੀ ਗਿਣਤੀ ਵਿੱਚ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੀ ਅਤੇ ਗੁਰਬਾਣੀ ਦੀ ਕਥਾ ਸੁਣਦੀ ਸੀ, ਪਰ ਜਿੰਨ੍ਹਾਂ ਗੁਰਸਿੱਖਾਂ ਨੇ ਆਦਿ ਤੋਂ ਅੰਤ ਤੱਕ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਗੁਰੂ ਸਾਹਿਬ ਦੇ ਪਾਵਨ ਮੁਖਵਾਕ ਤੋਂ ਸ੍ਰਵਨ ਕੀਤੀ, ਉਨ੍ਹਾਂ ਦੀ ਗਿਣਤੀ ਅਠਤਾਲੀ ਸੀ। ਇਨ੍ਹਾਂ ਨੂੰ ਇਤਿਹਾਸ ਵਿੱਚ 'ਅਠਤਾਲੀ ਬ੍ਰਹਮ-ਗਿਆਨੀ' ਕਹਿ ਕੇ ਸਨਮਾਨਿਆ ਜਾਂਦਾ ਹੈ। ਇਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

1. ਭਾਈ ਮਨੀ ਸਿੰਘ ਜੀ ਸ਼ਹੀਦ
2. ਬਾਬਾ ਦੀਪ ਸਿੰਘ ਜੀ ਸ਼ਹੀਦ
3. ਬਾਬਾ ਗੁਰਬਖਸ਼ ਸਿੰਘ (ਬਾਬਾ ਰਾਮ ਕੋਇਰ), ਬਾਬਾ ਬੁੱਢਾ ਜੀ ਦੀ ਵੰਸ਼ ਵਿਚੋਂ
4. ਬਾਬਾ ਕਾਨ੍ਹ ਸਿੰਘ ਜੀ

---

[78] ਇੰਦੂ ਭੂਸ਼ਨ ਬੈਨਰਜੀ, *ਖਾਲਸੇ ਦੀ ਉਤਪਤੀ,* ਭਾਗ ਦੂਜਾ, ਪੰਨਾ 139

[79] ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 30

5. ਬਾਬਾ ਬਿਨੋਦ ਸਿੰਘ ਜੀ

6. ਬਾਬਾ ਗੁਰਬਖਸ਼ ਸਿੰਘ ਸ਼ਹੀਦ

7. ਭਾਈ ਦਾਨ ਸਿੰਘ

8. ਭਾਈ ਧਰਮ ਸਿੰਘ ਭਾਈ ਰੂਪਾ

9. ਭਾਈ ਪਰਮ ਸਿੰਘ ਭਾਈ ਰੂਪਾ

10. ਭਾਈ ਵਜ਼ੀਰ ਸਿੰਘ ਪਿੰਡ ਦੀਨਾ

11. ਭਾਈ ਦਇਆ ਸਿੰਘ ਜੀਂਦ

12. ਭਾਈ ਭੀਵਾ ਸਿੰਘ ਬਠਿੰਡਾ

13. ਭਾਈ ਪਿਆਰਾ ਸਿੰਘ ਅੰਮ੍ਰਿਤਸਰ

14. ਭਾਈ ਬੀਰ ਸਿੰਘ

15. ਭਾਈ ਧੀਰ ਸਿੰਘ

16. ਭਾਈ ਸੁੰਦਰ ਸਿੰਘ ਧਰਮਕੋਟ

17. ਭਾਈ ਅਮਰ ਸਿੰਘ ਮੀਰਾਂ ਕੋਟ

18. ਭਾਈ ਤਾਰਾ ਸਿੰਘ ਦਿੱਲੀ

19. ਭਾਈ ਜਗਜੀਵਨ ਸਿੰਘ ਅੰਬਾਲਾ

20. ਭਾਈ ਗੋਪਾਲ ਸਿੰਘ ਮਨੀਮਾਜਰਾ

21. ਭਾਈ ਧਿਆਨ ਸਿੰਘ ਪਿੰਡ ਮਾਜਰਾ

22. ਭਾਈ ਬਿਸ਼ੰਭਰ ਸਿੰਘ ਉਜੈਨ

23. ਭਾਈ ਹਰਗੋਪਾਲ ਸਿੰਘ ਉਜੈਨ

24. ਭਾਈ ਧੰਨਾ ਸਿੰਘ ਕਵੀਰਾਜ

25. ਭਾਈ ਨੰਦ ਸਿੰਘ ਜੀ (ਭਾਈ ਨੰਦ ਲਾਲ ਜੀ, ਗਜ਼ਲਾਂ ਦੇ ਲੇਖਕ)

26. ਭਾਈ ਮਾਨ ਸਿੰਘ ਚੌਰ ਬਰਦਾਰ

27. ਭਾਈ ਰਾਏ ਸਿੰਘ ਪਿੰਡ ਰਾਮਪੁਰ, ਦੋਰਾਹਾ

28. ਭਾਈ ਮੱਖਣ ਸਿੰਘ ਨਾਭਾ

29. ਭਾਈ ਮਦਨ ਸਿੰਘ ਐਤੀਆਣਾ

30. ਭਾਈ ਧਰਮ ਸਿੰਘ ਭਿੰਡਰ ਕਲ੍ਹਾਂ

31. ਭਾਈ ਸੁਜਾਨ ਸਿੰਘ ਰੋਪੜ

32. ਭਾਈ ਜੀਵਨ ਸਿੰਘ ਬੋਪਾਰਾਏ

33. ਭਾਈ ਅਕਾਲ ਸਿੰਘ ਅਖਾੜਾ

34. ਭਾਈ ਪ੍ਰਿਤਪਾਲ ਸਿੰਘ ਰਾਵਲਪਿੰਡੀ

35. ਭਾਈ ਦਿਆਲ ਸਿੰਘ ਗੋਇੰਦਵਾਲ

36. ਭਾਈ ਬਖ਼ਤਾਵਰ ਸਿੰਘ ਸੋਢੀ ਅਨੰਦਪੁਰ

37. ਭਾਈ ਦੇਵਾ ਸਿੰਘ ਤਰਨਤਾਰਨ

38. ਭਾਈ ਮੇਵਾ ਸਿੰਘ ਖਡੂਰ ਸਾਹਿਬ

39. ਭਾਈ ਧਿਆਨ ਸਿੰਘ ਨਨਕਾਣਾ ਸਾਹਿਬ

40. ਭਾਈ ਅਚਲ ਸਿੰਘ ਤਲਵੰਡੀ ਸਾਬੋ

41. ਭਾਈ ਜੈ ਸਿੰਘ (ਰਾਜਾ ਜੈਪੁਰ)

42. ਭਾਈ ਬਿਸ਼ਨ ਸਿੰਘ (ਰਾਜਾ ਜੋਧਪੁਰ)

43. ਭਾਈ ਭਾਗ ਸਿੰਘ ਅਨੰਦਪੁਰ

44. ਭਾਈ ਵਸਾਵਾ ਸਿੰਘ ਚੌਹਲਾ ਸਾਹਿਬ

45. ਭਾਈ ਘਣੀਆ ਸਿੰਘ ਤਖਤੂਪੁਰਾ

46. ਭਾਈ ਰਾਮ ਸਿੰਘ ਫੂਲ ਕੇ

47. ਭਾਈ ਤ੍ਰਿਲੋਕ ਸਿੰਘ ਫੂਲ ਕੇ

48. ਭਾਈ ਮਲਿਆਗਰ ਸਿੰਘ (ਨਿਰਮਲਾ)[80]

ਗੁਰੂ ਸਾਹਿਬ ਦੀ ਪਵਿੱਤਰ ਰਸਨਾਂ ਤੋਂ ਗੁਰਬਾਣੀ ਕਥਾ ਸੁਣ ਕੇ ਇਹ ਸਾਰੇ ਸਿੰਘ ਆਤਮਿਕ ਆਨੰਦ ਨਾਲ ਭਰ ਗਏ। ਇਨ੍ਹਾਂ ਅਠਤਾਲੀ ਸਿੰਘਾਂ ਵਿੱਚ ਸ਼ਾਮਿਲ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਨੇ ਗੁਰਬਾਣੀ ਦੇ ਸ਼ੁੱਧ ਪਾਠ ਤੇ ਅਰਥ-ਬੋਧ ਦਾ ਗਿਆਨ ਅੱਗੇ ਸੰਗਤਾਂ ਵਿਚ ਪ੍ਰਚਾਰਨ ਦੀ ਸੇਵਾ ਸ਼ੁਰੂ ਕੀਤੀ। ਸੰਤ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲੇ ਲਿਖਦੇ ਹਨ:

"ਤਖ਼ਤ ਦਮਦਮੇ ਸੋ ਪੜ੍ਹੇ, ਅਠਤਾਲੀ ਸਿੰਘ ਰਾਸ।
ਅਰਥ ਸੰਪ੍ਰਦਾ ਪਾਠ ਕੀ, ਚਲੀ ਤਬੀ ਤੇ ਖਾਸ।"[81]

ਇਸ ਨਾਲ ਗੁਰਬਾਣੀ ਦੇ ਸ਼ੁੱਧ ਪਾਠ ਤੇ ਅਰਥਾਂ ਦਾ ਗਿਆਨ ਦੇਣ ਵਾਲੀ ਟਕਸਾਲ ਦਾ ਮੁੱਢ ਬੱਝਿਆ, ਜੋ ਕਿ 'ਦਮਦਮੀ ਟਕਸਾਲ' ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਟਕਸਾਲ ਨੇ ਅਨੇਕਾਂ ਗੁਰਮਤਿ-ਵਿਦਵਾਨ ਪੈਦਾ ਕੀਤੇ, ਜਿਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਤੇ ਲਿਖਤਾਂ ਨਾਲ ਧਰਮ ਪ੍ਰਚਾਰ ਵਿੱਚ ਬਹੁਮੁੱਲਾ ਯੋਗਦਾਨ ਪਾਇਆ।

**ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਉਤਾਰੇ**

ਅਪ੍ਰਕਾਸ਼ਤ 'ਦੌਰਾ ਸਾਖੀ'[82] ਅਤੇ ਪ੍ਰਚੱਲਿਤ ਰਿਵਾਇਤ ਅਨੁਸਾਰ ਤਲਵੰਡੀ ਸਾਬੋ ਵਿਖੇ ਰਹਿੰਦਿਆਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਨਰ-ਸਿਰਜਨਾ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਹੋਰ ਬੀੜਾਂ ਤਿਆਰ ਕਰਵਾਈਆਂ। ਗੁਰੂ ਸਾਹਿਬ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਕਰਾਉਂਦੇ ਸਨ, ਸ਼ਾਮ ਨੂੰ ਕਥਾ ਕਰਦੇ ਸਨ ਅਤੇ ਨਾਲ ਦੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕਰਨੇ ਵੀ ਆਰੰਭ ਕੀਤੇ। ਗੁਰੂ ਜੀ ਦੁਆਰਾ ਬੀੜਾਂ ਤਿਆਰ ਕਰਵਾਉਣ ਦੇ ਕਾਰਜ ਨੂੰ ਬਾਬਾ ਦੀਪ ਸਿੰਘ ਸ਼ਹੀਦ ਨੇ ਅੱਗੋਂ ਜਾਰੀ ਰੱਖਿਆ ਤੇ ਤਿਆਰ ਹੋਏ ਸਰੂਪ ਦੂਸਰੇ ਤਖਤਾਂ ਉੱਪਰ ਭੇਜੇ। ਲਿਖਤੀ ਰੂਪ ਵਿਚ ਇਹ ਗੱਲ ਪਹਿਲੀ ਵਾਰ ਉਨ੍ਹੀਵੀਂ ਸਦੀ ਦੇ ਅਖੀਰਲੇ ਸਾਲਾਂ ਵਿਚ ਗਿਆਨੀ ਗਿਆਨ ਸਿੰਘ ਨੇ ਪੰਥ

---

[80] ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਸਿੱਖ ਇਤਿਹਾਸ,* ਭਾਗ ਪਹਿਲਾ ਪੰਨਾ 232-234

[81] ਗਿਆਨੀ ਗੁਰਬਚਨ ਸਿੰਘ *ਖਾਲਸਾ ਭਿੰਡਰਾਂਵਾਲੇ,* ਸ੍ਰੀ ਗੁਰਮਤਿ ਪ੍ਰਕਾਸ਼, ਪੰਨਾ 184

[82] ਅਪ੍ਰਕਾਸ਼ਤ ਦੌਰਾ ਸਾਖੀ, ਪੰਨੇ 105, 133, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੇ ਹਵਾਲੇ ਨਾਲ, ਸ੍ਰੀ ਦਮਦਮਾ *ਗੁਰੂ ਕੀ ਕਾਸ਼ੀ,* ਪੰਨੇ 34-35

ਪ੍ਰਕਾਸ਼ ਵਿਚ ਲਿਖੀ। ਇਸ ਅਨੁਸਾਰ ਬਾਬਾ ਦੀਪ ਸਿੰਘ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਰਹਿੰਦਿਆਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਵਾਈ ਗਈ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ (ਦਮਦਮੀ ਬੀੜ) ਦੇ ਚਾਰ ਉਤਾਰੇ ਕੀਤੇ ਸਨ। ਬਾਬਾ ਦੀਪ ਸਿੰਘ ਜੀ ਨੇ ਦਮਦਮਾ ਸਾਹਿਬ ਤੋ ਇਹ ਉਤਾਰੇ ਸ੍ਰੀ ਹਰਿਮੰਦਿਰ ਸਾਹਿਬ/ਅਕਾਲ ਬੁੰਗੇ ਅੰਮ੍ਰਿਤਸਰ, ਪਟਨਾ ਸਾਹਿਬ ਅਤੇ ਨਾਂਦੇੜ ਵਿਖੇ ਸ੍ਰੀ ਹਜ਼ੂਰ ਸਾਹਿਬ ਭੇਜੇ ਅਤੇ ਚੌਥਾ ਉਤਾਰਾ ਦਮਦਮਾ ਸਾਹਿਬ ਹੀ ਰੱਖਿਆ।[83] ਤਵਾਰੀਖ਼ ਗੁਰੂ ਖਾਲਸਾ (ਭਾਗ-ਦੂਜਾ) ਅਨੁਸਾਰ ਬਾਬਾ ਦੀਪ ਸਿੰਘ ਜੀ ਨੇ ਇਹ ਚਾਰ ਉਤਾਰੇ ਸੰਮਤ 1783 ਬਿ. (1726 ਈ.) ਵਿਚ ਕੀਤੇ ਸਨ।[84] ਬਾਬਾ ਦੀਪ ਸਿੰਘ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਹੋਰਨਾਂ ਤਖਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਭੇਜ ਕੇ ਪ੍ਰਕਾਸ਼ ਕਰਨ ਦਾ ਉਪਕਾਰ ਕੀਤਾ। ਪਹਿਲੇ-ਪਹਿਲ ਤਖਤਾਂ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਥਾਂ ਤੇ ਕੇਵਲ ਸ਼ਾਸ਼ਤਰ ਸਜੇ ਹੁੰਦੇ ਸਨ। ਜਿਵੇਂ ਹੁਣ ਵੀ ਸ੍ਰੀ ਸਚਖੰਡ ਹਜ਼ੂਰ ਸਾਹਿਬ ਅੰਦਰ ਅੰਗੀਠੇ ਵਾਲੇ ਸਥਾਨ ਤੇ ਸ਼ਾਸਤਰ ਸਜਾਏ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਉਤਾਰੇ ਕਰਨ ਦੇ ਕਾਰਜ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਇੰਜ ਬਿਆਨ ਕੀਤਾ ਹੈ:

"ਤਿਸ ਪਰ ਤੈ ਫਿਰ ਚਾਰ ਉਨ, ਗ੍ਰੰਥ ਲਿਖਾਏ ਔਰ।
ਇਕ ਹਜ਼ੂਰ ਸਾਹਿਬ ਪਠਯੋ, ਦੁਤੀਆ ਪਟਨੇ ਗੌਰ।
ਤੀਸਰ ਅੰਮ੍ਰਿਤਸਰ ਥਪਯੋ, ਹਰਿ ਮੰਦਰ ਮੈਂ ਚਾਹਿ।
ਪਹਿਲੇ ਪੋਥੀ ਖੁਲਤ ਥੀ, ਪੰਜ ਗ੍ਰੰਥਿ ਤਹਾਂਹਿ।
ਚਤੁਰਥ ਰਾਖਯੋ ਦਮਦਮੇ, ਅਬਿ ਲੌ ਜੋ ਤਹਿੰ ਠੋਰ।
ਇਨ ਗ੍ਰੰਥਨ ਪਰ ਤੈ, ਲਿਖੇ ਗਏ ਗ੍ਰੰਥ ਔਰ।"[85]

ਗਿਆਨੀ ਜੀ ਨੇ ਆਪਣੀ ਲਿਖਤ ਵਿੱਚ ਸ੍ਰੀ ਆਨੰਦਪੁਰ ਸਾਹਿਬ ਦਾ ਜ਼ਿਕਰ ਨਹੀਂ ਕੀਤਾ। ਸ਼ਾਇਦ ਇਸ ਕਰਕੇ ਕਿ ਉਸ ਵੇਲੇ ਮੁਗ਼ਲਾਂ ਤੇ ਪਹਾੜੀਆਂ ਨੇ ਆਨੰਦਪੁਰ ਸਾਹਿਬ ਨੂੰ ਉਜਾੜ ਕੇ ਥੇਹ ਹੀ ਬਣਾ

---

[83] *ਪੰਥ ਪ੍ਰਕਾਸ਼,* ਭਾਗ ਪਹਿਲਾ, ਪੰਨਾ 1784

[84] *ਤਵਾਰੀਖ਼ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 262

[85] *ਪੰਥ ਪ੍ਰਕਾਸ਼,* ਭਾਗ ਪਹਿਲਾ, ਪੰਨਾ 1784

ਦਿੱਤਾ ਸੀ। ਭਾਈ ਗੁਰਬਖ਼ਸ਼ ਦਾਸ ਨਾਮ ਦੇ ਉਦਾਸੀ ਸਾਧੂ ਤੋਂ ਬਿਨਾਂ ਹੋਰ ਕੋਈ ਸੇਵਕ ਉੱਥੇ ਨਹੀ ਸੀ।[86] ਤਵਾਰੀਖ਼ ਗੁਰੂ ਖਾਲਸਾ ਵਿਚ ਗਿਆਨੀ ਗਿਆਨ ਸਿੰਘ ਨੇ ਬੀੜ ਦਾ ਤੀਜਾ ਉਤਾਰਾ ਸ੍ਰੀ ਹਜ਼ੂਰ ਸਾਹਿਬ ਭੇਜਣ ਦੀ ਬਜਾਏ ਸ੍ਰੀ ਆਨੰਦਪੁਰ ਸਾਹਿਬ ਭੇਜਣਾ ਲਿਖਿਆ ਹੈ।[87] ਸ੍ਰੀ ਦਮਦਮਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਇਹਨਾਂ ਗੁਰਧਾਮਾਂ ਤੇ ਭੇਜਣ ਤੋਂ ਬਾਕੀ ਤਖਤਾਂ ਦੀ ਸਥਾਪਨਾ ਤੋਂ ਇਲਾਵਾ ਇਨ੍ਹਾਂ ਦੀ ਪੰਥ ਵਿੱਚ ਮਾਨਤਾ ਸੰਕੇਤਕ ਰੂਪ ਵਿਚ ਹੁੰਦੀ ਹੈ। ਤਖਤ ਦਮਦਮਾ ਸਾਹਿਬ ਤੋਂ ਬੀੜਾਂ ਕੇਵਲ ਤਖਤਾਂ ਤੇ ਹੀ ਭੇਜੀਆਂ ਸਨ, ਬਾਕੀ ਸਥਾਨਾਂ ਤੇ ਨਹੀ; ਜਿਵੇਂ ਸ੍ਰੀ ਨਨਕਾਣਾ ਸਾਹਿਬ, ਸ੍ਰੀ ਗੋਇੰਦਵਾਲ, ਤਰਨਤਾਰਨ, ਕੀਰਤਪੁਰ ਸਾਹਿਬ ਆਦਿ ਵਿਖੇ ਕੋਈ ਬੀੜ ਨਹੀਂ ਭੇਜੀ ਗਈ।

ਅਪ੍ਰਕਾਸ਼ਤ 'ਦੌਰਾ ਸਾਖੀ' ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਰਹਿੰਦਿਆਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਉਤਾਰੇ ਕਰਵਾਏ ਅਤੇ ਇਹ ਉਤਾਰੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਹੋਰਨਾਂ ਗੁਰਧਾਮਾਂ ਨੂੰ ਭੇਜੇ ਸਨ। ਪਰੰਤੂ ਗਿਆਨੀ ਗਿਆਨ ਸਿੰਘ ਅਨੁਸਾਰ ਬਾਬਾ ਦੀਪ ਸਿੰਘ ਜੀ ਨੇ ਇਹ ਚਾਰ ਉਤਾਰੇ ਬਾਅਦ ਵਿਚ ਸੰਮਤ 1783 ਬਿ. (1726 ਈ.) ਕੀਤੇ ਸਨ। 'ਦੌਰਾ ਸਾਖੀ' ਤੋਂ ਇਲਾਵਾ ਹੋਰ ਕਿਸੇ ਵੀ ਪੁਰਾਤਨ ਲਿਖਤ ਵਿਚ ਉਪਰੋਕਤ ਕਥਨ ਦਰਜ ਨਹੀ ਹੈ। ਅਪ੍ਰਕਾਸ਼ਤ 'ਦੌਰਾ ਸਾਖੀ' ਜਾਣਕਾਰੀ ਦੇਣ ਵਾਲੀ ਕੋਈ ਭਰੋਸੋਯੋਗ ਲਿਖਤ ਨਹੀ ਮੰਨੀ ਜਾ ਸਕਦੀ। ਇਸ ਲਈ ਨਤੀਜੇ ਦੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਬਾਬਾ ਦੀਪ ਸਿੰਘ ਜੀ ਨੇ ਬਾਅਦ ਵਿਚ ਹੀ ਕੀਤੇ ਸਨ।

**ਤਲਵੰਡੀ ਸਾਬੋ ਨੂੰ ਗੁਰੂ ਕੀ ਕਾਂਸ਼ੀ ਦਾ ਵਰਦਾਨ**

ਗੁਰੂ ਸਾਹਿਬ ਵੱਲੋਂ ਤਲਵੰਡੀ ਸਾਬੋ ਨੂੰ 'ਗੁਰੂ ਕੀ ਕਾਸ਼ੀ' ਦਾ ਵਰਦਾਨ ਦੇਣ ਦਾ ਪ੍ਰਸੰਗ ਸਿੱਖ ਇਤਿਹਾਸ ਅਤੇ ਸਿੱਖ ਵਿਸ਼ਵਾਸ ਵਿੱਚ ਆਮ ਪ੍ਰਚੱਲਤ ਹੈ। ਤਕਰੀਬਨ ਮੁਢਲੀਆਂ ਸਾਰੀਆਂ ਲਿਖਤਾਂ ਵਿੱਚ ਇਹ ਕਥਨ ਸੰਖੇਪ ਜਾਂ ਵਿਸਤਾਰ ਰੂਪ ਵਿੱਚ ਦਰਜ ਹੈ। ਭਾਈ ਸੰਤੋਖ ਸਿੰਘ ਨੇ ਗੁਰੂ ਸਾਹਿਬ ਦੁਆਰਾ ਤਲਵੰਡੀ ਸਾਬੋ ਦੀ ਧਰਤੀ ਨੂੰ 'ਗੁਰੂ ਕੀ ਕਾਸ਼ੀ' ਦਾ ਵਰਦਾਨ ਦੇਣ ਸੰਬੰਧੀ ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ

---

86 ਗੁਰਦੁਆਰਾ ਗਜ਼ਟ, ਨਵੰਬਰ 1965, ਪੰਨਾ 90

87 *ਤਵਾਰੀਖ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 262

ਅੰਕਿਤ ਕੀਤਾ ਹੈ:

"ਹੋਇ ਦਮਦਮਾ ਗੁਰੂ ਕੀ ਕਾਸ਼ੀ।

ਲੇਖਕ ਬਨਹਿਂ ਪਢਹਿਂ ਸਿਖ ਰਾਸੀ।"[88]

ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਦਾ ਕੰਮ ਸੰਪੂਰਨ ਹੋਣ ਉਪਰੰਤ ਗੁਰੂ ਜੀ ਦੁਆਰਾ ਦੀਵਾਨ ਸਜਾਏ ਗਏ ਅਤੇ ਫੁਰਮਾਇਆ, "ਸਾਧ ਸੰਗਤ ਜੀ, ਅੱਜ ਹੀ ਇਸ ਸਥਾਨ ਤੇ ਗੁਰਬਾਣੀ ਦੇ ਵਿਚਾਰ ਅਧਿਐਨ ਵਾਸਤੇ ਗੁਰੂ ਕੀ ਕਾਂਸ਼ੀ ਦੀ ਸਥਾਪਨਾ ਕਰਾਂਗੇ।" ਦੀਵਾਨ ਦੀ ਸਮਾਪਤੀ ਤੋਂ ਬਾਅਦ ਗੁਰਬਾਣੀ ਦੀ ਲਿਖਾਈ ਕਰਨ ਵਾਲੀਆਂ ਸਾਰੀਆਂ ਕਲਮਾਂ, ਬਚੀ ਹੋਈ ਸਿਆਹੀ ਅਤੇ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਸੰਗਤ ਸਮੇਤ ਲਿਖਣਸਰ ਸਰੋਵਰ ਤੇ ਪਹੁੰਚੇ। ਅਰਦਾਸ ਕਰਕੇ ਕਲਮਾਂ ਤੇ ਸਿਆਹੀ ਲਿਖਣਸਰ ਸਰੋਵਰ ਵਿੱਚ ਪ੍ਰਵਾਹ ਕੀਤੀਆਂ। ਸਾਰੀ ਸੰਗਤ ਵਿੱਚ ਕੜਾਹ ਪ੍ਰਸ਼ਾਦ ਵਰਤਾਇਆ ਗਿਆ ਅਤੇ ਸੰਗਤ ਨੂੰ ਸੰਬੋਧਨ ਕੀਤਾ ਕਿ ਇਥੇ 'ਗੁਰੂ ਕੀ ਕਾਂਸ਼ੀ' ਸਥਾਪਤ ਕੀਤੀ ਹੈ। ਇੱਥੇ ਗੁਰਮਤਿ ਦੇ ਵੱਡੇ-ਵੱਡੇ ਵਿਦਵਾਨ, ਲਿਖਾਰੀ, ਗਿਆਨੀ, ਵਿਦਿਆਰਥੀ, ਸ਼ਬਦ ਤੇ ਵਿਚਾਰ ਵਾਲੇ ਵਿਦਵਾਨ ਪੈਦਾ ਹੋਣਗੇ।[89] ਇੱਥੇ ਅਲਪ ਬੁੱਧੀ ਵਾਲੇ ਵੀ ਪੜ੍ਹ-ਲਿਖ ਕੇ ਵਿਦਵਾਨ ਬਣਨਗੇ। ਪੰਥ ਵਿੱਚ ਇਹ ਗੁਰਮਤਿ ਦੀ ਪ੍ਰਮਾਣਿਕ ਟਕਸਾਲ ਹੋਵੇਗੀ। ਗੁਰੂ ਸਾਹਿਬ ਦੇ ਇਸ ਵਰਦਾਨ ਨੂੰ 'ਗੁਰ ਬਿਲਾਸ ਪਾਤਸ਼ਾਹੀ 10 ਵੀਂ' ਵਿੱਚ ਭਾਈ ਕੋਇਰ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ:-

"ਏ ਹੈ ਪ੍ਰਗਟ ਹਮਾਰੀ ਕਾਸੀ। ਪੜ ਹੈਂ ਯਾਹਿ ਢੋਰ ਮਤਿ ਨਾਸੀ।

ਤਿਨ ਕੇ ਕਾਰਨ ਕਲਮ ਗਢ, ਦੇਤ ਪ੍ਰਗਟ ਹਮ ਡਾਰ।

ਸਿਖ ਸਖਾ ਹਯਾ ਪੜ੍ਹਹਿਗੇ, ਹਮਰੇ ਕਈ ਹਜਾਰ।"[90]

'ਗੁਰੂ ਕਾਸ਼ੀ' ਸ਼ਬਦ ਤਲਵੰਡੀ ਸਾਬੋ ਨਾਲ ਇੰਨੀ ਮਜ਼ਬੂਤੀ ਨਾਲ ਜੁੜ ਗਿਆ ਹੈ ਕਿ ਮੌਜੂਦਾ ਸਮੇਂ ਵਿਚ 'ਗੁਰੂ ਕਾਸ਼ੀ' ਤਲਵੰਡੀ ਸਾਬੋ ਨਗਰ ਦੇ ਦੂਜੇ ਨਾਮ ਦੇ ਤੌਰ ਤੇ ਪ੍ਰਚੱਲਤ ਹੁੰਦਾ ਪ੍ਰਤੀਤ ਹੁੰਦਾ ਹੈ। ਇਸ ਨਗਰ ਦੀਆਂ ਜ਼ਿਆਦਾਤਰ ਵਿੱਦਿਅਕ ਸੰਸਥਾਵਾਂ ਅਤੇ ਹੋਰ ਸਰਕਾਰੀ ਜਾਂ ਗ਼ੈਰ-ਸਰਕਾਰੀ ਆਦਾਰਿਆ ਦੇ ਨਾਮ ਦੀ

---

88 *ਸੂਰਜ ਪ੍ਰਕਾਸ਼,* ਐਨ 1, ਅੰਸੂ 28, ਛੰਦ 24

89 *ਸਾਖੀ ਪੋਥੀ,* ਪੰਨੇ 82,85

90 ਭਾਈ ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10ਵੀਂ,* ਪੰਨਾ 213-214

ਸ਼ੁਰੂਆਤ ਵੀ ਗੁਰੂ ਕਾਸ਼ੀ ਸ਼ਬਦਾਂ ਨਾਲ ਹੁੰਦੀ ਹੈ।

**ਸੰਗਤ ਨੂੰ ਸ਼ਸਤਰਧਾਰੀ ਕਰਨਾ ਅਤੇ ਯੁੱਧ ਸਿੱਖਿਆ ਦੇਣੀ**

ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਹਰ ਵਕਤ ਸ਼ਸਤਰਧਾਰੀ ਅਤੇ ਵੱਖ-ਵੱਖ ਸਿੱਖ ਚੌਧਰੀਆਂ ਨੂੰ ਜੰਗੀ ਹਥਿਆਰ ਰੱਖਣ ਲਈ ਹੁਕਮ ਦਿੱਤਾ। ਇਸ ਹੁਕਮ ਪਿੱਛੇ ਗੁਰੂ ਸਾਹਿਬ ਦੀ ਇਹ ਸੋਚ ਕੰਮ ਕਰਦੀ ਸੀ ਕਿ ਸਿੱਖਾਂ ਦੇ ਦੁਸ਼ਮਣ ਸਿੱਖ ਸੰਗਤਾਂ ਉੱਪਰ ਮਾਰੂ ਹਮਲੇ ਨਾ ਕਰ ਸਕਣ ਅਤੇ ਅਜਿਹੀ ਸੂਰਤ ਵਿੱਚ ਸਿੱਖ ਸੰਗਤਾਂ ਆਪਣੀ ਰੱਖਿਆ ਆਪ ਕਰ ਸਕਣ। ਕਈ ਵਾਰ ਸਿੱਖਾਂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਫਲਾਣੀ ਥਾਂ ਤੇ ਆਉਂਦੀ ਹੋਈ ਸਿੱਖ ਸੰਗਤ ਨੂੰ ਤੁਰਕ ਸੂਬੇਦਾਰ ਦੀਆਂ ਫੌਜਾਂ ਨੇ ਲੁੱਟ ਲਿਆ। ਗੁਰੂ ਜੀ ਕਹਿਣ ਲੱਗੇ ਕਿ ਸਭ ਕੋਈ ਇਹੀ ਆ ਕੇ ਕਹਿੰਦਾ ਹੈ ਕਿ ਸੰਗਤ ਲੁੱਟੀ ਗਈ। ਕੋਈ ਇਹ ਕਿਉਂ ਨਹੀਂ ਆ ਕੇ ਕਹਿੰਦਾ ਕਿ ਸੰਗਤ ਨੇ ਧਾੜਵੀਆਂ ਨੂੰ ਮਾਰ ਭਜਾਇਆ ਹੈ। ਗੁਰੂ ਜੀ ਨੇ ਹੁਕਮ ਕੀਤਾ," ਜੋ ਮੇਰਾ ਸਿੱਖ ਹੋਵੇਗਾ ਉਹ ਸ਼ਸ਼ਤਰਧਾਰੀ ਹੋਵੇਗਾ।" ਇਸੇ ਤਰ੍ਹਾਂ ਹੀ ਗੁਰੂ ਸਾਹਿਬ ਨੇ ਸਿੱਖਾਂ ਨੂੰ ਕੇਸ ਰੱਖਣ ਦਾ ਹੁਕਮ ਕੀਤਾ। "ਜੋ ਕੇਸਾਂ ਬਿਨਾਂ ਮਨੁੱਖ ਅੱਧਾ ਹੈ। ਸਾਰਾ ਮਨੁੱਖ ਤਦ ਹੁੰਦਾ ਹੈ, ਜਬ ਕੇਸ ਹੋਹਿੰ, ਬਹੁੜ ਸ਼ਸਤ੍ਰ ਹੋਹਿ।"[91] ਆਤਮ ਰੱਖਿਆ ਵਿੱਚ ਨਿਪੁੰਨ ਕਰਨ ਲਈ ਸੰਗਤਾਂ ਨੂੰ ਆਪਸ ਵਿੱਚ ਦੋ ਧੜੇ ਬਣਾ ਕੇ ਜੰਗੀ ਕਰਤੱਵ ਸਿਖਾਏ ਜਾਂਦੇ ਸਨ। ਇੱਕ ਵਾਰ ਗੁਰੂ ਜੀ ਨੇ ਭਾਈ ਡੱਲੇ ਨੂੰ ਬੁਲਾ ਕੇ ਕਿਹਾ ਕਿ ਉਹ ਆਪਣੇ ਬੰਦਿਆਂ ਨਾਲ ਪਿੰਡੋਂ ਬਾਹਰ ਜਾਵੇ ਅਤੇ ਬਾਹਰੋਂ ਆ ਰਹੀ ਸੰਗਤ ਤੇ ਹਮਲਾ ਕਰ ਕੇ ਲੁੱਟਣ ਦੀ ਕੋਸ਼ਿਸ਼ ਕਰੇ। ਉਸਨੂੰ ਨਾਲ ਇਹ ਵੀ ਤਾਕੀਦ ਕਰ ਦਿੱਤੀ ਕਿ ਇਹ ਸਿਰਫ ਯੁੱਧ ਸਿਖਲਾਈ ਹੈ, ਇਸ ਲਈ ਕਿਸੇ ਤੇ ਮਾਰੂ ਵਾਰ ਨਹੀਂ ਕਰਨਾ। ਦੂਜੇ ਪਾਸੇ ਸੰਗਤਾਂ ਨੂੰ ਵੀ ਖਬਰਦਾਰ ਕਰ ਦਿੱਤਾ ਕਿ ਉਹ ਹਮਲੇ ਦੀ ਸੂਰਤ ਵਿੱਚ ਮੂੰਹ ਤੋੜਵਾ ਜਵਾਬ ਦੇਣ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਈ ਡੱਲੇ ਵੱਲੋਂ ਆਪਣੀ ਫੌਜ ਲੈ ਕੇ ਸੰਗਤ ਉੱਪਰ ਸੋਟੀਆਂ ਨਾਲ ਹਮਲਾ ਕੀਤਾ ਗਿਆ, ਅੱਗੋਂ ਸੰਗਤ ਨੇ ਐਸਾ ਮੂੰਹ ਤੋੜਵਾਂ ਜਵਾਬ ਦਿੱਤਾ ਕਿ ਹਮਲਾ ਕਰਨ ਵਾਲੇ ਸੰਗਤ ਕੋਲੋਂ ਕੁਝ ਨਹੀਂ ਖੋਹ ਸਕੇ। ਗੁਰੂ ਸਾਹਿਬ ਬਹੁਤ ਖੁਸ਼ ਹੋਏ ਅਤੇ ਸੰਗਤ ਨੂੰ ਸ਼ਾਬਾਸ਼ ਦਿੰਦਿਆਂ ਆਖਿਆ ਕਿ ਇਸੇ ਤਰਾਂ ਸ਼ਸਤਰ ਧਾਰਨ ਕਰ ਕੇ ਦੁਸ਼ਟਾਂ ਨਾਲ ਯੁੱਧ ਕਰੋ ਅਤੇ ਆਪਣੀ ਰੱਖਿਆ

91 *ਸਾਖੀ ਪੋਥੀ*, ਪੰਨਾ 76

ਆਪ ਕਰੋ।[92] ਇਸ ਗੱਲ ਦੀ ਪੁਸ਼ਟੀ ਗੁਰੂ ਸਾਹਿਬ ਵੱਲੋਂ ਤਲਵੰਡੀ ਸਾਬੋ ਤੋਂ ਚੇਤ 6, ਸੰਮਤ 1762 ਬਿ. (4 ਮਾਰਚ 1706 ਈ.) ਨੂੰ ਚੋਲੇ (ਮਾਝੇ) ਦੀ ਸੰਗਤ ਨੂੰ ਭੇਜੇ ਹੁਕਮਨਾਮੇ ਤੋਂ ਵੀ ਹੁੰਦੀ ਹੈ। ਇਸ ਹੁਕਮਨਾਮੇ ਵਿਚ ਅੰਕਿਤ ਹੈ ਕਿ "....ਜੋ ਸਿੱਖ ਹਥਿਯਾਰ ਬੰਨਿ ਕੇ ਹਜੂਰ ਆਵਗ ਸੋ ਨਿਹਾਲ ਹੋਗ ਮਨੋਰਥ ਗੁਰੂ ਪੂਰੇ ਕਰੇਗਾ...."[93]

### ਭਾਈ ਡੱਲੇ ਨੂੰ ਵਜ਼ੀਰ ਖਾਨ ਦਾ ਖ਼ਤ ਆਉਣਾ

ਭਾਈ ਡੱਲ ਸਿੰਘ ਦਿਨ-ਰਾਤ ਗੁਰੂ ਸਾਹਿਬ ਦੇ ਚਰਨਾਂ ਵਿੱਚ ਸੇਵਾ ਲਈ ਹਾਜ਼ਰ ਰਹਿੰਦਾ ਸੀ। ਜਿੰਨਾ ਚਿਰ ਗੁਰੂ ਸਾਹਿਬ ਤਲਵੰਡੀ ਸਾਬੋ ਠਹਿਰੇ, ਕਦੇ ਵੀ ਉਸ ਦੀ ਸ਼ਰਧਾ ਭਗਤੀ ਵਿੱਚ ਫਰਕ ਨਹੀਂ ਪਿਆ ਸੀ। ਜਦੋਂ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੂੰ ਤਲਵੰਡੀ ਸਾਬੋ ਵਿੱਚ ਗੁਰੂ ਸਾਹਿਬ ਦੀ ਮੌਜੂਦਗੀ ਦਾ ਪਤਾ ਲੱਗਿਆ, ਤਾਂ ਉਸ ਨੇ ਭਾਈ ਡੱਲ ਸਿੰਘ ਨੂੰ ਧਮਕੀ ਭਰਿਆ ਖ਼ਤ ਲਿਖਿਆ ਕਿ ਤੂੰ ਗੁਰੂ (ਜੀ) ਨੂੰ ਫੜ ਕੇ ਸਾਡੇ ਕੋਲ ਭੇਜ ਤੇ ਹਕੂਮਤ ਤੋਂ ਵਡਿਆਈ ਪ੍ਰਾਪਤ ਕਰ। ਨਹੀਂ ਤਾਂ, ਭਾਰੀ ਫੌਜ ਭੇਜ ਕੇ ਤੈਨੂੰ ਤੇ ਤੇਰੇ ਗੁਰੂ (ਸਾਹਿਬ) ਨੂੰ ਮਾਰ ਦਿੱਤਾ ਜਾਵੇਗਾ। ਭਾਈ ਡੱਲ ਸਿੰਘ ਨੇ ਇਸ ਪੱਤਰ ਦਾ ਬੜੀ ਨਿਡਰਤਾ ਨਾਲ ਜਵਾਬ ਦਿੱਤਾ ਕਿ ਗੁਰੂ ਸਾਹਿਬ ਸਾਡੀ ਜਿੰਦ-ਜਾਨ ਹਨ। ਜੇ ਤੁਹਾਡੀ ਫੌਜ ਚੜ੍ਹ ਕੇ ਆਵੇਗੀ ਤਾਂ ਅਸੀਂ ਜੰਗ ਕਰ ਕੇ ਮਾਰ ਮੁਕਾਵਾਂਗੇ ਤੇ ਇਸ ਰੇਤਲੇ ਇਲਾਕੇ ਵਿੱਚ ਤੇਰੀ ਫੌਜ ਪਾਣੀ ਬਿਨ੍ਹਾਂ ਪਿਆਸੀ ਹੀ ਮਾਰੀ ਜਾਵੇਗੀ।[94] ਇਹ ਉੱਤਰ ਸੁਣ ਕੇ ਸੂਬਾ ਸਰਹਿੰਦ ਬਹੁਤ ਦੁਖੀ ਹੋਇਆ। ਜਦੋਂ ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿਖੇ ਠਹਿਰ ਕੇ ਧਰਮ ਪ੍ਰਚਾਰ ਕਰਨ ਨਾਲ ਸਿੱਖੀ ਫੈਲਣ ਲੱਗੀ ਤੇ ਸੂਬਾ ਸਰਹਿੰਦ ਨੂੰ ਇਸ ਦੀ ਖ਼ਬਰ ਪਹੁੰਚੀ, ਤਾਂ ਉਸਨੇ ਦੁਬਾਰਾ ਭਾਈ ਡੱਲੇ ਨੂੰ ਪੱਤਰ ਲਿਖ ਕੇ ਭੇਜਿਆ ਕਿ ਤੂੰ ਬਾਦਸ਼ਾਹ ਦੇ ਦੁਸ਼ਮਣ ਗੁਰੂ (ਜੀ) ਨੂੰ ਆਪਣੇ ਘਰ ਕਿਉਂ ਠਹਿਰ ਰੱਖਿਆ ਹੈ। ਗੁਰੂ (ਜੀ) ਨੂੰ ਫੜਣ ਵਿੱਚ ਸਾਡੀ ਮੱਦਦ ਕਰ। ਭਾਈ ਡੱਲ ਸਿੰਘ ਨੇ ਇਸ ਪੱਤਰ ਦਾ ਵੀ ਮੂੰਹ ਤੋੜ ਜਵਾਬ ਦਿੱਤਾ ਕਿ ਅਸੀਂ ਤੇਰੇ ਤੋਂ ਡਰਨ ਵਾਲੇ ਨਹੀਂ। ਅਸੀਂ ਨਾ ਹੀ ਗੁਰੂ ਸਾਹਿਬ ਨੂੰ ਫੜਾਂਗੇ ਅਤੇ ਨਾ ਹੀ ਕਿਸੇ ਨੂੰ ਫੜਨ ਦੇਵਾਂਗੇ। ਸੂਬਾ ਸਰਹਿੰਦ ਨੂੰ ਚਿੱਠੀ ਦਾ ਜੋ ਉੱਤਰ

---

92 *ਸੂਰਜ ਪ੍ਰਕਾਸ਼,* ਐਨ 1, ਅੰਸੂ 28, ਛੰਦ 16; *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1077

93 ਡਾ. ਗੰਡਾ ਸਿੰਘ (ਸੰਪਾ.), *ਹੁਕਮਨਾਮੇ,* ਪੰਨੇ 182-183

94 *ਸੂਰਜ ਪ੍ਰਕਾਸ਼,* ਐਨ 1, ਅੰਸੂ 22, ਛੰਦ 48

ਭਾਈ ਡੱਲ ਸਿੰਘ ਨੇ ਲਿਖਿਆ, ਉਸ ਨੂੰ ਭਾਈ ਸੰਤੋਖ ਸਿੰਘ ਆਪਣੇ ਸ਼ਬਦਾਂ ਵਿੱਚ ਇਉਂ ਲਿਖਦੇ ਹਨ:

"ਸੁਨਿ ਡੱਲੇ ਉਤਰ ਲਿਖਵਾਯੋ
ਹਮ ਨਹਿੰ ਡਰਹਿੰ ਜਿ ਚਾਹਤਿ ਡਰਾਯੋ।
ਭੇਜਹਿੰ ਦਲ ਤਿਸ ਕੇ ਸੰਗ ਲਰੈਂ।
ਮਾਰਿ ਲੂਟ ਆਗੈ ਚਲਿ ਪਰੈਂ।
ਨਿਰਜਲ ਬਨ ਮਹਿੰ ਬਸ ਨਹਿੰ ਤੇਰੋ।
ਸਿਰ ਕੇ ਸਾਥ ਗੁਰੂ ਹੈ ਮੇਰੋ
ਕਿਸ ਬਿਧਿ ਗਹੈਂ ਨ ਗਹਿਬੇ ਦੇਹਿੰ।
ਨਿਜ ਪ੍ਰਾਨਨਿ ਕੇ ਸੰਗ ਰਖੇਹਿੰ।"[95]

ਭਾਈ ਡੱਲੇ ਦਾ ਇਹ ਜਵਾਬ ਸੁਣ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ। ਇਸੇ ਤਰ੍ਹਾਂ ਇੱਕ ਦਿਨ ਸੂਹੀਏ ਨੇ ਖ਼ਬਰ ਦਿੱਤੀ ਕਿ ਮੁਗ਼ਲਾਂ ਦਾ ਦਲ ਯੁੱਧ ਕਰਨ ਲਈ ਤਲਵੰਡੀ ਵੱਲ ਆ ਰਿਹਾ ਹੈ। ਇਹ ਸੁਣ ਕੇ ਭਾਈ ਡੱਲਾ ਸਿੰਘ ਘਬਰਾਇਆ ਨਹੀਂ, ਸਗੋਂ ਸੂਰਮਿਆਂ ਵਾਲੇ ਉਤਸ਼ਾਹ ਵਿੱਚ ਆ ਕੇ ਬੋਲਿਆ ਕਿ ਸਤਿਗੁਰੂ ਜੀ, ਜੇਕਰ ਮੁਗਲਾਂ ਨਾਲ ਸਾਡਾ ਮੁਕਾਬਲਾ ਹੋਇਆ, ਤਾਂ ਫਿਰ ਜੰਗ ਦੇ ਮੈਦਾਨ ਵਿੱਚ ਸਾਡੀ ਤਲਵਾਰ ਚਲਦੀ ਵੇਖਿਉ।[96] ਇਸ ਤਰ੍ਹਾਂ ਭਾਈ ਡੱਲਾ ਸਿੰਘ ਸਦਾ ਹੀ ਦ੍ਰਿੜ ਰਿਹਾ।

### ਸੰਗਤਾਂ ਨੂੰ ਗੁਰਮਤਿ ਉਪਦੇਸ਼

ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੁਨਰ-ਸਿਰਜਨਾ, ਗੁਰਬਾਣੀ ਦੀ ਕਥਾ ਅਤੇ ਸਿੱਖਾਂ ਨੂੰ ਯੁੱਧ-ਵਿਦਿਆ ਸਿਖਾਉਣ ਦੇ ਨਾਲ-ਨਾਲ ਗੁਰਮਤਿ ਸਿਧਾਂਤਾਂ ਦਾ ਵੀ ਉਪਦੇਸ਼ ਦਿੱਤਾ।

ਇੱਕ ਵਾਰ ਗੁਰੂ ਸਾਹਿਬ ਨੇ ਸਿੱਖਾਂ ਨੂੰ ਪੁੱਛਿਆ ਕਿ ਧਰਤੀ ਕਿਸ ਚੀਜ਼ ਦੇ ਸਹਾਰੇ ਖੜੀ ਹੈ। ਸਿੱਖਾਂ ਨੇ ਕਿਹਾ ਕਿ ਸਤਿਗਰੂ ਜੀ ਕੋਈ ਕਹਿੰਦਾ ਹੈ ਕਿ ਧਰਤੀ ਬਲਦ ਦੇ ਸਿੰਗਾਂ ਤੇ ਖੜੀ ਹੈ ਕੋਈ ਕਹਿੰਦਾ ਹੈ ਕਿ ਸ਼ੇਸ਼ ਨਾਗ ਦੇ ਸਿਰ ਤੇ ਖੜੀ ਹੈ। ਕਈਆਂ ਨੇ ਕਿਹਾ ਕਿ ਕੱਛੂ ਦੀ ਪਿੱਠ ਉਪਰ ਟਿਕੀ ਹੈ, ਕਿਸੇ ਹੋਰ ਨੇ ਕਿਹਾ

---

[95] *ਸੂਰਜ ਪ੍ਰਕਾਸ਼,* ਐਨ 1, ਅੰਸੂ 26, ਛੰਦ 35-36

[96] *ਸਾਖੀ ਪੋਥੀ,* ਪੰਨਾ 88

ਕਿ ਸੂਰ ਨੇ ਆਪਣੀ ਦਾੜ੍ਹ ਉਪਰ ਚੁੱਕੀ ਹੋਈ ਹੈ। ਸਿੱਖਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਕਿਰਪਾ ਕਰਕੇ ਆਪ ਹੀ ਦੱਸੋ। ਗੁਰੂ ਸਾਹਿਬ ਨੇ ਸਿੱਖਾਂ ਨੂੰ ਗੁਰਮਤਿ ਉਪਦੇਸ਼ ਦਿੰਦਿਆਂ ਕਿਹਾ ਕਿ ਧਰਤੀ ਸੱਚ (ਵਾਹਿਗੁਰੂ ਦੀ ਸ਼ਕਤੀ) ਦੇ ਸਹਾਰੇ ਖੜ੍ਹੀ ਹੈ। ਇਕੱਲੀ ਧਰਤੀ ਹੀ ਨਹੀਂ, ਚੰਦ, ਸੂਰਜ, ਤਾਰੇ ਅਤੇ ਹੋਰ ਅਨੇਕਾਂ ਖੰਡ, ਬ੍ਰਹਿਮੰਡ ਆਦਿ ਸਾਰੇ ਸੱਚ ਦੇ ਸਹਾਰੇ ਖੜ੍ਹੇ ਹਨ।[97]

ਫਿਰ ਇੱਕ ਦਿਨ ਗੁਰੂ ਸਾਹਿਬ ਨੇ ਸਿੱਖਾਂ ਨੂੰ ਪੁਛਿਆ ਕਿ ਭਗਤ ਕਬੀਰ ਜੀ ਦੇ ਸਮੇਂ ਬਾਦਸ਼ਾਹ ਕੌਣ ਸੀ। ਕਿਸੇ ਵੀ ਸਿੱਖ ਨੇ ਜਵਾਬ ਨਾ ਦਿੱਤਾ। ਤਾਂ ਗੁਰੂ ਸਾਹਿਬ ਨੇ ਸਮਝਾਇਆ ਕਿ ਭਗਤ ਕਬੀਰ ਜੀ ਨੂੰ ਸਭ ਜਾਣਦੇ ਹਨ, ਪਰੰਤੂ ਉਹਨਾਂ ਦੇ ਸਮੇਂ ਦੇ ਲੱਖਾਂ ਦੀ ਫੌਜ ਵਾਲੇ ਬਾਦਸ਼ਾਹ ਨੂੰ ਕੋਈ ਨਹੀ ਜਾਣਦਾ। ਇਸ ਸੰਸਾਰ ਤੋਂ ਅਨੇਕਾਂ ਰਾਜੇ-ਮਹਾਰਾਜੇ ਰਾਜ-ਸੁੱਖ ਭੋਗ ਕੇ ਚਲੇ ਗਏ, ਉਹਨਾਂ ਦੇ ਮਰਨ ਤੋਂ ਬਾਅਦ ਕੋਈ ਉਹਨਾਂ ਨੂੰ ਯਾਦ ਨਹੀਂ ਰੱਖਦਾ। ਪਰੰਤੂ ਜਿਹੜੇ ਪਰਮੇਸ਼ਰ ਦਾ ਨਾਮ-ਸਿਮਰਨ ਜਪਦਿਆਂ ਭਲੇ ਕੰਮ ਕਰਦੇ ਹਨ, ਸੰਸਾਰ ਉਹਨਾਂ ਨੂੰ ਹਮੇਸ਼ਾ ਯਾਦ ਰੱਖਦਾ ਹੈ। ਭਜਨ ਬੰਦਗੀ ਕਰਨ ਵਾਲੇ ਅਮਰ ਅਤੇ ਸੱਚੇ ਪਾਤਸ਼ਾਹ ਹੁੰਦੇ ਹਨ।[98]

ਸੂਰਜ ਪ੍ਰਕਾਸ਼ ਅਨੁਸਾਰ ਇੱਕ ਵਾਰ ਗੁਰੂ ਸਾਹਿਬ ਨੇ ਸਿੱਖਾਂ ਨੂੰ ਗਿਆਨ ਦਿੰਦਿਆ ਆਖਿਆ ਕਿ ਪਰਾਇਆ ਹੱਕ ਨਹੀਂ ਖਾਣਾ ਚਾਹੀਦਾ। ਪਰਾਇਆ ਹੱਕ ਮੁਰਦਾਰ ਹੁੰਦਾ ਹੈ। ਅੰਸ਼ ਮਾਤਰ ਵੀ ਪਰਾਇਆ ਧਨ ਕਿਸੇ ਪ੍ਰਕਾਰ ਨਹੀ ਲੈਣਾ ਚਾਹੀਦਾ। ਜਿਹੜਾ ਮਨੁੱਖ ਪਰਾਇਆ ਧਨ ਚੁਰਾਉਂਦਾ ਹੈ ਜਾਂ ਧੱਕੇ ਨਾਲ ਖੋਹਦਾ ਹੈ, ਉਸ ਮਨੁੱਖ ਨੂੰ ਭਾਰੀ ਦੁੱਖ ਸਹਿਣ ਕਰਨੇ ਪੈਂਦੇ ਹਨ।[99]

ਸਾਖੀ ਪੋਥੀ ਵਿਚ ਲਿਖਿਆ ਮਿਲਦਾ ਹੈ ਕਿ ਇੱਕ ਵਾਰ ਇੱਕ ਸਿੱਖ ਨੇ ਕਿਸੇ ਦਾ ਕੁਝ ਦੇਣਾ ਸੀ, ਪਰੰਤੂ ਸਿੱਖ ਇਨਕਾਰੀ ਹੋ ਰਿਹਾ ਸੀ। ਲੈਣ ਵਾਲੇ ਨੇ ਸਿੱਖ ਨੂੰ ਕਿਹਾ ਕਿ ਜੇ ਤੂੰ ਹੁਣ ਨਹੀਂ ਦੇਵੇਂਗਾ, ਤਾਂ ਤੈਨੂੰ ਵਾਹਿਗੁਰੂ ਦੀ ਦਰਗਾਹ ਵਿਚ ਲੇਖਾ ਦੇਣਾ ਪਵੇਗਾ। ਅੱਗੋਂ ਸਿੱਖ ਨੇ ਆਪਣੇ ਬਚਾਅ ਲਈ ਗੁਰਬਾਣੀ ਦੀ ਇਹ ਤੁੱਕ ਪੜੀ:

ਜੋ ਲੇਖਾ ਕੋਇ ਨ ਪੁਛਈ ਜਾ ਗੁਰ ਬਖਸਿੰਦਾ॥[100]

---

[97] *ਸਾਖੀ ਪੋਥੀ,* ਪੰਨਾ 83; *ਸੂਰਜ ਪ੍ਰਕਾਸ਼,* ਐਨ 1, ਅੰਸੂ 30, ਛੰਦ 42

[98] *ਸਾਖੀ ਪੋਥੀ,* ਪੰਨਾ 83; *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1082

[99] *ਸੂਰਜ ਪ੍ਰਕਾਸ਼,* ਐਨ 1, ਅੰਸੂ 25, ਛੰਦ 38

[100] ਗੁਰਬਾਣੀ ਦਾ ਅਸਲ ਪਾਠ ਹੈ : ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ, ਪੰਨਾ 1096

ਭਾਵ ਕਿ ਮੇਰੇ ਤੇ ਗੁਰੂ ਦੀ ਕਿਰਪਾ ਹੈ, ਇਸ ਲਈ ਮੈਨੂੰ ਦਰਗਾਹ ਵਿਚ ਕੀਤੇ ਕੰਮਾਂ ਦਾ ਹਿਸਾਬ ਨਹੀ ਦੇਣਾ ਪਵੇਗਾ। ਜਦੋਂ ਗੁਰੂ ਸਾਹਿਬ ਨੂੰ ਇਸ ਗੱਲ ਦਾ ਪਤਾ ਲੱਗਿਆ, ਤਾਂ ਉਹਨਾਂ ਨੇ ਉਸ ਸਿੱਖ ਨੂੰ ਬੁਲਾ ਕੇ ਤਾੜਨਾ ਕਰਦਿਆਂ ਹੋਇਆ ਆਖਿਆ ਕਿ ਆਪਣੇ ਸਵਾਰਥ ਲਈ ਗੁਰਬਾਣੀ ਦੇ ਗ਼ਲਤ ਅਰਥ ਨਹੀ ਕੱਢਣੇ ਚਾਹੀਦੇ। ਗੁਰੂ ਸਾਹਿਬ ਨੇ ਗੁਰਬਾਣੀ ਦੀਆਂ ਇਹ ਪੰਕਤੀਆਂ ਉਚਾਰੀਆਂ:

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥"[101]

ਅਤੇ ਸਿੱਖ ਨੂੰ ਗਿਆਨ ਦਿੰਦਿਆ ਕਿਹਾ ਕਿ ਗੁਰੂ ਵੀ ਸਿੱਖ ਨੂੰ ਤਾਂ ਹੀ ਬਖਸ਼ੇਗਾ ਜੇ ਉਹ ਪਰਾਇਆ ਹੱਕ ਨਹੀਂ ਖਾਵੇਗਾ। ਪਰਾਇਆ ਹੱਕ ਮੁਰਦਾਰ ਹੁੰਦਾ ਹੈ।[102]

**ਭਾਈ ਰਾਮ ਸਿੰਘ-ਤ੍ਰਿਲੋਕ ਸਿੰਘ (ਫੂਲ ਕੇ)**

ਮਾਲਵਾ ਖੇਤਰ ਵਿੱਚ ਫੂਲ ਕਾ ਵੰਸ਼ ਗੁਰੂ ਹਰਗੋਬਿੰਦ ਜੀ ਦੇ ਸਮੇਂ ਸਿੱਖੀ ਵਿੱਚ ਆਇਆ ਸੀ। ਇਸ ਘਰਾਣੇ ਨੂੰ ਦਸਮ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਵਿਖੇ ਇੱਕ ਹੁਕਮਨਾਮਾ ਵੀ ਬਖਸ਼ਿਸ਼ ਕੀਤਾ ਸੀ, ਜਿਸ ਵਿੱਚ ਗੁਰੂ ਸਾਹਿਬ ਨੇ ਇਨ੍ਹਾਂ ਨੂੰ 'ਤੇਰਾ ਘਰੁ ਮੇਰਾ ਅਸੈ' ਦਾ ਵਰਦਾਨ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਤਲਵੰਡੀ ਸਾਬੋ ਵਿਖੇ ਠਹਿਰਨ ਦੀ ਖ਼ਬਰ ਸੁਣ ਕੇ ਬਾਬਾ ਫੂਲ ਦੇ ਸਪੁੱਤਰ ਭਾਈ ਰਾਮਾ ਤੇ ਤ੍ਰਿਲੋਕਾ ਆਪਣੇ ਹੋਰ ਭਰਾਵਾਂ ਅਤੇ ਸਾਕ-ਸੰਬੰਧੀਆਂ ਨੂੰ ਨਾਲ ਲੈ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ ਅਤੇ ਲੰਗਰ ਲਈ ਰਸਦ ਦੇ ਗੱਡੇ ਭਰ ਕੇ ਲਿਆਏ।[103] ਲੰਗਰ ਤਿਆਰ ਕਰ ਕੇ ਸਾਰੀ ਸੰਗਤ ਨੂੰ ਛਕਾਇਆ। ਸੰਗਤ ਵਿੱਚੋਂ ਇੱਕ ਸਿੱਖ ਨੇ ਕਿਹਾ ਕਿ ਚਮਕੌਰ ਦੇ ਜੰਗ ਵਿੱਚ ਸ਼ਹੀਦ ਹੋਏ ਵੱਡੇ ਸਾਹਿਬਜ਼ਾਦਿਆਂ ਦਾ ਸਸਕਾਰ ਇਨ੍ਹਾਂ ਨੇ ਕੀਤਾ ਸੀ। ਸੰਗਤ ਨੂੰ ਉਹ ਕਥਾ ਸੁਣਾਉ। ਫਿਰ ਇਨ੍ਹਾਂ ਨੇ ਉਹ ਸਾਰਾ ਬ੍ਰਿਤਾਂਤ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸੰਗਤ ਨੂੰ ਸੁਣਾਇਆ ਕਿ ਕਿਵੇਂ ਅਸੀਂ ਪਾਗਲਾਂ ਵਾਲਾ ਭੇਸ ਧਾਰਨ ਕਰ ਕੇ ਵੱਡੇ ਸਾਹਿਬਜ਼ਾਦਿਆਂ ਅਤੇ ਸਮੂਹ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ।[104] ਗੁਰੂ ਸਾਹਿਬ ਨੇ ਉਹਨਾਂ ਵੱਲੋਂ ਕੀਤੀ

---

101 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 141

102 *ਸਾਖੀ ਪੋਥੀ,* ਪੰਨਾ 84

103 *ਗੁਰੂ ਕੀਆਂ ਸਾਖੀਆਂ,* ਪੰਨਾ 184; *ਸਾਖੀ ਪੋਥੀ,* ਪੰਨਾ 88

104 *ਸੂਰਜ ਪ੍ਰਕਾਸ਼,* ਐਨ 1, ਅੰਸੂ 29, ਛੰਦ 10

ਸੇਵਾ ਤੋਂ ਪ੍ਰਸੰਨ ਹੋ ਕੇ ਰਾਜ-ਭਾਗ ਪ੍ਰਾਪਤ ਹੋਣ ਦਾ ਵਰ ਦਿੱਤਾ ਅਤੇ ਖੰਡੇ ਦੀ ਪਾਹੁਲ ਲੈਣ ਲਈ ਆਖਿਆ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਤਲਵੰਡੀ ਸਾਬੋ ਵਿਖੇ ਹੀ ਇਨ੍ਹਾਂ ਨੇ ਗੁਰੂ ਸਾਹਿਬ ਕੋਲੋਂ ਅੰਮ੍ਰਿਤਪਾਨ ਕੀਤਾ। ਗੁਰੂ ਸਾਹਿਬ ਨੇ ਦੋਵਾਂ ਨੂੰ ਸਿਰੋਪਾਉ ਵੀ ਬਖਸ਼ਿਸ਼ ਕੀਤੇ।[105] ਭਾਈ ਰਾਮਾ ਤੇ ਤ੍ਰਿਲੋਕਾ ਦੇ ਗੁਰੂ ਸਾਹਿਬ ਨਾਲ ਮਜ਼ਬੂਤ ਸੰਬੰਧਾਂ ਦੀ ਜਾਣਕਾਰੀ ਸਾਨੂੰ ਗੁਰੂ ਸਾਹਿਬ ਵੱਲੋਂ ਭੇਜੇ ਇਸ ਹੁਕਮਨਾਮੇ ਤੋਂ ਹੁੰਦੀ ਹੈ:

ਭਾਦੋਂ 2, ਸੰਮਤ 1753 (2 ਅਗਸਤ 1696 ਈ:)

> "ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਤਲੋਕਾ ਭਾਈ ਰਾਮਾ ਸਰਬਤ ਸੰਗਤ ਗੁਰੂ ਰਖੈਗਾ ਤੁਧੁ ਜਮੀਅਤ ਲੈ ਕੈ ਅਸਾਡੇ ਹਜੂਰ ਜਰੂਰ ਆਵਣਾ ਮੇਰੀ ਤੇਰੇ ਉਪਰਿ ਬਹੁਤੁ ਖੁਸੀ ਹੈ ਤੇਰਾ ਘਰੁ ਮੇਰਾ ਹੈ ਤੁਧੁ ਹੁਕਮੁ ਦੇਖਦਿਆਂ ਹੀ ਛੇਤੀ ਅਸਾਡੇ ਹਜੂਰ ਆਵਣਾ ਤੇਰਾ ਘਰੁ ਮੇਰਾ ਅਸੈ ਤੁਧੁ ਸਿਤਾਬੀ ਹੁਕਮੁ ਦੇਖਦਿਆਂ ਹੀ ਆਵਣਾ ਤੁਸਾਂ ਅਸਵਾਰ ਲੈ ਕੈ ਆਵਣਾ ਜਰੂਰ ਆਵਣਾ। ਤੇਰੇ ਉਤੈ ਅਸਾਡੀ ਖਰੀ ਮਿਹਰਵਾਨਗੀ ਅਸੈ ਤੈ ਆਵਣਾ ਇਕ ੧ ਜੋੜਾ ਭੇਜਾ ਹੈ ਰਖਾਵਣਾ ਭਾਦੋਂ ੨ ਸੰਮਤ ੫੩।"[106]

**ਮਾਲਵੇ ਨੂੰ ਵਰਦਾਨ**

ਭਾਈ ਡੱਲੇ ਅਤੇ ਮਾਲਵੇ ਦੀ ਹੋਰ ਸਿੱਖ ਸੰਗਤਾਂ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਨੇ ਮਾਲਵੇ ਨੂੰ ਅਨੇਕਾਂ ਵਰਦਾਨ ਦਿੱਤੇ। ਗੁਰੂ ਸਾਹਿਬ ਨੇ ਫੁਰਮਾਇਆ ਕਿ ਮਾਲਵੇ ਵਿੱਚ ਕਣਕ, ਚਾਵਲ, ਕਮਾਦ ਆਦਿ ਫ਼ਸਲਾਂ ਪੈਦਾ ਹੋਣਗੀਆਂ। ਅੰਬ, ਆਨਾਰ, ਆੜੂ ਆਦਿ ਅਨੇਕਾਂ ਤਰ੍ਹਾਂ ਦੇ ਫ਼ਲ ਪੈਦਾ ਹੋਇਆ ਕਰਨਗੇ। ਨਹਿਰਾਂ ਚੱਲਣਗੀਆਂ। ਇਹ ਇਲਾਕਾ ਸਰਹਿੰਦ ਦੇ ਇਲਾਕੇ ਵਾਂਗ ਹੀ ਉਪਜਾਊ ਹੋਵੇਗਾ।[107] ਸਮਾਂ ਪਾ ਕੇ ਗੁਰੂ ਸਾਹਿਬ ਦੇ ਬਚਨ ਕਿਰਿਆਤਮਿਕ ਰੂਪ ਵਿਚ ਫ਼ਲੀਭੂਤ ਹੋਏ।

ਸੂਰਜ ਪ੍ਰਕਾਸ਼, ਤਵਾਰੀਖ਼ ਗੁਰੂ ਖਾਲਸਾ, ਪ੍ਰਾਚੀਨ ਪੰਥ ਪ੍ਰਕਾਸ਼, ਗੁਰ-ਪਦ ਪ੍ਰੇਮ ਪ੍ਰਕਾਸ਼ ਅਤੇ ਗੁਰ ਬਿਲਾਸ ਪਾਤਸ਼ਾਹੀ 10ਵੀਂ ਵਰਗੀਆਂ ਮੁਢਲੀਆਂ ਲਿਖਤਾਂ ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਤਿੰਨ ਵਾਰ ਮਾਲਵੇ ਨੂੰ ਵਰਦਾਨ ਦੇਣ ਦਾ ਬਚਨ ਕੀਤਾ, ਪਰੰਤੂ ਭਾਈ ਡੱਲੇ ਨੇ ਤਿੰਨੇ ਵਾਰੀ ਗੁਰੂ ਸਾਹਿਬ ਦਾ

---

105 *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨੇ 1082-83

106 ਡਾ. ਗੰਡਾ ਸਿੰਘ (ਸੰਪਾ.), *ਹੁਕਮਨਾਮੇ,* ਪੰਨਾ 147

107 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10 ਵੀਂ,* ਪੰਨਾ 214; *ਸੂਰਜ ਪ੍ਰਕਾਸ਼,* ਐਨ 1, ਅੰਸੂ 29, ਛੰਦ 39; *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1083; ਰਤਨ ਸਿੰਘ ਭੰਗੂ, *ਪੰਥ ਪ੍ਰਕਾਸ਼,* ਪੰਨਾ 67; ਬਾਬਾ ਸੁਮੇਰ ਸਿੰਘ, *ਗੁਰ-ਪਦ ਪ੍ਰੇਮ ਪ੍ਰਕਾਸ਼,* ਪੰਨਾ 460

ਬਚਨ ਨਾ ਮੰਨਿਆ। ਬਚਨ ਨਾ ਮੰਨਣ ਕਰਕੇ ਗੁਰੂ ਸਾਹਿਬ ਕ੍ਰੋਧਿਤ ਹੋ ਗਏ ਅਤੇ ਮਾਲਵੇ (ਭਾਈ ਡੱਲੇ) ਨੂੰ ਸਰਾਪ ਦੇ ਦਿੱਤਾ। ਗੁਰੂ ਸਾਹਿਬ ਆਖਣ ਲੱਗੇ ਕਿ ਅਸੀਂ ਇਹ ਸਭ ਦਾਤਾਂ ਹੁਣੇ ਤੁਹਾਨੂੰ ਦੇਣਾ ਚਾਹੁੰਦੇ ਸੀ ਪਰੰਤੂ ਤੁਹਾਡੀ ਨਾਂਹ ਨੇ ਪਛੜੇਵਾਂ ਪਾ ਦਿੱਤਾ। ਇਹ ਵਰਦਾਨ ਹੁਣ ਥੋੜਾ ਪੱਛੜ ਕੇ ਫਲੀਭੂਤ ਹੋਣਗੇ।

ਉਪਰੋਕਤ ਲਿਖਤਾਂ ਦੇ ਇਸ ਪ੍ਰਸੰਗ ਵਿੱਚ ਗੁਰੂ ਸਾਹਿਬ ਨੂੰ ਇੱਕ ਕ੍ਰੋਧੀ ਗੁਰੂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਜੋ ਕਿ ਬਿਲਕੁਲ ਵੀ ਠੀਕ ਨਹੀਂ ਹੈ। ਗੁਰੂ ਸਾਹਿਬ ਇੱਕ ਬ੍ਰਹਮ-ਗਿਆਨੀ ਸ਼ਖ਼ਸੀਅਤ ਸਨ। ਇਹਨਾਂ ਲਿਖਤਾਂ ਦੇ ਜ਼ਿਆਦਾਤਰ ਲੇਖਕਾਂ ਨੇ ਮਾਲਵੇ ਵਿੱਚ ਵਿਚਰਦਿਆਂ ਵੱਖ-ਵੱਖ ਥਾਵਾਂ ਤੇ ਗੁਰੂ ਸਾਹਿਬ ਨੂੰ ਸਰਾਪ ਦੇਂਦੇ ਵਿਖਾਇਆ ਹੈ। ਗੁਰੂ ਸਾਹਿਬ ਵਰਗੀ ਪ੍ਰਭੂ ਰੂਪ ਸੰਪੂਰਨ ਸ਼ਖ਼ਸੀਅਤ ਨਿੱਕੀ-ਨਿੱਕੀ ਗੱਲ ਤੇ ਸਰਾਪ ਨਹੀਂ ਦੇ ਸਕਦੀ। ਇਹ ਗੱਲ ਸਿੱਖ ਧਰਮ ਦੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹੈ। ਇਸ ਤੋਂ ਇਲਾਵਾ ਭਾਈ ਡੱਲਾ ਅਤੇ ਹੋਰ ਅਨੇਕਾਂ ਸਿੱਖ ਜਿਹੜੇ ਗੁਰੂ ਸਾਹਿਬ ਦੀ ਤਨ ਮਨ ਅਤੇ ਧਨ ਨਾਲ ਹਰ ਪੱਖੋਂ ਦਿਨ-ਰਾਤ ਸੇਵਾ ਕਰਦੇ ਰਹੇ ਹੋਣ ਅਤੇ ਜਿਹਨਾਂ ਨੇ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਵੱਡੀ ਗਿਣਤੀ ਵਿੱਚ ਅੰਮ੍ਰਿਤਪਾਨ ਕੀਤਾ ਹੋਵੇ, ਗੁਰੂ ਸਾਹਿਬ ਇੱਕ ਛੋਟੀ ਜਿਹੀ ਗੱਲ ਤੇ ਗੁੱਸੇ ਹੋ ਕੇ ਉਹਨਾਂ ਨੂੰ ਸਰਾਪ ਕਿਵੇਂ ਦੇ ਸਕਦੇ ਹਨ? ਇਹ ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਛੁਟਿਆਉਣ ਵਾਲੀ ਗੱਲ ਹੋਵੇਗੀ। ਇਸ ਕਰਕੇ ਇਹ ਇਹਨਾਂ ਲਿਖਤਾਂ ਦੇ ਲੇਖਕਾਂ ਦੀਆਂ ਮਨੋਕਲਪਿਤ ਅਤੇ ਤਰਕਹੀਣ ਗੱਲਾਂ ਹਨ।

ਇਸੇ ਤਰ੍ਹਾਂ ਜਦੋਂ ਗੁਰੂ ਸਾਹਿਬ ਨੌਕਰਾਂ (ਤਨਖਾਹ ਲੈਣ ਵਾਲੇ ਬੈਰਾੜ ਸਿਪਾਹੀ) ਨੂੰ ਤਨਖਾਹਾਂ ਵੰਡਦੇ, ਤਾਂ ਗੁਰੂ ਸਾਹਿਬ ਭਾਈ ਡੱਲੇ ਨੂੰ ਵੀ ਰੋਜ਼ੀਨਾ (ਦਿਹਾੜੀ) ਲੈਣ ਲਈ ਆਖਦੇ, ਤਾਂ ਭਾਈ ਡੱਲਾ ਨਿਮਰਤਾ ਸਹਿਤ ਬੇਨਤੀ ਕਰਦਾ ਕਿ ਮੈਨੂੰ ਤਨਖਾਹ ਨਹੀਂ ਚਾਹੀਦੀ, ਜੇਕਰ ਤੁਸੀਂ ਪ੍ਰਸੰਨ ਹੋ ਤਾਂ ਮੀਂਹ ਵਰਸਾਉਣ ਦੀ ਕਿਰਪਾ ਕਰੋ। ਕਿਉਂਕਿ ਔੜ ਲੱਗੀ ਹੋਈ ਸੀ, ਵਰਖਾ ਹੋਈ ਨੂੰ ਬਹੁਤ ਸਮਾਂ ਹੋ ਗਿਆ ਸੀ। ਜਿਸ ਕਰਕੇ ਫਸਲਾਂ ਸੁੱਕ ਰਹੀਆਂ ਸਨ ਅਤੇ ਕਾਲ ਪੈਣ ਦਾ ਡਰ ਸੀ। ਗੁਰੂ ਸਾਹਿਬ ਚੁੱਪ ਰਹਿੰਦੇ। ਭਾਈ ਡੱਲੇ ਨੇ ਕਈ ਵਾਰ ਆਪਣੀ ਇਹ ਬੇਨਤੀ ਗੁਰੂ ਸਾਹਿਬ ਅੱਗੇ ਦੁਹਰਾਈ। ਭਾਈ ਡੱਲੇ ਦੇ ਸਿਦਕ ਅਤੇ ਸ਼ਰਧਾ ਨੂੰ ਵੇਖ ਕੇ ਗੁਰੂ ਜੀ ਨੇ ਉਸਨੂੰ ਛੱਪੜ-ਟੋਬੇ ਸਾਫ (ਪੁਟਣ) ਕਰਨ ਲਈ ਕਿਹਾ। ਭਾਈ ਡੱਲੇ ਨੇ ਲੋਕਾਂ ਨੂੰ ਇਕੱਠਿਆਂ ਕਰ ਕੇ ਛੱਪੜਾਂ ਦੀ ਪੁਟਾਈ ਕਰਾ ਦਿੱਤੀ। ਗੁਰੂ ਸਾਹਿਬ ਨੇ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਕੀਤੀ।

"ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥

ਭੈ ਵਿਚਿ ਰਾਜਾ ਧਰਮ ਦੁਆਰ॥"[108]

"ਮੀਹੁ ਪਇਆ ਪਰਮੇਸਰਿ ਪਾਇਆ॥

ਜੀਅ ਜੰਤ ਸਭਿ ਸੁਖੀ ਵਸਾਇਆ॥"[109]

ਵਾਹਿਗੁਰੂ ਦੀ ਕਿਰਪਾ ਨਾਲ ਵਰਖਾ ਆਰੰਭ ਹੋ ਗਈ। ਕਈ ਦਿਨ ਲਗਾਤਾਰ ਵਰਖਾ ਹੁੰਦੀ ਰਹੀ।[110] ਹੋ ਸਕਦਾ ਹੈ ਕਿ ਤਰਕਵਾਦੀ ਲੋਕਾਂ ਨੂੰ ਇਹ ਗੱਲ ਅੰਧ-ਵਿਸ਼ਵਾਸ ਜਾਂ ਕਰਾਮਾਤ ਲੱਗੇ ਤੇ ਉਹ ਇਸਨੂੰ ਮਨੋਕਲਪਿਤ ਅਤੇ ਤਰਕਹੀਣ ਦੱਸਣ।

ਇਸ ਪ੍ਰਸੰਗ ਤੋਂ ਸਾਨੂੰ ਇਹ ਵੀ ਪਤਾ ਲੱਗਦਾ ਹੈ ਕਿ ਭਾਈ ਡੱਲੇ ਨੇ ਆਪਣੇ ਨਿੱਜੀ ਲਾਭ ਲਈ ਕਦੇ ਵੀ ਗੁਰੂ ਸਾਹਿਬ ਤੋਂ ਕੋਈ ਰਾਜ-ਭਾਗ ਦਾ ਵਰ ਨਹੀ ਮੰਗਿਆ। ਜੇਕਰ ਕੋਈ ਵਰਦਾਨ ਮੰਗਿਆ ਵੀ, ਤਾਂ ਆਪਣੇ ਸਾਰੇ ਇਲਾਕੇ ਦੀ ਭਲਾਈ ਵਾਸਤੇ। ਭਾਈ ਡੱਲੇ ਦੇ ਮਨ ਵਿੱਚ ਆਪਣੇ ਲੋਕਾਂ ਲਈ ਕਿੰਨੀ ਹਮਦਰਦੀ ਸੀ।

## ਇਲਾਕੇ ਵਿਚ ਪ੍ਰਚਾਰ ਦੌਰਾ

ਤਲਵੰਡੀ ਸਾਬੋ ਵਿਖੇ ਰਹਿੰਦਿਆਂ ਗੁਰੂ ਸਾਹਿਬ ਨੇ ਧਰਮ ਪ੍ਰਚਾਰ ਲਈ ਆਲੇ-ਦੁਆਲੇ ਦੇ ਪਿੰਡਾਂ ਵਿਚ ਦੌਰਾ ਕੀਤਾ। ਇਸ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਨੂੰ ਗੁਰੂ ਸਾਹਿਬ ਨੇ ਆਪਣੀ ਚਰਨ ਛੋਹ ਨਾਲ ਪਵਿੱਤਰ ਕੀਤਾ। ਸੂਰਜ ਪ੍ਰਕਾਸ਼, ਤਵਾਰੀਖ਼ ਗੁਰੂ ਖਾਲਸਾ, ਗੁਰ-ਪਦ ਪ੍ਰੇਮ ਪ੍ਰਕਾਸ਼ ਅਤੇ ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਵਿਚ ਇਹਨਾਂ ਦੌਰਿਆਂ ਬਾਰੇ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਪ੍ਰਾਚੀਨ ਪੰਥ ਪ੍ਰਕਾਸ਼, ਪੰਥ ਪ੍ਰਕਾਸ਼ ਅਤੇ ਗੁਰ ਬਿਲਾਸ ਪਾਤਸ਼ਾਹੀ 10ਵੀਂ (ਭਾਈ ਕੁਇਰ ਸਿੰਘ ਅਤੇ ਭਾਈ ਸੁੱਖਾ ਸਿੰਘ) ਵਿਚੋਂ ਵੀ ਇਹਨਾਂ ਦੌਰਿਆਂ ਬਾਰੇ ਸੰਖੇਪ ਜਾਣਕਾਰੀ ਮਿਲਦੀ ਹੈ।

ਸਾਖੀ ਪੋਥੀ ਤੇ ਸੂਰਜ ਪ੍ਰਕਾਸ਼ ਦੇ ਅਨੁਸਾਰ ਤਲਵੰਡੀ ਸਾਬੋ ਤੋਂ ਗੁਰੂ ਸਾਹਿਬ ਸਭ ਤੋਂ ਪਹਿਲਾਂ ਭਾਈ ਰਾਮ ਸਿੰਘ (ਭਾਈ ਭਗਤੂ ਦੇ ਵੰਸ਼ ਵਿਚੋਂ) ਦੇ ਪਿੰਡ ਭਾਈ ਕਾ ਚੱਕ ਗਏ ਅਤੇ ਪਿੰਡ ਦੇ ਬਾਹਰ ਭਾਈ

---

108 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 464

109 *ਉਹੀ,* ਪੰਨਾ 105

110 *ਸਾਖੀ ਪੋਥੀ,* ਪੰਨਾ 78

ਰਾਮ ਸਿੰਘ ਵੱਲੋਂ ਤਿਆਰ ਕਰਵਾਏ ਠੰਢੇ ਤੇ ਸੁੰਦਰ ਸਥਾਨ ਤੇ ਟਿਕਾਣਾ ਕੀਤਾ। ਗੁਰੂ ਸਾਹਿਬ ਨੇ ਭਾਈ ਰਾਮ ਸਿੰਘ ਦੀ ਚਾਚੀ (ਮਾਈ ਦੇਸਾਂ), ਜੋ ਰਾਮ ਸਿੰਘ ਦੇ ਘਰ ਜਾਣਾ ਨਹੀਂ ਚਾਹੁੰਦੀ ਸੀ, ਦੇ ਘਰ ਜਾ ਕੇ ਉਸਦੇ ਮਨ ਦੀ ਭਾਵਨਾ ਅਨੁਸਾਰ ਉਸਦੇ ਹੱਥੀਂ ਬਣੇ ਹੋਏ ਖੇਸ ਦੀ ਭੇਂਟ ਕਬੂਲ ਕੀਤੀ ਅਤੇ ਫਿਰ ਰਾਤ ਨੂੰ ਭਾਈ ਰਾਮ ਸਿੰਘ ਦੇ ਘਰ ਚੁਬਾਰੇ ਵਿਚ ਵਿਸ਼ਰਾਮ ਕੀਤਾ।[111] ਜਦੋਂ ਕਿ 'ਤਵਾਰੀਖ਼ ਗੁਰੂ ਖਾਲਸਾ' ਲਿਖਤ ਮੁਤਾਬਕ ਤਲਵੰਡੀ ਸਾਬੋ ਤੋਂ ਗੁਰੂ ਸਾਹਿਬ ਪਹਿਲਾਂ ਭਾਗੀ ਬਾਂਦਰ ਪਿੰਡ ਗਏ ਅਤੇ ਇਸ ਤੋਂ ਬਾਅਦ ਕੋਟ ਸ਼ਮੀਰ ਪਿੰਡ ਵਿਖੇ ਤਿੰਨ ਦਿਨ ਦੀਵਾਨੇ ਸਾਧਾਂ ਦੇ ਮਹੰਤ ਬਿਹਾਰੀ ਪਾਸ ਠਹਿਰੇ। ਉਥੋਂ ਫਿਰ ਅੱਗੇ ਭਾਈ ਰਾਮ ਸਿੰਘ ਦੇ ਪਿੰਡ ਚੱਕ ਗਏ ਸਨ।[112]

ਇਥੇ ਹੀ ਭੁੱਚੋ ਪਿੰਡ ਤੋਂ ਭਾਈ ਦਿਆਲ ਦਾਸ, ਜਿਸ ਬਾਰੇ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪਹੁੰਚਿਆ ਅਤੇ ਮੱਥਾ ਟੇਕਿਆ। ਗੁਰੂ ਸਾਹਿਬ ਚੁੱਪ ਰਹੇ। ਭਾਈ ਗੋਦੜੀਆ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪਹੁੰਚਿਆ। ਭਾਈ ਗੋਦੜੀਆ ਬੜਾ ਭਜਨੀਕ ਸੀ ਅਤੇ ਸਾਰਾ ਦਿਨ ਹੱਥੀਂ ਕਾਰ ਕਰਦਾ ਹੋਇਆ ਪਰਮੇਸ਼ਰ ਦਾ ਨਾਮ ਜਪਦਾ ਰਹਿੰਦਾ ਸੀ। ਜਦੋਂ ਗੁਰੂ ਸਾਹਿਬ ਕੱਚੀ ਭੁੱਚੋ ਪਿੰਡ ਜਾ ਕੇ ਠਹਿਰੇ, ਤਾਂ ਲੋਕਾਂ ਨੇ ਆਪਣੀਆਂ ਲਵੇਰੀਆਂ (ਸੱਜਰ ਸੂਈ) ਮੱਝਾਂ ਦਾ ਦੁੱਧ ਸਾਰੀ ਸੰਗਤ ਨੂੰ ਛਕਾਇਆ। ਅੱਜਕੱਲ ਇਸ ਥਾਂ ਤੇ ਗੁਰਦੁਆਰਾ ਲਵੇਰੀਸਰ ਬਣਿਆ ਹੋਇਆ ਹੈ। ਇਸ ਤੋਂ ਅੱਗੇ ਗੁਰੂ ਸਾਹਿਬ ਭਾਗੂ ਪਿੰਡ ਪਹੁੰਚੇ। ਭਾਈ ਰਾਮ ਸਿੰਘ ਦੇ ਕਹੇ ਮੁਤਾਬਿਕ ਭਾਈ ਦਿਆਲ ਦਾਸ ਲੰਗਰ ਤਿਆਰ ਕਰਵਾ ਕੇ ਗੱਡਿਆਂ ਉਪਰ ਲੱਦ ਕੇ ਗੁਰੂ ਸਾਹਿਬ ਦੇ ਪਿੱਛੇ ਹੀ ਭਾਗੂ ਪਿੰਡ ਪਹੁੰਚ ਗਿਆ। ਇਥੇ ਪਹੁੰਚ ਕੇ ਭਾਈ ਦਿਆਲ ਦਾਸ ਨੇ ਆਪਣੀ ਭੁੱਲ ਬਖਸ਼ਾਈ ਅਤੇ ਅੰਮ੍ਰਿਤਪਾਨ ਕੀਤਾ। ਇਸ ਉਪਰੰਤ ਉਸਦਾ ਲੰਗਰ ਸੰਗਤਾਂ ਵਿਚ ਵਰਤਾਇਆ ਗਿਆ।[113] ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿਚ ਭਾਈ ਦਿਆਲ ਦਾਸ ਨੂੰ ਬਖਸ਼ਣ ਅਤੇ ਉਸਦਾ ਲੰਗਰ ਛੱਕਣ ਦਾ ਪ੍ਰਸੰਗ ਗੁਰੂ ਸਾਹਿਬ ਦੇ ਬਠਿੰਡੇ ਤੋਂ ਵਾਪਸ ਤਲਵੰਡੀ ਸਾਬੋ ਵਿਖੇ ਪਹੁੰਚਣ ਤੇ ਅੰਕਿਤ ਕੀਤਾ ਹੈ।[114]

---

111 *ਸਾਖੀ ਪੋਥੀ,* ਪੰਨੇ 71-72

112 *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨੇ 1071-72

113 *ਸਾਖੀ ਪੋਥੀ,* ਪੰਨੇ 72-73

114 *ਸੂਰਜ ਪ੍ਰਕਾਸ਼,* ਐਨ 1, ਅੰਸੂ 25, ਛੰਦ 28

ਭਾਗੂ ਪਿੰਡ ਤੋਂ ਅੱਗੇ ਹੋਰ ਪਿੰਡਾਂ ਵਿਚੀਂ ਲੰਘਦੇ ਹੋਏ ਗੁਰੂ ਸਾਹਿਬ ਬਠਿੰਡੇ ਪਹੁੰਚੇ। ਇਥੇ ਰਾਜਾ ਬਿਨੈਪਾਲ ਦਾ ਬਣਾਇਆ ਹੋਇਆ ਇੱਕ ਪੁਰਾਤਨ ਕਿਲਾ ਹੈ। ਬਾਰ੍ਹਵੀਂ ਸਦੀ ਵਿਚ ਮੁਹੰਮਦ ਗੌਰੀ ਨੇ ਇਸ ਕਿਲੇ ਨੂੰ ਕੁਝ ਢਾਹ ਦਿੱਤਾ ਸੀ। ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਹੀ ਇਹ ਕਿਲਾ ਦੇਖਣ ਦਾ ਮਨ ਬਣਾ ਕੇ ਚੱਲੇ ਸਨ। ਸ਼ਾਇਦ ਗੁਰੂ ਸਾਹਿਬ ਕਿਸੇ ਸੰਭਾਵਿਤ ਹਮਲੇ ਦੀ ਸੂਰਤ ਵਿਚ ਇਸ ਕਿਲੇ ਨੂੰ ਸੁਰੱਖਿਆ ਅਤੇ ਜੰਗ ਦੀ ਮੋਰਚਾਬੰਦੀ ਲਈ ਢੁਕਵੀਂ ਥਾਂ ਵਜੋਂ ਦੇਖਦੇ ਇਸ ਦਾ ਮੁਆਇਨਾ ਕਰਨਾ ਚਾਹੁੰਦੇ ਹੋਣ। ਜਦੋਂ ਗੁਰੂ ਸਾਹਿਬ ਇਥੇ ਪਹੁੰਚੇ, ਤਾਂ ਇਹ ਕਿਲਾ ਉਜਾੜ-ਬੀਆਬਾਨ ਬਣਿਆ ਪਿਆ ਸੀ। ਸਥਾਨਕ ਲੋਕਾਂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਇਸ ਕਿਲੇ ਵਿਚ ਇੱਕ ਭਿਆਨਕ ਕਾਣਾ ਦੈਂਤ ਰਹਿੰਦਾ ਹੈ। ਗੁਰੂ ਸਾਹਿਬ ਨੇ ਕਿਲੇ ਦੇ ਅਹਾਤੇ ਵਿਚ ਹੀ ਡੇਰਾ ਲਾਇਆ। ਉਪਰੋਕਤ ਲਿਖਤਾਂ ਅਨੁਸਾਰ ਗੁਰੂ ਸਾਹਿਬ ਨੇ ਇੱਕ ਝੋਟੇ ਦੀ ਬਲੀ ਦਿੱਤੀ ਅਤੇ ਇਸ ਕਾਣੇ ਦੈਂਤ ਨੂੰ ਕਿਲੇ ਵਿਚੋਂ ਕੱਢਿਆ। ਗੁਰਮਤਿ ਵਿਚਾਰਧਾਰਾ ਦੇ ਅਨੁਸਾਰ ਕਿਸੇ ਜਾਨਵਰ ਦੀ ਬਲੀ ਦੇਣੀ ਗ਼ਲਤ ਹੈ। ਇਸ ਲਈ ਗੁਰੂ ਸਾਹਿਬ ਵੱਲੋਂ ਝੋਟੇ ਦੀ ਬਲੀ ਦੇਣ ਦੀ ਗੱਲ ਮਨੋਕਲਪਤਿ ਅਤੇ ਮਿਥਿਹਾਸਕ ਹੈ। ਗੁਰੂ ਸਾਹਿਬ ਕਈ ਦਿਨ ਇਸ ਕਿਲੇ ਵਿਚ ਰਹੇ।[115]

ਗੁਰ ਤੀਰਥ ਸੰਗ੍ਰਹਿ[116] ਅਤੇ ਤਵਾਰੀਖ ਗੁਰੂ ਖਾਲਸਾ ਅਨੁਸਾਰ ਬਠਿੰਡੇ ਤੋਂ ਚੱਲ ਕੇ ਗੁਰੂ ਸਾਹਿਬ ਮਹਿਮਾ ਪਿੰਡ ਪਹੁੰਚੇ। ਉਥੇ ਬਹੁਤ ਸਾਰੀ ਸਿੱਖ ਸੰਗਤ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੀ। ਸੰਗਤਾਂ ਦੇ ਇਕੱਠ ਅਤੇ ਉਹਨਾਂ ਦੀ ਸ਼ਰਧਾ-ਭਾਵਨਾ ਵੇਖ ਕੇ ਗੁਰੂ ਸਾਹਿਬ ਨੇ ਇਉਂ ਉਚਾਰਿਆ[117]

(ਮਾਝਿ ਪਾਤਿਸਾਹੀ 10।। ਲੱਖੀ ਜੰਗਲ ਖਾਲਸਾ ਦੀਦਾਰੁ ਆਨਿ ਲਗਾ।)

ਸੁਣ ਕੈ ਸਦੁ ਮਾਹੀ ਦਾ, ਮੇਹੀ ਪਾਣੀ ਘਾਹੁ ਮੁਤੋ ਨੇ।

ਕਿਸੇ ਨਾਲ ਨਾ ਰਲੀਆ ਕਾਈ, ਕੇਹੋ ਸੌਕ ਪਇਓ ਨੇ।।

ਗਇਓ ਫਿਰਾਕ ਮਿਲਿਓ ਮਿਤ੍ਰ ਮਾਹੀ, ਤਾਹੀ ਸੁਕਰ ਕੀਤੋ ਨੇ।

ਉਸ ਸਮੇਂ ਸਰਕਾਰੀ ਦਫ਼ਤਰਾਂ ਵਿਚ ਇਸ ਇਲਾਕੇ ਦਾ ਨਾਮ 'ਲੱਖੀ ਜੰਗਲ' ਲਿਖਿਆ ਜਾਂਦਾ ਸੀ। ਇਸ ਲਈ

---

115 *ਸਾਖੀ ਪੋਥੀ,* ਪੰਨੇ 73-74

116 ਪੰਡਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ,* ਪੰਨਾ 190

117 *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1076

ਗੁਰੂ ਸਾਹਿਬ ਵੀ ਇਸ ਇਲਾਕੇ ਨੂੰ 'ਲੱਖੀ ਜੰਗਲ' ਕਹਿੰਦੇ ਸਨ।

ਬਠਿੰਡੇ ਤੋਂ ਵਾਪਸ ਆਉਂਦੇ ਹੋਏ ਗੁਰੂ ਜੀ ਰਾਤ ਨੂੰ ਪਿੰਡ ਕੋਟ ਸ਼ਮੀਰ ਠਹਿਰੇ। ਸੂਰਜ ਪ੍ਰਕਾਸ਼ ਵਿਚ ਇਸ ਪਿੰਡ ਦਾ ਨਾਮ 'ਸੰਮੀ' ਲਿਖਿਆ ਹੈ। ਭਾਈ ਡੱਲਾ ਸਿੰਘ ਵੀ ਤਲਵੰਡੀ ਤੋਂ ਉਥੇ ਪਹੁੰਚ ਗਿਆ। ਜਦੋਂ ਪਿੰਡ ਦੇ ਲੋਕ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ ਤਾਂ ਉਹਨਾਂ ਨੇ ਗੁਰੂ ਜੀ ਨੂੰ ਮੱਥਾ ਟੇਕ ਕੇ ਨਜ਼ਰਾਨਾ ਭੇਂਟ ਕੀਤਾ ਅਤੇ ਨਾਲ ਭਾਈ ਡੱਲਾ ਸਿੰਘ ਨੂੰ ਵੀ ਨਜ਼ਰਾਨਾ ਭੇਂਟ ਕੀਤਾ, ਕਿਉਂਕਿ ਇਹ ਪਿੰਡ ਉਸਦੀ ਚੌਧਰ ਵਿਚ ਸੀ। ਭਾਈ ਡੱਲਾ ਸਿੰਘ ਨੇ ਲੋਕਾਂ ਨੂੰ ਕਿਹਾ ਕਿ ਸਿਰਫ ਗੁਰੂ ਸਾਹਿਬ ਨੂੰ ਹੀ ਨਜ਼ਰਾਨਾ ਭੇਂਟ ਕੀਤਾ ਜਾਵੇ। ਗੁਰੂ ਸਾਹਿਬ ਦੀ ਹਜੂਰੀ ਵਿਚ ਮੈਨੂੰ ਨਜਰਾਨਾ ਪੇਸ਼ ਨਾ ਕੀਤਾ ਜਾਵੇ।[118] ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਭਾਈ ਡੱਲਾ ਸਿੰਘ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਹਮੇਸ਼ਾ ਇੱਕ ਨਿਮਾਣਾ ਸਿੱਖ ਬਣ ਕੇ ਰਿਹਾ। ਉਸ ਨੇ ਕਦੇ ਵੀ ਆਪਣੇ ਆਪ ਨੂੰ ਤਲਵੰਡੀ ਦਾ ਚੌਧਰੀ ਨਹੀਂ ਪ੍ਰਗਟ ਕੀਤਾ ਸੀ।

**ਅਖੰਡ ਪਾਠ ਦੀ ਮਰਿਆਦਾ ਦਾ ਆਰੰਭ**

'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਖੇ ਹੀ ਸ੍ਰੀ ਅਖੰਠ ਪਾਠ ਸਾਹਿਬ ਦੀ ਮਰਿਆਦਾ ਕਾਇਮ ਕੀਤੀ। ਇਸ ਤੋਂ ਪਹਿਲਾਂ ਸਿੱਖ-ਇਤਿਹਾਸ ਵਿਚ ਕਿਤੇ ਵੀ ਸ੍ਰੀ ਅਖੰਡ ਪਾਠ ਸਾਹਿਬ ਦੇ ਵਿਧੀ-ਵਿਧਾਨ ਬਾਰੇ ਜਾਣਕਾਰੀ ਨਹੀ ਮਿਲਦੀ ਹੈ। 'ਗੁਰੂ ਕੀਆਂ ਸਾਖੀਆਂ' ਦੇ ਲੇਖਕ ਅਨੁਸਾਰ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਜੀ ਨੂੰ ਕਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਇੱਕ ਉਚੇ ਟਿੱਲੇ ਤੇ ਕਰਾਇਆ, ਜਿਸ ਥਾਂ ਤੇ ਆ ਕੇ ਗੁਰੂ ਸਾਹਿਬ ਨੇ ਕਮਰਕਸਾ ਖੋਲਿਆ ਸੀ ਤੇ ਦਮਦਮਾ ਸਾਹਿਬ ਨਾਮ ਰੱਖਿਆ ਸੀ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ ਚੰਦੋਆ ਤਾਣਿਆ। ਲਾਂਗਰੀ ਸਿੱਖ ਨੇ ਤ੍ਰਿਹਾਵਲ (ਕੜਾਹ) ਪ੍ਰਸਾਦ ਦੀ ਦੇਗ ਤਿਆਰ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਕੋਲ ਇੱਕ ਚੌਂਕੀ ਤੇ ਲਿਆ ਕੇ ਰੱਖੀ। ਸੰਗਤ ਨੇ ਸ਼ਬਦ ਕੀਰਤਨ ਕੀਤਾ। ਇਸ ਤੋਂ ਬਾਅਦ ਕੜਾਹ ਪ੍ਰਸਾਦ ਵਰਤਇਆ। ਫਿਰ ਤਾਬਿਆ ਬੈਠੇ ਸਿੱਖ ਨੇ ਸ੍ਰੀ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਚਾਲੀਵੀਂ ਪਉੜੀ ਦਾ ਪਾਠ ਕੀਤਾ। ਉਪਰੰਤ ਅਰਦਾਸੀਏ ਸਿੰਘ ਨੇ ਖੜੇ ਹੋ ਕੇ ਅਰਦਾਸ ਕੀਤੀ। ਗੁਰੂ ਸਾਹਿਬ ਦੀ ਆਗਿਆ ਅਨੁਸਾਰ ਭਾਈ ਮਨੀ ਸਿੰਘ ਜੀ ਨੇ ਸ੍ਰੀ ਅਖੰਠ ਪਾਠ ਸਾਹਿਬ ਆਰੰਭ ਕੀਤਾ। ਪਹਿਲਾਂ

---

[118] *ਸਾਖੀ ਪੋਥੀ*, ਪੰਨਾ 75

ਹੁਕਮਨਾਮਾ (ਮੁੱਖ-ਵਾਕ) ਲਿਆ ਗਿਆ। ਤੀਜੇ ਦਿਨ (ਕੱਤਕ ਸੁਦੀ ਪੰਚਮੀ) ਇੱਕ ਪਹਿਰ ਦਿਨ ਚੜੇ ਪਾਠ ਦੀ ਸਮਾਪਤੀ ਹੋਈ। ਸਿੱਖਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗੁੰਜਾਏ। ਸੰਗਤ ਵਿਚ ਕੜਾਹ ਪ੍ਰਸਾਦ ਵਰਤਾਇਆ ਗਿਆ।[119] ਇਸ ਪ੍ਰਸੰਗ ਤੋਂ ਸਾਨੂੰ ਗੁਰੂ ਸਾਹਿਬ ਦੁਆਰਾ ਸ੍ਰੀ ਅਖੰਡ ਪਾਠ ਸਾਹਿਬ ਦਾ ਵਿਧੀ-ਵਿਧਾਨ ਕਾਇਮ ਕਰਨ ਬਾਰੇ ਭਲੀ-ਭਾਂਤ ਪਤਾ ਲੱਗਦਾ ਹੈ। ਸੂਰਜ ਪ੍ਰਕਾਸ਼, ਤਵਾਰੀਖ਼ ਗੁਰੂ ਖਾਲਸਾ ਅਤੇ ਸਾਖੀ ਪੋਥੀ ਵਿਚ ਸ੍ਰੀ ਅਖੰਠ ਪਾਠ ਸਾਹਿਬ ਦੀ ਮਰਿਆਦਾ ਕਾਇਮ ਕਰਨ ਦਾ ਪ੍ਰਸੰਗ ਅੰਕਿਤ ਨਹੀਂ ਕੀਤਾ ਗਿਆ ਹੈ।

**ਦੱਖਣ ਵੱਲ ਰਵਾਨਗੀ**

ਚਮਕੌਰ ਦੇ ਯੁੱਧ ਤੋਂ ਬਾਅਦ ਗੁਰੂ ਸਾਹਿਬ ਨੇ ਦੀਨਾ-ਕਾਂਗੜ ਪਹੁੰਚ ਕੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮੇ ਦੇ ਰੂਪ ਵਿੱਚ ਫ਼ਤਹਿ ਦਾ ਖ਼ਤ ਲਿਖਿਆ ਸੀ। ਇਸ ਵਿਚ ਉਨ੍ਹਾਂ ਨੇ ਬਾਦਸ਼ਾਹ ਨੂੰ ਹਾਕਮਾਂ ਦੁਆਰਾ ਉਨ੍ਹਾਂ ਉੱਪਰ ਕੀਤੇ ਜ਼ੁਲਮ ਤੇ ਵਧੀਕੀਆਂ ਤੋਂ ਜਾਣੂ ਕਰਵਾਇਆ ਤੇ ਨਾਲ ਹੀ ਸ਼ਾਹੀ ਅਹਿਲਕਾਰਾਂ ਵੱਲੋਂ ਕੁਰਾਨ ਦੀਆਂ ਝੂਠੀਆਂ ਕਸਮਾਂ ਖਾ ਕੇ ਧੋਖੇ ਨਾਲ ਹਮਲਾ ਕਰਨ ਬਾਰੇ ਦੱਸਿਆ। ਗੁਰੂ ਸਾਹਿਬ ਨੇ ਇਹ ਪੱਤਰ ਔਰੰਗਜ਼ੇਬ ਤੱਕ ਪਹੁੰਚਾਉਣ ਲਈ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਨੂੰ ਦੱਖਣ ਵੱਲ ਭੇਜਿਆ। ਤਲਵੰਡੀ ਸਾਬੋ ਵਿਖੇ ਰਹਿੰਦਿਆਂ ਗੁਰੂ ਸਾਹਿਬ ਨੂੰ ਭਾਈ ਦਯਾ ਸਿੰਘ ਦਾ ਭੇਜਿਆ ਪੱਤਰ ਮਿਲਿਆ, ਜਿਸ ਵਿਚ ਭਾਈ ਸਾਹਿਬ ਨੇ ਬਾਦਸ਼ਾਹ ਨੂੰ ਮਿਲਣ ਅਤੇ ਜ਼ਫ਼ਰਨਾਮਾ ਪਹੁੰਚਾਉਣ ਵਿਚ ਆ ਰਹੀਆਂ ਮੁਸ਼ਕਲਾਂ ਬਾਰੇ ਦੱਸਿਆ।[120] 'ਗੁਰੂ ਕੀਆਂ ਸਾਖੀਆਂ' ਅਨੁਸਾਰ ਭਾਈ ਦਯਾ ਸਿੰਘ ਵੱਲੋਂ ਭੇਜਿਆ ਹੋਇਆ ਪੱਤਰ ਲੈ ਕੇ ਭਾਈ ਧਰਮ ਸਿੰਘ ਅਤੇ ਭਾਈ ਦੇਸਾ ਸਿੰਘ ਸਾਵਨ ਸੁਦੀ ਤੀਜ ਨੂੰ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਕੋਲ ਪਹੁੰਚੇ ਸਨ। ਗੁਰੂ ਸਾਹਿਬ ਦਾ ਜਵਾਬੀ ਪੱਤਰ ਲੈ ਕੇ ਇਹ ਦੋਵੇਂ ਸਿੱਖ ਅਹਿਮਦ ਨਗਰ ਭਾਈ ਦਯਾ ਸਿੰਘ ਜੀ ਕੋਲ ਪਹੁੰਚੇ ਸਨ।[121] ਤਵਾਰੀਖ਼ ਗੁਰੂ ਖਾਲਸਾ ਵਿਚ ਗਿਆਨੀ ਗਿਆਨ ਸਿੰਘ ਨੇ ਭਾਈ ਦਯਾ ਸਿੰਘ ਦੀ ਚਿੱਠੀ ਨਾਲ ਬਾਗੀ ਮਰਹੱਟਿਆਂ ਦਾ ਸੰਦੇਸ਼ਾ ਆਉਣਾ ਵੀ ਲਿਖਿਆ ਹੈ।[122] ਆਖਰਕਾਰ ਭਾਈ ਦਯਾ ਸਿੰਘ ਹੋਰੀਂ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਵਿਚ ਸਫ਼ਲ ਹੋ ਗਏ। ਜ਼ਫ਼ਰਨਾਮਾ ਪੜ੍ਹ ਕੇ ਬਾਦਸ਼ਾਹ ਨੂੰ ਅਸਲੀਅਤ

---

119 *ਗੁਰੂ ਕੀਆਂ ਸਾਖੀਆਂ,* ਪੰਨੇ 187-188

120 ਕਵੀ ਸੈਨਾਪਤਿ, *ਸ੍ਰੀ ਗੁਰ ਸੋਭਾ,* (ਸੰਪਾ.) ਡਾ. ਗੰਡਾ ਸਿੰਘ, ਪੰਨਾ 135 ; *ਸੂਰਜ ਪ੍ਰਕਾਸ਼,* ਐਨ 1, ਅੰਸੂ 31, ਛੰਦ 6

121 *ਗੁਰੂ ਕੀਆਂ ਸਾਖੀਆਂ,* ਪੰਨਾ 185

122 *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1087

ਬਾਰੇ ਪਤਾ ਲੱਗਿਆ। ਬਾਦਸ਼ਾਹ ਔਰੰਗਜ਼ੇਬ ਨੇ ਲਾਹੌਰ ਦੇ ਨਾਇਬ-ਸੂਬੇਦਾਰ ਖਾਨਿ-ਖਾਨਾਨ ਮੁਨਇਮ ਖਾਨ ਨੂੰ ਇੱਕ ਲਿਖਤੀ ਹੁਕਮ ਜਾਰੀ ਕੀਤਾ ਕਿ ਉਹ ਗੁਰੂ ਸਾਹਿਬ ਨੂੰ ਪੂਰਾ ਭਰੋਸਾ ਦੁਆਏ ਅਤੇ ਯੋਗ ਪ੍ਰਬੰਧ ਕਰ ਕੇ ਦੱਖਣ ਵਿਚ ਬਾਦਸ਼ਾਹ ਨਾਲ ਮੁਲਾਕਾਤ ਕਰਨ ਲਈ ਭੇਜੇ।[123] ਇਹ ਫੁਰਮਾਨ ਸਨੇਹਾਕਾਰਾਂ (ਗੁਰਜ਼ਬਰਦਾਰ) ਦੇ ਹੱਥ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਦੇ ਨਾਲ ਭੇਜਿਆ ਗਿਆ।[124]

ਚਮਕੌਰ ਦੀ ਜੰਗ ਤੋਂ ਬਾਅਦ ਗੁਰੂ ਸਾਹਿਬ ਨੂੰ ਬਾਦਸ਼ਾਹ ਔਰੰਗਜ਼ੇਬ ਨੇ, ਜੋ ਉਸ ਵੇਲੇ ਦੱਖਣ ਵਿੱਚ ਸੀ, ਪਹਿਲਾਂ ਵੀ ਲਿਖਤੀ ਅਤੇ ਜੁਬਾਨੀ ਬੁਲਾਵਾ ਭੇਜਿਆ ਸੀ ਕਿ ਤੁਸੀਂ ਮੈਨੂੰ ਦੱਖਣ ਵਿੱਚ ਆ ਕੇ ਮਿਲੋ।[125] ਗੁਰੂ ਸਾਹਿਬ ਨੂੰ ਸਰਕਾਰ ਦੀਆਂ ਇਹਨਾਂ ਗੱਲਾਂ ਉੱਪਰ ਭਰੋਸਾ ਨਹੀਂ ਸੀ। ਕਿਉਂਕਿ ਮੁਗ਼ਲ-ਅਹਿਲਕਾਰਾਂ ਨੇ ਕੁਰਾਨ ਦੀਆਂ ਕਸਮਾਂ ਖਾ ਕੇ ਧੋਖਾ ਕੀਤਾ ਸੀ। ਪਰੰਤੂ ਜੇ ਬਾਦਸ਼ਾਹ ਸੱਦਾ ਭੇਜੇ ਅਤੇ ਆਪਣੇ ਵਾਅਦੇ ਤੇ ਕਾਇਮ ਰਹੇ, ਤਾਂ ਗੁਰੂ ਸਾਹਿਬ ਖੁਦ ਬਾਦਸ਼ਾਹ ਨੂੰ ਮਿਲਣ ਅਤੇ ਉਸ ਨਾਲ ਗੱਲਬਾਤ ਕਰਨ ਲਈ ਤਿਆਰ ਸਨ।

ਇਧਰ ਤਲਵੰਡੀ ਸਾਬੋ ਵਿਖੇ ਭਾਈ ਦਯਾ ਸਿੰਘ ਦੇ ਵਾਪਸ ਆਉਣ ਦੀ ਉਡੀਕ ਲੰਮੀ ਹੁੰਦੀ ਜਾ ਰਹੀ ਸੀ। ਔਰੰਗਜ਼ੇਬ ਕਾਫੀ ਬੁੱਢਾ ਹੋ ਚੁੱਕਾ ਸੀ ਤੇ ਉਸ ਦੇ ਬੀਮਾਰ ਹੋਣ ਦੀਆਂ ਖ਼ਬਰਾਂ ਵੀ ਮਿਲ ਰਹੀਆਂ ਸਨ। ਡਾ. ਗੰਡਾ ਸਿੰਘ ਦੇ ਮੁਤਾਬਕ ਇਹਨਾਂ ਹਾਲਾਤਾਂ ਦੇ ਮੱਦੇਨਜ਼ਰ ਅਖੀਰ ਗੁਰੂ ਸਾਹਿਬ ਨੇ ਹੋਰ ਉਡੀਕ ਕਰਨ ਨਾਲੋਂ ਖ਼ੁਦ ਜਾ ਕੇ ਬਾਦਸ਼ਾਹ ਨਾਲ ਗੱਲਬਾਤ ਕਰਨ ਲਈ ਦੱਖਣ ਨੂੰ ਕੂਚ ਕਰਨ ਦਾ ਮਨ ਬਣਾਇਆ।[126] ਡਾ. ਸੁਖਦਿਆਲ ਸਿੰਘ ਦੇ ਅਨੁਸਾਰ ਭਾਈ ਦਯਾ ਸਿੰਘ ਹੋਰੀਂ ਗੁਰੂ ਸਾਹਿਬ ਕੋਲ ਤਲਵੰਡੀ ਸਾਬੋ ਵਿਖੇ ਬਾਦਸ਼ਾਹ ਦਾ ਜ਼ੁਬਾਨੀ ਸੁਨੇਹਾ ਲੈ ਕੇ ਪਹੁੰਚੇ ਸਨ। ਬਾਦਸ਼ਾਹ ਵੱਲੋਂ ਸਪੱਸ਼ਟ ਰੂਪ ਵਿਚ ਮੁਲਾਕਾਤ ਦਾ ਸੁਨੇਹਾ ਆ ਜਾਣ ਤੇ ਗੁਰੂ ਸਾਹਿਬ ਨੇ ਦੱਖਣ ਜਾਣ ਦੀਆਂ ਤਿਆਰੀਆਂ ਆਰੰਭ ਕੀਤੀਆਂ ਸਨ।[127] ਪਰੰਤੂ ਭਾਈ ਦਯਾ ਸਿੰਘ ਹੋਰਾਂ ਦਾ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਕੋਲ ਪਹੁੰਚਣ ਦਾ ਜ਼ਿਕਰ

---

123 ਇਨਾਇਤੁੱਲਾ ਇਸਮੀ, *ਅਹਿਕਾਮਿ ਆਲਿਮਗੀਰੀ, ਗੰਡਾ ਸਿੰਘ ਦੇ ਹਵਾਲੇ ਨਾਲ, ਮਾਖਿਜ਼ਿ ਤਵਾਰੀਖ ਸਿੱਖਾਂ,* ਪੰਨਾ 74-75

124 *ਸ੍ਰੀ ਗੁਰ ਸੋਭਾ,* ਪੰਨਾ 137; *ਗੁਰੂ ਕੀਆਂ ਸਾਖੀਆਂ,* ਪੰਨਾ 186

125 *ਸ੍ਰੀ ਗੁਰ ਸੋਭਾ,* ਭੂਮਿਕਾ, ਪੰਨਾ 39

126 *ਉਹੀ,* ਪੰਨਾ 40

127 ਡਾ. ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ (1469-1706),* ਪੰਨਾ 241

ਕਿਸੇ ਵੀ ਪੁਰਾਤਨ ਲਿਖਤ ਵਿਚ ਨਹੀਂ ਮਿਲਦਾ ਹੈ। ਇਸ ਕਰਕੇ ਡਾ. ਗੰਡਾ ਸਿੰਘ ਦਾ ਕਥਨ ਵਧੇਰੇ ਦਰੁੱਸਤ ਜਾਪਦਾ ਹੈ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਆਪਣੇ ਦੱਖਣ ਜਾਣ ਦਾ ਫੈਸਲਾ ਦੱਸਿਆ ਅਤੇ ਭਾਈ ਡੱਲਾ ਸਿੰਘ, ਭਾਈ ਰਾਮ ਸਿੰਘ, ਅਭੈ (ਰਾਮ) ਸਿੰਘ ਸੋਢੀ, ਦੀਵਾਨੇ ਮਹੰਤਾਂ ਅਤੇ ਹੋਰ ਸਿੱਖਾਂ ਨੂੰ ਆਪਣੇ ਨਾਲ ਦੱਖਣ ਜਾਣ ਲਈ ਕਿਹਾ। ਪਰੰਤੂ ਉਹ ਪਰਿਵਾਰਕ ਮੋਹ ਵਿਚ ਜਕੜੇ ਅਤੇ ਸੰਸਾਰਕ ਕੰਮ-ਧੰਦਿਆਂ ਦੇ ਮੱਕੜੀ-ਜਾਲ ਵਿਚ ਉਲਝੇ ਹੋਏ ਗੁਰੂ ਸਾਹਿਬ ਦੇ ਨਾਲ ਦੱਖਣ ਵੱਲ ਜਾਣਾ ਨਹੀਂ ਚਾਹੁੰਦੇ ਸੀ। ਕਹਿਣ ਲੱਗੇ ਕਿ ਸਤਿਗੁਰੂ ਜੀ ਤੁਸੀਂ ਦੱਖਣ ਕਾਹਦੇ ਲਈ ਜਾਣਾ। ਇਥੇ ਹੀ ਨਿਵਾਸ ਕਰੋ, ਅਸੀਂ ਸਾਰੇ ਤੁਹਾਡੀ ਸੇਵਾ ਲਈ ਇਥੇ ਹਾਂ। ਦੱਖਣ ਵੱਲ ਔਰੰਗਜ਼ੇਬ ਬਾਦਸ਼ਾਹ ਕੋਲ ਜਾਣਾ ਠੀਕ ਨਹੀਂ ਹੈ। ਉਹ ਧੋਖੇਬਾਜ਼ ਅਤੇ ਮਹਾਂ ਦੁਸ਼ਟ ਤੁਹਾਨੂੰ ਦੁੱਖ ਦੇਵੇਗਾ। ਗੁਰੂ ਸਾਹਿਬ ਨੇ ਆਖਿਆ ਕਿ ਅਸੀਂ ਦੱਖਣ ਜ਼ਰੂਰ ਜਾਣਾ ਹੈ। ਉਥੇ ਬਹੁਤ ਕੰਮ ਕਰਨ ਵਾਲੇ ਹਨ, ਜਿਹੜੇ ਟਾਲੇ ਨਹੀਂ ਜਾ ਸਕਦੇ।[128] ਬਹੁਤਿਆਂ ਨੇ ਅਣਮੰਨੇ ਜਿਹੇ ਮਨ ਨਾਲ ਗੁਰੂ ਸਾਹਿਬ ਦੇ ਨਾਲ ਦੱਖਣ ਜਾਣ ਲਈ ਹਾਮੀ ਭਰ ਦਿੱਤੀ।

ਤਲਵੰਡੀ ਸਾਬੋ ਤੋਂ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਹੁਕਮਨਾਮੇ ਜਾਰੀ ਕੀਤੇ। ਗੁਰੂ ਜੀ ਨੇ ਭਾਈ ਮਾਨ ਸਿੰਘ ਨੂੰ ਬੁਲਾ ਕੇ ਹੁਕਮ ਕੀਤਾ ਕਿ ਅਸੀਂ ਦੱਖਣ ਵੱਲ ਜਾਣਾ ਹੈ, ਇਸ ਲਈ ਸਿੱਖ ਸੰਗਤਾਂ ਦੇ ਨਾਉਂ ਹੁਕਮਨਾਮੇ ਭੇਜੇ ਜਾਣ। ਦੱਖਣ ਦੇ ਸਫ਼ਰ ਦੀ ਤਿਆਰੀ ਲਈ ਜੋ ਇੰਤਜ਼ਾਮ ਗੁਰੂ ਸਾਹਿਬ ਨੇ ਕੀਤੇ, ਉਨ੍ਹਾਂ ਦਾ ਕੁਝ ਵੇਰਵਾ ਮਾਲਵੇ ਵਿੱਚ ਬਰਾੜਾਂ ਦੀ ਸੰਗਤ ਨੂੰ ਲਿਖੇ ਇੱਕ ਹੁਕਮਨਾਮੇ ਤੋਂ ਭਲੀ-ਭਾਂਤੀ ਹੁੰਦਾ ਹੈ।

(ਕਤਕ 20, ਸੰਮਤ 1763 ਬਿ. 21 ਅਕਤੂਬਰ 1706 ਈ.)

"੧ਓ ਸਿਰੀ ਸਤਿਗੁਰੂ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤਿ ਸੰਗਤਿ ਬੈਰਾੜਾਂ ਕੀ ਗੁਰੂ ਰਖੈਗਾ

ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ਫੁਰਮਾਇਸ ਹੁਕਮ ਦੇਖਦਿਆ ਭੇਜਣੀ

੧ਬੈਲੁ ਹਛਾ ਇਕ ਭਾਈ ਥਿਰਾਜੁ ਸਿੰਘ ੧ ਬੈਲੁ ਹਛਾ ਭਾਈ ਬੁਲਾਕੀ ਸਿੰਘ ੧ ਬੈਲੁ

[128] *ਸਾਖੀ ਪੋਥੀ,* ਪੰਨਾ 89; *ਸੂਰਜ ਪ੍ਰਕਾਸ਼,* ਐਨ 1, ਅੰਸੂ 32, ਛੰਦ 5

ਹਛਾ ਇਕੁ ਭਾਈ ਬਾਜ ਸਿੰਘ ੧ ਬੈਲੁ ਹਛਾ ਇਕੁ ਭਾਈ ਧਰਮ ਸਿੰਘ ਰੂਪੇ ਕਾ ਸਰਬਤਿ
ਸੰਗਤਿ ਬੈਰਾੜਾਂ ਕੀ ਭਾਈ ਰੂਪੇ ਕੀ ਵਸਦੀ ਕੀ ਗੁਰੂ ਰਖੈਗਾ ੪ ਬੈਲ ਚਾਰ ਹਛੇ ਬਹ
ਲਾ ਨੇ ਭੇਜਣੇ ਹੁਕਮੁ ਦੇਖਦਿਆ ਮੇਰੀ ਤੁਸਾ ਉਪਰਿ ਖੁਸੀ ਹੈ ਅਸਾ ਦਖਣ
ਨੇ ਕੂਚੁ ਕੀਤਾ ਹੈ ਜਿਨਿ ਸਿਖ ਸਾਡੇ ਨਾਲਿ ਚਲਣਾ ਹੋਇ ਤਿਨਿ ਹੁਕਮੁ ਦੇਖ
ਦਿਆ ਹਜੂਰਿ ਆਵਣਾ ਮੇਰੀ ਤੁਸਾ ਉਪਰਿ ਖੁਸ਼ੀ ਹੈ ਤੁਸਾਡੀ ਗੁਰੂ ਜੀ
ਤੁਸਾਡੀ ਰਖੈਗਾ ਸੰਮਤੁ ੧੭੬੩ ਮਿਤੀ ਕਤਕੋ ੨੦ ਸਤਰਾਂ ੯।"[129]

'ਗੁਰੂ ਕੀਆਂ ਸਾਖੀਆਂ' ਅਤੇ 'ਸਾਖੀ ਪੋਥੀ' ਦੇ ਲੇਖਕਾਂ ਨੇ ਗੁਰੂ ਸਾਹਿਬ ਦੇ ਦੱਖਣ ਵੱਲ ਜਾਣ ਸਮੇਂ ਅੰਮ੍ਰਿਤਸਰ ਤੋਂ ਭਾਈ ਮਨੀ ਸਿੰਘ, ਭੁੱਚੋ ਤੋਂ ਭਾਈ ਗੋਦੜੀਆ, ਕੋਠਿਆਂ ਤੋਂ ਅਭੈ ਸਿੰਘ ਸੋਢੀ ਅਤੇ ਹੋਰ ਬਹੁਤ ਸਾਰੇ ਸਿੱਖਾਂ ਦਾ ਤਲਵੰਡੀ ਸਾਬੋ ਪਹੁੰਚਣਾ ਲਿਖਿਆ ਹੈ।[130] ਇਉਂ ਜਾਪਦਾ ਹੈ ਕਿ ਇਹਨਾਂ ਲੇਖਕਾਂ ਨੇ ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿਖੇ ਪਹੁੰਚਣ ਅਤੇ ਇਥੋਂ ਰਵਾਨਾ ਹੋਣ ਸਮੇਂ ਸਿੱਖ ਸੰਗਤਾਂ ਦੇ ਪਹੁੰਚਣ ਦੇ ਪ੍ਰਸੰਗ ਨੂੰ ਰਲਗੱਡ ਕਰ ਦਿੱਤਾ ਹੈ। ਕਿਉਂਕਿ ਭਾਈ ਮਨੀ ਸਿੰਘ ਜੀ ਤਾਂ ਇਥੇ ਰਹਿ ਕੇ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਕਰ ਰਹੇ ਸਨ ਅਤੇ ਗੁਰੂ ਸਾਹਿਬ ਦੇ ਰਵਾਨਾ ਹੋਣ ਸਮੇਂ ਤੱਕ ਇਥੇ ਹੀ ਰਹੇ ਸਨ।[131] 'ਸ਼ਹੀਦ ਬਿਲਾਸ' ਮੁਤਾਬਕ ਵੀ ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿਖੇ ਪਹੁੰਚਣ ਤੇ ਭਾਈ ਮਨੀ ਸਿੰਘ ਜੀ ਅੰਮ੍ਰਿਤਸਰ ਤੋਂ ਦਰਸ਼ਨਾਂ ਲਈ ਪਹੁੰਚੇ ਸਨ।[132] ਭਾਈ ਗੋਦੜੀਆ ਅਤੇ ਆਪਣੇ ਦੀਵਾਨੇ ਮਹੰਤਾਂ ਸਮੇਤ ਅਭੈ ਸਿੰਘ ਸੋਢੀ ਵੀ ਕਾਫੀ ਸਮੇਂ ਤੋਂ ਤਲਵੰਡੀ ਸਾਬੋ ਵਿਖੇ ਹੀ ਗੁਰੂ ਸਾਹਿਬ ਪਾਸ ਰਹਿ ਰਹੇ ਸਨ।[133] ਸੂਰਜ ਪ੍ਰਕਾਸ਼ ਵਿਚ ਅਜਿਹਾ ਕੋਈ ਪ੍ਰਸੰਗ ਅੰਕਿਤ ਨਹੀਂ ਕੀਤਾ ਗਿਆ।

ਗੁਰੂ ਸਾਹਿਬ ਨੇ ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਦੋਵੇਂ ਮਾਤਾਵਾਂ ਮਾਤਾ ਸੁੰਦਰੀ ਜੀ ਅਤੇ ਮਾਤਾ

---

129 *ਹੁਕਮਨਾਮੇ,* ਪੰਨਾ 184-185

130 *ਗੁਰੂ ਕੀਆਂ ਸਾਖੀਆਂ,* ਪੰਨਾ 187; *ਸਾਖੀ ਪੋਥੀ,* ਪੰਨਾ 89

131 *ਤਵਾਰੀਖ਼ ਗੁਰੂ ਖਾਲਸਾ, ਭਾਗ ਪਹਿਲਾ,* ਪੰਨਾ 1084, 1087

132 ਸੇਵਾ ਸਿੰਘ, *ਸ਼ਹੀਦ ਬਿਲਾਸ,* ਪੰਨਾ 84

133 *ਸੂਰਜ ਪ੍ਰਕਾਸ਼,* ਐਨ 1, ਅੰਸੂ 22, 32; *ਤਵਾਰੀਖ ਗੁਰੂ ਖਾਲਸਾ*, ਭਾਗ ਪਹਿਲਾ, ਪੰਨਾ 1088

ਸਾਹਿਬ ਕੌਰ ਜੀ ਨੂੰ ਭਾਈ ਮਨੀ ਸਿੰਘ, ਮੁਨਸ਼ੀ ਸਾਹਿਬ ਚੰਦ ਅਤੇ ਹੋਰ ਸੇਵਕਾਂ ਨਾਲ ਦਿੱਲੀ ਭੇਜ ਦਿੱਤਾ।[134] 'ਗੁਰੂ ਕੀਆਂ ਸਾਖੀਆਂ' ਦੇ ਲੇਖਕ ਮੁਤਾਬਕ ਭਾਈ ਮਨੀ ਸਿੰਘ ਅਤੇ ਭਾਈ ਗੁਰਬਖਸ਼ ਸਿੰਘ (ਬਾਬਾ ਬੁੱਢੇ ਕਾ) ਦੱਖਣ ਵੱਲ ਗੁਰੂ ਸਾਹਿਬ ਦੇ ਨਾਲ ਗਏ ਸਨ ਅਤੇ ਬਘੌਰ ਸ਼ਹਿਰ (ਰਾਜਸਥਾਨ) ਤੋ ਵਾਪਸ ਪੰਜਾਬ ਨੂੰ ਆਏ ਸਨ।[135]

ਗੁਰੂ ਸਾਹਿਬ ਦੇ ਤਲਵੰਡੀ ਤੋਂ ਰਵਾਨਾ ਹੋਣ ਤੋਂ ਇੱਕ ਰਾਤ ਪਹਿਲਾਂ ਹੀ ਅਭੈ (ਰਾਮ) ਸਿੰਘ ਸੋਢੀ ਆਪਣੇ ਸਾਰੇ ਦੀਵਾਨੇ ਸਾਧਾਂ ਅਤੇ ਕਈ ਬੈਰਾੜਾਂ ਨੂੰ ਨਾਲ ਲੈ ਕੇ ਭੱਜ ਗਿਆ। ਅਗਲੀ ਸਵੇਰ ਤਿਆਰ ਹੋ ਕੇ ਕੂਚ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਨੌਵੇ ਸਤਿਗੁਰੂ ਦੇ ਸਥਾਨ ਤੇ ਨਮਸਕਾਰ ਕਰਨ ਗਏ। ਅਖੀਰ ਗੁਰੂ ਸਾਹਿਬ ਨੇ ਨੌਂ ਮਹੀਨੇ ਤੇ ਨੌਂ ਦਿਨ ਤਲਵੰਡੀ ਸਾਬੋ ਵਿਖੇ ਨਿਵਾਸ ਕਰਨ ਉਪਰੰਤ ਕੱਤਕ ਸੁਦੀ ਪੰਜ (29 ਕੱਤਕ) ਸੰਮਤ 1763 ਬਿ. (30 ਅਕਤੂਬਰ ਸੰਨ 1706 ਈ.) ਨੂੰ ਦੱਖਣ ਨੂੰ ਕੂਚ ਕੀਤਾ।[136]

ਭਾਈ ਡੱਲਾ ਵੀ ਦੁਚਿੱਤੀ ਵਿਚ ਪਿਆ ਹੋਇਆ ਗੁਰੂ ਸਾਹਿਬ ਦੇ ਨਾਲ ਤੁਰ ਪਿਆ ਸੀ। ਜਦੋਂ ਗੁਰੂ ਸਾਹਿਬ ਨੇ ਉਸ ਨੂੰ ਦੱਖਣ ਜਾਣ ਲਈ ਕਿਹਾ ਸੀ, ਤਾਂ ਕਹਿੰਦਾ ਸੀ ਕਿ ਮੇਰੇ ਦੱਖਣ ਜਾਣ ਤੋਂ ਬਾਅਦ ਮੇਰੇ ਘਰ ਅਤੇ ਰਿਆਸਤ (ਇਲਾਕੇ) ਦਾ ਕੌਣ ਖਿਆਲ ਰੱਖੇਗਾ। ਗੁਰੂ ਸਾਹਿਬ ਨੇ ਸਮਝਾਇਆ ਕਿ ਤੂੰ ਮੋਹ-ਮਾਇਆ ਦੇ ਜਾਲ ਵਿਚ ਨਾ ਫਸ, ਇਹ ਸਭ ਕੁਝ ਨਾਸ਼ਵਾਨ ਹੈ। ਤੇਰੇ ਤੋਂ ਪਹਿਲਾਂ ਵੀ ਬਹੁਤ ਸਾਰੇ ਇਸ ਰਿਆਸਤ ਦੇ ਮਾਲਕ ਹੋਏ ਹਨ, ਤੇਰੇ ਤੋਂ ਬਾਅਦ ਵੀ ਅਨੇਕਾਂ ਹੋਣਗੇ। ਤਲਵੰਡੀ ਸਾਬੋ ਤੋਂ ਚੱਲ ਕੇ ਗੁਰੂ ਸਾਹਿਬ ਕੇਵਲ, ਝੋਰੜ ਅਤੇ ਝੰਡੇ ਪਿੰਡਾਂ ਵਿਚ ਠਹਿਰਦੇ ਹੋਏ ਸਰਸੇ ਪਹੁੰਚ ਗਏ। ਗੁਰੂ ਸਾਹਿਬ ਨੇ ਰਾਤ ਨੂੰ ਇਥੇ ਟਿਕਾਣਾ ਕੀਤਾ। ਇਸੇ ਰਾਤ ਹੀ ਜਦੋਂ ਗੁਰੂ ਸਾਹਿਬ ਵਿਸ਼ਰਾਮ ਕਰ ਰਹੇ ਸਨ, ਤਾਂ ਭਾਈ ਡੱਲਾ ਗੁਰੂ ਸਾਹਿਬ ਦੇ ਡੇਰੇ ਦੀ ਪ੍ਰਕਰਮਾ ਕਰ ਕੇ ਵਾਪਸ ਤਲਵੰਡੀ ਸਾਬੋ ਨੂੰ ਭੱਜ ਗਿਆ। ਇਸ ਦੇ ਨਾਲ ਹੋਰ ਵੀ ਕਈ ਸਿੱਖ ਪਿੱਛੇ ਨੂੰ ਮੁੜ ਗਏ।[137] ਜਦੋਂ ਸਵੇਰ ਵੇਲੇ ਗੁਰੂ ਸਾਹਿਬ ਨੂੰ ਡੱਲੇ ਦੇ ਭੱਜ ਜਾਣ ਦਾ ਪਤਾ ਲੱਗਿਆ, ਤਾਂ ਗੁਰੂ ਸਾਹਿਬ ਨੇ ਕਿਹਾ ਕਿ ਪਹਿਲਾਂ ਤਾਂ ਡੱਲਾ ਸਾਡੇ ਤੋਂ ਪੀੜੀ ਜਿੰਨੀ ਥਾਂ ਮੰਗਦਾ ਹੁੰਦਾ ਸੀ। ਹੁਣ ਆਪ ਹੀ

---

134 *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1087

135 *ਗੁਰੂ ਕੀਆਂ ਸਾਖੀਆਂ,* ਪੰਨੇ 188-189

136 *ਗੁਰੂ ਕੀਆਂ ਸਾਖੀਆਂ,* ਪੰਨਾ 188; *ਸਾਖੀ ਪੋਥੀ,* ਪੰਨਾ 89-90; *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1089

137 *ਸਾਖੀ ਪੋਥੀ,* ਪੰਨਾ 90; *ਸੂਰਜ ਪ੍ਰਕਾਸ਼,* ਐਨ 1, ਅੰਸੂ 33, ਛੰਦ 28-31

ਛੱਡ ਕੇ ਭੱਜ ਗਿਆ।

ਪਰੰਤੂ 'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਨੇ ਭਾਈ ਡੱਲੇ ਨੂੰ ਤਲਵੰਡੀ ਸਾਬੋ ਵਿਖੇ ਰਹਿ ਕੇ ਆਪਣੀ ਰਿਆਸਤ ਦੀ ਚੰਗੀ ਤਰ੍ਹਾਂ ਦੇਖ-ਭਾਲ ਕਰਨ ਦੀ ਤਾਕੀਦ ਕੀਤੀ ਸੀ ਅਤੇ ਨਾਲ ਹੀ ਭਾਈ ਦੇਸਾ ਸਿੰਘ ਦਾ ਧਿਆਨ ਰੱਖਣ ਦੀ ਵੀ ਹਦਾਇਤ ਕੀਤੀ ਸੀ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਥਾਨ ਦੀ ਸੇਵਾ-ਸੰਭਾਲ ਕਰਨ ਲਈ ਨਿਯਤ ਕੀਤਾ ਸੀ।[138] ਡਾ. ਫ਼ੌਜਾ ਸਿੰਘ ਵੀ ਲਿਖਦੇ ਹਨ ਕਿ ਭਾਈ ਡੱਲਾ ਸਿੰਘ ਅਤੇ ਭਾਈ ਫ਼ਤਿਹ ਸਿੰਘ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਸਰਸਾ ਤੋਂ ਵਾਪਸ ਪਰਤ ਆਏ ਸਨ।[139] ਪਰੰਤੂ ਜ਼ਿਆਦਾਤਰ ਲੇਖਕਾਂ ਅਤੇ ਪ੍ਰਚੱਲਿਤ ਰਿਵਾਇਤ ਅਨੁਸਾਰ ਭਾਈ ਡੱਲਾ ਗੁਰੂ ਸਾਹਿਬ ਦੀ ਆਗਿਆ ਤੋਂ ਬਿਨ੍ਹਾਂ ਹੀ ਰਾਤ ਨੂੰ ਵਾਪਸ ਭੱਜ ਆਇਆ ਸੀ।

ਇਥੋਂ ਅੱਗੇ ਗੁਰੂ ਸਾਹਿਬ ਨੇ ਰਾਜਪੂਤਾਨੇ (ਰਾਜਸਥਾਨ) ਵੱਲ ਕੂਚ ਕੀਤਾ। ਦੱਖਣ ਨੂੰ ਜਾਂਦਿਆਂ ਰਾਜਪੂਤਾਨੇ ਵਿਚ ਹੀ ਭਾਈ ਦਯਾ ਸਿੰਘ ਗੁਰੂ ਸਾਹਿਬ ਨੂੰ ਮਿਲੇ।[140] ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਤਲਵੰਡੀ ਸਾਬੋ ਉੱਤੇ ਅਨੇਕਾਂ ਉਪਕਾਰ ਕਰਕੇ, ਪ੍ਰਸੰਨਤਾ ਬਖਸ਼ ਕੇ, ਪਿਆਰ ਸਤਿਕਾਰ ਦੇ ਕੇ ਦੱਖਣ ਨੂੰ ਜਾਣ ਲਈ ਮਾਰਵਾੜ ਵੱਲ ਚਲੇ ਗਏ।

ਇਸ ਤਰ੍ਹਾਂ ਇਸ ਅਧਿਆਇ ਵਿਚ ਅਸੀਂ ਦੇਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਕੁਝ ਦਿਨ ਤਲਵੰਡੀ ਸਾਬੋ ਵਿਖੇ ਠਹਿਰ ਕੇ ਧਰਮ ਦਾ ਪ੍ਰਚਾਰ ਕਰ ਕੇ ਸਿੱਖੀ ਦਾ ਬੀਜ ਬੀਜਿਆ। ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸੋਂ ਤਲਵੰਡੀ ਸਾਬੋ ਦੇ ਸਰਦਾਰਾਂ, ਭਾਈ ਡੱਲੇ ਦੇ ਬਜ਼ੁਰਗਾਂ, ਨੇ ਸਿੱਖੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਮਾਲਵਾ ਦੇਸ ਦੀ ਯਾਤਰਾ ਸਮੇਂ ਇਥੇ ਨੌਂ ਦਿਨ ਰਹੇ ਅਤੇ ਆਲੇ-ਦੁਆਲੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰ ਕੇ ਤਲਵੰਡੀ ਸਾਬੋ ਵਿਖੇ ਸਿੱਖੀ ਦੇ ਪ੍ਰਚਾਰ ਕੇਂਦਰ ਦੀ ਨੀਂਹ ਰੱਖੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਮਾਲਵੇ ਵਿਚ ਪਹੁੰਚੇ, ਤਾਂ ਉਹਨਾਂ ਨੇ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਆਪਣੀਆਂ

---

[138] *ਗੁਰੂ ਕੀਆਂ ਸਾਖੀਆਂ,* ਪੰਨਾ 188

[139] ਫ਼ੌਜਾ ਸਿੰਘ, *ਗੁਰੂ ਗੋਬਿੰਦ ਸਿੰਘ ਮਾਰਗ,* ਪੰਨਾ 107

[140] *ਸ੍ਰੀ ਗੁਰ ਸੋਭਾ,* ਪੰਨਾ 143; *ਤਵਾਰੀਖ਼ ਗੁਰੂ ਖਾਲਸਾ, ਭਾਗ ਪਹਿਲਾ,* ਪੰਨਾ 1096

ਗਤੀਵਿਧੀਆਂ ਦਾ ਕੇਂਦਰ ਬਣਾਇਆ। ਇਥੇ ਰਹਿ ਕੇ ਉਹਨਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰ ਕੇ ਅਤੇ ਅਪ੍ਰਮਾਣੀਕ ਤੇ ਫ਼ਾਲਤੂ ਬਾਣੀਆਂ ਕੱਢ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣੀਕ ਅਤੇ ਸੰਪੂਰਨ ਬੀੜ ਤਿਆਰ ਕੀਤੀ। ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਇ ਦਾ ਆਰੰਭ ਕੀਤਾ। ਵੱਡੀ ਗਿਣਤੀ ਵਿਚ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਜਥੇਬੰਦੀ ਨੂੰ ਮਜ਼ਬੂਤ ਕੀਤਾ। ਸਿੱਖ ਸੰਗਤਾਂ ਨੂੰ ਯੁੱਧ-ਵਿਦਿਆ ਵਿਚ ਨਿਪੁੰਨ ਹੋਣ ਲਈ ਉਤਸ਼ਾਹਿਤ ਕੀਤਾ ਅਤੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਆਦਿ ਅਨੇਕਾਂ ਕਾਰਜ ਕੀਤੇ। ਸਿੱਟੇ ਦੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਤਲਵੰਡੀ ਸਾਬੋ ਵਿਚ ਬੀਜਿਆ ਸਿੱਖੀ ਦਾ ਬੀਜ ਇੱਕ ਸੰਘਣਾ-ਛਾਂਦਾਰ ਦਰੱਖਤ ਬਣ ਚੁੱਕਾ ਸੀ।

## ਅਧਿਆਇ ਤੀਜਾ

# ਸਿੱਖ ਇਤਿਹਾਸ ਵਿਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਯੋਗਦਾਨ ਅਤੇ ਸਥਾਨ

ਤਲਵੰਡੀ ਸਾਬੋ ਵਿਖੇ ਸਿੱਖਾਂ ਦਾ ਮਹਾਨ ਗੁਰਧਾਮ ਅਤੇ ਸਿੱਖ ਪੰਥ ਦੇ ਪੰਜ ਤਖਤਾਂ ਵਿਚੋਂ ਇਕ ਤਖਤ 'ਤਖਤ ਸ੍ਰੀ ਦਮਦਮਾ ਸਾਹਿਬ' ਸਥਿਤ ਹੈ। ਇਸ ਸਥਾਨ ਦਾ ਸਿੱਖ ਇਤਿਹਾਸ ਵਿਚ ਬੜਾ ਨਿਵੇਕਲਾ ਅਤੇ ਮਹੱਤਵਪੂਰਨ ਸਥਾਨ ਹੈ। ਇਹ ਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਕਈ ਗੁਰੂ ਸਾਹਿਬਾਨ ਦੇ ਪਵਿੱਤਰ ਚਰਨਾਂ ਦੀ ਛੋਹ ਨਾਲ ਵਰੋਸਾਇਆ ਹੋਇਆ ਹੈ। ਉਪਰੰਤ ਬਾਬਾ ਦੀਪ ਸਿੰਘ ਜੀ ਅਤੇ ਸਿੱਖ ਮਿਸਲਾਂ ਦੇ ਸਮੇਂ ਵੀ ਇਹ ਸਿੱਖੀ ਦਾ ਇਕ ਮਹੱਤਵਪੂਰਨ ਕੇਂਦਰ ਸੀ। ਇਸ ਤੋਂ ਬਾਅਦ ਸਿੱਖ ਰਿਆਸਤਾਂ ਸਮੇਂ ਸ਼ਾਹਜ਼ਾਦਪੁਰੀਆਂ ਸਰਦਾਰਾਂ ਦੇ ਪ੍ਰਬੰਧ ਹੇਠ ਆਉਣ ਕਾਰਨ ਇਸ ਸਥਾਨ ਦੀ ਮਹੱਤਤਾ ਕੁਝ ਸਮੇਂ ਲਈ ਦੱਬੀ ਗਈ। ਦੇਸ ਆਜ਼ਾਦ ਹੋਣ ਤੋਂ ਕੁਝ ਸਮਾਂ ਮਗਰੋਂ ਇਸ ਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਚਲਾ ਗਿਆ ਤੇ ਇਹ ਸਥਾਨ ਇਕ ਪ੍ਰਸਿੱਧ ਗੁਰਧਾਮ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਇਆ ਹੈ। ਮੌਜੂਦਾ ਅਧਿਆਇ ਵਿਚ ਅਸੀਂ ਸਿੱਖ ਇਤਿਹਾਸ ਦੇ ਵੱਖ-ਵੱਖ ਪੜਾਵਾਂ ਦੌਰਾਨ ਇਸ ਸਥਾਨ ਦੀ ਮਹੱਤਤਾ ਬਾਰੇ ਵਿਚਾਰ-ਚਰਚਾ ਕਰਾਂਗੇ।

ਵੱਖ-ਵੱਖ ਗੁਰੂ ਸਾਹਿਬਾਨ ਦੇ ਤਲਵੰਡੀ ਸਾਬੋ ਵਿਚ ਆਗਮਨ ਬਾਰੇ ਅਸੀਂ ਵਿਸਤਾਰ ਸਹਿਤ ਪਿਛਲੇ ਅਧਿਆਇ ਵਿਚ ਵਰਣਨ ਕਰ ਚੁੱਕੇ ਹਾਂ। ਇਸ ਕਰਕੇ ਇਸ ਵਿਸ਼ੇ ਬਾਰੇ ਸੰਖੇਪ ਵਿਚ ਵਿਚਾਰ ਕਰਾਂਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਸਮੇਂ ਧਰਮ ਪ੍ਰਚਾਰ ਕਰਦੇ ਹੋਏ ਤਲਵੰਡੀ ਸਾਬੋ ਨਗਰ ਵਿਚ ਪਹੁੰਚੇ ਸਨ। ਇਥੇ ਗੁਰੂਸਰ ਸਰੋਵਰ ਦੇ ਕਿਨਾਰੇ ਦੱਖਣ ਵਾਲੇ ਪਾਸੇ ਇਕ ਬੇਰੀ ਹੇਠ ਗੁਰੂ ਸਾਹਿਬ ਨੇ ਟਿਕਾਣਾ ਕੀਤਾ। ਕੁਝ ਦਿਨ ਇਥੇ ਰਹਿ ਕੇ ਸੱਚ ਦਾ ਉਪਦੇਸ਼ ਦਿੱਤਾ। ਇਲਾਕੇ ਦੇ ਲੋਕਾਂ ਨੇ ਬੜੀ ਸ਼ਰਧਾ-ਭਾਵਨਾ ਨਾਲ ਉਹਨਾਂ ਦੀ ਸੇਵਾ ਕੀਤੀ।[1] ਗੁਰੂ ਸਾਹਿਬ ਦੇ ਆਗਮਨ ਨਾਲ ਇਸ ਇਲਾਕੇ ਵਿਚ ਸਿੱਖੀ

---

[1] ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਸਿੱਖ ਇਤਿਹਾਸ,* ਭੂਮਿਕਾ, ਭਾਗ ਪਹਿਲਾ, ਪੰਨਾ 106

ਦਾ ਬੀਜ ਬੀਜਿਆ ਗਿਆ ਸੀ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਤਲਵੰਡੀ ਸਾਬੋ ਨਾਲ ਸੰਬੰਧਾਂ ਬਾਰੇ ਵੀ ਸੰਖੇਪ ਅਤੇ ਇਸ਼ਾਰੇ-ਮਾਤਰ ਜਾਣਕਾਰੀ ਮਿਲਦੀ ਹੈ। 'ਗੁਰੂ ਕੀਆਂ ਸਾਖੀਆਂ' ਦੇ ਕਥਨ ਅਨੁਸਾਰ ਭਾਈ ਡੱਲ ਸਿੰਘ ਦੇ ਬਜ਼ੁਰਗਾਂ ਨੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਸਿੱਖੀ ਪ੍ਰਾਪਤ ਕੀਤੀ ਸੀ।[2] ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਵੀ ਛੇਵੇਂ ਗੁਰੂ ਸਾਹਿਬ ਨੇ ਦਮਦਮਾ ਸਾਹਿਬ ਬਾਰੇ ਭਵਿੱਖਤ ਬਚਨ ਕਰਦੇ ਹੋਏ ਆਖਿਆ ਸੀ ਕਿ ਅਸੀਂ ਦਸਵੇਂ ਸਰੂਪ ਵਿੱਚ ਮਾਲਵੇ (ਤਲਵੰਡੀ ਸਾਬੋ) ਵਿੱਚ 'ਗੁਰੂ ਕੀ ਕਾਂਸ਼ੀ' ਦੀ ਸਥਾਪਨਾ ਕਰਾਂਗੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣੀਕ ਬੀੜ ਤਿਆਰ ਕਰਾਂਗੇ।[3] ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਵਿਚ ਫੂਲ-ਮਹਿਰਾਜ ਦੀ ਲੜਾਈ ਸਮੇਂ ਮਾਲਵੇ ਇਲਾਕੇ ਦੇ ਬੈਰਾੜ, ਗਿੱਲ, ਧਾਲੀਵਾਲ, ਭੁੱਲਰ, ਮਾਨ, ਚਾਹਲ, ਸਿੱਧੂ ਆਦਿ ਵੱਖ-ਵੱਖ ਜੱਟ ਕਬੀਲਿਆਂ ਵੱਲੋਂ ਗੁਰੂ ਸਾਹਿਬ ਦੀ ਭਰਵੀਂ ਸਹਾਇਤਾ ਕਰਨ ਦਾ ਜ਼ਿਕਰ ਕੀਤਾ ਹੈ।[4] ਇਹ ਸਥਾਨਕ ਰਵਾਇਤ ਵੀ ਹੈ ਕਿ ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਫੂਲ-ਮਹਿਰਾਜ ਦੀ ਜੰਗ ਸਮੇਂ ਮਾਲਵੇ ਵਿਚ ਆਏ, ਤਾਂ ਤਲਵੰਡੀ ਸਾਬੋ ਦੇ ਬੈਰਾੜ ਚੌਧਰੀ ਗੁਰੂ ਸਾਹਿਬ ਦੀ ਸੇਵਾ ਲਈ ਹਾਜ਼ਰ ਹੋਏ ਅਤੇ ਜੰਗ ਵਿਚ ਗੁਰੂ ਸਾਹਿਬ ਦਾ ਸਾਥ ਦਿੱਤਾ। ਸਤਵੇਂ ਗੁਰੂ ਸਾਹਿਬ ਸ੍ਰੀ ਗੁਰੂ ਹਰਿਰਾਏ ਜੀ ਦੇ ਵੀ ਤਲਵੰਡੀ ਸਾਬੋ ਵਿਖੇ ਆਉਣ ਦੇ ਸੰਕੇਤ ਮਿਲਦੇ ਹਨ।[5]

ਸ੍ਰੀ ਗੁਰੂ ਤੇਗ ਬਹਾਦਰ ਜੀ ਮਾਲਵੇ ਅਤੇ ਬਾਂਗਰ ਦੇਸ਼ ਦੀ ਯਾਤਰਾ ਕਰਦੇ ਹੋਏ ਸੰਨ 1674 ਈ. ਵਿਚ ਇੱਥੇ ਪਹੁੰਚੇ ਸਨ। ਗੁਰੂ ਸਾਹਿਬ ਆਨੰਦਪੁਰ (ਸਾਹਿਬ) ਤੋਂ ਹੀ ਤਲਵੰਡੀ ਸਾਬੋ ਵਿਖੇ ਆਉਣ ਦਾ ਮਨ ਬਣਾ ਕੇ ਆਏ ਸਨ। ਇਸ ਗੱਲ ਦਾ ਪਤਾ ਗੁਰੂ ਸਾਹਿਬ ਅਤੇ ਸੈਫਾਬਾਦ ਦੇ ਨਵਾਬ ਸਰਫ਼ਦੀਨ (ਸੈਫ਼ ਖਾਂ) ਦੇ ਵਿਚਕਾਰ ਹੋਈ ਵਾਰਤਾਲਾਪ ਤੋਂ ਲੱਗਦਾ ਹੈ।[6] 'ਮਹਿਮਾ ਪ੍ਰਕਾਸ਼' ਵਿਚ ਵੀ ਗੁਰੂ ਸਾਹਿਬ ਦੀ ਤਲਵੰਡੀ ਸਾਬੋ

---

2 ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਪੰਨਾ 182

3 ਭਗਤ ਸਿੰਘ, *ਗੁਰ ਬਿਲਾਸ ਪਾਤਸ਼ਾਹੀ ਛੇਵੀਂ,* (ਸੰਪਾ.) ਗੁਰਮੁਖ ਸਿੰਘ, ਪੰਨਾ 280

4 ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 547

5 *ਗੁਰੂ ਕੀਆਂ ਸਾਖੀਆਂ,* ਪੰਨਾ 182

6 ਭਾਈ ਵੀਰ ਸਿੰਘ (ਸੰਪਾ.), *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ,* ਪੰਨਾ 23

ਵਿਖੇ ਆਮਦ ਬਾਰੇ ਜ਼ਿਕਰ ਕੀਤਾ ਗਿਆ ਹੈ।[7] ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਖੇ ਰਹਿ ਕੇ ਸਿੱਖ ਧਰਮ ਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਆਲੇ-ਦੁਆਲੇ ਦੇ ਕਈ ਪਿੰਡਾਂ ਵਿਚ ਗੁਰੂ ਸਾਹਿਬ ਨੇ ਆਪਣੇ ਪਵਿੱਤਰ ਚਰਨ ਪਾਏ। ਇਹਨਾਂ ਸਾਰੇ ਪਿੰਡਾਂ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਸੁੰਦਰ ਗੁਰਦੁਆਰੇ ਬਣੇ ਹੋਏ ਹਨ। ਮਾਲਵੇ ਦੇ ਇਲਾਕੇ ਵਿਚ ਪਾਣੀ ਦੀ ਬੜੀ ਤੋਟ ਰਹਿੰਦੀ ਸੀ ਅਤੇ ਜਾਤ-ਪਾਤ ਦਾ ਬੋਲਬਾਲਾ ਵੀ ਜ਼ਿਆਦਾ ਸੀ। ਇਸ ਦੇ ਮੱਦੇਨਜ਼ਰ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਖੇ ਗੁਰੂਸਰ ਸਰੋਵਰ ਦੀ ਕਾਰ-ਸੇਵਾ ਆਰੰਭ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਇਸੇ ਸਰੋਵਰ ਦੇ ਕਿਨਾਰੇ ਠਹਿਰੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਹਿਲਾਂ ਆਪਣੇ ਦੋਸ਼ਾਲੇ ਨਾਲ ਪੰਜ ਵਾਰੀ ਮਿੱਟੀ ਕੱਢੀ ਅਤੇ ਫਿਰ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਸਰੋਵਰ ਦੀ ਕਾਰ-ਸੇਵਾ ਕੀਤੀ।[8] ਆਪ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਆਉਣ ਬਾਰੇ ਵੀ ਭਵਿੱਖਤ ਬਚਨ ਕੀਤੇ ਅਤੇ ਸੰਗਤਾਂ ਨੂੰ ਭਵਿੱਖ ਵਿਚ ਤਲਵੰਡੀ ਸਾਬੋ ਵਿਖੇ 'ਗੁਰੂ ਕੀ ਕਾਸ਼ੀ' ਦੀਆਂ ਨਿਸ਼ਾਨੀਆਂ ਦਾ ਵਰਣਨ ਕੀਤਾ।[9]

'ਸਾਖੀ ਪੋਥੀ' ਅਤੇ 'ਤਵਾਰੀਖ਼ ਗੁਰੂ ਖਾਲਸਾ' ਲਿਖਤਾਂ ਦੇ ਮੁਤਾਬਕ ਗੁਰੂ ਸਾਹਿਬ ਨੇ ਇਥੇ ਨੌਂ ਦਿਨ ਨਿਵਾਸ ਕੀਤਾ ਸੀ। ਤਲਵੰਡੀ ਸਾਬੋ ਦੇ ਬੈਰਾੜ ਚੌਧਰੀਆਂ ਨੇ ਬਹੁਤ ਸ਼ਰਧਾ-ਭਾਵਨਾ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ।[10] ਇਸ ਸਮੇਂ ਬਾਲਕ ਅਵਸਥਾ ਵਿੱਚ (ਭਾਈ) ਡੱਲਾ ਆਪਣੇ ਪਿਤਾ ਸਲੇਮ ਸ਼ਾਹ ਨਾਲ ਰੋਜ਼ਾਨਾ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਇਆ ਕਰਦਾ ਸੀ। 'ਗੁਰੂ ਕੀਆਂ ਸਾਖੀਆਂ' ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਗੁਰਿਆਈ ਸੰਭਾਲਣ ਉਪਰੰਤ ਸੰਨ 1665 ਈ. ਵਿਚ ਮਾਲਵਾ ਪ੍ਰਦੇਸ਼ ਦੀ ਯਾਤਰਾ ਦੌਰਾਨ ਵੀ ਤਲਵੰਡੀ ਸਾਬੋ ਵਿਖੇ ਆਉਣ ਦਾ ਜ਼ਿਕਰ ਕੀਤਾ ਗਿਆ ਹੈ।[11]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਲਵੇ ਵਿਚ ਦੀਨਾਂ ਕਾਂਗੜ ਤੋਂ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖ ਕੇ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਨੂੰ ਬਾਦਸ਼ਾਹ ਕੋਲ ਦੱਖਣ ਵੱਲ ਭੇਜ ਦਿੱਤਾ।

---

7 ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼,* ਭਾਗ ਦੂਜਾ, (ਸੰਪਾ.) ਉੱਤਮ ਸਿੰਘ ਭਾਟੀਆ ਤੇ ਹੋਰ, ਪੰਨਾ 638

8 *ਸਾਖੀ ਪੋਥੀ,* ਪੰਨਾ 33

9 *ਉਹੀ,* ਪੰਨੇ 32-33

10 ਸਾਖੀ ਪੋਥੀ, ਪੰਨਾ 67; *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 687

11 *ਗੁਰੂ ਕੀਆਂ ਸਾਖੀਆਂ,* ਪੰਨਾ 69

ਮੁਕਤਸਰ ਦੀ ਜੰਗ ਜਿੱਤਣ ਤੋਂ ਬਾਅਦ ਗੁਰੂ ਸਾਹਿਬ ਮਾਲਵੇ ਅੰਦਰ ਸੁਰੱਖਿਅਤ ਥਾਂ ਵਜੋਂ ਤਲਵੰਡੀ ਸਾਬੋ ਵਿਖੇ ਪਹੁੰਚੇ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਸੰਮਤ 1762 ਬਿ. ਮਾਘ ਸੁਦੀ ਚੌਦਸ ਦਿਨ ਵੀਰਵਾਰ ਨੂੰ ਤਲਵੰਡੀ ਸਾਬੋ ਵਿਖੇ ਪਹੁੰਚੇ ਸਨ।[12] 'ਗੁਰੂ ਕੀਆਂ ਸਾਖੀਆਂ' ਤੋਂ ਇਲਾਵਾ ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿਖੇ ਪਹੁੰਚਣ ਦੇ ਸੰਮਤ ਤਿੱਥ ਬਾਰੇ ਸਾਨੂੰ ਸਿੱਧੀ ਜਾਣਕਾਰੀ ਹੋਰ ਕਿਸੇ ਵੀ ਮੁਢਲੀ ਲਿਖਤ ਵਿਚ ਨਹੀ ਮਿਲਦੀ। ਆਧੁਨਿਕ ਇਤਿਹਾਸਕਾਰ ਜਨਵਰੀ 1706 ਈ. ਦੇ ਅਖੀਰ ਵਿਚ ਗੁਰੂ ਸਾਹਿਬ ਦਾ ਇਥੇ ਪਹੁੰਚਣਾ ਅੰਕਿਤ ਕਰਦੇ ਹਨ।[13] ਗੁਰੂ ਸਾਹਿਬ ਦੇ ਆਗਮਾਨ ਬਾਰੇ ਸੁਣ ਕੇ ਤਲਵੰਡੀ ਸਾਬੋ ਦਾ ਚੌਧਰੀ ਡੱਲਾ ਇਲਾਕੇ ਦੇ ਬਹੁਤ ਸਾਰੇ ਆਦਮੀਆਂ ਸਮੇਤ ਸਵਾਗਤ ਲਈ ਅੱਗੇ ਪਹੁੰਚਿਆ। ਤਲਵੰਡੀ ਸਾਬੋ ਵਿਖੇ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਹੁੰਮ-ਹੁੰਮਾ ਕੇ ਗੁਰੂ ਜੀ ਦੇ ਦਰਸ਼ਨਾਂ ਲਈ ਪਹੁੰਚੀਆਂ। ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਥਾਨ ਨੂੰ ਨਮਸਕਾਰ ਕੀਤੀ। ਉਪਰੰਤ ਗੁਰੂ ਸਾਹਿਬ ਨੇ ਉੱਚੇ ਟਿੱਬੇ ਨੂੰ ਪੱਧਰਾ ਕਰਵਾਇਆ ਤੇ ਕਮਰ-ਕਸਾ ਖੋਲ ਕੇ ਉਸ ਉਪਰ ਆਸਣ ਲਾਇਆ ਅਤੇ ਉਸ ਸਥਾਨ ਨੂੰ ਦਮਦਮਾ (ਸਾਹਿਬ) ਦਾ ਨਾਮ ਦਿੱਤਾ।[14] ਗੁਰੂ ਸਾਹਿਬ ਨੇ ਆਪਣਾ ਡੇਰਾ ਨਗਰ ਤੋਂ ਬਾਹਰ ਤੰਬੂਆਂ ਅਤੇ ਕਨਾਤਾਂ ਵਿੱਚ ਰੱਖਿਆ। ਪਹਿਲੇ ਪੰਜ ਦਿਨ ਲੰਗਰ ਭਾਈ ਡੱਲੇ ਦੇ ਘਰ ਵਿੱਚ ਹੀ ਬਣਦਾ ਰਿਹਾ, ਫਿਰ ਗੁਰੂ ਸਾਹਿਬ ਨੇ ਆਪਣੇ ਡੇਰੇ ਵਿਚ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ।

ਗੁਰੂ ਸਾਹਿਬ ਨੇ ਗੁਰੂਸਰ ਸਰੋਵਰ ਦੀ ਕਾਰ-ਸੇਵਾ ਦਾ ਆਰੰਭ ਕੀਤਾ। ਗੁਰੂ ਜੀ ਦੇ ਤਲਵੰਡੀ ਸਾਬੋ ਵਿਖੇ ਟਿਕਾਣਾ ਕਰਨ ਦਾ ਪਤਾ ਲੱਗਣ ਤੇ ਦੂਰੋਂ-ਨੇੜਿਉਂ ਸਿੱਖ ਸੰਗਤਾਂ ਉਹਨਾਂ ਦੇ ਦਰਸ਼ਨਾਂ ਲਈ ਇਥੇ ਪਹੁੰਚਣ ਲੱਗੀਆਂ। ਇੱਥੋਂ ਦੀ ਰੌਣਕ ਵਿੱਚ ਬੜਾ ਵਾਧਾ ਹੋਇਆ। ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿੱਚ ਠਹਿਰਨ ਦੀ ਖ਼ਬਰ ਸੁਣ ਕੇ ਦੋਵੇਂ ਮਾਤਾਵਾਂ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਉਹਨਾਂ ਦੇ ਦਰਸ਼ਨਾਂ ਲਈ ਦਿੱਲੀ ਤੋਂ ਇਥੇ ਪਹੁੰਚੀਆਂ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬ੍ਰਿਤਾਂਤ ਸੁਣ ਕੇ ਮਾਤਾਵਾਂ ਦੇ ਮਨ ਭਰ ਆਏ ਤੇ ਬਹੁਤ ਵੈਰਾਗ ਕੀਤਾ। ਗੁਰੂ ਸਾਹਿਬ ਨੇ ਮਾਤਾਵਾਂ ਨੂੰ ਦਿਲਾਸਾ ਅਤੇ ਧੀਰਜ ਦਿੰਦੇ

---

[12] *ਉਹੀ,* ਪੰਨਾ 180

[13] ਡਾ. ਸੁਖਦਿਆਲ ਸਿੰਘ, *ਸ਼੍ਰੋਮਣੀ ਸਿੱਖ ਇਤਿਹਾਸ,* ਭਾਗ ਪਹਿਲਾ, ਪੰਨਾ 292

[14] *ਸਾਖੀ ਪੋਥੀ,* ਪੰਨਾ 67

ਵਾਹਿਗੁਰੂ ਦਾ ਭਾਣਾ ਮੰਨਣ ਲਈ ਆਖਿਆ।[15] ਇਕ ਦਿਨ ਭਾਈ ਡੱਲੇ ਨੇ ਗੁਰੂ ਸਾਹਿਬ, ਮਾਤਾਵਾਂ ਅਤੇ ਸਾਰੀ ਸੰਗਤ ਨੂੰ ਆਪਣੇ ਘਰ ਲੰਗਰ ਛਕਾਇਆ। ਗੁਰੂ ਸਾਹਿਬ ਅਤੇ ਮਾਤਾਵਾਂ ਨੂੰ ਭੇਂਟਾਵਾਂ ਅਰਪਣ ਕੀਤੀਆਂ।[16] ਭਾਈ ਡੱਲਾ ਨੇ ਕਈ ਵਾਰ ਗੁਰੂ ਸਾਹਿਬ ਦੇ ਅੱਗੇ ਆਨੰਦਪੁਰ ਦੀਆਂ ਲੜਾਈਆਂ ਸਮੇਂ ਉਸਨੂੰ ਬੁਲਾਵਾ ਭੇਜਣ ਦੀ ਗੱਲ ਕਰਦਿਆਂ ਆਪਣੇ ਯੋਧਿਆਂ ਦੀ ਬਹਾਦਰੀ ਦੀ ਬੜੀ ਵਡਿਆਈ ਕੀਤੀ। ਪਰੰਤੂ ਜਦੋਂ ਗੁਰੂ ਸਾਹਿਬ ਦੇ ਵਾਰ-ਵਾਰ ਕਹਿਣ ਤੇ ਉਸਦਾ ਕੋਈ ਵੀ ਆਦਮੀ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਅੱਗੇ ਖੜਾ ਨਾ ਹੋਇਆ ਤੇ ਗੁਰੂ ਸਾਹਿਬ ਦੇ ਸਿੰਘਾਂ ਨੂੰ ਬੰਦੂਕ ਦਾ ਨਿਸ਼ਾਨਾ ਬਣਨ ਲਈ ਇਕ-ਦੂਜੇ ਤੋਂ ਮੂਹਰੇ ਹੁੰਦੇ ਦੇਖਿਆ, ਤਾਂ ਉਹ ਬਹੁਤ ਸ਼ਰਮਿੰਦਾ ਹੋਇਆ ਤੇ ਉਸਦਾ ਹੰਕਾਰ ਟੁੱਟ ਗਿਆ।

ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਖੇ ਵੱਡੇ ਪੱਧਰ ਤੇ ਸਿੱਖ ਸੰਗਤਾਂ ਨੂੰ ਅੰਮ੍ਰਿਤ ਛਕਾਇਆ। ਤਲਵੰਡੀ ਸਾਬੋ ਵਿਖੇ ਮਾਲਵੇ ਦੇ ਪੁਰਾਤਨ ਸਿੱਖਾਂ ਦੇ ਪਰਿਵਾਰਾਂ ਵਿਚੋਂ ਭਾਈ ਭਗਤੂ ਦੇ ਪਰਿਵਾਰ ਵਿਚੋਂ ਤਖਤੂ ਸਿੰਘ, ਬਖਤੂ ਸਿੰਘ, ਰਾਮ ਸਿੰਘ ਤੇ ਫ਼ਤਿਹ ਸਿੰਘ ਚੱਕਾਂ ਵਾਲਿਆਂ, ਭਾਈ ਰੂਪੇ ਦੇ ਖਾਨਦਾਨ ਵਿੱਚੋਂ ਪਰਮ ਸਿੰਘ ਤੇ ਧਰਮ ਸਿੰਘ, ਫੂਲ ਦੀ ਵੰਸ਼ ਵਿੱਚੋਂ ਤ੍ਰਿਲੋਕ ਸਿੰਘ ਤੇ ਰਾਮ ਸਿੰਘ ਅਤੇ ਸੋਢੀ ਕੌਲ ਦੇ ਪੁੱਤਰ ਅਭੈ (ਰਾਮ) ਸਿੰਘ ਸਮੇਤ ਕੋਠਾ ਗੁਰੂ ਦੇ ਹੋਰ ਸੋਢੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।[17] ਅੰਮ੍ਰਿਤ ਛਕਣ ਤੋਂ ਸੰਕੋਚ ਕਰਨ ਵਾਲੇ ਭਾਈ ਭਗਤੂ ਦੇ ਪੋਤਰੇ ਦਿਆਲ ਦਾਸ ਨੂੰ ਉਦੋਂ ਤੱਕ ਗੁਰੂ ਸਾਹਿਬ ਨੇ ਮੂੰਹ ਨਹੀਂ ਲਾਇਆ, ਜਦੋਂ ਤੱਕ ਉਸਨੇ ਅੰਮ੍ਰਿਤ ਨਹੀਂ ਛੱਕਿਆ। ਇਸੇ ਤਰ੍ਹਾਂ ਗੁਰੂ ਜੀ ਨੇ ਭਾਈ ਡੱਲੇ ਵੱਲੋਂ ਵੀ ਚਰਨਾਂ ਵਿਚ ਪੀੜੀ ਜਿੰਨੀ ਥਾਂ ਮੰਗਣ ਤੇ ਪਹਿਲਾਂ ਉਸਨੂੰ ਖੰਡੇ ਦੀ ਪਾਹੁਲ ਲੈਣ ਦੀ ਤਾਕੀਦ ਕੀਤੀ। ਇਥੇ ਰਹਿੰਦਿਆਂ ਹੋਇਆ ਗੁਰੂ ਸਾਹਿਬ ਨੇ ਵਿਸਾਖੀ ਦਾ ਮੇਲਾ ਬੜੀ ਧੂਮ-ਧਾਮ ਨਾਲ ਮਨਾਇਆ। ਬਹੁਤ ਸਾਰੀਆਂ ਸੰਗਤਾਂ ਇਸ ਮੇਲੇ ਤੇ ਦੂਰੋਂ-ਨੇੜਿਉਂ ਇਕੱਠੀਆਂ ਹੋਈਆਂ।

ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਨੇ ਜੰਗਾਂ-ਯੁੱਧਾਂ ਤੋਂ ਵਿਹਲ ਹੋਣ ਕਰ ਕੇ ਵਿੱਦਿਅਕ ਕਾਰਜ ਵੀ ਕੀਤੇ। ਇਥੇ ਹੀ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਅਤੇ

---

15 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼),* ਐਨ 1, ਅੰਸੂ 20, ਛੰਦ 21-24

16 *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1066

17 *ਗੁਰੂ ਕੀਆਂ ਸਾਖੀਆਂ,* ਪੰਨਾ 183; ਗਿਆਨੀ ਗਿਆਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼,* ਭਾਗ ਪਹਿਲਾ, ਪੰਨਾ 1780-81 (ਅੱਗੇ ਤੋਂ ਸਿਰਫ਼ ਪੰਥ ਪ੍ਰਕਾਸ਼)

ਪ੍ਰਮਾਣਿਕ ਬੀੜ ਲਿਖਾਈ ਸੀ। 1706 ਈ. ਤੋਂ ਪਹਿਲਾਂ ਦੀਆਂ ਬਹੁਤ ਸਾਰੀਆਂ ਹੱਥ-ਲਿਖਤ ਬੀੜਾਂ ਵਿਚ ਫ਼ਾਲਤੂ ਅਤੇ ਅਪ੍ਰਮਾਣੀਕ ਬਾਣੀਆਂ ਸ਼ਾਮਿਲ ਹੋ ਗਈਆਂ ਸਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਬੇਤਰਤੀਬੇ ਢੰਗ ਨਾਲ ਸ਼ਾਮਿਲ ਕੀਤੀ ਗਈ ਸੀ। ਇਸ ਪਾਵਨ ਬੀੜ ਵਿਚ ਰਾਗਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਕੀਤੀ ਗਈ ਅਤੇ ਫ਼ਾਲਤੂ ਅਤੇ ਅਪ੍ਰਮਾਣੀਕ ਬਾਣੀਆਂ ਕੱਢ ਦਿੱਤੀਆਂ ਗਈਆਂ। ਸਿੱਖ-ਪੰਥ ਵਿਚ ਇਹ ਬੀੜ 'ਦਮਦਮੀ ਬੀੜ' ਨਾਮ ਨਾਲ ਪ੍ਰਸਿੱਧ ਹੈ। ਗੁਰੂ ਸਾਹਿਬ ਨੇ ਆਪਣੀ ਆਤਮਿਕ ਸ਼ਕਤੀ ਨਾਲ ਕੰਠ ਤੋਂ ਬਾਣੀ ਉਚਾਰ ਕੇ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾਇਆ।[18] ਆਧੁਨਿਕ ਇਤਿਹਾਸਕਾਰ ਡਾ. ਗੰਡਾ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਇਸ ਗੱਲ ਨਾਲ ਸਹਿਮਤ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੀ ਸੀ।[19] ਪਰੰਤੂ ਇਹ ਗੱਲ ਦਰੁੱਸਤ ਨਹੀਂ ਹੈ। ਇਸ ਬਾਰੇ ਅਸੀਂ ਵਿਸਤਾਰ ਸਹਿਤ ਪਿਛਲੇ ਅਧਿਆਇ ਵਿਚ ਵਰਣਨ ਕਰ ਚੁੱਕੇ ਹਾਂ। ਇਸ ਪਾਵਨ ਬੀੜ ਦੀ ਲਿਖਾਈ ਤੋਂ ਪਹਿਲਾਂ ਗੁਰੂ ਸਾਹਿਬ ਕਲਮਾਂ ਘੜਦੇ ਰਹਿੰਦੇ ਸਨ ਤੇ ਲਿਖਾਈ ਦਾ ਕਾਰਜ ਸੰਪੂਰਨ ਹੋਣ ਤੇ ਬਚੀਆਂ ਹੋਈਆਂ ਕਲਮਾਂ ਤੇ ਸਿਆਹੀ ਲਿਖਣਸਰ ਸਰੋਵਰ ਵਿਚ ਪਾ ਦਿੱਤੀਆਂ ਸਨ।[20] ਦੱਖਣ ਨੂੰ ਜਾਣ ਸਮੇਂ ਗੁਰੂ ਸਾਹਿਬ ਇਹ ਬੀੜ ਆਪਣੇ ਨਾਲ ਨਾਂਦੇੜ ਲੈ ਗਏ ਸਨ ਅਤੇ ਉੱਥੇ ਹੀ ਇਸ ਬੀੜ ਨੂੰ ਗੁਰਤਾ-ਗੱਦੀ ਪ੍ਰਦਾਨ ਕੀਤੀ।[21] ਵੱਡੇ ਘੱਲੂਘਾਰੇ (1762ਈ.) ਸਮੇਂ ਦੁਰਾਨੀਆਂ ਨਾਲ ਯੁੱਧ ਦੇ ਦੌਰਾਨ ਇਹ ਬੀੜ ਨਸ਼ਟ ਹੋ ਗਈ ਦੱਸੀ ਜਾਂਦੀ ਹੈ।

ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਨੇ ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਇ ਆਰੰਭ ਕੀਤੀ, ਜੋ ਕਿ 'ਦਮਦਮੀ ਟਕਸਾਲ' ਨਾਮ ਨਾਲ ਪ੍ਰਸਿੱਧ ਹੈ। ਗੁਰੂ ਸਾਹਿਬ ਦੀ ਪਾਵਨ ਰਸਨਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਦੀ ਸੰਪੂਰਨ ਕਥਾ ਸ੍ਰਵਨ ਕਰਨ ਵਾਲੇ ਸਿੱਖਾਂ ਨੂੰ 'ਅਠਤਾਲੀ ਬ੍ਰਹਮ ਗਿਆਨੀ' ਕਹਿ ਕੇ ਸਤਿਕਾਰਿਆ ਜਾਂਦਾ ਹੈ। ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਅਖੰਡ ਪਾਠ ਦਾ ਵਿਧੀ-ਵਿਧਾਨ (ਮਰਿਆਦਾ) ਵੀ ਇਥੇ ਹੀ ਕਾਇਮ ਕੀਤਾ। ਗੁਰੂ ਸਾਹਿਬ ਨੇ ਤਲਵੰਡੀ ਸਾਬੋ ਨੂੰ 'ਗੁਰੂ ਕੀ ਕਾਸ਼ੀ' ਦਾ

---

18 ਭਾਈ ਕਾਹਨ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 1563; *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1084

19 ਪ੍ਰਿੰ. ਤੇਜਾ ਸਿੰਘ ਡਾ. ਗੰਡਾ ਸਿੰਘ, *ਸਿੱਖ ਇਤਿਹਾਸ (1469-1765),* ਪੰਨਾ 77

20 ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10ਵੀਂ,* ਪੰਨਾ 214

21 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* ਪੰਨਾ 946

ਖਿਤਾਬ ਦਿੱਤਾ ਅਤੇ ਫੁਰਮਾਇਆ ਕਿ ਇਥੇ ਸ਼ਬਦ ਦੀ ਵੀਚਾਰ ਵਾਲੇ ਮਹਾਨ ਵਿਦਵਾਨ, ਲੇਖਕ, ਗੁਣੀ-ਗਿਆਨੀ ਪੈਦਾ ਹੋਣਗੇ। ਘੱਟ ਬੁੱਧੀ ਵਾਲੇ ਵੀ ਵਿੱਦਿਆ ਹਾਸਿਲ ਕਰ ਕੇ ਗਿਆਨਵਾਨ ਬਣਨਗੇ।[22]

ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਜਬਰ-ਜ਼ੁਲਮ ਦੇ ਖਿਲਾਫ ਲੜਨ ਲਈ ਸ਼ਸਤਰਧਾਰੀ ਕੀਤਾ ਅਤੇ ਯੁੱਧ-ਵਿਦਿਆ ਹਾਸਿਲ ਕਰਨ ਦੀ ਹਦਾਇਤ ਦਿੱਤੀ। ਜਦੋਂ ਭਾਈ ਡੱਲਾ ਸਿੰਘ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦੀ ਚਿੱਠੀ ਆਈ ਕਿ ਤੂੰ ਸਰਕਾਰ ਦੇ ਬਾਗੀ ਗੁਰੂ (ਸਾਹਿਬ) ਨੂੰ ਪਨਾਹ ਕਿਉਂ ਦਿੱਤੀ ਹੈ, ਤਾਂ ਭਾਈ ਡੱਲਾ ਸਿੰਘ ਨੇ ਬੜੀ ਦ੍ਰਿੜਤਾ ਨਾਲ ਉਸ ਚਿੱਠੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਕੁਝ ਸਮੇਂ ਬਾਅਦ ਫਿਰ ਸੂਬੇਦਾਰ ਵਜ਼ੀਰ ਖ਼ਾਨ ਨੇ ਇਕ ਹੋਰ ਧਮਕੀ ਭਰੀ ਚਿੱਠੀ ਭਾਈ ਡੱਲਾ ਸਿੰਘ ਨੂੰ ਭੇਜੀ। ਇਸ ਵਾਰ ਵੀ ਭਾਈ ਡੱਲਾ ਸਿੰਘ ਨੇ ਨਿਡਰਤਾ ਨਾਲ ਚਿੱਠੀ ਦੇ ਜਵਾਬ ਵਿਚ ਲਿਖਿਆ ਕਿ ਅਸੀਂ ਹਰ ਹਾਲਤ ਵਿਚ ਗੁਰੂ ਸਾਹਿਬ ਦੇ ਨਾਲ ਹਾਂ ਅਤੇ ਤੇਰੇ ਨਾਲ ਜੰਗ ਕਰਨ ਤੋਂ ਨਹੀਂ ਝਿਜਕਾਂਗੇ।[23]

ਗੁਰੂ ਸਾਹਿਬ ਸਿੱਖ ਸੰਗਤਾਂ ਨੂੰ ਸਮੇਂ-ਸਮੇਂ ਤੇ ਗੁਰਮਤਿ ਵਿਚਾਰਧਾਰਾ ਦਾ ਉਪਦੇਸ਼ ਵੀ ਦਿੰਦੇ ਰਹਿੰਦੇ ਸਨ। ਫੂਲਕੀਆ ਘਰਾਣੇ ਦੇ ਭਾਈ ਰਾਮ ਸਿੰਘ ਤੇ ਭਾਈ ਤ੍ਰਿਲੋਕ ਸਿੰਘ ਵੀ ਆਪਣੇ ਸਕੇ-ਸੰਬੰਧੀਆਂ ਸਮੇਤ ਲੰਗਰ ਲਈ ਰਸਦ ਦੇ ਗੱਡੇ ਲੈ ਕੇ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਇਥੇ ਹੀ ਇਨ੍ਹਾਂ ਦੋਵਾਂ ਨੇ ਆਪਣੇ ਹੋਰ ਭਰਾਵਾਂ ਸਮੇਤ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।[24] ਭਾਈ ਡੱਲੇ ਅਤੇ ਇਲਾਕੇ ਦੀਆਂ ਸੰਗਤਾਂ ਦੀ ਸੇਵਾ ਭਾਵਨਾ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਮਾਲਵੇ ਨੂੰ ਅਨੇਕਾਂ ਵਰਦਾਨ ਦਿੱਤੇ।

ਧਰਮ ਪ੍ਰਚਾਰ ਅਤੇ ਖਾਲਸੇ ਦੇ ਜੱਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਗੁਰੂ ਸਾਹਿਬ ਨੇ ਇਲਾਕੇ ਵਿਚ ਦੌਰਾ ਕੀਤਾ। ਇਸ ਦੌਰੇ ਸਮੇਂ ਗੁਰੂ ਸਾਹਿਬ ਭਾਈ ਰਾਮ ਸਿੰਘ ਦੇ ਪਿੰਡ ਚੱਕ ਗਏ। ਫਿਰ ਭਾਗੂ ਪਿੰਡ ਵਿਖੇ ਭੁੱਚੋ ਵਾਲੇ ਦਿਆਲ ਦਾਸ ਨੂੰ ਬਖ਼ਸ਼ਿਆ ਅਤੇ ਉਸਨੂੰ ਅੰਮ੍ਰਿਤ ਛਕਾਇਆ। ਇਸ ਤੋਂ ਅੱਗੇ ਬਠਿੰਡੇ ਵਿਚ ਰਾਜਾ ਬਿਨੈਪਾਲ ਦੇ ਬਣਾਏ ਹੋਏ ਪੁਰਾਣੇ ਕਿਲੇ ਵਿਚ ਠਹਿਰੇ, ਜਿਹੜਾ ਕਾਫ਼ੀ ਸਮੇਂ ਤੋਂ ਬੇ-ਆਬਾਦ ਪਿਆ ਸੀ।

---

[22] ਕੋਇਰ ਸਿੰਘ, *ਉਕਤ,* ਪੰਨਾ 213

[23] *ਸੂਰਜ ਪ੍ਰਕਾਸ਼,* ਐਨ 1, ਅੰਸੂ 20, ਛੰਦ 21-24

[24] *ਤਵਾਰੀਖ਼ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 1082

ਕੁਝ ਦਿਨ ਬਠਿੰਡੇ ਨਿਵਾਸ ਕਰ ਕੇ ਮਹਿਮਾ, ਭੋਖੜੀ, ਕੋਟ ਸ਼ਮੀਰ ਆਦਿ ਪਿੰਡਾਂ ਵਿਚ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਵਾਪਸ ਤਲਵੰਡੀ ਸਾਬੋ ਆ ਗਏ।[25]

ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਨੂੰ ਔਰੰਗਜ਼ੇਬ ਬਾਦਸ਼ਾਹ ਤੱਕ ਜ਼ਫ਼ਰਨਾਮਾ ਪਹੁੰਚਾਉਣ ਲਈ ਗਏ ਹੋਏ ਕਾਫ਼ੀ ਸਮਾਂ ਹੋ ਚੁੱਕਿਆ ਸੀ। ਗੁਰੂ ਸਾਹਿਬ ਬਾਦਸ਼ਾਹ ਵੱਲੋਂ ਕਿਸੇ ਜਵਾਬੀ ਪੱਤਰ ਦੀ ਉਡੀਕ ਕਰ ਰਹੇ ਸਨ। ਆਖਰ ਭਾਈ ਦਯਾ ਸਿੰਘ ਹੋਰਾਂ ਜਾਂ ਔਰੰਗਜ਼ੇਬ ਦੇ ਜਵਾਬੀ ਪੱਤਰ ਦੀ ਹੋਰ ਉਡੀਕ ਕਰਨ ਦੀ ਬਜਾਏ ਗੁਰੂ ਸਾਹਿਬ ਨੇ ਆਪ ਜਾ ਕੇ ਬਾਦਸ਼ਾਹ ਨਾਲ ਮੁਲਾਕਾਤ ਕਰਨ ਦਾ ਮਨ ਬਣਾਇਆ।[26] ਗੁਰੂ ਸਾਹਿਬ ਨੇ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਨੂੰ ਭਾਈ ਮਨੀ ਸਿੰਘ ਹੋਰਾਂ ਦੇ ਨਾਲ ਦਿੱਲੀ ਭੇਜ ਦਿੱਤਾ। ਗੁਰੂ ਸਾਹਿਬ ਨੇ ਭਾਈ ਡੱਲਾ ਸਿੰਘ ਅਤੇ ਹੋਰ ਸਿੱਖਾਂ ਨੂੰ ਆਪਣੇ ਨਾਲ ਦੱਖਣ ਜਾਣ ਲਈ ਆਖਿਆ। ਅਭੈ ਰਾਮ ਸੋਢੀ ਅਤੇ ਉਸਦੇ ਦਿਵਾਨੇ ਸਾਧ ਤਾਂ ਗੁਰੂ ਸਾਹਿਬ ਦੇ ਕੂਚ ਕਰਨ ਤੋਂ ਇਕ ਰਾਤ ਪਹਿਲਾਂ ਹੀ ਭੱਜ ਗਏ। ਗੁਰੂ ਸਾਹਿਬ ਨੌਂ ਮਹੀਨੇ ਤੇ ਨੌਂ ਦਿਨ ਤਲਵੰਡੀ ਸਾਬੋ ਵਿਖੇ ਠਹਿਰੇ ਅਤੇ ਕੱਤਕ ਸੁਦੀ ਪੰਜ (29 ਕੱਤਕ) ਸੰਮਤ 1763 ਬਿ. (30 ਅਕਤੂਬਰ ਸੰਨ 1706 ਈ.) ਨੂੰ ਦੱਖਣ ਵੱਲ ਨੂੰ ਚੱਲ ਪਏ।[27] ਭਾਈ ਡੱਲਾ ਵੀ ਤਲਵੰਡੀ ਸਾਬੋ ਤੋਂ ਦੁਚਿੱਤੇ ਜਿਹੇ ਮਨ ਨਾਲ ਗੁਰੂ ਸਾਹਿਬ ਦੇ ਨਾਲ ਚੱਲ ਪਿਆ ਸੀ। ਪਰੰਤੂ ਪਰਿਵਾਰ ਅਤੇ ਰਿਆਸਤ ਦੇ ਮੋਹ ਵਿਚ ਫਸਿਆ ਹੋਇਆ ਸਰਸੇ ਤੋਂ ਰਾਤ ਨੂੰ ਭੱਜ ਆਇਆ ਸੀ। ਗੁਰੂ ਸਾਹਿਬ ਨੇ ਇਥੋਂ ਅੱਗੇ ਰਾਜਪੂਤਾਨੇ ਵੱਲ ਕੂਚ ਕੀਤਾ।

ਸਿੱਟੇ ਦੇ ਤੌਰ ਤੇ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਨੂੰ ਮਾਲਵੇ ਖੇਤਰ ਵਿਚ ਭਗਤੀ ਅਤੇ ਸ਼ਕਤੀ ਦੇ ਇੱਕ ਮਜ਼ਬੂਤ ਸਿੱਖ ਧਰਮ ਕੇਂਦਰ ਵਜੋਂ ਸਥਾਪਿਤ ਕਰ ਦਿੱਤਾ ਸੀ।

ਤਲਵੰਡੀ ਸਾਬੋ ਦਾ ਗੁਰੂ-ਕਾਲ ਨਾਲ ਸੰਬੰਧਿਤ ਸਿੱਖ-ਇਤਿਹਾਸ ਤਾਂ ਸੂਰਜ ਪ੍ਰਕਾਸ਼, ਗੁਰਬਿਲਾਸ ਪਾਤਸ਼ਾਹੀ 10ਵੀਂ, ਤਵਾਰੀਖ ਗੁਰੂ ਖਾਲਸਾ, ਪ੍ਰਾਚੀਨ ਪੰਥ ਪ੍ਰਕਾਸ਼, ਗੁਰੂ ਕੀਆਂ ਸਾਖੀਆਂ, ਸਾਖੀ ਪੋਥੀ ਆਦਿ ਲਿਖਤਾਂ ਵਿੱਚ ਵਿਸਥਾਰ ਸਹਿਤ ਮਿਲਦਾ ਹੈ। ਪਰੰਤੂ ਗੁਰੂ ਗੋਬਿੰਦ ਸਿੰਘ ਜੀ ਦੇ ਤਲਵੰਡੀ ਸਾਬੋ ਤੋਂ

---

[25] *ਸਾਖੀ ਪੋਥੀ*, ਪੰਨਾ 71-75; *ਤਵਾਰੀਖ਼ ਗੁਰੂ ਖਾਲਸਾ*, ਭਾਗ ਪਹਿਲਾ, ਪੰਨਾ 1071-76

[26] ਕਵਿ ਸੈਨਾਪਤਿ, *ਸ੍ਰੀ ਗੁਰ ਸੋਭਾ, ਭੂਮਿਕਾ*, (ਸੰਪਾ.) ਡਾ. ਗੰਡਾ ਸਿੰਘ, ਪੰਨਾ 40

[27] *ਸਾਖੀ ਪੋਥੀ*, ਪੰਨਾ 89-90; *ਤਵਾਰੀਖ਼ ਗੁਰੂ ਖਾਲਸਾ*, ਭਾਗ ਦੂਜਾ, ਪੰਨਾ 1089

ਦੱਖਣ ਵੱਲ ਜਾਣ ਤੋਂ ਬਾਅਦ ਅਠਾਰ੍ਹਵੀਂ ਸਦੀ ਦੇ ਤਲਵੰਡੀ ਸਾਬੋ ਦਾ ਸਿੱਖ ਇਤਿਹਾਸ ਸਪੱਸ਼ਟ ਜਾਂ ਸਿੱਧੇ ਰੂਪ ਵਿਚ ਕਿਸੇ ਵੀ ਸਮਕਾਲੀ ਜਾਂ ਨਿਕਟ ਸਮਕਾਲੀ ਲਿਖਤ ਵਿਚ ਨਹੀਂ ਮਿਲਦਾ ਹੈ। ਇਸ ਸਦੀ ਦੌਰਾਨ ਤਲਵੰਡੀ ਸਾਬੋ ਦਾ ਸਿੱਖ ਇਤਿਹਾਸ ਬਾਬਾ ਦੀਪ ਸਿੰਘ ਜੀ (ਸ਼ਹੀਦ), ਉਨ੍ਹਾਂ ਦੇ ਜੱਥੇ 'ਜੱਥਾ ਸ਼ਹੀਦਾਂ' ਅਤੇ ਮਿਸਲ ਸ਼ਹੀਦਾਂ ਨਾਲ ਸੰਬੰਧ ਰੱਖਦਾ ਹੈ।

ਗੁਰੂ ਸਾਹਿਬ ਦੇ ਦੱਖਣ ਜਾਣ ਮਗਰੋਂ ਅਠਾਰਵੀਂ ਸਦੀ ਦੇ ਪਹਿਲੇ ਛੇ ਦਹਾਕਿਆਂ ਵਿਚ ਤਲਵੰਡੀ ਸਾਬੋ ਦਾ ਸਿੱਖ ਇਤਿਹਾਸ ਬਾਬਾ ਦੀਪ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਹੈ। ਬਾਬਾ ਜੀ ਦੇ ਜੀਵਨ-ਵਾਕਿਆਤ ਬਾਰੇ ਸੀਮਤ ਜਾਣਕਾਰੀ ਮਿਲਦੀ ਹੈ। ਇਹ ਜਾਣਕਾਰੀ ਰਤਨ ਸਿੰਘ ਭੰਗੂ ਦੀ ਲਿਖਤ 'ਸ੍ਰੀ ਗੁਰੂ ਪੰਥ ਪ੍ਰਕਾਸ਼' (ਪ੍ਰਾਚੀਨ ਪੰਥ ਪ੍ਰਕਾਸ਼) ਅਤੇ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ 'ਪੰਥ ਪ੍ਰਕਾਸ਼', 'ਤਵਾਰੀਖ ਸ਼ਮਸ਼ੇਰ ਖਾਲਸਾ' ਅਤੇ 'ਤਵਾਰੀਖ ਰਾਜ ਖਾਲਸਾ' ਵਿਚੋਂ ਮਿਲਦੀ ਹੈ। ਰਤਨ ਸਿੰਘ ਭੰਗੂ ਦੀ ਲਿਖਤ 'ਸ੍ਰੀ ਗੁਰੂ ਪੰਥ ਪ੍ਰਕਾਸ਼' ਵਿਚੋਂ ਬਾਬਾ ਜੀ ਨਾਲ ਸੰਬੰਧਤ ਬਹੁਤ ਹੀ ਥੋੜ੍ਹੀ ਜਾਣਕਾਰੀ ਮਿਲਦੀ ਹੈ। ਸੋ ਸਾਡੇ ਕੋਲ ਬਾਬਾ ਦੀਪ ਸਿੰਘ ਜੀ ਜਾਂ ਤਲਵੰਡੀ ਸਾਬੋ ਦੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਲੈਣ ਲਈ ਇਤਿਹਾਸਕ ਸਰੋਤਾਂ ਦੇ ਤੌਰ ਤੇ ਸਿਰਫ਼ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਹੀ ਹਨ। ਪਰੰਤੂ ਇਹ ਜਾਣਕਾਰੀ ਵੀ ਇਸ ਸਥਾਨ ਦੀ ਮਹੱਤਤਾ ਦੇ ਮੁਕਾਬਲਤਨ ਬਹੁਤ ਘੱਟ ਹੈ। ਸਿੱਖ ਸੰਘਰਸ਼ ਦੇ ਕੇਂਦਰ-ਬਿੰਦੂ ਸ੍ਰੀ ਅੰਮ੍ਰਿਤਸਰ ਤੋਂ ਦੂਰ ਹੋਣ ਅਤੇ ਇਸ ਇਲਾਕੇ ਵਿਚ ਹਕੂਮਤ ਦਾ ਜ਼ੋਰ ਅਤੇ ਦਿਲਚਸਪੀ ਘੱਟ ਹੋਣ ਕਾਰਨ ਸਮਕਾਲੀ ਸਰਕਾਰੀ ਫਾਰਸੀ ਲਿਖਤਾਂ ਵਿਚ ਵੀ ਤਲਵੰਡੀ ਸਾਬੋ ਨਾਲ ਸੰਬੰਧਤ ਜਾਣਕਾਰੀ ਨਾਂਹ ਦੇ ਬਰਾਬਰ ਹੈ।

ਬਾਬਾ ਦੀਪ ਸਿੰਘ ਜੀ ਦੇ ਜਨਮ ਅਤੇ ਪਰਿਵਾਰਕ ਪਿਛੋਕੜ ਬਾਰੇ ਕੋਈ ਨਿਸ਼ਚਿਤ ਜਾਣਕਾਰੀ ਨਹੀਂ ਮਿਲਦੀ। ਗਿਆਨੀ ਗਿਆਨ ਸਿੰਘ[28] ਅਤੇ ਕਾਨ੍ਹ ਸਿੰਘ ਨਾਭਾ[29] ਅਨੁਸਾਰ ਆਪ ਜੀ ਸ੍ਰੀ ਅੰਮ੍ਰਿਤਸਰ ਦੇ ਨੇੜੇ ਪਿੰਡ ਪੋਹੂਵਿੰਡ ਦੇ ਰਹਿਣ ਵਾਲੇ ਸਨ। ਜਦੋਂ ਕਿ ਵਿਸਾਖਾ ਸਿੰਘ ਜਨੇਤਪੁਰਾ ਨੇ ਆਪਣੀ ਲਿਖਤ ਮਾਲਵਾ

---

28 *ਤਵਾਰੀਖ਼ ਗੁਰੂ ਖਾਲਸਾ*, ਭਾਗ ਦੂਜਾ, ਪੰਨਾ 261

29 *ਮਹਾਨ ਕੋਸ਼*, ਪੰਨਾ 2244

ਸਿੱਖ ਇਤਿਹਾਸ ਵਿਚ ਬਾਬਾ ਜੀ ਦਾ ਪਿਛੋਕੜ ਪਿੰਡ ਗੁਰਮ ਜਿਲ੍ਹਾ ਲੁਧਿਆਣਾ ਦੱਸਿਆ ਹੈ।[30] ਜ਼ਿਆਦਾਤਰ ਸਿੱਖ ਵਿਦਵਾਨ ਬਾਬਾ ਜੀ ਦਾ ਪਿੰਡ ਪੋਹੂਵਿੰਡ ਹੋਣ ਨਾਲ ਸਹਿਮਤ ਹਨ। ਬਾਬਾ ਜੀ ਦਾ ਜਨਮ 14 ਮਾਘ, ਸੰਮਤ 1739 ਬਿ: (ਜਨਵਰੀ 1682 ਈ:) ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਭਾਈ ਭਗਤਾ ਜੀ ਅਤੇ ਮਾਤਾ ਜੀ ਦਾ ਨਾਂ ਬੀਬੀ ਜਿਉਣੀ ਸੀ।[31]

ਬਾਬਾ ਦੀਪ ਸਿੰਘ ਜੀ ਗੁਰੂ ਗੋਬਿੰਦ ਜੀ ਦੇ ਹਜ਼ੂਰੀ ਸਿੰਘਾਂ ਵਿੱਚੋਂ ਸਨ। ਉਨ੍ਹਾਂ ਨੇ ਗੁਰੂ ਸਾਹਿਬ ਦੇ ਹੱਥੋਂ ਅੰਮ੍ਰਿਤ ਛਕਿਆ ਸੀ ਅਤੇ ਗੁਰੂ ਸਾਹਿਬ ਨਾਲ ਜੰਗਾਂ-ਯੁੱਧਾਂ ਵਿਚ ਸ਼ਾਮਿਲ ਹੁੰਦੇ ਰਹੇ ਸਨ।[32] ਉਹ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਨਵਾਬ ਕਪੂਰ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਮਕਾਲੀ ਸਾਥੀ ਸਨ। ਬਾਬਾ ਜੀ ਦੇ ਜੀਵਨ-ਕਾਲ ਦਾ ਸਮੁੱਚਾ ਸਮਾਂ (1682-1757) ਸਿੱਖ ਇਤਿਹਾਸ ਦਾ ਬਹੁਤ ਹੀ ਉਤਰਾਅ-ਚੜ੍ਹਾਅ ਵਾਲਾ, ਸੰਕਟਮਈ ਅਤੇ ਹਥਿਆਰਬੰਦ ਸੰਘਰਸ਼ ਵਾਲਾ ਸਮਾਂ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ, ਬੰਦਾ ਸਿੰਘ ਬਹਾਦਰ ਦੀ ਬੇਮਿਸਾਲ ਸ਼ਹਾਦਤ, ਤੱਤ ਅਤੇ ਬੰਦਈ ਖਾਲਸਾ ਦਾ ਆਪਸੀ ਵਿਰੋਧ, ਛੋਟਾ ਘੱਲੂਘਾਰਾ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਆਦਿ ਇਸ ਸਮੇਂ ਦੀਆਂ ਮੁਖ ਘਟਨਾਵਾਂ ਹਨ। ਇਸ ਸਮੇਂ ਦੌਰਾਨ ਹਜ਼ਾਰਾਂ ਸਿੱਖ ਸ਼ਹੀਦ ਹੋਏ।

ਜਿਵੇਂ ਕਿ ਪਿਛਲੇ ਅਧਿਆਇ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਸੀ, ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਨੇ ਸਹਾਇਕ ਲਿਖਾਰੀ ਦੀ ਸੇਵਾ ਨਿਭਾਈ ਸੀ। ਗੁਰੂ ਸਾਹਿਬ ਦੇ ਦੱਖਣ ਕੂਚ ਕਰਨ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਜ਼ਿਆਦਾਤਰ ਤਲਵੰਡੀ ਸਾਬੋ ਹੀ ਰਹੇ ਅਤੇ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਕੀਤੀ। ਪਰੰਪਰਾਵਾਂ ਅਤੇ ਵਿਸ਼ਵਾਸ ਅਨੁਸਾਰ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਗੁਰੂ ਸਾਹਿਬ ਨੇ ਦੱਖਣ ਨੂੰ ਰਵਾਨਾ ਹੋਣ ਸਮੇਂ ਦਮਦਮਾ ਸਾਹਿਬ ਗੁਰੂ ਕਾਸ਼ੀ ਦੀ ਸੇਵਾ ਸੰਭਾਲ ਵਾਸਤੇ ਬਾਬਾ ਦੀਪ ਸਿੰਘ ਜੀ ਨੂੰ ਨਿਯਤ ਕੀਤਾ ਸੀ।[33] ਬਾਬਾ ਜੀ ਨੇ ਇਸ ਇਲਾਕੇ ਵਿੱਚ ਸਿੱਖ ਧਰਮ ਦਾ ਬਹੁਤ ਪ੍ਰਚਾਰ

---

30 ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਸਿੱਖ ਇਤਿਹਾਸ,* ਭਾਗ ਦੂਜਾ, ਪੰਨਾ 108

31 Bhagat Singh, *A History of the Sikh Misals,* p.241

32 ਸੋਹਣ ਸਿੰਘ ਸੀਤਲ, *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ,* ਪੰਨਾ 86

33 ਵਿਸਾਖਾ ਸਿੰਘ, *ਉਕਤ,* ਪੰਨਾ 108

ਕੀਤਾ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵਿੱਚ ਖਾਲਸੇ ਦਾ ਜਰਨੈਲ ਬਣ ਕੇ ਆਏ, ਤਾਂ ਉਸ ਵਕਤ ਬਾਬਾ ਦੀਪ ਸਿੰਘ ਜੀ ਨੇ ਆਪਣੇ ਸਾਥੀਆਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ ਸੀ ਅਤੇ ਅਨੇਕਾਂ ਲੜਾਈਆਂ ਵਿਚ ਬੜੀ ਸੂਰਮਗਤੀ ਨਾਲ ਲੜ ਕੇ ਜਿੱਤਾਂ ਪ੍ਰਾਪਤ ਕੀਤੀਆਂ ਸਨ।[34]

ਜੂਨ 1716 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਕੌਮ ਵਿਚ ਨਿਰਾਸ਼ਤਾ ਅਤੇ ਫੁੱਟ ਦਾ ਦੌਰ ਆਇਆ ਸੀ। 1715 ਈ. ਤੋਂ 1757 (ਸ਼ਹੀਦੀ ਸਮੇਂ) ਤੱਕ ਬਾਬਾ ਦੀਪ ਸਿੰਘ ਜੀ ਬਹੁਤਾ ਸਮਾਂ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹੀ ਰਹੇ ਅਤੇ ਇਥੇ ਹਰ ਸਮੇਂ ਬਾਬਾ ਜੀ ਗੁਰਮਤਿ ਦਾ ਪ੍ਰਚਾਰ ਕਰਦੇ ਅਤੇ ਸਿੱਖਾਂ ਨੂੰ ਗੁਰਬਾਣੀ ਪੜ੍ਹਨੀ-ਲਿਖਣੀ ਸਿਖਾਉਂਦੇ ਰਹਿੰਦੇ ਸਨ।[35]

ਇਸੇ ਸਮੇਂ ਦੌਰਾਨ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ ਵਿੱਚ ਸਿੱਖ ਧਰਮ ਦੇ ਪ੍ਰਚਾਰ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਉਤਾਰੇ ਵੀ ਕਰਿਆ ਕਰਦੇ ਸਨ। ਬਾਬਾ ਦੀਪ ਸਿੰਘ ਜੀ ਦੁਆਰਾ ਬੀੜਾਂ ਦੇ ਉਤਾਰੇ ਕਰਨ ਸੰਬੰਧੀ ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ 1783 ਬਿ. (1726ਈ.) ਨੂੰ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਸ ਬੀੜ ਤੋਂ, ਜੋ ਦਸਮ ਪਾਤਸ਼ਾਹ ਜੀ ਨੇ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਲਿਖਵਾਈ ਸੀ, ਚਾਰ ਉਤਾਰੇ ਕਰਵਾਏ ਸੀ। ਇਨ੍ਹਾਂ ਉਤਾਰਿਆਂ ਵਿਚੋਂ ਇੱਕ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਦੂਜਾ ਪਟਨਾ ਸਾਹਿਬ ਤੀਜਾ ਅਨੰਦਪੁਰ ਸਾਹਿਬ ਭੇਜਿਆ ਸੀ ਅਤੇ ਚੌਥਾ ਉਤਾਰਾ ਸ੍ਰੀ ਦਮਦਮਾ ਸਾਹਿਬ ਰੱਖਿਆ ਸੀ।[36] ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੌਲਿਕ ਬੀੜ (ਦਮਦਮੀ ਬੀੜ) ਜੋ ਦਸਮ ਪਾਤਸ਼ਾਹ ਜੀ ਨੇ ਤਿਆਰ ਕਰਵਾਈ ਸੀ, ਮੰਨਿਆ ਜਾਂਦਾ ਹੈ ਕਿ ਇਹ ਬੀੜ ਖਾਲਸਾ ਦੇ ਦਲ ਵਿੱਚ ਹੁੰਦੀ ਸੀ, ਪਰੰਤੂ ਵੱਡੇ ਘੱਲੂਘਾਰੇ ਦੌਰਾਨ ਦੁਰਾਨੀਆਂ ਦੇ ਨਾਲ ਜੰਗ ਵਿਚ ਨਸ਼ਟ ਹੋ ਗਈ।[37] ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਨਾ ਆਪਣੇ ਆਪ ਵਿੱਚ ਹੀ ਬਹੁਤ ਵੱਡਾ ਕਾਰਜ ਸੀ। ਬਾਬਾ ਦੀਪ ਸਿੰਘ ਜੀ ਨੇ ਇਸ ਮਹਾਨ ਕਾਰਜ ਨੂੰ ਬਾਖ਼ੂਬੀ ਨਿਭਾਇਆ। ਅੱਜ-ਕੱਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਸਰੂਪ ਪੰਥ ਵਿੱਚ ਪ੍ਰਚੱਲਿਤ ਹੈ ਇਹ ਬਾਬਾ ਦੀਪ ਸਿੰਘ ਜੀ ਵੱਲੋਂ ਕੀਤੇ ਗਏ ਉਤਾਰਿਆਂ ਦਾ ਹੀ ਪਰਿੰਟਿਡ ਰੂਪ ਹੈ। ਇਹ

---

[34] *ਮਹਾਨ ਕੋਸ਼,* ਪੰਨਾ 2244; *ਤਵਾਰੀਖ਼ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 261

[35] Bhagat Singh, *op.cit.*, p.241

[36] *ਤਵਾਰੀਖ਼ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 262

[37] ਰਤਨ ਸਿੰਘ ਭੰਗੂ, *ਪੰਥ ਪ੍ਰਕਾਸ਼,* ਪੰਨਾ 346 (ਅੱਗੇ ਤੋਂ ਸਿਰਫ਼ ਪ੍ਰਾਚੀਨ ਪੰਥ ਪ੍ਰਕਾਸ਼)

ਵੀ ਕਿਹਾ ਜਾਂਦਾ ਹੈ ਕਿ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇੱਕ ਬੀੜ ਅਰਬੀ ਭਾਸ਼ਾ ਵਿਚ ਲਿਖ ਕੇ ਅਰਬ ਦੀਆਂ ਸੰਗਤਾਂ ਨੂੰ ਭੇਂਟ ਕੀਤੀ ਸੀ। ਇਸ ਬੀੜ ਉੱਤੇ ਬਾਬਾ ਦੀਪ ਸਿੰਘ ਜੀ ਦੇ ਦਸਤਖ਼ਤ ਕੀਤੇ ਹੋਏ ਸਨ।[38] ਗਿਆਨੀ ਗਿਆਨ ਸਿੰਘ ਅਨੁਸਾਰ ਬਾਬਾ ਜੀ ਨੇ 1747 ਈ. (1804 ਬਿ.) ਨੂੰ ਦਸਮ ਗ੍ਰੰਥ ਦੀ ਇੱਕ ਬੀੜ ਵੀ ਤਿਆਰ ਕੀਤੀ ਸੀ।[39]

ਬਾਬਾ ਦੀਪ ਸਿੰਘ ਜੀ ਉਹਨਾਂ ਅਠਤਾਲੀ (48) ਗੁਰਸਿੱਖਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਕਥਾ ਸ੍ਰਵਨ ਕੀਤੀ ਸੀ। ਬਾਬਾ ਜੀ ਤਲਵੰਡੀ ਸਾਬੋ ਵਿਖੇ ਆਉਂਦੀਆਂ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣਾ ਕੇ ਨਿਹਾਲ ਕਰਿਆ ਕਰਦੇ ਸਨ। ਬਾਬਾ ਜੀ ਨੇ ਤਲਵੰਡੀ ਸਾਬੋ ਵਿਖੇ ਗੁਰਬਾਣੀ ਦੀ ਸਿੱਖਿਆ ਲਈ ਇੱਕ ਸੰਸਥਾ ਕਾਇਮ ਕੀਤੀ ਸੀ। ਇਤਿਹਾਸ ਵਿੱਚ ਇਹ ਸੰਸਥਾ 'ਦਮਦਮੀ ਟਕਸਾਲ' ਦੇ ਨਾਮ ਨਾਲ ਪ੍ਰਸਿੱਧ ਹੋਈ। ਇਸ ਟਕਸਾਲ ਰਾਹੀਂ ਗੁਰਬਾਣੀ ਦਾ ਸ਼ੁੱਧ ਉਚਾਰਣ ਅਤੇ ਸਹੀ ਅਰਥ ਕਰਨੇ ਸਿਖਾਏ ਜਾਂਦੇ ਸਨ। ਇਸ ਤੋਂ ਇਲਾਵਾ ਸਿੱਖ ਵਿਦਿਆਰਥੀਆਂ ਨੂੰ ਗੁਰ-ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਦਾ ਗਿਆਨ ਵੀ ਦਿੱਤਾ ਜਾਂਦਾ ਸੀ। ਇਸ ਦਮਦਮੀ ਟਕਸਾਲ ਨੇ ਅਗਲੇਰੇ ਸਮਿਆਂ ਵਿੱਚ ਬੇਅੰਤ ਧਾਰਮਿਕ ਜਾਗ੍ਰਿਤੀ ਲਿਆਂਦੀ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਦਮਦਮੀ ਟਕਸਾਲ ਸਦਕਾ ਸ੍ਰੀ ਦਮਦਮਾ ਸਾਹਿਬ ਦੀ ਧਰਤੀ ਨੇ ਬਹੁਤ ਸਿੱਖ-ਵਿਦਵਾਨ ਪੈਦਾ ਕੀਤੇ।

ਬੰਦਾ ਸਿੰਘ ਬਹਾਦਰ ਦੇ ਸ਼ਹੀਦ ਹੋਣ ਪਿੱਛੋਂ ਸਾਰੇ ਪੰਥ ਦਾ ਜੱਥੇਦਾਰ ਦੀਵਾਨ ਦਰਬਾਰਾ ਸਿੰਘ ਮੰਨਿਆ ਜਾਂਦਾ ਸੀ। ਉਹ ਜੁਲਾਈ 1734 ਈ: (ਸਾਵਣ 1791 ਬਿ:) ਵਿੱਚ ਸਵਰਗਵਾਸ ਹੋ ਗਏ ਤਾਂ ਪੰਥ ਦਾ ਜੱਥੇਦਾਰ ਨਵਾਬ ਕਪੂਰ ਸਿੰਘ ਬਣਿਆ।[40] ਇਸ ਸਮੇਂ ਤੱਕ ਸਿੰਘਾਂ ਦੀ ਗਿਣਤੀ ਕਾਫ਼ੀ ਵਧ ਗਈ ਸੀ। ਪੰਥ ਦੀ ਜੰਗੀ ਸ਼ਕਤੀ ਦੇ ਯੋਗ ਪ੍ਰਬੰਧ ਲਈ 1733-34 ਈ. ਵਿੱਚ ਨਵਾਬ ਕਪੂਰ ਸਿੰਘ ਦੀ ਅਗਵਾਈ ਵਿੱਚ ਪੰਥ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ, ਬੁੱਢਾ ਦਲ (ਵੱਡੀ ਉਮਰ ਦੇ ਸਿੰਘਾਂ ਦਾ ਸੰਗਠਨ) ਅਤੇ ਤਰਨਾ ਦਲ

---

[38] ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਸਿੱਖ ਇਤਿਹਾਸ,* ਭਾਗ ਪਹਿਲਾ, ਪੰਨਾ 418

[39] *ਪੰਥ ਪ੍ਰਕਾਸ਼,* ਭਾਗ ਪਹਿਲਾ, ਪੰਨਾ 1786

[40] ਸੋਹਣ ਸਿੰਘ ਸੀਤਲ, *ਉਕਤ,* ਪੰਨਾ 9

(ਨੌਜਵਾਨ ਸਿੰਘਾਂ ਦਾ ਸੰਗਠਨ)। ਤਰਨਾ ਦਲ ਵਿਚ ਨੌਜਵਾਨ ਸਿੰਘਾਂ ਦੀ ਸੰਖਿਆ ਜ਼ਿਆਦਾ ਹੋਣ ਕਰਕੇ ਇਸ ਨੂੰ ਅੱਗੋਂ ਪੰਜ ਜਥਿਆਂ ਵਿੱਚ ਵੰਡਿਆ ਗਿਆ। ਇਹ ਪੰਜ ਜਥੇ ਸਨ:

1. ਜੱਥਾ ਸ਼ਹੀਦਾਂ ਦਾ: ਇਸ ਜੱਥੇ ਨੂੰ 'ਨਿਹੰਗ ਸਿੰਘਾਂ ਦਾ ਜੱਥਾ' ਵੀ ਕਿਹਾ ਜਾਂਦਾ ਸੀ। ਇਸ ਦੇ ਜੱਥੇਦਾਰ ਬਾਬਾ ਦੀਪ ਸਿੰਘ ਜੀ ਸਨ। ਉਨ੍ਹਾਂ ਦੇ ਨਾਲ ਬਾਬਾ ਗੁਰਬਖ਼ਸ਼ ਸਿੰਘ, ਨੱਥਾ ਸਿੰਘ, ਸੁੱਧਾ ਸਿੰਘ, ਪ੍ਰੇਮ ਸਿੰਘ ਆਦਿਕ ਪ੍ਰਸਿੱਧ ਮੁਖੀਏ ਸਿੰਘ ਸਨ। ਇਹ ਜੱਥਾ ਹੀ ਅੱਗੇ ਜਾ ਕੇ ਮਿਸਲ ਸ਼ਹੀਦਾਂ ਬਣ ਗਿਆ ਸੀ।
2. ਜੱਥਾ ਅੰਮ੍ਰਿਤਸਰੀਆਂ: ਇਹ ਜੱਥਾ ਸ. ਕਰਮ ਸਿੰਘ ਅਤੇ ਸ. ਧਰਮ ਸਿੰਘ ਅੰਮ੍ਰਿਤਸਰ ਦੇ ਖੱਤਰੀ ਸਿੰਘਾਂ ਦੀ ਅਗਵਾਈ ਹੇਠ ਸੀ।
3. ਜੱਥਾ ਸ਼ਾਹਿਬਜ਼ਾਦਿਆਂ ਦਾ: ਇਸ ਜੱਥੇ ਵਿਚ ਬਾਵਾ ਕਾਨ੍ਹ ਸਿੰਘ, ਬਿਨੋਦ ਸਿੰਘ, ਮੀਰੀ ਸਿੰਘ ਭੱਲੇ ਅਤੇ ਹਰੀ ਸਿੰਘ ਢਿੱਲੋਂ ਮੁਖੀਏ ਸਿੰਘ ਸਨ।
4. ਜੱਥਾ ਡੱਲੇਵਾਲੀਆਂ ਦਾ: ਇਸ ਜੱਥੇ ਦਾ ਜੱਥੇਦਾਰ ਬਾਬਾ ਦਸੌਂਧਾ ਸਿੰਘ ਗਿੱਲ ਪਿੰਡ ਬੁੱਢਾ ਕੋਟ ਸੀ। ਇਸ ਵਿਚ ਭਾਈ ਭਗਤੂ ਕਾ ਫ਼ਤਿਹ ਸਿੰਘ ਤੇ ਗੁਰਦਿਆਲ ਸਿੰਘ, ਹਰਦਿਆਲ ਸਿੰਘ ਆਦਿਕ ਡੱਲੇ ਪਿੰਡ ਦੇ ਸਿੰਘ ਸਨ।
5. ਰੰਘਰੇਟੇ ਤੇ ਰਾਮਦਾਸੀਏ ਸਿੰਘਾਂ ਦਾ ਜੱਥਾ: ਇਸ ਦਾ ਜੱਥੇਦਾਰ ਬਾਬਾ ਬੀਰ ਸਿੰਘ ਜੀ ਸੀ। ਇਸ ਜੱਥੇ ਵਿਚ ਧੀਰ ਸਿੰਘ (ਜੀਵਨ ਸਿੰਘ), ਅਮਰ ਸਿੰਘ, ਰਣ ਸਿੰਘ, ਮਦਨ ਸਿੰਘ ਨਾਮੀ ਸਿੰਘ ਸ਼ਾਮਿਲ ਸਨ।[41]

ਹਰ ਜੱਥੇ ਨੂੰ ਇੱਕ ਨਗਾਰਾ ਅਤੇ ਝੰਡਾ ਦਿੱਤਾ ਗਿਆ ਸੀ। ਇਹਨਾਂ ਪੰਜਾਂ ਜੱਥਿਆਂ ਦੇ ਡੇਰੇ ਸ੍ਰੀ ਅੰਮ੍ਰਿਤਸਰ ਦੇ ਵੱਖ-ਵੱਖ ਹਿੱਸਿਆਂ ਵਿਚ ਸਥਿਤ ਰਾਮਸਰ, ਸੰਤੋਖਸਰ, ਬਿਬੇਕਸਰ, ਕੌਲਸਰ ਅਤੇ ਲਛਮਨਸਰ ਸਰੋਵਰਾਂ ਦੇ ਕਿਨਾਰੇ ਸਥਾਪਤ ਕੀਤੇ ਗਏ ਸਨ।[42] ਇਨ੍ਹਾਂ ਜੱਥਿਆਂ ਦੇ ਸੰਗਠਨ ਤੋਂ ਬਾਅਦ ਵੀ ਬਾਬਾ ਦੀਪ ਸਿੰਘ ਜੀ ਪਹਿਲਾਂ ਵਾਂਗ ਹੀ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹੀ ਰਹਿੰਦੇ

---

[41] *ਪ੍ਰਾਚੀਨ ਪੰਥ ਪ੍ਰਕਾਸ਼,* ਪੰਨਾ 210; *ਤਵਾਰੀਖ਼ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 120

[42] ਪ੍ਰਿੰ. ਤੇਜਾ ਸਿੰਘ ਡਾ. ਗੰਡਾ ਸਿੰਘ, *ਉਕਤ,* ਪੰਨਾ 119

ਰਹੇ ਸਨ। ਇਹ ਸੰਭਾਵਨਾ ਹੋ ਸਕਦੀ ਹੈ ਕਿ ਬਾਬਾ ਦੀਪ ਸਿੰਘ ਜੀ ਦੇ ਜੱਥੇ ਦੇ ਤਿੰਨ ਦਸਤੇ ਹੋਣ ਅਤੇ ਇਹ ਤਿੰਨੇ ਦਸਤੇ ਸ੍ਰੀ ਅੰਮ੍ਰਿਤਸਰ, ਆਨੰਦਪੁਰ ਸਾਹਿਬ ਅਤੇ ਦਮਦਮਾ ਸਾਹਿਬ ਵਿਖੇ ਰਹਿੰਦੇ ਹੋਣ। ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਸ਼ਹੀਦੀ ਜੱਥੇ ਦੇ ਸਿੰਘ ਸ੍ਰੀ ਅੰਮ੍ਰਿਤਸਰ ਅਤੇ ਆਨੰਦਪੁਰ ਸਾਹਿਬ ਵਿਖੇ ਵੀ ਰਹਿੰਦੇ ਸਨ।[43]

ਬਾਬਾ ਦੀਪ ਸਿੰਘ ਦੇ ਜੱਥੇ ਨੂੰ ਸ਼ਹੀਦਾਂ ਦਾ ਜੱਥਾ ਇਸ ਲਈ ਕਿਹਾ ਜਾਂਦਾ ਸੀ, ਕਿਉਂਕਿ ਇਸ ਜੱਥੇ ਦੇ ਸਿੰਘ ਹਰ ਜੰਗ ਤੇ ਮੁਹਿੰਮ ਵਿਚ ਅੱਗੇ ਹੋ ਕੇ ਸੂਰਮਗਤੀ ਨਾਲ ਲੜਿਆ ਕਰਦੇ ਸਨ। ਖਾਲਸਾ ਪੰਥ ਵੱਲੋਂ ਬਾਬਾ ਦੀਪ ਸਿੰਘ ਜੀ ਨੂੰ ਸਭ ਤੋਂ ਪਹਿਲੇ ਜੱਥੇ 'ਜੱਥਾ ਸ਼ਹੀਦਾਂ ਦਾ' ਦਾ ਜੱਥੇਦਾਰ ਥਾਪੇ ਜਾਣਾ ਬਾਬਾ ਜੀ ਦੁਆਰਾ ਉਸ ਸੰਕਟਮਈ ਦੌਰ ਵਿਚ ਕੀਤੀਆਂ ਗਈਆਂ ਪੰਥਕ ਸੇਵਾਵਾਂ ਅਤੇ ਖਾਲਸਾ ਪੰਥ ਵਿਚ ਉਨ੍ਹਾਂ ਦੇ ਰੁਤਬੇ ਨੂੰ ਸਿੱਧ ਕਰਦਾ ਹੈ।

ਕਿਉਂਕਿ ਬਾਬਾ ਦੀਪ ਸਿੰਘ ਜੀ ਆਪਣੇ ਸ਼ਹੀਦੀ ਜੱਥੇ ਨਾਲ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਰਹਿੰਦੇ ਸਨ, ਇਸ ਕਰਕੇ ਬਾਬਾ ਜੀ ਦੇ ਸ਼ਹੀਦੀ ਜੱਥੇ ਨੇ ਧਰਮ ਪ੍ਰਚਾਰ ਦੇ ਨਾਲ-ਨਾਲ ਮਾਲਵੇ ਦੀ ਰਾਜਨੀਤੀ ਵਿਚ ਵੀ ਆਪਣਾ ਯੋਗਦਾਨ ਪਾਇਆ ਸੀ। ਮਾਲਵੇ ਖੇਤਰ ਵਿਚ ਬਾਬਾ ਆਲਾ ਸਿੰਘ ਆਪਣੇ ਪੈਰ ਪਸਾਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਪਰੰਤੂ ਰਾਇਕੋਟ, ਮਾਲੇਰਕੋਟਲਾ, ਮਲਸੀਆਂ, ਤਲਵੰਡੀ, ਹਲਵਾਰਾ, ਬੋਹਾ, ਬੁਢਲਾਡਾ ਆਦਿ ਦੇ ਮੁਸਲਮਾਨ ਹਾਕਮ ਉਸ ਦੀ ਰਾਜ ਸਥਾਪਤੀ ਵਿਚ ਵੱਡਾ ਅੜਿੱਕਾ ਸਨ। ਜਦੋਂ ਪੰਥ ਦੇ ਉਪਰੋਕਤ ਜੱਥਿਆਂ ਦੀਆਂ ਸ੍ਰੀ ਅੰਮ੍ਰਿਤਸਰ ਅਤੇ ਆਸ-ਪਾਸ ਦੇ ਇਲਾਕੇ ਵਿਚ ਸਰਗਰਮੀਆਂ ਵਧਣੀਆਂ ਸ਼ੁਰੂ ਹੋ ਗਈਆਂ, ਤਾਂ ਖਾਲਸੇ ਦੀ ਤਾਕਤ ਵੱਧਣ ਨਾਲ ਮਾਲਵੇ ਖਿੱਤੇ ਵਿਚ ਵੀ ਬਾਬਾ ਆਲਾ ਸਿੰਘ ਦੀ ਸਥਿਤੀ ਮਜ਼ਬੂਤ ਹੋਣੀ ਸ਼ੁਰੂ ਹੋ ਗਈ ਸੀ। ਬਾਬਾ ਆਲਾ ਸਿੰਘ ਨੂੰ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਰਹਿੰਦੇ ਸ਼ਹੀਦੀ ਜੱਥੇ ਦਾ ਬਹੁਤ ਸਹਾਰਾ ਸੀ। ਬਾਬਾ ਦੀਪ ਸਿੰਘ ਜੀ ਨੇ ਕਈ ਵਾਰ ਬਾਬਾ ਆਲਾ ਸਿੰਘ ਦੀ ਮੱਦਦ ਕੀਤੀ ਸੀ। 1731 ਈ. ਵਿਚ ਜਦੋਂ ਰਾਇਕੋਟ ਦੇ ਹਾਕਮ ਰਾਇ ਕੱਲ੍ਹਾ ਦੇ ਕਹਿਣ ਤੇ ਸਾਰੇ ਮੁਸਲਮਾਨ ਹਾਕਮਾਂ ਨੇ ਜਲੰਧਰ ਦੁਆਬ ਦੇ ਫੌਜ਼ਦਾਰ ਸਯਦ ਅਸਦ ਅਲੀ ਖਾਂ ਨੂੰ ਨਾਲ ਲੈ ਕੇ ਬਰਨਾਲੇ ਉਪਰ ਹਮਲਾ ਕੀਤਾ ਅਤੇ ਬਾਬਾ ਆਲਾ ਸਿੰਘ ਨੂੰ ਕਿਲ੍ਹੇ ਵਿਚ ਘੇਰ ਲਿਆ, ਤਾਂ ਬਾਬਾ ਦੀਪ ਸਿੰਘ ਜੀ

[43] ਡਾ. ਸੁਖਦਿਆਲ ਸਿੰਘ, *ਸ਼੍ਰੋਮਣੀ ਸਿੱਖ ਇਤਿਹਾਸ,* ਭਾਗ ਦੂਜਾ, ਪੰਨਾ 309

ਜਲਦੀ ਆਪਣੇ ਸ਼ਹੀਦੀ ਜੱਥੇ ਨਾਲ ਬਰਨਾਲੇ ਪਹੁੰਚ ਗਏ।[44] ਉਧਰੋਂ ਸ੍ਰੀ ਅੰਮ੍ਰਿਤਸਰ ਤੋਂ ਭਾਈ ਬੁੱਢਾ ਸਿੰਘ ਅਤੇ ਨਵਾਬ ਕਪੂਰ ਸਿੰਘ ਵੀ ਖਾਲਸਾ ਦਲ ਨੂੰ ਨਾਲ ਲੈ ਕੇ ਆਲਾ ਸਿੰਘ ਦੀ ਮੱਦਦ ਲਈ ਨਾਲ ਆ ਰਲੇ। ਖੂਬ ਗਹਿਗੱਚ ਜੰਗ ਹੋਇਆ। ਫ਼ੌਜਦਾਰ ਸਯਦ ਅਸਦ ਅਲੀ ਖਾਂ ਮਾਰਿਆ ਗਿਆ ਅਤੇ ਹੋਰ ਹਮਲਾਵਰ ਭੱਜ ਗਏ।[45] ਬਾਬਾ ਆਲਾ ਸਿੰਘ ਦੀ ਸ਼ਾਨਦਾਰ ਜਿੱਤ ਹੋਈ। ਇਸ ਜਿੱਤ ਨਾਲ ਬਾਬਾ ਆਲਾ ਸਿੰਘ ਦੇ ਮਾਲਵੇ ਖਿੱਤੇ ਵਿਚ ਪੈਰ ਜੰਮ ਗਏ।[46]

ਰਤਨ ਸਿੰਘ ਭੰਗੂ ਨੇ ਆਪਣੀ ਲਿਖਤ ਪੰਥ ਪ੍ਰਕਾਸ਼ ਦੇ ਅਖੀਰ ਵਿਚ ਇਸ ਘਟਨਾ ਨੂੰ ਵਿਸਥਾਰ ਨਾਲ ਅੰਕਿਤ ਕੀਤਾ ਹੈ। ਜਿੱਤ ਉਪਰੰਤ ਆਲਾ ਸਿੰਘ ਸ਼ਹੀਦੀ ਜੱਥੇ ਦਾ ਧੰਨਵਾਦ ਕਰਨ ਲਈ ਬੜੀ ਨਿਮਰਤਾ ਨਾਲ ਸ਼ਹੀਦੀ ਜੱਥੇ ਦੇ ਸਿੰਘਾਂ ਦੇ ਦੀਵਾਨ ਵਿਚ ਪਹੁੰਚਿਆ। ਆਲਾ ਸਿੰਘ ਨੇ ਸ਼ੁਕਰਾਨੇ ਦੇ ਤੌਰ ਤੇ ਬਹੁਤ ਸਾਰਾ ਧਨ ਅਤੇ ਰਸਦ ਸ਼ਹੀਦੀ ਜੱਥੇ ਨੂੰ ਭੇਂਟ ਕੀਤੀ। ਲੜਾਈ ਵਿਚ ਨਿਹੰਗ ਸਿੰਘਾਂ ਦੇ ਜਿੰਨੇ ਘੋੜੇ ਮਾਰੇ ਗਏ ਸਨ, ਉਨ੍ਹਾਂ ਦੀ ਥਾਂ ਹੋਰ ਘੋੜੇ ਭੇਂਟ ਕੀਤੇ। ਭੰਗੂ ਦੇ ਆਪਣੇ ਸ਼ਬਦਾਂ ਅਨੁਸਾਰ:

"ਔਰ ਸੁਨੋਂ ਆਲੈ ਸਿੰਘ ਗੱਲ। ਮਿਲਯੋ ਪੰਥ ਕੋ ਜਿਮ ਝਬ ਚੱਲ।....

ਹਾਥ ਜੋੜ ਕੇ ਸੀਸ ਝੁਕਾਯੋ। ਛੱਡ ਘੋੜੈ ਕੋ ਚਰਨੀ ਧਾਯੋ।

ਨਿਵ ਨਿਵ ਕੁੰਨਸੋ ਲਗੋ ਕਰਨ। ਮਿਲੈ ਨਿਹੰਗ ਤਿਸ ਛੋਹੈ ਗੋਡੇ ਚਰਨ।

ਭਰ ਮੁੱਠੀ ਉਸ ਰੁਪੱਯਨ ਦੇਹਿ। ਕਰਵਾਇ ਅਰਦਾਸ ਔਰ ਖੁਸ਼ੀਆਂ ਲੇਹਿ।

ਘੋੜੇ ਮੁਯੋ ਜੇ ਨਿਹੰਗ ਜੁ ਧਾਇ। ਤੁਰਤ ਦੇਹਿ ਤਿਹਿ ਘੋੜੇ ਫੜਵਾਇ।

ਕਿਸੈ ਟੋਂਬੂ ਕਿਸੈ ਅਰਦਾਸ ਕਰਾਵੈ। ਰਸਤੇ ਮਿਲੈ ਸੁ ਇਮ ਪਰਚਾਵੈ।

. . . . . . . . . . . . .

ਹੁਤੀ ਮੋਹਰ ਪੰਥ ਆਲੈ ਸਿੰਘ ਪਾਸ। ਸ਼ਹੀਦ ਦੀਪ ਸਿੰਘ ਕਰ ਲਈ ਅਰਦਾਸ।

ਬਹੁਰ ਆਲੇ ਸਿੰਘ ਦੇਗੇ ਧਰਵਾਏ। ਇਕੋਤ੍ਰ ਸੌ ਹੁਤ ਕੜਾਹੁ ਭਰਵਾਏ।

---

[44] ਕਰਮ ਸਿੰਘ ਹਿਸਟੋਰੀਅਨ, *ਬਾਬਾ ਆਲਾ ਸਿੰਘ,* ਪੰਨੇ 43-44

[45] *ਪ੍ਰਾਚੀਨ ਪੰਥ ਪ੍ਰਕਾਸ਼,* ਪੰਨੇ 432-434; *ਤਵਾਰੀਖ਼ ਗੁਰੂ ਖਾਲਸਾ, ਭਾਗ ਦੂਜਾ,* ਪੰਨਾ 554

[46] Lepel Griffin, *The Rajas of the Punjab,* p.15

ਨਿਹੰਗ ਗੁਰਬਖਸ਼ ਸਿੰਘ ਦਏ ਸੌਪਾਇ। ਵਹਿ ਦੇਉਗ ਡੇਰਨ ਆਪੇ ਘਲਾਇ

ਬਹੁਤ ਘੋੜੇ ਤਹਿ ਦਏ ਖੜਾਇ। ਝੰਡੇ ਦਏ ਜਸਾ ਸਿੰਘ ਲਾਇ।"[47]

ਜਦ ਪੰਜਾਬ ਦੇ ਮੁਗਲ ਹਾਕਮ ਸਿੱਖਾਂ ਉਪਰ ਜ਼ੁਲਮ ਤਸ਼ੱਦਦ ਦੀ ਅਤਿ ਚੁੱਕ ਦਿੰਦੇ ਸਨ ਤਾਂ ਸਿੰਘ ਆਪਣੇ ਬਚਾਅ ਲਈ ਪਹਾੜਾਂ, ਮਾਲਵੇ ਜਾਂ ਰਾਜਪੂਤਾਨੇ ਦਾ ਰੁਖ ਕਰ ਲੈਂਦੇ ਸਨ। ਅਜਿਹੇ ਔਖੇ ਸਮੇਂ ਦੌਰਾਨ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਉਨ੍ਹਾਂ ਦੀ ਮੁੱਖ ਠਾਹਰਾਂ ਵਿਚੋਂ ਇੱਕ ਹੁੰਦੀ ਸੀ। ਏਥੋਂ ਦੀ ਹੋ ਕੇ ਹੀ ਸਿੰਘ ਅੱਗੇ ਬੀਕਾਨੇਰ ਜਾਂ ਜੈਪੁਰ ਦੇ ਇਲਾਕੇ ਵਿੱਚ ਆਉਂਦੇ ਜਾਂਦੇ ਸਨ।[48] ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਜ਼ਿਕਰ ਕੀਤਾ ਹੈ ਕਿ ਜਦੋਂ ਨਾਦਰ ਸ਼ਾਹ ਦੇ ਕਹਿਣ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ (1739-40 ਈ.) ਸਿੰਘਾਂ ਉਪਰ ਬਹੁਤ ਜ਼ੁਲਮ ਕੀਤੇ, ਤਾਂ ਉਸ ਸਮੇਂ ਮਾਝੇ ਇਲਾਕੇ ਦੇ ਅਨੇਕਾਂ ਸਿੰਘ ਮਾਲਵੇ ਦੇ ਬਰਨਾਲਾ, ਸੁਨਾਮ, ਤਪਾ, ਤਲਵੰਡੀ ਸਾਬੋ ਆਦਿ ਪਿੰਡਾਂ ਵਿਚ ਠਹਿਰੇ ਅਤੇ ਮਾਲਵੇ ਦੇ ਸਿੱਖਾਂ ਨੇ ਇਨ੍ਹਾਂ ਸਿੰਘਾਂ ਦੀ ਬੜੀ ਸੇਵਾ-ਸੰਭਾਲ ਕੀਤੀ ਸੀ।[49] ਸਿੱਖ ਰਵਾਇਤ ਅਨੁਸਾਰ (1740 ਈ.) ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇ-ਅਦਬੀ ਦਾ ਬਦਲਾ ਲੈਣ ਲਈ ਸਰਦਾਰ ਮਹਿਤਾਬ ਸਿੰਘ ਮੀਰਾਂਕੋਟ ਤੇ ਸਰਦਾਰ ਸੁੱਖਾ ਸਿੰਘ ਮਾੜੀ ਕੰਬੋ ਕੀ ਜਦੋਂ ਰਾਜਪੂਤਾਨੇ ਤੋਂ ਚੱਲੇ ਤਾਂ ਉਹ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਆ ਕੇ ਠਹਿਰੇ ਸਨ। ਜਦ ਉਹ ਮੱਸੇ ਰੰਗੜ ਦਾ ਸਿਰ ਕਲਮ ਕਰਕੇ ਅੰਮ੍ਰਿਤਸਰ ਤੋਂ ਨਿਕਲੇ, ਤਾਂ ਉਨ੍ਹਾਂ ਨੇ ਵਾਪਸ ਆਉਂਦਿਆ ਹੋਏ ਵੀ ਤਲਵੰਡੀ ਸਾਬੋ ਆ ਕੇ ਹੀ ਆਰਾਮ ਕੀਤਾ ਸੀ। ਇਹ ਸਭ ਕੁੱਝ ਤਾਂ ਹੀ ਸੰਭਵ ਜਾਪਦਾ ਹੈ ਜੇਕਰ ਬਾਬਾ ਦੀਪ ਸਿੰਘ ਜੀ ਤਲਵੰਡੀ ਸਾਬੋ ਵਿਖੇ ਗੁਰਸਿੱਖੀ ਦਾ ਪ੍ਰਚਾਰ ਅਤੇ ਗੁਰਧਾਮ ਦੀ ਰੱਖਿਆ ਕਰਨ ਤੋਂ ਇਲਾਵਾ ਇਥੇ ਆਏ ਸਿੰਘਾਂ ਦੀ ਸੇਵਾ-ਟਹਿਲ ਲਈ ਮੌਜੂਦ ਸਨ।

ਤਲਵੰਡੀ ਸਾਬੋ ਵਿਖੇ ਦਸਮ ਗ੍ਰੰਥ ਦੀ ਬਾਣੀ ਦੇ ਸੰਗ੍ਰਹਿ ਦੇ ਫੈਸਲੇ ਦਾ ਪ੍ਰਸੰਗ ਵੀ ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਨਾਲ ਜੁੜਿਆ ਹੋਇਆ ਹੈ। ਦਸਮ ਗ੍ਰੰਥ ਦੀ ਬਾਣੀ ਦੇ ਸੰਗ੍ਰਹਿ ਬਾਰੇ ਫੈਸਲਾ ਕਰਨ ਲਈ ਖਾਲਸਾ ਪੰਥ ਸ੍ਰੀ ਦਮਦਮਾ ਸਾਹਿਬ ਵਿਖੇ ਇਕੱਤਰ ਹੋਇਆ ਸੀ। ਇਸੇ ਸਮੇਂ ਇਹ ਦੋਵੇਂ ਸਿੰਘ ਵੀ ਮੱਸੇ

---

47 *ਪ੍ਰਾਚੀਨ ਪੰਥ ਪ੍ਰਕਾਸ਼,* ਪੰਨਾ 434

48 *ਉਹੀ,* ਪੰਨਾ 227

49 *ਪੰਥ ਪ੍ਰਕਾਸ਼,* ਭਾਗ ਦੂਜਾ, ਪੰਨਾ 660

ਰੰਘੜ ਨੂੰ ਸਜ਼ਾ ਦੇਣ ਲਈ ਬੀਕਾਨੇਰ ਤੋਂ ਚੱਲ ਕੇ ਇਥੇ ਪਹੁੰਚੇ ਹੋਏ ਸਨ। ਇਨ੍ਹਾਂ ਦੋਵੇਂ ਸਿੰਘਾਂ ਤੋਂ ਵੀ ਇਸ ਵਿਸ਼ੇ ਤੇ ਰਾਇ ਮੰਗੀ ਗਈ। ਉਨਾਂ ਨੇ ਕਿਹਾ ਕਿ ਜੇਕਰ ਅਸੀਂ ਪਾਪੀ ਮੱਸੇ ਰੰਘੜ ਦਾ ਸਿਰ ਲੈ ਕੇ ਇਥੇ ਜੀਉਂਦੇ ਮੁੜ ਆਏ, ਤਾਂ ਦਸਮ ਗ੍ਰੰਥ ਦੀ ਇੱਕ ਜਿਲਦ ਕਰ ਦੇਣੀ। ਪਰੰਤੂ ਜੇਕਰ ਸਾਡੇ ਸਰੀਰ ਉਥੇ ਹੀ ਲੜਦਿਆਂ ਟੋਟੇ-ਟੋਟੇ ਹੋ ਗਏ, ਤਾਂ ਗ੍ਰੰਥ ਦੀਆਂ ਵੱਖ-ਵੱਖ ਸੈਂਚੀਆਂ ਬਣਾ ਦੇਣਾ। ਗੁਰੂ ਸਾਹਿਬ ਦੀ ਮਿਹਰ ਸਦਕਾ ਦੋਵੇਂ ਸਿੰਘ ਦੁਸ਼ਟ ਮੱਸੇ ਰੰਘੜ ਦਾ ਸਿਰ ਲੈ ਕੇ ਸਹੀ ਸਲਾਮਤ ਤਲਵੰਡੀ ਸਾਬੋ ਪਹੁੰਚੇ, ਤਾਂ ਖਾਲਸੇ ਪੰਥ ਨੇ ਜੋਸ਼ ਅਤੇ ਪ੍ਰਸੰਨਤਾ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੇ ਦੱਸੇ ਹੋਏ ਸੁਝਾਅ ਮੁਤਾਬਿਕ ਦਸਮ ਗ੍ਰੰਥ ਦੀ ਬਾਣੀ ਦੀ ਇੱਕ ਜਿਲਦ ਕਰਨ ਦਾ ਫੈਸਲਾ ਕੀਤਾ ਗਿਆ ਸੀ।[50]

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਜੱਥਾ ਬਿਨ੍ਹਾਂ ਕਿਸੇ ਰਾਜਨੀਤਕ ਖਾਹਿਸ਼ ਦੇ ਕੇਵਲ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਹੀ ਸੇਵਾ ਕਰਦਾ ਜਾਂ ਲੜਦਾ ਸੀ। ਇਸ ਲਈ ਪੰਥ ਨੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਦੀ ਸੇਵਾ-ਸੰਭਾਲ ਤੇ ਸੁਰੱਖਿਆ ਦੀ ਜ਼ਿੰਮੇਦਾਰੀ ਸ਼ਹੀਦੀ ਜੱਥੇ ਨੂੰ ਦਿੱਤੀ ਸੀ। ਸ਼ਹੀਦੀ ਜੱਥੇ ਦੇ ਯੋਧੇ ਸ੍ਰ. ਗੁਰਬਖਸ਼ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਤੇ ਬਾਬਾ ਨੱਥਾ ਸਿੰਘ ਨੂੰ ਆਨੰਦਪੁਰ ਸਾਹਿਬ ਵਿਖੇ ਸੇਵਾ-ਸੰਭਾਲ ਲਈ ਨਿਯੁਕਤ ਕੀਤਾ ਗਿਆ ਸੀ। ਤਖਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਤਾਂ ਬਾਬਾ ਦੀਪ ਸਿੰਘ ਜੀ ਪਹਿਲਾਂ ਤੋਂ ਹੀ ਕਰਦੇ ਆ ਰਹੇ ਸਨ।[51]

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਜੱਥਾ ਤਖਤ ਸਾਹਿਬਾਨਾਂ ਦੀ ਸਹੀ ਸੇਵਾ-ਸੰਭਾਲ ਰੱਖਣ ਤੋਂ ਇਲਾਵਾ ਇਨ੍ਹਾਂ ਦੀ ਰਾਖੀ ਆਪਣੀਆਂ ਜਾਨਾਂ ਦੀ ਬਾਜੀ ਲਾ ਕੇ ਵੀ ਕਰਦਾ ਸੀ। ਜਿਵੇਂ 1764 ਈ. ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਇੱਕ ਹਮਲੇ ਸਮੇਂ ਭਾਵੇਂ ਪੰਥ ਦੇ ਜੱਥੇ ਸ੍ਰੀ ਅੰਮ੍ਰਿਤਸਰ ਤੋਂ ਦੂਰ ਚਲੇ ਗਏ ਸਨ, ਪਰ ਜੱਥੇਦਾਰ ਗੁਰਬਖਸ਼ ਸਿੰਘ ਆਪਣੇ ਤੀਹ ਸਾਥੀ ਸਿੰਘਾਂ ਨਾਲ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੀ ਰਾਖੀ ਲਈ ਉਸੇ ਤਰ੍ਹਾਂ ਅੜਿਆ ਰਿਹਾ ਸੀ ਅਤੇ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਲਈ ਉਹ

---

50 ਗੁਰਦੁਆਰਾ ਗਜ਼ਟ, ਨਵੰਬਰ 1965, ਪੰਨੇ 90-91

51 ਡਾ. ਸੁਖਦਿਆਲ ਸਿੰਘ, *ਉਕਤ*, ਪੰਨੇ 72, 309

ਤੀਹ ਸਿੰਘ 30,000 ਅਫ਼ਗਾਨੀ ਫ਼ੌਜਾਂ ਨਾਲ ਲੜਦਿਆਂ ਜੂਝਦਿਆਂ ਸ਼ਹੀਦੀ ਪਾ ਗਏ ਸਨ।[52]

ਪਹਿਲੇ ਘੱਲੂਘਾਰੇ ਸਮੇਂ (1746 ਈ.) ਸ਼ਹੀਦੀ ਜੱਥੇ ਦੇ ਸਿੰਘ ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ, ਬਾਬਾ ਨੱਥਾ ਸਿੰਘ, ਬਾਬਾ ਦਿਆਲ ਸਿੰਘ ਆਦਿ ਕਾਹਨੂੰਵਾਨ ਦੀ ਜੰਗ ਵਿਚ ਬੜੀ ਬਹਾਦਰੀ ਨਾਲ ਲੜੇ ਸਨ ਅਤੇ ਪੰਥ ਦੇ ਹੁਕਮ ਅਨੁਸਾਰ ਜੂਝਦੇ ਹੋਏ ਸਤਲੁਜ ਦਰਿਆ ਪਾਰ ਕਰ ਕੇ ਜ਼ਖ਼ਮੀ ਹਾਲਤ ਵਿਚ ਸ੍ਰੀ ਦਮਦਮਾ ਸਾਹਿਬ ਪਹੁੰਚੇ। ਤਲਵੰਡੀ ਸਾਬੋ ਦੇ ਲੋਕਾਂ ਨੇ ਇਨ੍ਹਾਂ ਜਖ਼ਮੀ ਸਿੰਘਾਂ ਦੀ ਸੇਵਾ-ਸੰਭਾਲ ਕੀਤੀ ਸੀ।[53]

ਵੱਡੀ ਗਿਣਤੀ ਵਿਚ ਹਿੰਦੂ ਅਤੇ ਸਿੱਖ ਨੌਜਵਾਨਾਂ ਦੇ ਸ਼ਾਮਿਲ ਹੋਣ ਕਰਕੇ 1748 ਈ. ਦੇ ਸ਼ੁਰੂ ਵਿਚ ਖਾਲਸਾ ਦਲ ਦੇ ਜੱਥਿਆਂ ਦੀ ਗਿਣਤੀ ਪੈਂਹਟ (65) ਤੱਕ ਪਹੁੰਚ ਗਈ ਸੀ। ਸਿੱਖ ਇਤਿਹਾਸ ਅਨੁਸਾਰ 29 ਮਾਰਚ 1748 ਈ. ਨੂੰ ਵਿਸਾਖੀ ਵਾਲੇ ਦਿਨ ਇਹ ਸਾਰੇ ਜੱਥੇ ਸਰਬੱਤ ਖਾਲਸਾ ਸਮਾਗਮ ਵਿਚ ਸ੍ਰੀ ਅੰਮ੍ਰਿਤਸਰ ਇਕੱਠੇ ਹੋਏ। ਨਵਾਬ ਕਪੂਰ ਸਿੰਘ ਨੇ ਮਤਾ ਪੇਸ਼ ਕੀਤਾ ਕਿ ਪੰਥ ਦੀ ਸੁਯੋਗ ਅਗਵਾਈ ਲਈ ਇੱਕ ਮਜ਼ਬੂਤ ਜਥੇਬੰਦੀ ਬਣਾਈ ਜਾਵੇ। ਸਾਰੇ ਜੱਥਿਆਂ ਨੇ ਇਸ ਮਤੇ ਦਾ ਸਮਰਥਨ ਕੀਤਾ। ਇਸ ਤਰ੍ਹਾਂ ਇਕ ਸਾਂਝੀ ਜਥੇਬੰਦੀ ਬਣਾਈ ਗਈ, ਜਿਸ ਦਾ ਨਾਂ ਦਲ ਖਾਲਸਾ (ਖਾਲਸੇ ਦੀ ਫ਼ੌਜ) ਰੱਖਿਆ ਗਿਆ ਸੀ। ਦਲ ਖਾਲਸੇ ਦਾ ਜਥੇਦਾਰ ਸਰਬ ਸੰਮਤੀ ਨਾਲ ਸ. ਜੱਸਾ ਸਿੰਘ ਆਹਲੂਵਾਲੀਆ ਚੁਣਿਆ ਗਿਆ ਸੀ।[54] ਦਲ ਖਾਲਸੇ ਨੂੰ ਗਿਆਰਾਂ ਇਕਾਈਆਂ ਵਿਚ ਜੱਥੇਬੰਦ ਕੀਤਾ ਗਿਆ। ਇਨ੍ਹਾਂ ਗਿਆਰਾਂ ਇਕਾਈਆਂ ਨੂੰ ਗਿਆਰਾਂ ਮਿਸਲਾਂ ਜਾਂ ਜੱਥੇ ਕਿਹਾ ਜਾਂਦਾ ਹੈ। ਗਿਆਰਾਂ ਮਿਸਲਾਂ ਇਹ ਸਨ:

1. ਮਿਸਲ ਆਹਲੂਵਾਲੀਆ (ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ)
2. ਮਿਸਲ ਫ਼ੈਜ਼ੁਲਾਪੁਰੀਆਂ ਜਾਂ ਸਿੰਘਪੁਰੀਆਂ (ਜਥੇਦਾਰ ਨਵਾਬ ਸਰਦਾਰ ਕਪੂਰ ਸਿੰਘ)
3. ਮਿਸਲ ਸ਼ੁਕਰਚਕੀਆਂ (ਜਥੇਦਾਰ ਸਰਦਾਰ ਨੌਧ ਸਿੰਘ)
4. ਮਿਸਲ ਨਿਸ਼ਾਨਾਂ ਵਾਲੀ (ਜਥੇਦਾਰ ਸਰਦਾਰ ਦਸੌਂਧਾ ਸਿੰਘ)

---

52 *ਪ੍ਰਾਚੀਨ ਪੰਥ ਪ੍ਰਕਾਸ਼,* ਪੰਨੇ 386-394

53 *ਪੰਥ ਪ੍ਰਕਾਸ਼,* ਭਾਗ ਦੂਜਾ, ਪੰਨੇ 762, 775

54 ਡਾ. ਸੁਖਦਿਆਲ ਸਿੰਘ, *ਉਕਤ,* ਪੰਨਾ 119; ਸੋਹਣ ਸਿੰਘ ਸੀਤਲ, *ਉਕਤ,* ਪੰਨਾ 15

5. ਮਿਸਲ ਭੰਗੀਆਂ (ਜਥੇਦਾਰ ਸਰਦਾਰ ਹਰੀ ਸਿੰਘ ਭੰਗੀ)

6. ਮਿਸਲ ਕਨ੍ਹਈਆਂ (ਜਥੇਦਾਰ ਸਰਦਾਰ ਜੈ ਸਿੰਘ ਕਨ੍ਹਈਆ)

7. ਮਿਸਲ ਨਕਈਆਂ (ਜਥੇਦਾਰ ਸਰਦਾਰ ਹੀਰਾ ਸਿੰਘ)

8. ਮਿਸਲ ਸ਼ਹੀਦਾਂ (ਜਥੇਦਾਰ ਬਾਬਾ ਦੀਪ ਸਿੰਘ ਜੀ)

9. ਮਿਸਲ ਡੱਲੇਵਾਲੀ (ਜਥੇਦਾਰ ਸਰਦਾਰ ਗੁਲਾਬ ਸਿੰਘ ਡੱਲੇਵਾਲ)

10. ਮਿਸਲ ਕਰੋੜ ਸਿੰਘੀਆਂ (ਜਥੇਦਾਰ ਸਰਦਾਰ ਕਰੋੜਾ ਸਿੰਘ)

11. ਮਿਸਲ ਸਾਂਘਣੀਆਂ, ਬਾਅਦ ਵਿਚ ਮਿਸਲ ਰਾਮਗੜ੍ਹੀਆ (ਜਥੇਦਾਰ ਸਰਦਾਰ ਨੰਦ ਸਿੰਘ ਸਾਂਘਣਾ)।[55]

ਬਾਰ੍ਹਵੀਂ ਮਿਸਲ 'ਫੂਲਕੀਆ ਮਿਸਲ' ਮੰਨੀ ਜਾਂਦੀ ਹੈ। ਇਹ ਮਿਸਲ ਦਲ ਖਾਲਸਾ ਦੇ ਅਧੀਨ ਨਹੀਂ ਸੀ। ਇਸ ਮਿਸਲ ਦਾ ਨਾਮ ਤਿੰਨ ਸਿੱਖ ਰਿਆਸਤਾਂ ਪਟਿਆਲਾ, ਨਾਭਾ ਅਤੇ ਜੀਂਦ ਦੇ ਸਾਂਝੇ ਵਡੇਰੇ 'ਫੂਲ' ਦੇ ਨਾਂ ਤੇ ਸੀ।

ਹਰ ਇੱਕ ਸਿੱਖ ਸਿਪਾਹੀ ਤੇ ਸਰਦਾਰ ਨੂੰ ਆਗਿਆ ਦਿੱਤੀ ਗਈ ਸੀ ਕਿ ਉਹ ਜਿਸ ਮਿਸਲ ਵਿੱਚ ਚਾਹੇ, ਸ਼ਾਮਿਲ ਹੋ ਸਕਦਾ ਸੀ। ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਹਰ ਮਿਸਲ ਅੰਦਰੂਨੀ ਮਾਮਲਿਆਂ ਵਿੱਚ ਸੁਤੰਤਰ ਹੋਵੇਗੀ, ਪਰੰਤੂ ਪੰਥ ਦੇ ਸਾਂਝੇ ਕੰਮ ਲਈ ਸਭ ਨੇ ਇਕੱਠੇ ਹੋ ਕੇ ਦਲ ਖਾਲਸਾ ਦੇ ਮੁਖੀ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਅਧੀਨ ਚੱਲਣਾ ਸੀ। ਸ਼ਹੀਦਾਂ ਮਿਸਲ ਦੇ ਸਿੰਘਾਂ ਨੂੰ ਪਹਿਲਾਂ 'ਸ਼ਹੀਦ' ਆਖਿਆ ਜਾਂਦਾ ਸੀ। ਇਸ ਮਿਸਲ ਦੇ ਸਿੰਘਾਂ ਨੂੰ ਹੀ ਮਗਰੋਂ 'ਨਿਹੰਗ ਸਿੰਘ' ਅਤੇ 'ਅਕਾਲੀ ਸਿੰਘ' ਕਿਹਾ ਜਾਂਦਾ ਰਿਹਾ ਹੈ।

ਮਿਸਲਾਂ ਦੇ ਸਮੇਂ ਖਾਲਸਾ ਪੰਥ ਵੱਲੋਂ ਪੰਜਾਹ ਹਜ਼ਾਰ ਰੁਪਏ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਵਾਸਤੇ ਭੇਜੇ ਗਏ ਸਨ। ਬਾਬਾ ਦੀਪ ਸਿੰਘ ਜੀ ਨੇ ਇਸ ਰਕਮ ਨਾਲ ਤਖ਼ਤ ਸਾਹਿਬ, ਗੁਰੂ ਤੇਗ ਬਹਾਦਰ ਜੀ ਦਾ ਮੰਜੀ ਸਾਹਿਬ ਆਦਿ ਸਥਾਨ ਪੱਕਾ ਕੀਤਾ। ਭੋਰਾ ਤੇ ਉਚਾ ਬੁਰਜ ਵੀ ਤਿਆਰ ਕੀਤਾ ਗਿਆ ਸੀ ਅਤੇ

55 ਸੋਹਣ ਸਿੰਘ ਸੀਤਲ, *ਉਕਤ,* ਪੰਨੇ 15-16

ਤਲਵੰਡੀ ਸਾਬੋ ਨਗਰ ਵਿਚ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਇੱਕ ਵੱਡਾ ਖੂਹ ਵੀ ਲਗਵਾਇਆ ਸੀ।[56]

ਮੁਰਾਦ ਬੇਗਮ ਅਤੇ ਨਜੀਬ-ਉਦ-ਦੌਲਾ ਵਰਗੇ ਮੁਗ਼ਲ ਅਧਿਕਾਰੀਆਂ ਦੇ ਸੁਨੇਹੇ ਭੇਜਣ ਤੇ 1756-57 ਈ. ਵਿੱਚ ਅਹਿਮਦ ਸ਼ਾਹ ਅਬਦਾਲੀ ਚੌਥੀ ਵਾਰ ਹਮਲਾਵਰ ਦੇ ਰੂਪ ਵਿੱਚ ਹਿੰਦੋਸਤਾਨ ਵਿੱਚ ਆਇਆ। ਦਿੱਲੀ ਤੱਕ ਮੁਗ਼ਲ ਬਾਦਸ਼ਾਹੀ ਨੂੰ ਲੁੱਟ-ਪੁੱਟ ਕੇ ਉਹ ਆਪ ਤਾਂ (ਅਪ੍ਰੈਲ-ਮਈ 1757 ਈ. ਵਿਚ) ਵਾਪਸ ਚਲਾ ਗਿਆ, ਪਰ ਪਿੱਛੇ ਪੰਜਾਬ ਵਿੱਚ ਉਹ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਸੂਬੇਦਾਰ ਅਤੇ ਅਫ਼ਗਾਨ ਜਰਨੈਲ ਜਹਾਨ ਖਾਨ ਨੂੰ ਉਸ ਦਾ ਨਾਇਬ ਅਤੇ ਸੈਨਾਪਤੀ ਬਣਾ ਕੇ ਛੱਡ ਗਿਆ ਸੀ।[57] ਜਹਾਨ ਖਾਨ ਨੇ ਪੂਰੀ ਫੌਜੀ ਤਿਆਰੀ ਨਾਲ ਸਿੱਖਾਂ ਦੇ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ। ਰਾਮਰੌਣੀ ਕਿਲ੍ਹੇ ਨੂੰ ਢਾਹ ਦਿੱਤਾ ਗਿਆ। ਜਹਾਨ ਖਾਨ ਦੇ ਜ਼ੁਲਮਾਂ ਕਾਰਨ ਸਿੱਖ ਜੱਥੇ ਅੰਮ੍ਰਿਤਸਰ ਨੂੰ ਛੱਡ ਕੇ ਦੂਰ-ਦੁਰਾਡੇ ਚਲੇ ਗਏ ਸਨ। ਸ੍ਰੀ ਦਰਬਾਰ ਸਾਹਿਬ ਤੇ ਕਬਜ਼ਾ ਕਰ ਕੇ ਉਥੇ ਮੌਜੂਦ ਥੋੜ੍ਹੇ ਜਿਹੇ ਸੇਵਾਦਾਰ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਸ੍ਰੀ ਹਰਿਮੰਦਿਰ ਸਾਹਿਬ ਦੀ ਬੇਅਦਬੀ ਕੀਤੀ ਗਈ ਅਤੇ ਅੰਮ੍ਰਿਤ ਸਰੋਵਰ ਨੂੰ ਮਿੱਟੀ ਨਾਲ ਭਰ ਦਿੱਤਾ ਸੀ। ਇਸ ਸਮੇਂ ਬਾਬਾ ਦੀਪ ਸਿੰਘ ਜੀ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਰਹਿ ਰਹੇ ਸਨ। ਸ੍ਰੀ ਦਰਬਾਰ ਸਾਹਿਬ ਉੱਪਰ ਅਫਗਾਨੀ ਫੌਜਾਂ ਦਾ ਕਬਜ਼ਾ ਹੋ ਜਾਣ ਦੀ ਖ਼ਬਰ ਸੁਣ ਕੇ ਬਾਬਾ ਦੀਪ ਸਿੰਘ ਦਾ ਖੂਨ ਖੌਲ ਉਠਿਆ। ਉਨ੍ਹਾਂ ਨੇ ਦਰਬਾਰ ਸਾਹਿਬ ਨੂੰ ਅਬਦਾਲੀ ਦੇ ਸੈਨਿਕਾਂ ਤੋਂ ਅਜ਼ਾਦ ਕਰਵਾਉਣ ਦਾ ਪ੍ਰਣ ਕਰ ਲਿਆ। ਇਸ ਉਦੇਸ਼ ਲਈ ਉਨ੍ਹਾਂ ਨੇ ਸਿੱਖਾਂ ਨੂੰ ਵੰਗਾਰ ਪਾਈ ਤੇ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ।[58]

ਬਾਬਾ ਦੀਪ ਸਿੰਘ ਜੀ ਦੇ ਅੰਮ੍ਰਿਤਸਰ ਦੇ ਨਜ਼ਦੀਕ ਪਹੁੰਚਦੇ-ਪਹੁੰਚਦੇ ਕੁਝ ਹੋਰ ਸਿੰਘ ਉਨ੍ਹਾਂ ਨਾਲ ਰਲ ਗਏ। ਇਉਂ ਬਾਬਾ ਜੀ ਨਾਲ ਸ਼ਾਮਿਲ ਹੋਏ ਸਿੰਘਾਂ ਦੀ ਗਿਣਤੀ ਪੰਜ ਕੁ ਹਜ਼ਾਰ ਦੀ ਦੱਸੀ ਗਈ ਹੈ। ਬਾਬਾ ਦੀਪ ਸਿੰਘ ਜੀ ਦੇ ਜੱਥੇ ਦੀ ਆਮਦ ਸੁਣ ਕੇ ਜਹਾਨ ਖਾਨ ਨੇ ਇੱਕ ਤਕੜੀ ਸੈਨਿਕ ਟੁਕੜੀ ਬਾਬਾ ਜੀ ਦੇ ਜੱਥੇ ਨੂੰ ਰੋਕਣ ਲਈ ਪਹਿਲੋਂ ਹੀ ਅੰਮ੍ਰਿਤਸਰ ਤੋਂ ਬਾਹਰ ਰਵਾਨਾ ਕਰ ਦਿੱਤੀ। ਸ੍ਰੀ ਅੰਮ੍ਰਿਤਸਰ ਤੋਂ ਥੋੜੀ ਦੂਰੀ

---

[56] ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨਾ 260

[57] ਡਾ. ਸੁਖਦਿਆਲ ਸਿੰਘ, *ਉਕਤ,* ਪੰਨਾ 152

[58] The *Encyclopaedia of Sikhism,* Vol. I, p.1145

ਤੇ ਪਿੰਡ ਗੋਹਲਵਾੜ ਕੋਲ ਅਫ਼ਗਾਨ ਫੌਜਾਂ ਅਤੇ ਬਾਬਾ ਦੀਪ ਸਿੰਘ ਜੀ ਦੇ ਖਾਲਸਾ ਦਲ ਵਿਚਕਾਰ ਜ਼ਬਰਦਸਤ ਮੁਕਾਬਲਾ ਹੋਇਆ। ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਜੱਥਾ ਪਿੱਛੇ ਮੁੜਨਾ ਤਾਂ ਜਾਣਦਾ ਹੀ ਨਹੀਂ ਸੀ। ਉਹ ਲੜਦਾ ਹੋਇਆ ਅੰਮ੍ਰਿਤਸਰ ਵੱਲ ਵਧ ਰਿਹਾ ਸੀ। ਬਾਬਾ ਦੀਪ ਸਿੰਘ ਜੀ ਨੇ ਜੰਗ ਦੇ ਮੈਦਾਨ ਵਿੱਚ ਵੈਰੀ ਦਲ ਨੂੰ ਭਾਜੜਾਂ ਪਾ ਦਿੱਤੀਆਂ। ਬਾਬਾ ਦੀਪ ਸਿੰਘ ਅਤੇ ਅਫ਼ਗਾਨ ਜਰਨੈਲ ਅਮਾਨ ਖਾਨ (ਤਵਾਰੀਖ਼ ਗੁਰੂ ਖਾਲਸਾ ਭਾਗ ਦੂਜਾ ਵਿਚ ਗਿਆਨੀ ਗਿਆਨ ਸਿੰਘ ਨੇ ਇਸ ਦਾ ਨਾਂ ਸ਼ਾਹ ਜਮਾਲ ਖਾਂ ਲਿਖਿਆ ਹੈ ਅਤੇ ਬਾਬਾ ਜੀ ਨਾਲ ਇਸ ਦਾ ਜੰਗ ਰਾਮਸਰ ਸਰੋਵਰ ਦੇ ਨੇੜੇ ਹੋਣਾ ਲਿਖਿਆ ਹੈ) ਦੀ ਜੰਗ ਦੇ ਮੈਦਾਨ ਵਿੱਚ ਹੋਈ ਜ਼ਬਰਦਸਤ ਟੱਕਰ ਨੂੰ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:

"ਚਲੀ ਤੇਗ ਅਤਿ ਬੇਗ ਸੈਂ, ਦੁਹੂੰ ਕੇਰ ਬਲ-ਵਾਰ।
ਉਤਰ ਗਏ ਸਿਰ ਦੁਹੁੰ ਕੇ, ਪਰਸ-ਪਰੈਂ ਇਕ ਸਾਰ।
ਢਿਗ ਤੈ ਏਕ ਸਿੰਘ ਪਿਖਿ ਕਹਯੋ। ਪਰਣ ਤੁਮਾਰ ਦੀਪ ਸਿੰਘ ਰਹਯੋ।
ਗੁਰੁਪੁਰਿ ਜਾਇ ਸੀਸ ਮੈਂ ਦੈਹੋਂ। ਸੋ ਤੇ ਦੋਇ ਕੋਸ ਇਸ ਠੈਹੋਂ।
ਸੁਨਿ ਸਿੰਘ ਜੀ ਨਿਜ ਪਰਣ ਸੰਭਾਰਾ। ਨਿਜ ਸਿਰ ਬਾਮ-ਹਾਥਿ ਨਿਜ ਧਾਰਾ।
ਦਹਿਨੇ ਹਾਥਿ ਤੇਗ ਖਰ ਧਾਰਾ। ਵਜਨ ਜਾਂਹਿ ਥਾ ਸੇਰ ਅਠਾਰਾਂ।"[59]

ਸਿੱਖ ਰਿਵਾਇਤਾਂ ਮੁਤਾਬਕ ਜਦੋਂ ਚੱਬੇ ਪਿੰਡ ਕੋਲ ਬਾਬਾ ਦੀਪ ਸਿੰਘ ਜੀ ਸਿਰ ਤੇ ਤਲਵਾਰ ਦਾ ਵਾਰ ਲੱਗਣ ਕਰਕੇ ਸਖਤ ਜਖਮੀ ਹੋ ਕੇ ਡਿੱਗ ਪਏ, ਤਾਂ ਇੱਕ ਸਿੰਘ ਨੇ ਕਿਹਾ ਕਿ ਬਾਬਾ ਜੀ ਤੁਸੀਂ ਤਾਂ ਸ੍ਰੀ ਅੰਮ੍ਰਿਤਸਰ ਜਾ ਕੇ ਸ਼ਹੀਦ ਹੋਣ ਦਾ ਪ੍ਰਣ ਕੀਤਾ ਸੀ, ਉਹ ਤਾਂ ਅਜੇ ਥੋੜਾ ਦੂਰ ਹੈ। ਇਹ ਸੁਣ ਕੇ ਬਾਬਾ ਜੀ ਨੇ ਉੱਠ ਕੇ ਜੂਝਦੇ ਹੋਏ ਸ੍ਰੀ ਦਰਬਾਰ ਸਾਹਿਬ ਵੱਲ ਵੱਧਣਾ ਸ਼ੁਰੂ ਕਰ ਦਿੱਤਾ ਸੀ। ਅੰਤ ਬਾਬਾ ਜੀ ਰਾਮਸਰ ਸਰੋਵਰ ਕੋਲ ਪਹੁੰਚ ਕੇ (11 ਨਵੰਬਰ 1757 ਈ.) ਸ਼ਹੀਦੀ ਹੋ ਗਏ ਸਨ।[60] ਬਾਬਾ ਦੀਪ ਸਿੰਘ ਜੀ ਬਾਰੇ ਸਿੱਖ ਵਿਸ਼ਵਾਸ਼ ਵਿਚ ਇਹ ਕਥਾ ਪ੍ਰਸਿੱਧ ਹੈ ਕਿ ਉਹ ਕਟਿਆ ਹੋਇਆ ਸਿਰ ਖੱਬੇ ਹੱਥ ਉੱਤੇ ਰੱਖ ਕੇ ਜੂਝਦੇ ਹੋਏ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਪਹੁੰਚੇ ਸਨ। ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਪ੍ਰਸੰਗ

---

59 *ਪੰਥ ਪ੍ਰਕਾਸ਼,* ਭਾਗ ਦੂਜਾ, ਪੰਨਾ 1125

60 *ਤਵਾਰੀਖ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 198; ਸੋਹਣ ਸਿੰਘ ਸੀਤਲ, *ਉਕਤ,* ਪੰਨਾ 88

ਸਿੱਖ-ਇਤਿਹਾਸ ਵਿਚ ਬਹੁਤ ਪ੍ਰਸਿੱਧ ਹੈ। ਸਿੱਖ ਕਥਾਵਾਚਕ ਅਤੇ ਢਾਡੀ ਕਵੀਸ਼ਰ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਪ੍ਰਸੰਗ ਸੰਗਤਾਂ ਨੂੰ ਸੁਣਾ ਕੇ ਵੀਰ-ਰਸ ਭਰਦੇ ਹਨ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਬਾਬਾ ਦੀਪ ਸਿੰਘ ਜੀ ਨੇ ਆਪਣੇ ਜੀਵਨ ਦਾ ਜ਼ਿਆਦਾਤਰ ਸਮਾਂ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਸੇਵਾ-ਸੰਭਾਲ ਵਿਚ ਗੁਜ਼ਾਰਿਆ। ਇਥੇ ਰਹਿੰਦਿਆਂ ਬਾਬਾ ਜੀ ਨੇ ਦਮਦਮੀ ਬੀੜ ਦੇ ਚਾਰ ਉਤਾਰੇ ਕੀਤੇ। ਇਥੇ ਉਹ ਗੁਰਬਾਣੀ ਦੇ ਸ਼ੁੱਧ ਉਚਾਰਣ ਅਤੇ ਅਰਥ ਸਿਖਾਉਣ ਦੀ ਸੇਵਾ ਕਰਦੇ ਰਹੇ ਅਤੇ ਇਸ ਮਕਸਦ ਲਈ ਦਮਦਮੀ ਟਕਸਾਲ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਮਾਲਵੇ ਵਿਚ ਸਿੱਖ ਰਾਜ ਦੀ ਸਥਾਪਨਾ ਲਈ ਆਪਣਾ ਯੋਗਦਾਨ ਪਾਇਆ। ਸਾਰੀ ਉਮਰ ਮੁਗ਼ਲ ਹਕੂਮਤ ਦੇ ਜਬਰ-ਜ਼ੁਲਮ ਵਿਰੁਧ ਲੜਦੇ ਰਹੇ ਸਨ। ਸਾਰਾ ਖਾਲਸਾ ਪੰਥ ਉਨ੍ਹਾਂ ਦਾ ਬਹੁਤ ਆਦਰ-ਸਤਿਕਾਰ ਕਰਦਾ ਸੀ। ਆਖਰਕਾਰ ਬਾਬਾ ਜੀ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਲਈ ਜੂਝਦੇ ਹੋਏ ਸ਼ਹੀਦ ਹੋ ਗਏ ਸਨ। ਬਾਬਾ ਜੀ ਖਾਲਸਾ ਪੰਥ ਦੇ ਮਹਾਨ ਵਿਦਵਾਨ ਅਤੇ ਯੋਧੇ ਸਨ।

ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦੇ ਕਰੀਬੀ ਸਾਥੀ ਬਾਬਾ ਸੁਧ (ਸੁਧਾ) ਸਿੰਘ ਜੀ ਸ਼ਹੀਦਾਂ ਜੱਥੇ (ਮਿਸਲ) ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜੱਥੇਦਾਰ ਬਣੇ ਸਨ।[61] ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਅਨੁਸਾਰ ਬਾਬਾ ਸੁਧ ਸਿੰਘ ਜੀ ਪਰਗਣਾ ਜਲੰਧਰ ਦੇ ਪਿੰਡ ਦੁਕੋਹੇ ਦੇ ਰਹਿਣ ਵਾਲੇ ਸਨ ਅਤੇ ਸੰਧੂ ਗੋਤ ਦੇ ਜੱਟ ਸਨ। ਤਵਾਰੀਖ ਗੁਰੂ ਖਾਲਸਾ (ਭਾਗ-ਦੂਜਾ) ਮੁਤਾਬਕ ਉਹ 1762 ਈ. (1819 ਬਿ.) ਨੂੰ ਆਪਣੇ ਪਿੰਡ ਦੁਕੋਹੇ ਦੇ ਨੇੜੇ ਪਠਾਣਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ।[62] ਬਾਬਾ ਜੀ ਦੇ ਸ਼ਹੀਦੀ ਸਮੇਂ ਬਾਰੇ ਸਾਨੂੰ ਨਿਸ਼ਚਿਤ ਜਾਣਕਾਰੀ ਨਹੀਂ ਮਿਲਦੀ ਹੈ, ਕਿਉਂਕਿ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਬਾਬਾ ਸੁਧ ਸਿੰਘ ਜੀ ਇੱਕ ਸਾਲ ਲਈ ਸ਼ਹੀਦਾਂ ਦੀ ਮਿਸਲ ਦੇ ਜੱਥੇਦਾਰ ਰਹੇ ਸਨ।[63] ਇਸ ਹਿਸਾਬ ਮੁਤਾਬਕ ਬਾਬਾ ਸੁਧ ਸਿੰਘ ਜੀ ਦੀ ਸ਼ਹੀਦੀ ਦਾ ਸਮਾਂ 1758 ਈ.( ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਤੋਂ ਇੱਕ ਸਾਲ

---

[61] Bhagat Singh, *op.cit.*, p.244

[62] *ਤਵਾਰੀਖ਼ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 263

[63] *ਪੰਥ ਪ੍ਰਕਾਸ਼,* ਭਾਗ ਦੂਜਾ, ਪੰਨਾ 1277

ਬਾਅਦ) ਬਣਦਾ ਹੈ। ਇਸ ਤੋਂ ਇਲਾਵਾ, ਮਲੇਰਕੋਟਲਾ ਦੇ ਨਜ਼ਦੀਕ ਪਿੰਡ ਕੁਠਾਲਾ ਵਿਖੇ ਇੱਕ ਸ਼ਾਨਦਾਰ ਗੁਰਦੁਆਰਾ, ਗੁਰਦੁਆਰਾ ਸਾਹਿਬ ਸ਼ਹੀਦਾਂ ਬਣਿਆ ਹੋਇਆ ਹੈ ਅਤੇ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇੱਕ ਸੁੰਦਰ ਹੱਥ-ਲਿਖਤ ਬੀੜ ਮੌਜੂਦ ਹੈ। ਇਹ ਕਿਹਾ ਜਾਂਦਾ ਹੈ ਕਿ ਦੂਜੇ ਘੱਲੂਘਾਰੇ ਦੌਰਾਨ (1762 ਈ.) ਬਾਬਾ ਸੁਧਾ ਸਿੰਘ ਜੀ ਸੰਕਟ ਸਮੇਂ ਇਹ ਪਾਵਨ ਬੀੜ ਸੁਰੱਖਿਆ ਲਈ ਇਥੇ ਇੱਕ ਧਰਮਸ਼ਾਲਾ ਵਿਚ ਰੱਖ ਗਏ ਸਨ ਅਤੇ ਕੁਝ ਸਿੰਘਾਂ ਨੂੰ ਇਥੇ ਛੱਡ ਕੇ ਬਾਬਾ ਜੀ ਆਪ ਜੰਗ ਦੇ ਮੈਦਾਨ ਵਿਚ ਵਾਪਸ ਚਲੇ ਗਏ ਸਨ। ਪਰੰਤੂ ਇਸ ਬਾਰੇ ਕਿਸੇ ਭਰੋਸੇਯੋਗ ਲਿਖਤ ਤੋਂ ਜਾਣਕਾਰੀ ਨਹੀਂ ਮਿਲਦੀ ਹੈ। ਇਸ ਲਈ ਬਾਬਾ ਸੁਧ ਸਿੰਘ ਜੀ ਦੀ ਸ਼ਹੀਦੀ ਦੇ ਸਮੇਂ ਅਤੇ ਸਥਾਨ ਬਾਰੇ ਸਿਰਫ਼ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ ਕਿਉਂਕਿ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਤੋਂ ਇਲਾਵਾ ਹੋਰ ਕਿਸੇ ਵੀ ਸਰੋਤ ਤੋਂ ਇਸ ਸੰਬੰਧੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਹੈ।

ਬਾਬਾ ਸੁਧ ਸਿੰਘ ਜੀ ਦੀ ਸ਼ਹੀਦੀ ਤੋਂ ਮਗਰੋਂ ਸਰਦਾਰ ਕਰਮ ਸਿੰਘ ਇਸ ਮਿਸਲ ਦਾ ਮੁਖੀ ਬਣਿਆ। ਸਰਦਾਰ ਕਰਮ ਸਿੰਘ, ਚੌਧਰੀ ਬੀਰ ਸਿੰਘ ਦਾ ਪੁੱਤਰ ਸੀ। ਉਹ ਪਿੰਡ ਮਰਾਕਾ (ਮਰਾਨਾ) ਜ਼ਿਲ੍ਹੇ ਲਾਹੌਰ ਦਾ ਰਹਿਣ ਵਾਲਾ ਸੀ ਅਤੇ ਸੰਧੂ ਗੋਤ ਨਾਲ ਸੰਬੰਧ ਰੱਖਦਾ ਸੀ। ਉਹ ਇੱਕ ਬੜਾ ਦਲੇਰ ਯੋਧਾ ਸੀ ਅਤੇ ਇਸ ਮਿਸਲ ਦਾ ਪ੍ਰਸਿੱਧ ਸਰਦਾਰ ਹੋਇਆ ਹੈ। ਵੱਡੇ ਘੱਲੂਘਾਰੇ ਸਮੇਂ ਉਹ ਬਹੁਤ ਬਹਾਦਰੀ ਨਾਲ ਲੜਿਆ ਸੀ।[64] ਸੰਨ 1764 ਈ. ਵਿਚ ਜਦੋਂ ਦਲ ਖਾਲਸੇ ਦੇ ਸਾਰੇ ਜੱਥਿਆਂ (ਮਿਸਲਾਂ) ਨੇ ਇਕੱਠੇ ਹੋ ਕੇ ਸਰਹੰਦ ਤੇ ਹਮਲਾ ਕਰ ਕੇ ਸੂਬੇਦਾਰ ਜੈਨ ਖਾਂ ਨੂੰ ਮਾਰਨ ਤੋਂ ਬਾਅਦ ਸੂਬੇ (ਸਰਹੰਦ) ਦੇ ਇਲਾਕੇ ਤੇ ਕਬਜ਼ਾ ਕੀਤਾ, ਤਾਂ ਉਸ ਸਮੇਂ ਸਰਦਾਰ ਕਰਮ ਸਿੰਘ ਨੇ ਵੀ ਸ਼ਾਹਜ਼ਾਦਪੁਰ, ਮਾਜਰੀ, ਕੇਸਰੀ ਆਦਿ ਪਿੰਡਾਂ ਤੇ ਕਬਜ਼ਾ ਕਰ ਲਿਆ ਸੀ। ਇਸ ਇਲਾਕੇ ਤੋਂ ਇੱਕ ਲੱਖ ਰੁਪਏ ਦੀ ਸਾਲਾਨਾ ਆਮਦਨ ਹੁੰਦੀ ਸੀ।[65] ਆਪਣੇ ਭਰਾ ਧਰਮ ਸਿੰਘ ਨੂੰ ਪਿੰਡ ਸ਼ਾਹਜ਼ਾਦਪੁਰ ਦੇ ਕੇ ਆਪ ਕਰਮ ਸਿੰਘ ਪਿੰਡ ਕੇਸਰੀ ਵਿਖੇ ਰਹਿਣ ਲੱਗ ਪਿਆ ਸੀ। ਧਰਮ ਸਿੰਘ ਦੇ ਕੋਈ ਬੱਚਾ ਨਹੀਂ ਸੀ। ਧਰਮ ਸਿੰਘ ਦੀ ਮੌਤ ਤੋਂ ਮਗਰੋਂ ਉਸਦੀ ਵਿਧਵਾ ਪਤਨੀ ਮਾਈ ਦੇਸਾਂ ਨੂੰ ਗੁਜ਼ਾਰੇ ਲਈ ਬੜਾ ਪਿੰਡ ਦਿੱਤਾ ਗਿਆ ਸੀ। ਕਰਮ ਸਿੰਘ ਨੇ ਆਪ ਸ਼ਾਹਜ਼ਾਦਪੁਰ ਰਿਹਾਇਸ਼ ਕਰ ਲਈ ਅਤੇ ਧਰਮ ਸਿੰਘ ਦੀ ਵਿਧਵਾ ਪਤਨੀ ਮਾਈ ਦੇਸਾਂ ਨਾਲ ਸ਼ਾਦੀ ਕਰ ਲਈ ਸੀ। ਮਾਈ ਦੇਸਾਂ ਦੀ ਮੌਤ ਤੋਂ

---

[64] ਸੋਹਣ ਸਿੰਘ ਸੀਤਲ, *ਉਕਤ*, ਪੰਨਾ 88

[65] *ਤਵਾਰੀਖ਼ ਗੁਰੂ ਖਾਲਸਾ*, ਭਾਗ ਦੂਜਾ, ਪੰਨਾ 264

ਬਾਅਦ ਉਸਦਾ ਇਲਾਕਾ ਵੀ ਇਸ ਦੇ ਅਧਿਕਾਰ ਹੇਠ ਆ ਗਿਆ ਸੀ।[66]

ਸ੍ਰੀ ਦਮਦਮਾ ਸਾਹਿਬ ਦੇ ਨੇੜੇ ਰਾਣੀਆਂ (ਸਰਸਾ ਦੇ ਦੱਖਣ ਪੱਛਮ ਵਿਚ ਇੱਕ ਪੁਰਾਤਨ ਨਗਰ) ਦੇ ਨਵਾਬ ਜ਼ਾਬਤਾ ਖ਼ਾਂ ਦਾ ਰਾਜ ਸੀ। ਉਹ ਹਮੇਸ਼ਾ ਸਿੰਘਾਂ ਨਾਲ ਝਗੜਾ ਕਰਦਾ ਹੁੰਦਾ ਸੀ। ਸ. ਕਰਮ ਸਿੰਘ ਦੇ ਸਮੇਂ ਇੱਕ ਵਾਰ ਸਿੰਘਾਂ ਨੇ ਉਸ ਨੂੰ ਅਜਿਹਾ ਸਬਕ ਸਿਖਾਇਆ ਕਿ ਉਸ ਨੇ ਦਾਦੂ, ਧਰਮਪੁਰਾ, ਰਾਮਪੁਰਾ, ਸਿੰਘਪੁਰਾ, ਤਿਲੋਕੇ ਵਾਲਾ, ਕੇਵਲ, ਪੱਕਾ ਸ਼ਹੀਦਾਂ ਆਦਿ ਬਾਰ੍ਹਾਂ ਪਿੰਡ ਦੀ ਜਗੀਰ ਗੁਰਦੁਆਰੇ ਦੇ ਨਾਮ ਲਗਾਈ ਸੀ। ਇਸ ਸਮੇਂ ਸਮਝੌਤਾ ਹੋਇਆ ਕਿ ਇਸ ਤੋਂ ਮਗਰੋਂ ਸਿੰਘ ਉਸਦੇ ਇਲਾਕੇ ਵਿਚ ਨਹੀਂ ਜਾਣਗੇ। ਇਨਾਂ ਬਾਰ੍ਹਾਂ ਪਿੰਡਾਂ ਵਿਚੋਂ ਸੱਤ ਪਿੰਡ ਆਬਾਦ ਸਨ, ਜਿਨ੍ਹਾਂ ਦੀ ਉਸ ਸਮੇਂ ਸਾਲਾਨਾ ਆਮਦਨ ਛੱਤੀ ਸੌ (3600) ਰੁਪਏ ਸੀ।[67]

ਸ੍ਰੀ ਦਮਦਮਾ ਸਾਹਿਬ ਵਿਖੇ ਸ਼ਹੀਦਾਂ ਮਿਸਲ (ਜੱਥੇ) ਦੇ ਸਿੰਘਾਂ ਦਾ ਮੁੱਖ-ਕੇਂਦਰ ਸੀ। ਇਸ ਜੱਥੇ ਦੇ ਇੱਥੇ 404 ਸਿੰਘ ਰਿਹਾ ਕਰਦੇ ਸਨ, ਜਿਨ੍ਹਾਂ ਕੋਲ ਦੋ ਤੋਪਾਂ ਅਤੇ ਦੱਸ ਜੰਬੂਰੇ (ਛੋਟੀ ਤੋਪ) ਹੁੰਦੇ ਸਨ।

ਤਵਾਰੀਖ ਗੁਰੂ ਖਾਲਸਾ (ਭਾਗ-ਦੂਜਾ) ਅਨੁਸਾਰ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵੱਲ ਜਾਣ ਸਮੇਂ ਬਾਬਾ ਨੱਥਾ ਸਿੰਘ ਨੂੰ ਸ੍ਰੀ ਦਮਦਮਾ ਸਾਹਿਬ ਦਾ ਮੁਖਤਿਆਰ (ਪ੍ਰਬੰਧਕ) ਨਿਯੁਕਤ ਕੀਤਾ ਸੀ। ਸਰਦਾਰ ਕਰਮ ਸਿੰਘ ਨੇ ਬਾਬਾ ਨੱਥਾ ਸਿੰਘ ਨੂੰ ਬਦਲ ਕੇ ਸਰਦਾਰ ਰਣ ਸਿੰਘ ਨੂੰ ਇੱਥੋਂ ਦਾ ਪ੍ਰਬੰਧ ਸੰਭਾਲ ਦਿੱਤਾ ਅਤੇ ਉਨ੍ਹਾਂ (ਬਾਬਾ ਨੱਥਾ ਸਿੰਘ) ਨੂੰ ਤਖ਼ਤ ਸਾਹਿਬ ਦੀ ਜਗੀਰ ਦੇ ਪਿੰਡ ਲੋਹ ਸਿੰਮਲੀ (ਜ਼ਿਲ੍ਹਾ ਅੰਬਾਲਾ) ਵਿਚ ਭੇਜ ਦਿੱਤਾ ਸੀ।[68] ਸਰਦਾਰ ਰਣ ਸਿੰਘ ਨੇ ਤਿਉਣਾ (ਪੁਜਾਰੀਆਂ) ਪਿੰਡ ਉੱਤੇ ਕਬਜ਼ਾ ਕਰ ਲਿਆ ਸੀ।

ਇੱਕ ਬ੍ਰਾਹਮਣ ਨੇ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ ਖਾਲਸੇ ਪੰਥ ਕੋਲ ਬੇਨਤੀ ਕੀਤੀ ਕਿ ਜਲਾਲਾਬਾਦ ਲੁਹਾਰੀ (ਜਿਲ੍ਹਾ ਸਹਾਰਨਪੁਰ ਤੋਂ ਲੱਗਭੱਗ ਚਾਲੀ ਕਿਲੋਮੀਟਰ ਦੂਰ ਦੱਖਣ ਵਿਚ ਇੱਕ ਨਗਰ) ਦਾ ਜ਼ਾਲਮ ਨਵਾਬ ਹਸਨ ਖਾਨ ਜ਼ਬਰਦਸਤੀ ਉਸ ਦੀ ਧੀ ਨੂੰ ਚੁੱਕ ਕੇ ਲੈ ਗਿਆ ਅਤੇ ਉਸ ਨੇ

---

[66] Bhagat Singh, *op.cit.*, p.245

[67] *ਤਵਾਰੀਖ਼ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 264

[68] ਗਿਆਨੀ ਬਲਵੰਤ ਸਿੰਘ *ਕੋਠਾ ਗੁਰੂ, ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਪੰਨੇ 80-81

ਸਰਕਾਰੇ-ਦਰਬਾਰੇ ਬੜੀ ਕੋਸ਼ਿਸ਼ ਕੀਤੀ, ਪਰੰਤੂ ਉਸਨੂੰ ਕੋਈ ਇਨਸਾਫ ਨਹੀਂ ਮਿਲਿਆ ਸੀ। ਸਾਰਿਆਂ ਪਾਸਿਆਂ ਤੋਂ ਥੱਕ-ਹਾਰ ਕੇ ਉਸਨੇ ਖਾਲਸੇ ਪੰਥ ਕੋਲ ਆਪਣੀ ਧੀ ਵਾਪਸ ਕਰਾਉਣ ਲਈ ਫਰਿਆਦ ਕੀਤੀ ਸੀ। ਉਸ ਬ੍ਰਾਹਮਣ ਦੀ ਬੇਨਤੀ ਪ੍ਰਵਾਨ ਕਰ ਕੇ ਖਾਲਸੇ ਪੰਥ ਨੇ ਨਵਾਬ ਉਪਰ ਚੜ੍ਹਾਈ ਕਰ ਦਿੱਤੀ। ਸ਼ਹੀਦਾਂ ਮਿਸਲ ਦੇ ਜੱਥੇਦਾਰ ਸਰਦਾਰ ਕਰਮ ਸਿੰਘ ਨੂੰ ਇਸ ਮੁਹਿੰਮ ਲਈ ਖਾਲਸਾ ਫੌਜ ਦਾ ਸੈਨਾਪਤੀ ਬਣਾਇਆ ਗਿਆ ਸੀ। ਸਰਦਾਰ ਕਰਮ ਸਿੰਘ ਨੇ ਬੜੀ ਸੂਰਮਗਤੀ ਨਾਲ ਲੜ ਕੇ ਇਸ ਮੁਹਿੰਮ ਵਿਚ ਸਫ਼ਲਤਾ ਹਾਸਲ ਕੀਤੀ ਸੀ। ਦੁਸ਼ਟ ਨਵਾਬ ਨੂੰ ਉਸ ਦੀਆਂ ਮਾੜੀਆ ਕਰਤੂਤਾਂ ਦੀ ਸਜ਼ਾ ਦਿੱਤੀ ਅਤੇ ਉਸ ਬ੍ਰਾਹਮਣ ਦੀ ਧੀ ਨੂੰ ਸਤਿਕਾਰ ਸਹਿਤ ਉਸ ਦੇ ਸਹੁਰੇ ਪਿੰਡ ਪਹੁੰਚਾਇਆ ਸੀ। ਰਤਨ ਸਿੰਘ ਭੰਗੂ ਨੇ ਪੰਥ ਪ੍ਰਕਾਸ਼ ਵਿਚ ਇਸ ਪ੍ਰਸੰਗ ਨੂੰ ਵਿਸਥਾਰ ਨਾਲ ਵਰਣਨ ਕੀਤਾ ਹੈ।[69] ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਵਿਚ ਇਸ ਘਟਨਾ ਦਾ ਸਮਾਂ 1768 ਈ. (1825 ਬਿ.) ਅੰਕਿਤ ਕੀਤਾ ਹੈ, ਜਦੋਂ ਕਿ ਸੋਹਣ ਸਿੰਘ ਸੀਤਲ ਦੇ ਅਨੁਸਾਰ ਇਹ ਘਟਨਾ ਦਸੰਬਰ 1773 ਈ. ਦੀ ਹੈ।[70] ਬੁੱਢਾ ਦਲ ਦੇ ਜੱਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਜਮਨਾ ਪਾਰ ਦੇ ਕਈ ਹਮਲਿਆਂ ਵਿਚ ਵੀ ਸਰਦਾਰ ਕਰਮ ਸਿੰਘ ਨੇ ਸ਼ਮੂਲੀਅਤ ਕੀਤੀ ਸੀ।

ਸਹਾਰਨਪੁਰ ਜਿਲ੍ਹੇ ਵਿਚ ਪ੍ਰਗਨਾ ਰਨਖੰਡੀ ਅਤੇ ਬੜਥਾ ਜਮਈ ਦਾ ਇੱਕ ਲੱਖ ਰੁਪਏ ਸਾਲਾਨਾ ਆਮਦਨ ਦਾ ਇਲਾਕਾ ਸ. ਕਰਮ ਸਿੰਘ ਦੇ ਅਧੀਨ ਸੀ। ਇਹ ਇਲਾਕਾ ਤੀਹ ਸਾਲ ਤੱਕ ਉਸ ਦੇ ਅਧਿਕਾਰ ਹੇਠ ਰਿਹਾ ਸੀ।[71] ਸੰਨ 1794 ਈ. (1851 ਬਿ.) ਵਿਚ ਉਸ ਦੀ ਮੌਤ ਹੋ ਗਈ ਸੀ।

1767 ਈ. ਤੱਕ ਤਾਂ ਸਾਰੀਆਂ ਮਿਸਲਾਂ ਇਕ ਨਿਸ਼ਾਨੇ ਵਲ ਵੱਧਦੀਆਂ ਰਹੀਆਂ ਸਨ। ਸਾਂਝਾ ਖਤਰਾ ਅਹਿਮਦ ਸ਼ਾਹ ਅਬਦਾਲੀ ਹੋਣ ਕਰਕੇ ਸਾਰੇ ਇੱਕ ਦੂਜੇ ਨਾਲ ਜੁੜੇ ਰਹੇ ਸਨ। 1767 ਈ. ਤੋਂ ਮਗਰੋਂ ਅਬਦਾਲੀ ਦਾ ਖਤਰਾ ਲੱਗਭੱਗ ਖਤਮ ਹੋ ਗਿਆ ਸੀ। ਦਿੱਲੀ ਦੀ ਮੁਗ਼ਲ ਸਲਤਨਤ ਦੇ ਕਮਜ਼ੋਰ ਹੋਣ ਨਾਲ ਪੰਜਾਬ ਵਿਚੋਂ ਮੁਗ਼ਲ ਹਕੂਮਤ ਖ਼ਤਮ ਹੋ ਗਈ ਸੀ। ਮਰਹੱਟਿਆ ਦੇ ਵੀ ਪੰਜਾਬ ਵੱਲ ਆਉਣ ਦੇ ਕੋਈ

---

69 ਪ੍ਰਾਚੀਨ *ਪੰਥ ਪ੍ਰਕਾਸ਼,* ਪੰਨੇ 413-415

70 *ਤਵਾਰੀਖ਼ ਗੁਰੂ ਖਾਲਸਾ*, ਭਾਗ ਦੂਜਾ, ਪੰਨਾ 264; ਸੋਹਣ ਸਿੰਘ ਸੀਤਲ, *ਉਕਤ,* ਪੰਨਾ 89

71 *ਤਵਾਰੀਖ਼ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 264

ਹਾਲਾਤ ਨਹੀਂ ਸਨ। ਪੰਜਾਬ ਵਿਚ ਕੋਈ ਵਿਰੋਧੀ ਧਿਰ ਸਿੱਖਾਂ ਦੇ ਮੁਕਾਬਲੇ ਦੀ ਨਹੀਂ ਸੀ। ਅਜਿਹੇ ਹਾਲਾਤਾਂ ਵਿਚ ਨਿੱਜੀ ਭਾਵ ਜਾਗੇ। ਰਾਜਨੀਤਿਕ ਇੱਛਾਵਾਂ ਪ੍ਰਗਟ ਹੋਣ ਲੱਗੀਆਂ। ਹਰ ਮਿਸਲ ਨੇ ਵੱਧ ਤੋਂ ਵੱਧ ਇਲਾਕੇ ਤੇ ਕਬਜ਼ਾ ਕਰਨ ਲਈ ਉਪਰਾਲੇ ਸ਼ੁਰੂ ਕਰ ਦਿੱਤੇ ਸਨ। ਪੱਕੀਆਂ ਜਾਂ ਤਨਖਾਹਦਾਰ ਫ਼ੌਜਾਂ ਰੱਖਣੀਆਂ ਆਰੰਭ ਕਰ ਦਿੱਤੀਆਂ ਸਨ। ਸੇਵਾ ਦੀ ਥਾਂ ਰਾਜ ਦੀ ਭਾਵਨਾ ਪੈਦਾ ਹੋ ਗਈ ਸੀ।

ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਪਿੱਛੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਉਨ੍ਹਾਂ ਵਰਗੇ ਕਿਸੇ ਨਿਸ਼ਕਾਮ ਸੇਵਾ ਭਾਵਨਾ ਵਾਲੇ ਨੇਤਾ ਦੇ ਪ੍ਰਬੰਧ ਹੇਠਾਂ ਨਾਂ ਰਿਹਾ। ਕੋਈ ਯੋਗ ਉਤਰਾਧਿਕਾਰੀ ਤਖਤ ਸਾਹਿਬ ਦਾ ਜਥੇਦਾਰ ਨਾਂ ਬਣਿਆ। ਬਾਬਾ ਜੀ ਤੋਂ ਪਿੱਛੋਂ ਉਨ੍ਹਾਂ ਦਾ ਇਕ ਸਾਥੀ ਭਾਈ ਸੁਧ ਸਿੰਘ ਸ਼ਹੀਦਾਂ ਦੀ ਮਿਸਲ ਦਾ ਆਗੂ ਬਣਿਆ। ਪਰ ਉਹ ਵੀ ਸਾਲ ਕੁ ਪਿੱਛੋਂ ਸ਼ਹੀਦ ਹੋ ਗਏ ਸਨ। ਫੇਰ ਸ. ਕਰਮ ਸਿੰਘ ਇਸ ਮਿਸਲ ਦਾ ਮੁਖੀ ਬਣਿਆ। ਕਰਮ ਸਿੰਘ ਆਪਣੇ ਆਪ ਨੂੰ ਬਾਬਾ ਦੀਪ ਸਿੰਘ ਦਾ ਅਸਲੀ ਉਤਰਾਧਿਕਾਰੀ ਸਮਝਦਾ ਸੀ। ਜਿਵੇਂ ਕਿ ਪਹਿਲਾਂ ਦੱਸਿਆ ਹੈ ਕਿ ਸ. ਕਰਮ ਸਿੰਘ ਨੇ ਸ਼ਹੀਦੀ ਮਿਸਲ ਦਾ ਮੁਖੀ ਬਣ ਕੇ ਬਾਕੀ ਮਿਸਲਾਂ ਵਾਂਗ ਹੀ ਇਲਾਕੇ ਮੱਲਣੇ ਸ਼ੁਰੂ ਕਰ ਦਿੱਤੇ, ਜਦੋਂ ਕਿ ਪਹਿਲਾਂ ਇਸ ਮਿਸਲ ਦਾ ਅਜਿਹਾ ਕੋਈ ਨਿਸ਼ਾਨਾ ਨਹੀਂ ਹੁੰਦਾ ਸੀ। ਉਸ ਨੇ ਦਮਦਮਾ ਸਾਹਿਬ ਦਾ ਚਾਰ ਹਜ਼ਾਰ ਰੁਪਏ ਸਾਲਾਨਾ ਆਮਦਨ ਦਾ ਇਲਾਕਾ ਵੀ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਇਸ ਤੋਂ ਬਿਨਾਂ ਜਿਹੜੀ ਵੀ ਜਾਇਦਾਦ ਖਾਲਸਾ ਪੰਥ ਵੱਲੋਂ ਮਿਸਲ ਸ਼ਹੀਦਾਂ ਨੂੰ ਗੁਰਦੁਆਰਿਆਂ ਦੀ ਸੇਵਾ-ਸੰਭਾਲ ਅਤੇ ਲੰਗਰ ਦੇ ਪ੍ਰਬੰਧ ਲਈ ਦਿੱਤੀ ਗਈ ਸੀ, ਉਹ ਵੀ ਸਾਰੀ ਆਪਣੇ ਕਬਜ਼ੇ ਵਿੱਚ ਕਰ ਲਈ ਸੀ।[72]

ਕਰਮ ਸਿੰਘ ਤੋਂ ਪਿੱਛੋਂ (1794 ਈ.) ਉਸ ਦਾ ਵੱਡਾ ਪੁੱਤਰ ਗੁਲਾਬ ਸਿੰਘ ਮਿਸਲ ਸ਼ਹੀਦਾਂ ਦਾ ਮੁਖੀ ਬਣਿਆ। ਉਹ ਇੱਕ ਅਯੋਗ ਉਤਰਾਧਿਕਾਰੀ ਸੀ। ਇਸ ਦੇ ਸਮੇਂ ਮਿਸਲ ਦਾ ਕੁਝ ਇਲਾਕਾ ਛੁੱਟ ਗਿਆ ਸੀ। ਜਦੋਂ ਅੰਗਰੇਜ਼ਾਂ ਦੀ ਹਕੂਮਤ ਕਰਨਾਲ ਤੱਕ ਪਹੁੰਚ ਗਈ, ਤਾਂ ਜਨਵਰੀ 1804 ਈ. ਵਿਚ ਉਹ ਈਸਟ ਇੰਡੀਆ ਕੰਪਨੀ ਦੇ ਕਰਨਲ ਅਖਤਰਲੋਨੀ (Ochterlony) ਨੂੰ ਮਿਲਿਆ ਅਤੇ ਉਸ ਨੇ ਸਭ ਤੋਂ ਪਹਿਲਾਂ ਅੰਗਰੇਜ਼ਾਂ ਕੋਲ ਰੱਖਿਆ ਲਈ ਬੇਨਤੀ-ਪੱਤਰ ਦਿੱਤਾ ਸੀ। ਕਰਨਲ ਅਖ਼ਤਰਲੋਨੀ ਨੇ ਉਸਨੂੰ ਇੱਕ ਸ਼ਿਫਾਰਸ਼ੀ ਪੱਤਰ ਵੀ ਦਿੱਤਾ ਸੀ ਜਿਸ ਵਿਚ ਲਿਖਿਆ ਸੀ:

---

72 *ਪੰਥ ਪ੍ਰਕਾਸ਼,* ਭਾਗ ਦੂਜਾ, ਪੰਨਾ 1278

"ਸਿੱਖ ਸਰਦਾਰ ਗੁਲਾਬ ਸਿੰਘ ਕੇਸਰੀ ਵਾਲੇ ਨੇ ਇਸ ਪਿੰਡ ਵਿਚ ਆ ਕੇ ਕੰਪਨੀ ਦੀ ਬੜੀ ਸੇਵਾ ਕੀਤੀ ਹੈ ਤੇ ਪਨਾਹ ਲੀਤੀ ਹੈ, ਜੇਹੜਾ ਅਫ਼ਸਰ ਮੇਰੇ ਪਿੱਛੇ ਕਮਾਨ ਤੇ ਆਵੇ, ਓਹ ਇਸ ਨੂੰ ਆਪਣਾ ਵਫਾਦਾਰ ਸਮਝ ਕੇ  ਆਪਣੀ ਪਨਾਹ ਵਿਚ ਰਖੇ ਤੇ ਜੋ ਕੁਝ ਇਸ ਦੇ ਮੁਲਕ ਵਿਚ ਹਾਨ ਲਾਭ ਹੋਵੇ ਓਸ ਤੇ ਵੀ ਧਿਆਨ ਰੱਖੇ।"[73]

ਮਈ 1809 ਈ. ਨੂੰ ਮਾਲਵੇ ਦੀਆਂ ਸਾਰੀਆਂ ਰਿਆਸਤਾਂ ਨੂੰ ਅੰਗਰੇਜ਼ ਸਰਕਾਰ ਨੇ ਪਨਾਹ ਦੇ ਕੇ ਆਪਣੇ ਅਧੀਨ ਕਰ ਲਿਆ ਸੀ। 1844 ਈ. (1901 ਬਿ.) ਵਿਚ ਗੁਲਾਬ ਸਿੰਘ ਦੀ ਮੌਤ ਹੋ ਗਈ ਸੀ।

ਗੁਲਾਬ ਸਿੰਘ ਤੋਂ ਬਾਅਦ ਉਸ ਦਾ ਪੁੱਤਰ ਸ਼ਿਵ ਕ੍ਰਿਪਾਲ ਸਿੰਘ ਉਸ ਦਾ ਵਾਰਸ ਬਣਿਆ। ਉਸ ਨੇ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਵਿਚ ਅਤੇ ਸੰਨ 1857 ਈ. ਦੇ ਵਿਦਰੋਹ ਸਮੇਂ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਸੀ। ਉਸ ਦੀ ਸਾਲਾਨਾ ਜਗੀਰ ਤੀਹ ਹਜ਼ਾਰ (30000) ਰੁਪਏ ਸੀ। ਉਹ ਸ੍ਰੀ ਦਮਦਮਾ ਸਾਹਿਬ ਦਾ ਪੁਸ਼ਤੈਨੀ ਸਰਪ੍ਰਸਤ ਵੀ ਸੀ, ਜਿਥੋਂ ਇੱਕ ਹਜ਼ਾਰ (1000) ਰੁਪਏ ਸਾਲ ਦੀ ਭੇਟਾ ਉਸ ਨੂੰ ਆਉਂਦੀ ਸੀ।[74]

ਅਸੀਂ ਦੇਖਦੇ ਹਾਂ ਕਿ ਕਿਸ ਤਰ੍ਹਾਂ ਖਾਲਸੇ ਪੰਥ ਦੇ ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ, ਬਾਬਾ ਸੁਧਾ ਸਿੰਘ ਆਦਿ ਸਿਰਕੱਢ ਯੋਧਿਆਂ ਅਤੇ ਸ਼ਹੀਦਾਂ ਦੀ ਮਿਸਲ (ਜੱਥਾ), ਜੋ ਗੁਰਧਾਮਾਂ ਦੀ ਪਵਿੱਤਰਤਾ ਅਤੇ ਰਾਖੀ ਲਈ ਮੂਹਰੇ ਹੋ ਕੇ ਕੁਰਬਾਨੀਆਂ ਕਰਦੀ ਸੀ, ਸਮੇਂ ਦੇ ਗੇੜ ਨਾਲ ਅਯੋਗ, ਸੱਤਾ ਸੁਖ ਦੇ ਲਾਲਸੀਆਂ ਅਤੇ ਅੰਗਰੇਜ ਸਰਕਾਰ ਦੇ ਸਵਾਮੀ ਭਗਤਾਂ ਦੇ ਕਬਜ਼ੇ ਵਿਚ ਆ ਗਈ ਸੀ। ਮਿਸਲ ਸ਼ਹੀਦਾਂ ਦੇ ਉਤਰਾਧਿਕਾਰੀ ਹੋਣ ਕਰਕੇ ਇਹ ਸਰਦਾਰ ਆਪਣੇ ਨਾਮ ਨਾਲ 'ਸ਼ਹੀਦ' ਤਖੱਲਸ ਲਗਾਉਂਦੇ ਸਨ। ਪਰੰਤੂ ਇਹ ਸਿਰਫ ਨਾਮ ਦੇ ਹੀ 'ਸ਼ਹੀਦ' ਸਨ। ਅੰਗਰੇਜ਼ ਸਰਕਾਰ ਦੀ ਚਾਪਲੂਸੀ ਕਰਨ ਦਾ ਕੋਈ ਮੌਕਾ ਉਹ ਖੁੰਝਾਉਂਦੇ ਨਹੀਂ ਸਨ। ਇਸ ਸਮੇਂ ਦੌਰਾਨ ਸ੍ਰੀ ਦਮਦਮਾ ਸਾਹਿਬ ਵਿਖੇ ਲੰਗਰ ਆਦਿ ਦੇ ਪ੍ਰਬੰਧ ਦਿਨ-ਪ੍ਰਤੀਦਿਨ ਮਾੜੇ ਹੁੰਦੇ ਜਾ ਰਹੇ ਸਨ।

ਸਿੱਖ ਰਾਜ (ਲਾਹੌਰ) ਦੇ ਖ਼ਤਮ ਹੋਣ ਤੋਂ ਬਾਅਦ ਭਾਈ ਮਹਾਰਾਜ ਸਿੰਘ ਵਰਗੇ ਸੂਰਮਿਆਂ ਨੇ ਸਿੱਖਾਂ

---

[73] *ਤਵਾਰੀਖ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 265

[74] Bhagat Singh, *op.cit.*, p.247

ਨੂੰ ਅੰਗਰੇਜ਼ ਹਕੂਮਤ ਵਿਰੁੱਧ ਜੱਥੇਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ, ਤਾਂ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਕਾਰਨ ਅਨੇਕ ਸਿੰਘ ਪਹਾੜਾਂ ਅਤੇ ਰਾਜਪੂਤਾਨੇ ਵੱਲ ਚਲੇ ਗਏ ਸੀ। ਬਹੁਤ ਸਾਰੇ ਸਿੰਘ ਸ੍ਰੀ ਦਮਦਮਾ ਸਾਹਿਬ ਦੇ ਜੰਗਲੀ ਇਲਾਕੇ ਵਿਚ ਆ ਗਏ ਸਨ। ਇਸ ਸਮੇਂ ਸਿੱਖ ਰਿਆਸਤਾਂ ਨੇ ਅਨੇਕਾਂ ਕ੍ਰਾਂਤੀਕਾਰੀ ਸਿੰਘ ਫੜ ਕੇ ਅੰਗਰੇਜ਼ ਸਰਕਾਰ ਦੇ ਹਵਾਲੇ ਕੀਤੇ ਸੀ। ਪਟਿਆਲਾ ਰਿਆਸਤ ਵਿਚ ਬਹੁਤ ਸਾਰੇ ਨਿਹੰਗ ਸਿੰਘ ਫੜ ਕੇ ਤੋਪਾਂ ਅੱਗੇ ਖੜਾ ਕੇ ਸ਼ਹੀਦ ਕਰ ਦਿੱਤੇ ਗਏ ਸਨ। ਇਸ ਕਰਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਖਾਲਸਾ ਪੰਥ ਨੇ ਇਕੱਠੇ ਹੋ ਕੇ ਗੁਰਮਤਾ ਪਾਸ ਕੀਤਾ ਕਿ 'ਜੋ ਪਟਿਆਲੇ ਦੇ ਰਾਜੇ ਦਾ ਅੰਨ ਖਾਏਗਾ, ਉਹ ਪਾਪੀ ਹੋਵੇਗਾ'।[75] ਪਟਿਆਲਾ ਦੇ ਮਹਾਰਾਜੇ ਨੇ ਇਸ ਗੁਰਮਤੇ ਦਾ ਪ੍ਰਭਾਵ ਖਤਮ ਕਰਨ ਲਈ ਪਟਿਆਲਾ ਵਿਖੇ ਸਾਧੂ-ਸੰਤਾਂ ਦਾ ਇੱਕ ਵੱਡਾ ਸੰਮੇਲਨ ਕਰਵਾਇਆ ਸੀ। ਸਿੱਖ ਧਰਮ ਦੀਆ ਸਾਰੀਆਂ ਸੰਪ੍ਰਦਾਵਾਂ ਨੂੰ ਇਸ ਵਿਚ ਸ਼ਾਮਿਲ ਹੋਣ ਲਈ ਸੱਦਾ-ਪੱਤਰ ਭੇਜੇ ਗਏ ਸਨ। ਬਹੁਤ ਸਾਰੇ ਸੰਤਾਂ-ਮਹੰਤਾਂ, ਖਾਸ ਤੌਰ ਤੇ ਸ੍ਰੀ ਦਮਦਮਾ ਸਾਹਿਬ ਦੇ ਪ੍ਰਬੰਧਕਾਂ ਨੇ, ਗੁਰਮਤੇ ਨੂੰ ਅਮਲੀ ਤੌਰ 'ਤੇ ਅਪਣਾਉਂਦੇ ਹੋਏ ਇਸ ਸੰਮੇਲਨ ਵਿਚ ਸ਼ਮੂਲੀਅਤ ਨਹੀਂ ਕੀਤੀ ਸੀ।[76]

ਥੋੜ੍ਹੇ ਅਰਸੇ ਮਗਰੋਂ ਅੰਗਰੇਜ਼ ਹਕੂਮਤ ਨੇ ਗੁਰਦੁਆਰਿਆਂ ਨੂੰ ਆਪਣੇ ਕੰਟਰੋਲ ਵਿਚ ਕਰਨਾ ਸ਼ੁਰੂ ਕਰ ਦਿੱਤਾ। ਇਸੇ ਨੀਤੀ ਤਹਿਤ ਸੰਨ 1869 ਈ. ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਚੋਂ ਦੇਸ਼ ਭਗਤ ਸਿੱਖਾਂ ਨੂੰ ਕੱਢ ਕੇ ਆਪਣੇ 'ਜੀ ਹਜ਼ੂਰੀਏ' ਦੇ ਹਵਾਲੇ ਕਰਨ ਲਈ ਜ਼ਿਲ੍ਹਾ ਸਰਸਾ ਦਾ ਅੰਗਰੇਜ਼ ਕੁਲੈਕਟਰ, ਸ਼ਾਹਜ਼ਾਦਪੁਰੀਏ ਸਰਦਾਰ ਨਾਲ, ਸ੍ਰੀ ਦਮਦਮਾ ਸਾਹਿਬ ਆਇਆ। ਇਸ ਮੌਕੇ ਸਾਰੇ ਗੁਰਦੁਆਰਿਆਂ ਦੀ ਤਲਾਸ਼ੀ ਲਈ ਗਈ ਸੀ। ਬਾਬਾ ਦੀਪ ਸਿੰਘ ਜੀ ਦੇ ਬੁਰਜ ਵਿਚ ਰੱਖੇ ਹੋਏ ਪੁਰਾਤਨ ਸ਼ਸਤਰ ਚੁੱਕ ਕੇ ਸਰਸੇ ਭੇਜ ਦਿੱਤੇ ਗਏ। ਤਖ਼ਤ ਸਾਹਿਬ ਦੇ ਮਹੰਤਾਂ ਨੇ ਕਿਹਾ ਕਿ ਇਹ ਪੁਰਾਤਨ ਇਤਿਹਾਸਕ ਸ਼ਸਤਰ ਹਨ, ਪਰੰਤੂ ਕੋਈ ਸੁਣਵਾਈ ਨਹੀਂ ਹੋਈ ਸੀ। ਤਲਾਸ਼ੀ ਤੋਂ ਮਗਰੋਂ ਸ਼ਾਹਜ਼ਾਦਪੁਰੀਏ ਸਰਦਾਰ (ਸ਼ਿਵਕ੍ਰਿਪਾਲ ਸਿੰਘ) ਤਖ਼ਤ ਸਾਹਿਬ ਤੇ ਸੰਤਾਂ-ਮਹੰਤਾਂ ਕੋਲ ਪਹੁੰਚਿਆ ਅਤੇ ਕਹਿਣ ਲੱਗਾ ਕਿ ਜੇ ਉਹ ਸਾਰੇ ਇੱਕ ਕਾਗਜ਼ ਤੇ ਦਸਤਖ਼ਤ ਕਰਕੇ ਦੇ ਦੇਣ, ਤਾਂ ਉਹ ਅੰਗਰੇਜ਼ ਅਧਿਕਾਰੀ ਕੋਲੋਂ ਗੁਰਦੁਆਰਾ ਸਾਹਿਬ ਦੇ ਹੱਕ ਵਿਚ ਹੁਕਮ ਲਿਖਾ

---

75 ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 106

76 *ਉਹੀ*

ਦੇਵੇਗਾ। ਉਨ੍ਹਾਂ ਨੂੰ ਅੰਗਰੇਜ਼ ਅਧਿਕਾਰੀ ਕੋਲ ਜਾਣ ਦੀ ਵੀ ਜ਼ਰੂਰਤ ਨਹੀਂ। ਤਖ਼ਤ ਸਾਹਿਬ ਦੇ ਨਿਸ਼ਕਪਟ ਮਹੰਤਾਂ ਨੇ ਸ਼ਾਹਜ਼ਾਦਪੁਰੀਏ ਸਰਦਾਰ ਉਪਰ ਭਰੋਸਾ ਕਰਦਿਆਂ ਹੋਏ ਖਾਲੀ ਕਾਗਜ਼ 'ਤੇ ਦਸਤਖ਼ਤ ਕਰ ਦਿੱਤੇ ਸੀ। ਪਰੰਤੂ ਬਾਅਦ ਵਿਚ ਇਸ ਅੰਗਰੇਜ਼ ਅਧਿਕਾਰੀ ਅਤੇ ਸ਼ਾਹਜ਼ਾਦਪੁਰੀਏ ਸਰਦਾਰ ਨੇ ਮਿਲ ਕੇ ਇਸ ਖਾਲੀ ਕਾਗਜ਼ ਤੇ ਲਿਖਤ ਤਿਆਰ ਕਰ ਲਈ ਸੀ। ਇਸ ਲਿਖਤ ਅਨੁਸਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਰੇ ਸੰਤਾਂ ਮਹੰਤਾਂ ਨੇ ਇਥੋਂ ਦੇ ਸਾਰੇ ਗੁਰਦੁਆਰਿਆਂ, ਗੁਰਦੁਆਰਿਆਂ ਦੀ ਕੁੱਲ ਜਗੀਰ ਅਤੇ ਭੇਟਾ ਦਾ ਮਾਲਕ ਸ਼ਾਹਜ਼ਾਦਪੁਰੀਏ ਸਰਦਾਰ ਪਰਵਾਨ ਕਰ ਲਿਆ ਸੀ। ਤਿੰਨ ਚਾਰ ਸਾਲ ਤਾਂ ਕਿਸੇ ਨੂੰ ਵੀ ਇਸ ਲਿਖਤ ਬਾਰੇ ਪਤਾ ਨਹੀਂ ਲੱਗਿਆ ਸੀ।[77]

ਕੁਝ ਸਾਲ ਮਗਰੋਂ ਸ਼ਾਹਜ਼ਾਦਪੁਰੀਏ ਸਰਦਾਰ ਦਾ ਭੇਜਿਆ ਹੋਇਆ ਮੁਖਤਿਆਰ ਇਥੇ ਆ ਗਿਆ ਸੀ। ਉਸਨੇ ਤਖ਼ਤ ਸਾਹਿਬ ਦੇ ਪ੍ਰਬੰਧਕ ਮਹੰਤਾਂ ਨੂੰ ਕਿਹਾ ਕਿ ਤਖ਼ਤ ਸਾਹਿਬ ਅਤੇ ਦੂਜੇ ਗੁਰਦੁਆਰਿਆਂ ਦੀ ਸਾਰੀ ਜਗੀਰ ਅਤੇ ਭੇਟਾ ਦਾ ਮਾਲਕ ਸ਼ਾਹਜ਼ਾਦਪੁਰੀਆ ਸਰਦਾਰ ਹੈ। ਉਪਰੰਤ ਸਾਰੇ ਗੁਰਦੁਆਰਿਆਂ ਤੇ ਕਬਜ਼ਾ ਕਰ ਲਿਆ ਗਿਆ ਅਤੇ ਸੰਤਾਂ ਮਹੰਤਾਂ ਨੂੰ ਬਾਹਰ ਕੱਢ ਦਿੱਤਾ ਗਿਆ ਸੀ। ਤਨਖਾਹਦਾਰ ਸੇਵਾਦਾਰ ਨਿਯੁਕਤ ਕੀਤੇ ਗਏ। ਕਥਾ-ਕੀਰਤਨ ਅਤੇ ਲੰਗਰ ਬੰਦ ਕਰ ਦਿੱਤਾ ਗਿਆ ਸੀ।[78] ਥੋੜ੍ਹਾ ਚਿਰ ਬਾਅਦ ਸ਼ਾਮਲਾਟ ਜ਼ਮੀਨ ਵੀ ਠੇਕੇ ਤੇ ਚੜ੍ਹਾ ਕੇ ਸੰਤਾਂ ਮਹੰਤਾਂ ਨੂੰ ਲੰਗਰ ਵਾਸਤੇ ਸੁੱਕੀ ਲੱਕੜ ਲੈਣ ਅਤੇ ਪਸ਼ੂ ਚਾਰਨ ਤੋਂ ਰੋਕ ਦਿੱਤਾ ਗਿਆ ਸੀ। ਇਸ ਧੱਕੇ ਖਿਲਾਫ ਸਰਸੇ ਅੰਗਰੇਜੀ ਅਦਾਲਤ ਵਿਚ ਪਹੁੰਚ ਕੀਤੀ ਗਈ, ਪਰੰਤੂ ਮੁਨਿਆਦ ਲੰਘ ਜਾਣ ਦਾ ਬਹਾਨਾ ਲਾ ਕੇ ਅਪੀਲ ਰੱਦ ਕਰ ਦਿੱਤੀ ਗਈ ਸੀ।

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਸਰਦਾਰ ਕਰਮ ਸਿੰਘ ਨੇ ਭਾਈ ਰਣ ਸਿੰਘ ਨੂੰ ਸ੍ਰੀ ਦਮਦਮਾ ਸਾਹਿਬ ਦਾ ਮੁਖ ਸੇਵਾਦਾਰ (ਮਹੰਤ) ਨਿਯੁਕਤ ਕੀਤਾ ਸੀ। ਭਾਈ ਰਣ ਸਿੰਘ ਮਾਝੇ ਇਲਾਕੇ ਦੇ ਜੰਮਪਲ ਸਨ। ਉਹ ਗੁਰਬਾਣੀ ਦੇ ਚੰਗੇ ਵਿਦਵਾਨ ਅਤੇ ਵਧੀਆ ਲਿਖਾਰੀ ਸਨ। ਉਨ੍ਹਾਂ ਦੇ ਪ੍ਰਭਾਵ ਸਦਕਾ ਗੁਰੂ ਕਾਸ਼ੀ ਦਾ ਲੰਗਰ ਨਿਰਵਿਘਨ ਚਲਦਾ ਰਿਹਾ ਸੀ। ਭਾਈ ਜੀਤ ਸਿੰਘ, ਭਾਈ ਸੁੱਖਾ ਸਿੰਘ, ਭਾਈ ਨਿਹਾਲ ਸਿੰਘ ਆਦਿ ਸਿੰਘ ਉਨ੍ਹਾਂ ਦੇ ਸ਼ਾਗਿਰਦ ਸਨ, ਜਿਨ੍ਹਾਂ ਨੇ ਬਾਅਦ ਵਿਚ ਇਥੇ ਵੱਖ-ਵੱਖ ਬੁੰਗੇ ਸਥਾਪਤ ਕੀਤੇ

---

[77] *ਉਹੀ*, ਪੰਨਾ 107

[78] *ਉਹੀ*

ਸਨ। ਭਾਈ ਰਣ ਸਿੰਘ ਤੋਂ ਮਗਰੋਂ ਭਾਈ ਭਗਵਾਨ ਸਿੰਘ ਤਖ਼ਤ ਸਾਹਿਬ ਦੇ ਮਹੰਤ ਬਣੇ। ਉਨ੍ਹਾਂ ਨੇ ਕਈ ਰਾਜਿਆਂ, ਮਹਾਰਾਜਿਆਂ ਅਤੇ ਸਰਦਾਰਾਂ ਨੂੰ ਅੰਮ੍ਰਿਤ ਛਕਾਇਆ। ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵਿਸਾਖੀ ਦਾ ਜੋੜ ਮੇਲਾ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਸ਼ੁਰੂ ਕੀਤਾ ਗਿਆ ਸੀ। ਭਾਈ ਭਗਵਾਨ ਸਿੰਘ ਦੀ ਮੌਤ ਤੋਂ ਮਗਰੋਂ ਉਨ੍ਹਾਂ ਦੇ ਸ਼ਾਗਿਰਦ ਭਾਈ ਬਘੇਲ ਸਿੰਘ ਜੀ ਨੂੰ ਇਥੋਂ ਦਾ ਮਹੰਤ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੇ ਸ੍ਰੀ ਦਮਦਮਾ ਸਾਹਿਬ ਵਿਖੇ ਕਈ ਨਵੀਆਂ ਇਮਾਰਤਾਂ ਤਿਆਰ ਕਰਵਾਈਆਂ ਸਨ। ਉਨ੍ਹਾਂ ਤੋਂ ਬਾਅਦ ਭਾਈ ਦੀਵਾਨ ਸਿੰਘ ਨੂੰ ਮਹੰਤ ਬਣਾਇਆ ਗਿਆ ਸੀ। ਉਹ ਬਹੁਤ ਵਿਦਵਾਨ ਅਤੇ ਸੰਪ੍ਰਦਾਈ ਕਥਾ ਦੇ ਟਕਸਾਲੀ ਗਿਆਨੀ ਸਨ। ਸੰਤ ਵਧਾਵਾ ਸਿੰਘ, ਸੰਤ ਅਤਰ ਸਿੰਘ ਅਤਲੇ ਵਾਲੇ, ਗਿਆਨੀ ਰਾਮ ਸਿੰਘ ਆਦਿ ਪ੍ਰਸਿੱਧ ਸਿੱਖ ਉਨ੍ਹਾਂ ਦੇ ਵਿਦਿਆਰਥੀ ਸਨ। ਉਪਰੰਤ ਗਿਆਨੀ ਰਾਮ ਸਿੰਘ ਨੂੰ ਤਖ਼ਤ ਸਾਹਿਬ ਦਾ ਮਹੰਤ ਚੁਣਿਆ ਗਿਆ ਸੀ। ਉਨ੍ਹਾਂ ਨੂੰ ਸੇਵਾ ਸੰਭਾਲਿਆ ਅਜੇ ਥੋੜ੍ਹਾ ਸਮਾਂ ਹੀ ਬੀਤਿਆ ਸੀ ਕਿ ਸ਼ਾਹਜ਼ਾਦਪੁਰੀਏ ਸਰਦਾਰਾਂ ਨੇ ਤਖ਼ਤ ਸਾਹਿਬ ਸਮੇਤ ਸਾਰੇ ਗੁਰਦੁਆਰਿਆਂ ਅਤੇ ਕੁੱਲ ਜਗੀਰ ਉਪਰ ਕਬਜ਼ਾ ਕਰ ਲਿਆ ਸੀ।[79]

1871 ਈ. (1928 ਬਿ.) ਵਿਚ ਸ਼ਿਵ ਕ੍ਰਿਪਾਲ ਸਿੰਘ ਦੇ ਮਰਨ ਉਪਰੰਤ ਉਸ ਦਾ ਪੁੱਤਰ ਜੀਵਣ ਸਿੰਘ ਉਸ ਦਾ ਉਤਰਾਧਿਕਾਰੀ ਬਣਿਆ।[80] ਜੀਵਨ ਸਿੰਘ ਦੇ ਸਮੇਂ ਮਿਸਲ ਦਾ ਸੰਕਲਪ ਖਤਮ ਹੋ ਗਿਆ ਸੀ। ਉਹ ਸ੍ਰੀ ਦਮਦਮਾ ਸਾਹਿਬ ਦੀ ਜਾਇਦਾਦ, ਜੋ ਪਟਿਆਲਾ ਰਿਆਸਤ ਵਿੱਚ ਸੀ, ਨੂੰ ਇੱਕ ਸਿਰਫ ਜਗੀਰ ਬਣਾ ਕੇ ਜਗੀਰਦਾਰ ਬਣ ਬੈਠਾ ਸੀ। ਪਰੰਤੂ ਉਸ ਦੀ ਰਿਹਾਇਸ਼ ਸ਼ਾਹਜ਼ਾਦਪੁਰ ਪਿੰਡ ਸੀ। ਜੀਵਨ ਸਿੰਘ ਆਪਣੇ ਆਪ ਨੂੰ ਸ਼ਾਹਜ਼ਾਦਪੁਰੀਆ ਸਰਦਾਰ ਅਖਵਾਉਂਦਾ ਸੀ। ਇਹ ਪਿੰਡ ਇਸ ਸਮੇਂ ਹਰਿਆਣਾ ਸੂਬੇ ਦੇ ਅੰਬਾਲਾ ਜ਼ਿਲ੍ਹੇ ਵਿੱਚ ਹੈ।

ਜੀਵਨ ਸਿੰਘ ਦਾ ਵਿਆਹ ਰਿਆਸਤ ਪਟਿਆਲਾ ਦੇ ਮਹਾਰਾਜਾ ਰਾਜਿੰਦਰ ਸਿੰਘ ਦੀ ਭੈਣ ਬਚਿੱਤਰ ਕੌਰ (ਮਹਾਰਾਜਾ ਮਹਿੰਦਰ ਸਿੰਘ ਦੀ ਧੀ) ਨਾਲ ਹੋਇਆ। ਲੱਗਭੱਗ ਵੀਹ ਲੱਖ ਰੁਪਏ ਅਤੇ ਬਹੁਤ ਸਾਰੇ ਘੋੜੇ, ਊਠ, ਹਾਥੀ ਆਦਿ ਉਸ ਨੂੰ ਦਾਜ ਵਿੱਚ ਦਿੱਤੇ ਗਏ ਸਨ। ਬਾਅਦ ਵਿਚ ਵੀ ਪਟਿਆਲਾ ਰਿਆਸਤ ਵੱਲੋਂ ਉਸ ਨੂੰ ਬਹੁਤ ਵਿੱਤੀ ਮੱਦਦ ਦਿੱਤੀ ਜਾਂਦੀ ਰਹੀ ਸੀ। ਜੀਵਨ ਸਿੰਘ ਦੀ ਜਗੀਰ ਦੀ ਸਾਲਾਨਾ ਆਮਦਨ

---

[79] *ਉਹੀ,* ਪੰਨੇ 81-82

[80] *ਤਵਾਰੀਖ ਗੁਰੂ ਖਾਲਸਾ,* ਭਾਗ ਦੂਜਾ, ਪੰਨਾ 265

ਅੱਠਤਾਲੀ ਹਜ਼ਾਰ (48000) ਰੁਪਏ ਸੀ। 10 ਜਨਵਰੀ 1890 ਈ. ਨੂੰ ਉਸ ਨੂੰ ਗਵਰਨਰ ਪੰਜਾਬ ਵੱਲੋਂ 'ਸਤਾਰਾ-ਇ-ਹਿੰਦ' (Star of India) ਦਾ ਖਿਤਾਬ ਦਿੱਤਾ ਗਿਆ ਸੀ।[81]

ਜੀਵਨ ਸਿੰਘ ਨੇ ਕਾਨੂੰਨੀ ਪਰਵਾਨਗੀ ਲਈ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੀ ਸਾਰੀ ਜਗੀਰ ਰਿਆਸਤ ਪਟਿਆਲਾ ਤੋਂ ਦਾਜ ਵਿਚ ਲੈ ਕੇ ਆਪਣੇ ਨਾਂ ਲਗਵਾ ਲਈ ਸੀ। ਇਹ ਇੱਕ ਅਹਿਮ ਕਾਰਨ ਸੀ ਜਿਸ ਨਾਲ ਤਖਤ ਸ੍ਰੀ ਦਮਦਮਾ ਸਾਹਿਬ ਦਾ ਤਖਤ ਵਜੋਂ ਰੁਤਬਾ ਤੇ ਸਤਿਕਾਰ ਖਤਮ ਹੋ ਗਿਆ ਅਤੇ ਇਹ ਪਾਵਨ ਸਥਾਨ ਸ਼ਾਹਜ਼ਾਦਪੁਰੀਏ ਸਰਦਾਰਾਂ ਦੀ ਇੱਕ ਜਗੀਰ ਬਣ ਕੇ ਰਹਿ ਗਿਆ ਸੀ। ਸ਼ਾਹਜ਼ਾਦਪੁਰੀਆਂ ਨੇ ਆਪਣੇ ਹਿੱਤਾਂ ਅਨੁਸਾਰ ਇੱਥੋਂ ਦੀ ਪੁਰਾਤਨ ਮਰਿਆਦਾ ਬਦਲ ਦਿੱਤੀ ਸੀ।

ਭਾਈ ਕੇਸਰ ਸਿੰਘ ਪਹਿਲੇ ਤਨਖਾਹਦਾਰ ਗ੍ਰੰਥੀ ਨਿਯੁਕਤ ਕੀਤੇ ਗਏ ਸਨ ਅਤੇ ਭਾਈ ਤ੍ਰਿਲੋਕ ਸਿੰਘ ਪਿੰਡ ਵਰਹੇ ਉਨ੍ਹਾਂ ਦੇ ਸਹਾਇਕ ਅਤੇ ਲਾਂਗਰੀ ਸਨ।[82] ਸ਼ਾਹਜ਼ਾਦਪੁਰੀਆਂ ਨੇ ਠੇਕੇਦਾਰ ਵਾਂਗ ਅੱਗੇ ਮੁਖਤਿਆਰ ਰੱਖਿਆ ਹੋਇਆ ਸੀ, ਜਿਹੜਾ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਗੋਲਕ ਦਾ ਪ੍ਰਬੰਧ ਸੰਭਾਲਦਾ ਸੀ। ਸ਼ਰਧਾਲੂ ਸਿੱਖਾਂ ਕੋਲੋਂ ਸਮੇਂ-ਸਮੇਂ ਤੇ ਚੜ੍ਹਾਵੇਂ ਇਕੱਤਰ ਕੀਤੇ ਜਾਂਦੇ ਸਨ, ਪਰ ਇਸ ਦੇ ਬਦਲੇ ਸੰਗਤਾਂ ਦੀ ਸੇਵਾ ਲਈ ਲੰਗਰ ਆਦਿ ਲਈ ਕੁਝ ਵੀ ਇੰਤਜਾਮ ਨਹੀਂ ਕੀਤਾ ਜਾਂਦਾ ਸੀ। ਸਿੱਖ ਸਰਦਾਰਾਂ ਤੇ ਰਾਜਿਆਂ ਨੇ ਆਪਣੀ ਰਾਜ ਸੱਤਾ ਸਥਾਪਤ ਕਰਨ ਤੋਂ ਬਾਅਦ ਵੱਖ-ਵੱਖ ਰੂਪਾਂ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਨਾਂ ਕਾਫ਼ੀ ਜਾਇਦਾਦ ਲਗਵਾਈ ਸੀ। ਪਿੱਛੋਂ ਕੁਝ ਗੈਰ ਸਿੱਖ ਹੁਕਮਰਾਨਾਂ ਨੇ ਵੀ ਇਸ ਅਸਥਾਨ ਦੇ ਨਾਂ ਕੁਝ ਜਾਇਦਾਦ ਲਗਵਾ ਦਿੱਤੀ ਸੀ। ਸ੍ਰੀ ਦਮਦਮਾ ਸਾਹਿਬ ਦੀ ਜਗੀਰ ਇਸ ਤਰ੍ਹਾਂ ਸੀ:

- ਦੋ ਹਜ਼ਾਰ ਉੱਣਤਰ ਵਿਘੇ ਕੱਚੇ ਭਾਈ ਡੱਲਾ ਸਿੰਘ ਨੇ ਭੇਟ ਕੀਤੇ ਸਨ
- ਰਾਣੀਆਂ ਦੇ ਨਵਾਬ ਜ਼ਾਬਤਾ ਖਾਂ ਨੇ ਸੱਤ ਪਿੰਡ ਦਾਦੂ, ਧਰਮਪੁਰਾ, ਸਿੰਘਪੁਰਾ ਆਦਿ ਲੰਗਰ ਲਈ ਭੇਟ ਕੀਤੇ ਸਨ। ਇਨ੍ਹਾਂ ਸਾਰੇ ਪਿੰਡਾਂ ਦੀ ਜ਼ਮੀਨ ਸ਼ਾਹਜ਼ਾਦਪੁਰੀਏ ਸਰਦਾਰਾਂ ਨੇ ਆਪਣੇ ਨਾਂ ਲਗਵਾ ਲਈ ਸੀ। ਉਸ ਸਮੇਂ ਇਸ ਜਗੀਰ ਦੀ ਨੌਂ ਹਜ਼ਾਰ ਰੁਪਏ ਸਾਲਾਨਾ ਆਮਦਨ ਹੁੰਦੀ ਸੀ।

---

81 *ਉਹੀ,* ਪੰਨਾ 266

82 ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 108

- ਵੀਹ ਹਲ ਦੀ ਜ਼ਮੀਨ ਜਿਲ੍ਹਾ ਬਠਿੰਡਾ ਦੇ ਪਿੰਡ ਬੰਬੀਹਾ ਵਿਖੇ ਸੀ। ਇਹ ਜ਼ਮੀਨ ਰਿਆਸਤ ਪਟਿਆਲਾ ਵੱਲੋਂ ਪਿੰਡ ਰਾਮ ਤੀਰਥ ਜਗਾ ਦੀ ਬਾਰ੍ਹਾਂ ਹਲ ਦੀ ਜ਼ਮੀਨ ਦੇ ਬਦਲੇ ਦਿੱਤੀ ਗਈ ਸੀ।
- ਕੈਥਲ ਦੇ ਰਾਜਾ ਭਾਈ ਉਦੈ ਸਿੰਘ ਨੇ ਪਿੰਡ ਜੋਗਾ ਨੰਦ ਭੇਟ ਕੀਤਾ ਸੀ। ਬਾਅਦ ਵਿਚ ਇਸ ਜ਼ਮੀਨ ਦੇ ਬਦਲੇ ਪਿੰਡ ਬੰਬੀਹਾ ਵਿਚ ਜ਼ਮੀਨ ਦਿੱਤੀ ਗਈ ਸੀ ਇਸ ਜ਼ਮੀਨ ਤੋਂ ਪੰਦਰਾਂ ਸੌ ਰੁਪਏ ਸਾਲਾਨਾ ਆਮਦਨ ਹੁੰਦੀ ਸੀ।[83]

ਸ੍ਰੀ ਦਮਦਮਾ ਸਾਹਿਬ ਨੂੰ ਪੰਥ ਵੱਲੋਂ ਅਤੇ ਰਿਆਸਤੀ ਸਰਦਾਰਾਂ ਤੇ ਹਾਕਮਾਂ ਵੱਲੋਂ ਸ਼ਰਧਾ ਵਜੋਂ ਭੇਂਟ ਕੀਤੀ ਗਈ ਜਾਇਦਾਦ ਨੂੰ ਸ਼ਾਹਜ਼ਾਦਪੁਰੀਏ ਸਰਦਾਰਾਂ ਨੇ ਆਪਣੀ ਨਿੱਜੀ ਜਾਗੀਰ ਵਿੱਚ ਬਦਲ ਲਿਆ ਸੀ। ਇਸ ਤੋਂ ਇਲਾਵਾ ਵਿਸਾਖੀ ਦੇ ਜੋੜ ਮੇਲੇ ਸਮੇਂ ਦੁਕਾਨਾਂ ਅਤੇ ਭੇਟਾ ਦੀ ਸਾਰੀ ਆਮਦਨ ਵੀ ਸ਼ਾਹਜ਼ਾਦਪੁਰੀਏ ਨੂੰ ਜਾਂਦੀ ਸੀ। ਗਿਆਨੀ ਗਿਆਨ ਸਿੰਘ ਸ੍ਰੀ ਦਮਦਮਾ ਸਾਹਿਬ ਦੇ ਸਮਕਾਲੀ ਹਾਲਾਤਾਂ ਬਾਰੇ ਲਿਖਦੇ ਹਨ ਕਿ "ਲੰਗਰ ਲਈ ਭੇਟ ਕੀਤੇ ਗਏ ਪਿੰਡਾਂ ਦੀ ਆਮਦਨੀ, ਲੰਗਰ ਬੰਦ ਕਰ ਕੇ, ਸ਼ਾਹਜ਼ਾਦਪੁਰੀਆ ਜਿਊਣ ਸਿੰਘ ਸਰਦਾਰ ਆਪ ਖਾ ਉਡਾ ਛੱਡਦਾ ਹੈ।"[84] ਕਿਹਾ ਜਾਂਦਾ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸੇਵਾ ਕਰਵਾਈ, ਤਾਂ ਉਸ ਨੇ ਤਖਤ ਸ੍ਰੀ ਦਮਦਮਾ ਸਾਹਿਬ ਦੀ ਵੀ ਸੇਵਾ ਕਰਵਾਉਣ ਲਈ ਪਟਿਆਲਾ ਰਿਆਸਤ ਤੋਂ ਆਗਿਆ ਮੰਗੀ ਸੀ। ਪਰ ਪਟਿਆਲੇ ਦੇ ਹੁਕਮਰਾਨਾਂ ਨੇ ਇਹ ਕਹਿ ਕੇ ਸੇਵਾ ਦੀ ਇਜਾਜ਼ਤ ਨਹੀਂ ਦਿੱਤੀ ਸੀ ਕਿ ਉਹ ਖ਼ੁਦ ਇਸ ਸਥਾਨ ਦੀ ਸੇਵਾ ਕਰਨਗੇ।[85]

ਇਸ ਸਮੇਂ ਦੌਰਾਨ ਤਖ਼ਤ ਸਾਹਿਬ 'ਤੇ ਦੋ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਤੇ ਇੱਕ ਸਰੂਪ ਦਸਮ ਗ੍ਰੰਥ ਦਾ ਪ੍ਰਕਾਸ਼ ਕੀਤੇ ਜਾਂਦੇ ਸਨ। ਉੱਚੇ ਦਮਦਮਾ ਸਾਹਿਬ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ ਸੀ। ਇਸ ਸਥਾਨ 'ਤੇ ਸਿਰਫ ਤਲਵਾਰਾਂ, ਚੱਕਰ, ਖੰਡੇ ਆਦਿ ਸ਼ਸਤਰ ਹੀ ਸਜਾਏ ਜਾਂਦੇ ਸਨ। ਪਰੰਤੂ ਬਾਅਦ ਵਿਚ ਸਿੰਘ ਸਭਾ ਲਹਿਰ ਅਤੇ ਪੰਚ ਖਾਲਸਾ ਦੀਵਾਨ (ਭਸੌੜ) ਦੇ ਜ਼ੋਰਦਾਰ ਪ੍ਰਚਾਰ ਕਾਰਨ ਇੱਕ ਵਾਰ ਵਿਸਾਖੀ ਦੇ ਜੋੜ ਮੇਲੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉੱਚੇ ਦਮਦਮਾ ਸਾਹਿਬ ਉਪਰ

---

[83] *ਉਹੀ,* ਪੰਨਾ 109

[84] ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨਾ 260

[85] ਗੁਰਦੁਆਰਾ ਗਜ਼ਟ, ਪੰਨਾ 95

ਕਰਨਾ ਆਰੰਭ ਕੀਤਾ ਗਿਆ ਸੀ। ਕੁਝ ਸਮਾਂ ਸ਼ਸਤਰ ਵੀ ਨਾਲ ਸਜਾਏ ਜਾਂਦੇ ਰਹੇ, ਪਰੰਤੂ ਮਗਰੋਂ ਸ਼ਸਤਰ ਸਜਾਉਣੇ ਬੰਦ ਕਰ ਦਿੱਤੇ ਗਏ ਸਨ।[86]

ਇਸ ਤਰ੍ਹਾਂ ਖ਼ੁਦਗਰਜ਼ੀ ਤੇ ਵਿਸ਼ਾਲ ਜਗੀਰ ਦੇ ਲਾਲਚ ਨੇ ਇਸ ਮਹਾਨ ਤਖਤ ਦਾ ਰੁਤਬਾ ਅਤੇ ਸਤਿਕਾਰ ਬਿਲਕੁਲ ਹੀ ਖਤਮ ਕਰ ਦਿੱਤਾ ਸੀ। ਇਸ ਉਪਰੰਤ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਵਜੂਦ ਤੇ ਰੁਤਬੇ ਬਾਰੇ ਕਈ ਭਾਂਤ ਦੇ ਸਵਾਲ ਖੜ੍ਹੇ ਕੀਤੇ ਗਏ। ਜਿਵੇਂ ਕਿ ਸਿੱਖਾਂ ਦਾ ਕੋਈ ਪੰਜਵਾਂ ਤਖਤ ਹੀ ਨਹੀਂ, ਇਹ ਸਿਰਫ ਕੁਝ ਅਕਾਲੀ ਨੇਤਾਵਾਂ ਦੀ ਨਿੱਜੀ ਸੋਚ ਵਿੱਚੋਂ ਉਪਜਿਆ ਹੈ। ਅਸਲ ਵਿੱਚ ਇਹ ਸਾਰਾ ਵਿਵਾਦ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਇੱਕ ਨਿੱਜੀ ਜਾਗੀਰ ਵਜੋਂ ਬਰਕਰਾਰ ਰੱਖਣ ਲਈ ਪੈਦਾ ਕੀਤਾ ਗਿਆ ਸੀ। ਜਿਸ ਦਿਨ ਤੋਂ ਇਹ ਨਿੱਜੀ ਜਾਗੀਰ ਦਾ ਸੰਕਲਪ ਖਤਮ ਹੋ ਗਿਆ, ਉਸੇ ਦਿਨ ਤੋਂ ਹੀ ਇਹ ਸਥਾਨ ਫਿਰ ਤਖਤ ਸਾਹਿਬ ਦੇ ਵਜੋਂ ਕਾਇਮ ਹੋ ਗਿਆ ਸੀ।

**ਤਲਵੰਡੀ ਸਾਬੋ (ਦਮਦਮਾ ਸਾਹਿਬ) ਨਾਲ ਸੰਬੰਧਤ ਇਤਿਹਾਸਕ ਬੁੰਗੇ**

ਬੁੰਗਾ ਸ਼ਬਦ ਫਾਰਸੀ ਸ਼ਬਦ 'ਬੁੰਗਹ' ਤੋਂ ਬਣਿਆ ਹੈ। ਇਸ ਦਾ ਅਰਥ ਹੈ 'ਰਹਿਣ ਦਾ ਸਥਾਨ'। ਪਰੰਤੂ ਸਿੱਖ ਸਮਾਜ ਵਿਚ ਇਹ ਸ਼ਬਦ ਇਤਿਹਾਸਕ ਗੁਰਧਾਮਾਂ, ਵਿਸ਼ੇਸ਼ ਕਰਕੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਆਸ-ਪਾਸ ਮਿਸਲਾਂ ਦੇ ਮੁਖੀਆਂ ਅਤੇ ਸਰਦਾਰਾਂ ਵੱਲੋਂ ਬਣਾਏ ਹੋਏ ਨਿਵਾਸ ਸਥਾਨਾਂ ਲਈ ਪ੍ਰਚੱਲਤ ਹੋ ਗਿਆ ਸੀ। ਬਾਅਦ ਵਿਚ ਸੰਪ੍ਰਦਾਈ ਗਿਆਨੀਆਂ, ਰਾਗੀਆਂ ਅਤੇ ਗ੍ਰੰਥੀਆਂ ਦੇ ਗੁਰਧਾਮਾਂ 'ਤੇ ਸਥਿਤ ਉਨ੍ਹਾਂ ਨਿਵਾਸ ਸਥਾਨਾਂ ਨੂੰ ਵੀ ਬੁੰਗੇ ਕਿਹਾ ਜਾਣ ਲੱਗਾ, ਜਿਥੇ ਉਨ੍ਹਾਂ ਦੁਆਰਾ ਗੁਰਬਾਣੀ ਦੇ ਪਾਠ, ਵਿਆਖਿਆ ਅਤੇ ਕਥਾ ਕੀਰਤਨ ਆਦਿ ਦੀ ਸਿੱਖਿਆ ਦਿੱਤੀ ਜਾਂਦੀ ਸੀ। ਇਹ ਬੁੰਗੇ ਅਸਲ ਵਿਚ ਟਕਸਾਲਾਂ ਜਾਂ ਪਾਠਸ਼ਾਲਾਂ ਸਨ।[87] ਸਵੇਰੇ-ਸ਼ਾਮ ਸਿੱਖ ਅਰਦਾਸ ਵਿਚ ਵੀ ਬੁੰਗਿਆਂ ਦੀ ਚੜ੍ਹਦੀ ਕਲਾ ਲਈ ਬੇਨਤੀ ਕੀਤੀ ਜਾਂਦੀ ਹੈ – *'ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ'*

ਤਖਤ ਦਮਦਮਾ ਸਾਹਿਬ ਉੱਤੇ ਸ਼ਾਹਜ਼ਾਦਪੁਰੀਆ ਦਾ ਕਬਜ਼ਾ ਹੋ ਜਾਣ ਕਰਕੇ ਗੁਰੂ ਕਾਸ਼ੀ ਦੇ ਮਹੰਤਾਂ, ਗਿਆਨੀਆਂ, ਲਿਖਾਰੀਆਂ ਅਤੇ ਵਿਦਵਾਨਾਂ ਨੇ ਆਪਣੇ ਵੱਖ-ਵੱਖ ਬੁੰਗੇ ਬਣਾ ਲਏ ਸਨ। ਇਨ੍ਹਾਂ

---

[86] ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 108

[87] ਰਤਨ ਸਿੰਘ ਜੱਗੀ, *ਉਕਤ,* ਪੰਨੇ 1282-83

ਬੁੰਗਿਆਂ ਦੀ ਸਥਾਪਨਾ ਦਾ ਇਕੋ-ਇੱਕ ਮਕਸਦ ਗੁਰੂ ਸਾਹਿਬਾਨ ਦੁਆਰਾ ਦਿੱਤੇ ਭਵਿੱਖਤ ਬਚਨਾਂ ਨੂੰ ਸ਼ਾਖਸਤ ਕਰਨਾ ਸੀ। ਇਨ੍ਹਾਂ ਬੁੰਗਿਆਂ ਵਿਚ ਗੁਰਬਾਣੀ ਦੀ ਸੰਥਿਆ (ਸ਼ੁੱਧ ਉਚਾਰਣ) ਦੇ ਕੇ ਪਾਠੀ ਸਿੰਘ ਤਿਆਰ ਕਰਨ ਦੀ, ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤੇ ਪੋਥੀਆਂ ਲਿਖਣ ਦੀ ਅਤੇ ਗੁਰਬਾਣੀ ਅਰਥਾਂ ਦੇ ਨਾਲ-ਨਾਲ ਗੁਰ-ਇਤਿਹਾਸ ਦੀ ਜਾਣਕਾਰੀ ਪ੍ਰਦਾਨ ਕਰਨ ਦੀ ਮਹਾਨ ਸੇਵਾ ਹੁੰਦੀ ਰਹੀ ਹੈ। ਪਰੰਤੂ ਬੁੰਗਿਆਂ ਦੇ ਸਾਹਮਣੇ ਸਭ ਤੋਂ ਵੱਡੀ ਮੁਸ਼ਕਲ ਲੰਗਰ ਨੂੰ ਹਮੇਸ਼ਾ ਚਾਲੂ ਰੱਖਣ ਦੀ ਸੀ, ਕਿਉਂਕਿ ਇਨ੍ਹਾਂ ਬੁੰਗਿਆਂ ਕੋਲ ਕਮਾਈ ਦਾ ਕੋਈ ਠੋਸ ਸਾਧਨ ਨਹੀਂ ਸੀ। ਹਰ ਬੁੰਗੇ ਵਿਚ ਲੱਗਭੱਗ ਨੌਂ-ਦਸ ਵਿਦਿਆਰਥੀਆਂ ਤੋਂ ਲੈ ਕੇ ਸੱਤਰ-ਅੱਸੀ ਛੋਟੇ-ਵੱਡੇ ਬਾਲ, ਜੁਆਨ ਤੇ ਬਜ਼ੁਰਗ ਗਿਆਨ ਪ੍ਰਾਪਤ ਕਰਦੇ ਸਨ। ਇਨ੍ਹਾਂ ਦੇ ਲੰਗਰ ਦੀ ਵਿਵਸਥਾ ਦਾ ਕਾਰਜ ਪੂਰੀ ਤਰ੍ਹਾਂ ਉਗਰਾਹੀ ਦੇ ਸਹਾਰੇ ਹੀ ਚੱਲਦਾ ਸੀ । ਇਸ ਤਰ੍ਹਾਂ ਇਨ੍ਹਾਂ ਬੁੰਗਿਆਂ ਦੇ ਪ੍ਰਬੰਧਕਾਂ ਦੀ ਅਣਥੱਕ ਮਿਹਨਤ ਮੁਸ਼ੱਕਤ ਸਦਕਾ ਬਹੁਤ ਸਾਰੇ ਵਿਦਿਆਰਥੀਆਂ ਨੇ ਗੁਰਬਾਣੀ ਬੋਧ ਹਾਸਿਲ ਕੀਤਾ। ਤਲਵੰਡੀ ਸਾਬੋ ਨਾਲ ਸੰਬੰਧਿਤ ਬੁੰਗਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**(1) ਉੱਚਾ ਬੁੰਗਾ**

ਇਸ ਬੁੰਗੇ ਦੀ ਸਥਾਪਨਾ ਤਖ਼ਤ ਸਾਹਿਬ ਦੇ ਮਹੰਤ ਭਾਈ ਰਣ ਸਿੰਘ ਦੇ ਸੇਵਕ ਭਾਈ ਜੀਤ ਸਿੰਘ ਦੁਆਰਾ ਕੀਤੀ ਗਈ ਸੀ। ਉਨ੍ਹਾਂ ਨੇ ਕਾਸ਼ੀ (ਵਾਰਾਣਸੀ) ਤੋਂ ਉੱਚ ਦਰਜੇ ਦੀ ਸੰਸਕ੍ਰਿਤ ਵਿਦਿਆ ਹਾਸਿਲ ਕੀਤੀ ਸੀ ਅਤੇ ਗੁਰਮਤਿ ਦੇ ਮਹਾਨ ਵਿਦਵਾਨ ਸਨ।[88] ਉਨ੍ਹਾਂ ਦਾ ਨਿਵਾਸ ਸਥਾਨ ਤਖਤ ਸ੍ਰੀ ਦਮਦਮਾ ਸਾਹਿਬ ਦੇ ਨਾਲ ਲੱਗਦੇ ਉੱਚੇ ਚੁਬਾਰੇ ਵਿੱਚ ਸੀ। ਇਸ ਲਈ ਉਸ ਸਥਾਨ ਦਾ ਨਾਮ 'ਉੱਚਾ ਬੁੰਗਾ' ਪ੍ਰਸਿੱਧ ਹੋ ਗਿਆ ਸੀ। ਇਸ ਬੁੰਗੇ ਵਿੱਚ ਹਰ ਸਮੇਂ ਵੀਹ-ਪੱਚੀ ਵਿਦਿਆਰਥੀ ਗੁਰਬਾਣੀ ਬੋਧ ਅਤੇ ਸੰਸਕ੍ਰਿਤ ਵਿੱਦਿਆ ਦਾ ਗਿਆਨ ਹਾਸਲ ਕਰਦੇ ਰਹਿੰਦੇ ਸਨ।

ਭਾਈ ਜੀਤ ਸਿੰਘ ਦੇ ਭਰਾ ਦੀ ਮੌਤ ਹੋਣ ਤੋਂ ਬਾਅਦ ਗੁਰੂ ਕਾਸ਼ੀ ਦੇ ਸੰਤਾਂ-ਮਹੰਤਾਂ ਦੀ ਆਗਿਆ ਨਾਲ ਭਰਾ ਦੀ ਵਿਧਵਾ ਪਤਨੀ ਨਾਲ ਉਨ੍ਹਾਂ ਦਾ ਵਿਆਹ ਹੋ ਗਿਆ ਸੀ। ਮਹੰਤ ਭਾਈ ਰਣ ਸਿੰਘ ਨੇ ਉਨ੍ਹਾਂ ਨੂੰ ਪਿੰਡ ਤਿਉਣਾ ਪੁਜਾਰੀਆਂ ਦੀ ਜ਼ਮੀਨ ਗੁਜ਼ਾਰੇ ਲਈ ਦਿੱਤੀ ਸੀ। ਭਾਈ ਜੀਤ ਸਿੰਘ ਦੀ ਸੰਤਾਨ ਇਸ ਪਿੰਡ

---

[88] ਡਾ. ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਨਾ 180

ਵਿਚ ਵਸਦੀ ਹੈ। ਉਨ੍ਹਾਂ ਦੁਆਰਾ ਲਿਖੇ ਹੋਏ ਗੁਰਬਾਣੀ ਦੇ ਕਈ ਗ੍ਰੰਥ ਇਸ ਘਰਾਣੇ ਕੋਲ ਮੌਜੂਦ ਹਨ।[89]

ਉਨ੍ਹਾਂ ਤੋਂ ਬਾਅਦ ਭਾਈ ਦੂਨਾ ਸਿੰਘ ਜੀ ਨੂੰ ਉੱਤਰਾਧਿਕਾਰੀ ਥਾਪਿਆ ਗਿਆ ਸੀ। ਉਨ੍ਹਾਂ ਦੇ ਸੇਵਾ-ਕਾਲ ਦੌਰਾਨ ਵਿਦਿਆਰਥੀਆਂ ਦੀ ਗਿਣਤੀ ਪਹਿਲਾਂ ਨਾਲੋਂ ਵੀ ਜ਼ਿਆਦਾ ਹੋ ਗਈ ਸੀ। ਉਨ੍ਹਾਂ ਤੋਂ ਮਗਰੋਂ ਮਹੰਤ ਭਾਈ ਨਿਹਾਲ ਸਿੰਘ ਜੀ ਨੇ ਕਾਰਜ ਸੰਭਾਲਿਆ, ਜੋ ਕਿ ਗੁਰੂ ਕਾਸ਼ੀ ਦੇ ਇਤਿਹਾਸ ਵਿਚ ਮਹਾਨ ਪੁਰਖ ਹੋਏ ਹਨ। ਉਨ੍ਹਾਂ ਦੇ ਅਨੇਕਾਂ ਸ਼ਾਗਿਰਦ ਨਾਮਵਰ ਗੁਰਮਤਿ ਪ੍ਰਚਾਰਕ ਹੋਏ ਹਨ। ਉਨ੍ਹਾਂ ਨੇ ਸਿੱਖੀ ਪ੍ਰਚਾਰ ਲਈ ਮੁਕਤਸਰ ਵਿਖੇ ਦਮਦਮੀ ਬੁੰਗਾ ਸਥਾਪਤ ਕੀਤਾ ਸੀ। ਮੁਕਤਸਰ ਇਲਾਕੇ ਦੇ ਭਲਾਈਆਣਾ, ਬੁੱਟਰ, ਲੰਬੀ, ਦੋਦਾ, ਰੁਪਾਣਾ ਆਦਿ ਬਹੁਤ ਸਾਰੇ ਪਿੰਡਾਂ ਵਿਚ ਗੁਰਦੁਆਰੇ ਬਣਾਏ, ਜੋ ਉੱਚੇ ਬੁੰਗੇ ਨਾਲ ਜੁੜੇ ਹੋਏ ਸਨ। ਇਸ ਤੋਂ ਇਲਾਵਾ ਪੰਡਿਤ ਕਰਤਾਰ ਸਿੰਘ ਦਾਖਾ ਦਾ 'ਗੁਰਮਤਿ ਉਪਦੇਸ਼ਕ ਕਾਲਜ' ਵੀ ਇਸੇ ਬੁੰਗੇ ਵਿਚ ਚਲਦਾ ਰਿਹਾ ਸੀ।[90]

ਇਸ ਬੁੰਗੇ ਦੀ ਇੱਕ ਸ਼ਾਖਾ ਪਿੰਡ ਘੁੰਮਣ ਕਲਾਂ ਵਿਚ ਭਾਈ ਦੂਨਾ ਸਿੰਘ ਸਿੰਘ ਜੀ ਦੇ ਸੇਵਕ ਬਾਬਾ ਰੂੜ ਸਿੰਘ ਜੀ ਨੇ ਸਥਾਪਤ ਕੀਤੀ ਸੀ। ਬਾਬਾ ਰੂੜ ਸਿੰਘ ਜੀ ਦੇ ਉਤਰਾਧਿਕਾਰੀ ਬਾਬਾ ਸੰਗਤ ਸਿੰਘ ਜੀ ਬਹੁਤ ਪ੍ਰਸਿੱਧ ਲਿਖਾਰੀ ਹੋਏ ਹਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਸੱਤ ਬੀੜਾਂ ਆਪਣੇ ਹੱਥੀਂ ਲਿਖੀਆਂ ਸਨ।[91]

**(2) ਬੁੰਗਾ ਲਿਖਣਸਰ**

ਇਸ ਸਥਾਨ ਦੀ ਇਮਾਰਤ ਦੀ ਸੇਵਾ ਉੱਚੇ ਬੁੰਗੇ ਦੇ ਮਹੰਤ ਭਾਈ ਨਿਹਾਲ ਸਿੰਘ ਨੇ ਕਰਵਾਈ ਸੀ ਅਤੇ ਭਾਈ ਚੰਦਾ ਸਿੰਘ ਨਿਹੰਗ ਸਿੰਘ ਨੂੰ ਇਸਦਾ ਮਹੰਤ ਥਾਪਿਆ ਗਿਆ ਸੀ।[92] ਇਹ ਬੁੰਗਾ ਮੌਜੂਦਾ ਸਮੇਂ ਵਿੱਚ ਇੱਕ ਇਤਿਹਾਸਕ ਗੁਰਦੁਆਰਾ 'ਲਿਖਣਸਰ ਸਾਹਿਬ' ਬਣ ਚੁੱਕਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਮੁਕੰਮਲ ਹੋਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਬਚੀਆ ਕਲਮਾਂ ਅਤੇ ਸਿਆਹੀ ਇਸ ਸਥਾਨ ਤੇ ਮੌਜੂਦ ਸਰੋਵਰ ਵਿਚ ਪ੍ਰਵਾਹ ਕੀਤੀਆਂ ਸਨ ਅਤੇ ਉਸ ਸਮੇਂ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਨੂੰ 'ਗੁਰੂ ਕੀ

---

89 ਗੁਰਦੁਆਰਾ ਗਜ਼ਟ, ਪੰਨਾ 92

90 ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 127

91 ਡਾ. ਦਰਸ਼ਨ ਸਿੰਘ, *ਉਕਤ,* ਪੰਨਾ 180

92 ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 127

ਕਾਸ਼ੀ' ਦਾ ਵਰ ਦਿੱਤਾ ਸੀ। ਇਸ ਕਾਰਨ ਇਸ ਜਗ੍ਹਾ ਦਾ ਨਾਮ 'ਲਿਖਣਸਰ' ਪੈ ਗਿਆ । ਭਾਈ ਚੰਦਾ ਸਿੰਘ ਤੋਂ ਮਗਰੋਂ ਭਾਈ ਗੁਰਮੁੱਖ ਸਿੰਘ ਮਹੰਤ ਬਣੇ। ਉਨ੍ਹਾਂ ਨੇ ਲਿਖਣਸਰ ਸਰੋਵਰ ਦੀ ਕਾਰ ਸੇਵਾ ਕੀਤੀ ਸੀ। ਜਦੋਂ ਇਹ ਸਥਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਹੇਠ ਆਇਆ, ਤਾਂ ਉਸ ਸਮੇਂ ਇਸ ਬੁੰਗੇ ਦੇ ਮਹੰਤ ਗਿਆਨੀ ਮਿਹਰ ਸਿੰਘ ਜੀ ਸਨ। ਉਪਰੰਤ ਗਿਆਨੀ ਮਿਹਰ ਸਿੰਘ ਜੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਰਹੇ।[93]

**(3) ਬੁੰਗਾ ਮਦਰਸਾ**

ਇਸ ਬੁੰਗੇ ਦੇ ਸੰਸਥਾਪਕ ਬਾਬਾ ਗੁਲਾਬ ਸਿੰਘ ਜੀ ਸਨ, ਜੋ ਕਿ ਤਖ਼ਤ ਸਾਹਿਬ ਦੇ ਮਹੰਤ ਭਾਈ ਰਣ ਸਿੰਘ ਦੇ ਸ਼ਾਗਿਰਦ ਸਨ। ਉਨ੍ਹਾਂ ਵੱਲੋਂ ਇਸ ਬੁੰਗੇ ਦੀ ਸਥਾਪਨਾ ਇੱਕ ਪੁਰਾਤਨ ਖਾਲੀ ਪਏ ਮਕਬਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਪਾਠਸ਼ਾਲਾ ਖੋਲ੍ਹ ਕੇ ਕੀਤੀ ਗਈ ਸੀ ਅਤੇ ਨਾਲ ਹੀ ਵਿਦਿਆਰਥੀਆਂ ਦੇ ਰਹਿਣ ਲਈ ਕਮਰੇ ਵੀ ਬਣਾਏ ਗਏ ਸਨ। ਸਿੱਖਿਆ ਪ੍ਰਾਪਤ ਕਰਨ ਲਈ ਦੂਰੋਂ-ਨੇੜਿਓ ਵਿਦਿਆਰਥੀ ਇਸ ਸਥਾਨ ਉੱਪਰ ਆਉਂਦੇ ਸਨ। ਇਸ ਕਰਕੇ ਇਹ ਸਥਾਨ 'ਬੁੰਗਾ ਮਦਰਸਾ' ਪ੍ਰਸਿੱਧ ਹੋਇਆ ਸੀ। ਇਸ ਬੁੰਗੇ ਨੂੰ ਪਟਿਆਲਾ, ਨਾਭਾ, ਜੀਂਦ ਆਦਿ ਰਿਆਸਤਾਂ ਵੱਲੋਂ ਜਗੀਰਾਂ ਲੱਗੀਆਂ ਹੋਈਆਂ ਸਨ। ਇਸ ਬੁੰਗੇ ਦੀ ਖਾਸ ਮਹੱਤਤਾ ਇਹ ਵੀ ਸੀ ਕਿ ਇਸ ਨੂੰ ਅੰਮ੍ਰਿਤ ਛਕਾਉਣ ਦੀ ਸੇਵਾ ਵੀ ਮਿਲੀ ਹੋਈ ਸੀ। ਇੱਥੇ ਪੁਰਾਤਨ ਦੁਰਲੱਭ ਪੁਸਤਕਾਂ ਦਾ ਸੰਗ੍ਰਹਿ ਵੀ ਸੀ । 'ਬਾਬਾ ਮਿਹਰਬਾਨ ਵਾਲੀ ਜਨਮ ਸਾਖੀ' ਜੋ ਖਾਲਸਾ ਕਾਲਜ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ, ਇਸ ਬੁੰਗੇ ਵਿੱਚੋਂ ਮਿਲੀ ਸੀ।[94] ਮਹੰਤ ਨਾਰਾਇਣ ਸਿੰਘ ਦੇ ਸਮੇਂ ਇਹ ਸਥਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚਲਾ ਗਿਆ ਸੀ।

**(4) ਬੁੰਗਾ ਲਿਖਾਰੀਆਂ**

ਇਹ ਬੁੰਗਾ ਸੰਤ ਹੀਰਾ ਸਿੰਘ ਵੱਲੋਂ ਕਾਇਮ ਕੀਤਾ ਗਿਆ ਸੀ। ਉਹ ਤਖ਼ਤ ਸਾਹਿਬ ਦੇ ਮਹੰਤ ਭਾਈ ਬਘੇਲ ਸਿੰਘ ਦੇ ਵਿਦਿਆਰਥੀ ਰਹੇ ਸਨ। ਸੰਤ ਹੀਰਾ ਸਿੰਘ ਜੀ ਆਪਣੇ ਸਮੇਂ ਦੇ ਮਹਾਨ ਲਿਖਾਰੀ ਸਨ। ਉਨ੍ਹਾਂ ਦੀਆਂ ਹੱਥ-ਲਿਖਤ ਪੁਸਤਕਾਂ ਛਾਪੇਖਾਨੇ ਨਾਲੋਂ ਵੀ ਵੱਧ ਸੁੰਦਰ ਹੋਇਆ ਕਰਦੀਆਂ ਸਨ। ਉਨ੍ਹਾਂ ਨੇ

---

[93] *ਉਹੀ*

[94] *ਉਹੀ,* ਪੰਨਾ 128

ਦੀਵਾਨ ਬੂਟਾ ਸਿੰਘ ਨਾਲ ਮਿਲ ਕੇ ਲਾਹੌਰ ਵਿਚ ਸਭ ਤੋਂ ਪਹਿਲਾਂ ਗੁਰਮੁਖੀ ਵਿੱਚ ਪੱਥਰ ਦਾ ਛਾਪਾ ਚਾਲੂ ਕੀਤਾ ਸੀ। ਟਾਈਪ ਦੇ ਗੁਰਮੁੱਖੀ ਅੱਖਰ ਵੀ ਉਨ੍ਹਾਂ ਤੋਂ ਬਣਵਾਏ ਗਏ ਸਨ।[95] ਸੰਤ ਹੀਰਾ ਸਿੰਘ ਤੋਂ ਬਾਅਦ ਗਿਆਨੀ ਗੁਰਬਖਸ਼ ਸਿੰਘ ਨੇ ਇਸ ਬੁੰਗੇ ਦੀ ਅਗਵਾਈ ਕੀਤੀ ਸੀ, ਜਿਨ੍ਹਾਂ ਨੇ ਅਕਾਲੀ ਲਹਿਰ ਸਮੇਂ ਵੀ ਗੁਰਦੁਆਰਾ ਸੁਧਾਰ ਲਹਿਰ ਵਿਚ ਵੱਡਾ ਯੋਗਦਾਨ ਪਾਇਆ ਸੀ।

**(5) ਬੁੰਗਾ ਕੱਟੂ ਵਾਲਾ**

ਇਸ ਬੁੰਗੇ ਵਾਲੇ ਸਥਾਨ ਉਪਰ ਪਹਿਲਾਂ ਬਾਬਾ ਦੀਪ ਸਿੰਘ ਜੀ ਦਾ ਬਣਾਇਆ ਹੋਇਆ ਕੱਚਾ ਬੁਰਜ ਹੁੰਦਾ ਸੀ, ਜਿਥੇ ਸ਼ਸਤਰਧਾਰੀ ਸਿੰਘਾਂ ਦਾ ਨਿਵਾਸ ਸਥਾਨ ਹੋਇਆ ਕਰਦਾ ਸੀ। ਸੰਤ ਗੁਲਾਬ ਸਿੰਘ ਜੀ ਦੇ ਸੇਵਕ ਸੰਤ ਸਹਿਜ ਸਿੰਘ ਜੀ ਨੇ ਇਸ ਪੁਰਾਣੇ ਬੁਰਜ ਦੀ ਮੁਰੰਮਤ ਕਰਵਾ ਕੇ ਇਸ ਬੁੰਗੇ ਨੂੰ ਸਥਾਪਿਤ ਕੀਤਾ ਸੀ।[96] ਉਹ ਗੁਰਮਤਿ ਦੇ ਮਹਾਨ ਗਿਆਤਾ ਅਤੇ ਚੰਗੇ ਲਿਖਾਰੀ ਸਨ। ਉਨ੍ਹਾਂ ਤੋਂ ਬਾਅਦ ਸੰਤ ਮਾਨ ਸਿੰਘ ਤੇ ਫਿਰ ਸੰਤ ਕਿਸ਼ਨ ਸਿੰਘ, ਜੋ ਕਿ ਦੋਵੇਂ ਪਿੰਡ ਕੱਟੂ (ਬਰਨਾਲਾ ਦੇ ਨੇੜੇ) ਦੇ ਰਹਿਣ ਵਾਲੇ ਸਨ, ਬੁੰਗੇ ਦੇ ਮਹੰਤ ਬਣੇ। ਉਪਰੰਤ ਗਿਆਨੀ ਚੰਦਾ ਸਿੰਘ ਇਸ ਬੁੰਗੇ ਦੇ ਮਹੰਤ ਬਣੇ ਸਨ। ਉਹ ਵੀ ਪਿੰਡ ਕੱਟੂ ਦੇ ਹੀ ਰਹਿਣ ਵਾਲੇ ਸਨ। ਇਸ ਕਰਕੇ ਇਸ ਬੁੰਗੇ ਨੂੰ 'ਬੁੰਗਾ ਕੱਟੂ ਵਾਲਾ' ਆਖਿਆ ਜਾਣ ਲੱਗਾ ਸੀ। ਗਿਆਨੀ ਚੰਦਾ ਸਿੰਘ ਜੀ ਸਿੱਖ ਇਤਿਹਾਸ ਵਿੱਚ ਦਮਦਮੀ ਸੰਪ੍ਰਦਾਇ ਟਕਸਾਲ ਦੇ ਪ੍ਰਸਿੱਧ ਵਿਦਵਾਨ ਹੋਏ ਹਨ, ਜਿਨ੍ਹਾਂ ਤੋਂ ਅਨੇਕਾਂ ਵਿਦਿਆਰਥੀਆਂ ਨੇ ਗੁਰਮਤਿ ਦਾ ਗੂੜ੍ਹ ਗਿਆਨ ਹਾਸਿਲ ਕੀਤਾ। ਗਿਆਨੀ ਨਿਰੰਜਨ ਸਿੰਘ ਜੀ ਪਟਿਆਲੇ ਵਾਲੇ ਉਨ੍ਹਾਂ ਦੇ ਵਿਦਿਆਰਥੀ ਰਹੇ ਸਨ।[97] ਉਨ੍ਹਾਂ ਨੇ ਇਸ ਬੁੰਗੇ ਦੀ ਨਵੀਂ ਉਸਾਰੀ ਵੀ ਕਰਵਾਈ ਸੀ। ਇਸ ਬੁੰਗੇ ਨੂੰ ਰਿਆਸਤ ਨਾਭਾ ਵੱਲੋਂ ਲੰਗਰ ਵਾਸਤੇ ਸਹਾਇਤਾ ਦਿੱਤੀ ਜਾਂਦੀ ਸੀ।[98]

**(6) ਮਲਵਈ ਬੁੰਗਾ**

ਇਹ ਬੁੰਗਾ ਮਾਲਵੇ ਦੇ ਸਿੱਖਾਂ ਦਾ ਨਿਵਾਸ ਅਸਥਾਨ ਹੁੰਦਾ ਸੀ। ਇਸ ਦੀ ਸਥਾਪਨਾ ਮਹੰਤ ਰਣ

---

[95] ਡਾ. ਦਰਸ਼ਨ ਸਿੰਘ, *ਉਕਤ,* ਪੰਨਾ 180

[96] ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 129

[97] ਡਾ. ਦਰਸ਼ਨ ਸਿੰਘ, *ਉਕਤ,* ਪੰਨਾ 180

[98] ਗੁਰਦੁਆਰਾ ਗਜ਼ਟ, ਪੰਨਾ 143

ਸਿੰਘ ਦੇ ਸੇਵਕ ਸੰਤ ਸੁੱਖਾ ਸਿੰਘ ਵੱਲੋਂ ਕੀਤੀ ਗਈ ਸੀ। ਆਪ ਜੀ ਨਾਮ ਜਪਣ ਅਤੇ ਉੱਚੇ ਜੀਵਨ ਵਾਲੇ ਜਤੀ ਸਤੀ ਮਹਾਂਪੁਰਖ ਸਨ। ਕਿਹਾ ਜਾਂਦਾ ਹੈ ਕਿ ਰਿਆਸਤ ਪਟਿਆਲਾ ਦੇ ਮਹਾਰਾਜਾ ਨਰਿੰਦਰ ਸਿੰਘ ਦਾ ਜਨਮ ਉਨ੍ਹਾਂ ਦੇ ਆਸ਼ੀਰਵਾਦ ਨਾਲ ਹੋਇਆ ਸੀ। ਰਿਆਸਤ ਪਟਿਆਲਾ ਵੱਲੋਂ ਇਸ ਬੁੰਗੇ ਨੂੰ ਪਿੰਡ ਸੁੱਖਾ ਲੱਧੀ ਵਿਖੇ ਦੋ ਹਲ ਦੀ ਜ਼ਮੀਨ ਦਾਨ ਦਿੱਤੀ ਗਈ ਸੀ ਅਤੇ ਇੱਕ ਸੌ ਪੱਚੀ ਰੁਪਏ ਸਾਲਾਨਾ ਭੇਟਾ ਦਿੱਤੀ ਜਾਂਦੀ ਸੀ।[99] ਸੰਤ ਸੁੱਖਾ ਸਿੰਘ ਤੋ ਬਾਅਦ ਭਾਈ ਨੰਦ ਸਿੰਘ ਇਸ ਬੁੰਗੇ ਦੇ ਮਹੰਤ ਬਣੇ ਸਨ।

**(7) ਨੀਵਾਂ ਜਾਂ ਹੇਠਲਾ ਬੁੰਗਾ**

ਇਹ ਬੁੰਗਾ ਉੱਚੇ ਬੁੰਗੇ ਦੇ ਬਿਲਕੁਲ ਨਾਲ ਲੱਗਦਾ ਸੀ। ਇਨ੍ਹਾਂ ਦੋਵੇਂ ਬੁੰਗਿਆਂ ਦੀਆਂ ਕੰਧਾਂ ਵੀ ਸਾਂਝੀਆਂ ਸਨ। ਇਸ ਬੁੰਗੇ ਦੇ ਸੰਸਥਾਪਕ ਬਾਬਾ ਦੂਨਾ ਸਿੰਘ ਦੇ ਸ਼ਾਗਿਰਦ ਭਾਈ ਰਾਮ ਸਿੰਘ ਕਲਿਆਣੀ ਸਨ।[100] ਉਨ੍ਹਾਂ ਨੇ ਅਨੇਕਾਂ ਲਿਖਾਰੀ ਤਿਆਰ ਕੀਤੇ। ਉਨ੍ਹਾਂ ਤੋਂ ਬਾਅਦ ਭਾਈ ਹਰੀ ਸਿੰਘ ਮਹੰਤ ਚੁਣੇ ਗਏ ਸਨ। ਉਹ ਬਹੁਤ ਤਪ-ਤੇਜ ਵਾਲੇ ਮਹਾਂਪੁਰਖ ਸਨ। ਉਹ ਬਹੁਤ ਹੀ ਸ਼ੁੱਧ ਅਤੇ ਮਿੱਠੀ ਆਵਾਜ ਵਿਚ ਗੁਰਬਾਣੀ ਦਾ ਪਾਠ ਕਰਦੇ ਸਨ। ਤਲਵੰਡੀ ਸਾਬੋ ਇਲਾਕੇ ਦੇ ਨਾਮਵਰ ਸਰਦਾਰ ਉਨ੍ਹਾਂ ਕੋਲੋਂ ਪਾਠ ਕਰਵਾਉਣਾ ਸੁਭਾਗ ਸਮਝਦੇ ਸਨ। ਉਨ੍ਹਾਂ ਦੀ ਮਹਿਮਾ ਕਰਕੇ ਇਸ ਬੁੰਗੇ ਦਾ ਨਾਂ 'ਬੁੰਗਾ ਹਰੀ ਸਿੰਘ' ਪ੍ਰਸਿੱਧ ਹੋ ਗਿਆ ਸੀ। ਉਨ੍ਹਾਂ ਤੋਂ ਮਗਰੋਂ ਭਾਈ ਰਣਜੋਧ ਸਿੰਘ ਇਸ ਬੁੰਗੇ ਦੇ ਮਹੰਤ ਬਣੇ ਸਨ।

**(8) ਬੁੰਗਾ ਜੰਡਸਰ**

ਇਸ ਸਥਾਨ ਉਪਰ ਪਹਿਲਾਂ ਸੰਤ ਧਿਆਨ ਸਿੰਘ ਜੀ ਬੁੰਗਾ ਕੱਟੂ ਵਾਲਿਆਂ ਦੇ ਵਿਦਿਆਰਥੀ ਕੱਚਾ ਬੁਰਜ ਬਣਾ ਕੇ ਰਹਿੰਦੇ ਸਨ। ਭਾਈ ਨਾਰਾਇਣ ਸਿੰਘ, ਭਾਈ ਸੱਜਨ ਸਿੰਘ, ਭਾਈ ਨਾਹਰ ਸਿੰਘ ਕ੍ਰਮਵਾਰ ਇਸ ਬੁੰਗੇ ਦੇ ਮਹੰਤ ਬਣੇ ਸਨ। ਭਾਈ ਨਾਹਰ ਸਿੰਘ ਤੋਂ ਬਾਅਦ ਭਾਈ ਬਿਸ਼ਨ ਸਿੰਘ ਜੀ ਨੇ ਇਥੋਂ ਦੀ ਸੇਵਾ ਸੰਭਾਲੀ। ਉਨ੍ਹਾਂ ਨੇ ਇਸ ਸਥਾਨ ਦਾ ਕਾਫ਼ੀ ਵਿਕਾਸ ਕਰਵਾਇਆ। ਮਹੰਤ ਬਿਸ਼ਨ ਸਿੰਘ ਜੀ ਵੱਲੋਂ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਅਤੇ ਸੰਤ ਤ੍ਰਿਲੋਕ ਸਿੰਘ ਜੀ ਦੇ ਸਹਿਯੋਗ ਨਾਲ ਇਥੇ ਇੱਕ ਖੂਹ ਵੀ ਲਾਇਆ

---

[99] *ਉਹੀ*

[100] ਗਿਆਨੀ ਬਲਵੰਤ ਸਿੰਘ, *ਉਕਤ*, ਪੰਨਾ 130

ਗਿਆ ਸੀ।[101] ਮਹੰਤ ਅੰਚਲ ਸਿੰਘ ਜੀ ਚੱਕਾ ਵਾਲਿਆਂ ਨੇ ਇਥੇ ਮੰਜੀ ਸਾਹਿਬ ਅਤੇ ਸਰੋਵਰ ਬਣਾਉਣ ਦੀ ਸੇਵਾ ਨਿਭਾਈ। ਹੁਣ ਇਸ ਸਥਾਨ 'ਤੇ ਇਤਿਹਾਸਕ ਗੁਰਦੁਆਰਾ ਹੈ ਅਤੇ ਪੱਕਾ ਸਰੋਵਰ ਵੀ ਬਣਿਆ ਹੋਇਆ ਹੈ। ਇੱਥੇ ਬੈਠ ਕੇ ਦਸਮ ਪਾਤਸ਼ਾਹ ਜੀ ਸਿੱਖ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦੇ ਨਾਲ-ਨਾਲ ਗੁਰਬਾਣੀ ਦੇ ਅਰਥਾਂ ਦਾ ਗਿਆਨ ਵੀ ਕਰਵਾਉਂਦੇ ਸਨ।

**(9) ਬੁੰਗਾ ਬਾਰਾਂਦਰੀ**

ਇਸ ਪਵਿੱਤਰ ਸਥਾਨ ਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਨਿਵਾਸ ਕਰਿਆ ਕਰਦੇ ਸਨ। ਉਨ੍ਹਾਂ ਤੋਂ ਬਾਅਦ ਤਖਤ ਸਾਹਿਬ ਦੇ ਸਾਰੇ ਮਹੰਤ ਇੱਥੇ ਹੀ ਰਿਹਾ ਕਰਦੇ ਸਨ। ਭਾਈ ਨਾਰਾਇਣ ਸਿੰਘ ਜੀ ਵੱਲੋਂ ਇਸ ਸਥਾਨ ਨੂੰ ਇੱਕ ਵੱਖਰੇ ਬੁੰਗੇ ਵਜੋਂ ਸਥਾਪਿਤ ਕੀਤਾ ਗਿਆ ਸੀ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਭਾਈ ਕਿਸ਼ਨ ਸਿੰਘ ਜੀ ਮਹੰਤ ਬਣੇ, ਜਿਨ੍ਹਾਂ ਨੇ ਗੁਰੂਸਰ ਸਰੋਵਰ ਦੀ ਕਾਰ-ਸੇਵਾ ਵਿਚ ਬਹੁਤ ਯੋਗਦਾਨ ਪਾਇਆ ਸੀ। ਉਪਰੰਤ ਭਾਈ ਫੁੰਮਨ ਸਿੰਘ ਮਹੰਤ ਬਣਿਆ, ਜੋ ਆਪਣੀ ਇੱਛਾ ਨਾਲ ਬੁੰਗੇ ਦੀ ਮਹੰਤੀ ਛੱਡ ਕੇ ਤਖ਼ਤ ਸਾਹਿਬ ਦੇ ਝਿੜ੍ਹੇ ਦਾ ਸਿਪਾਹੀ ਲੱਗ ਗਿਆ ਸੀ ਅਤੇ ਇਹ ਬੁੰਗਾ ਤਖ਼ਤ ਸਾਹਿਬ ਦੇ ਅਧੀਨ ਹੋ ਗਿਆ ਸੀ।

**(10) ਬੁੰਗਾ ਭਾਈ ਚੇਤ ਸਿੰਘ / ਭਾਈ ਝੰਡਾ ਸਿੰਘ ਵਾਲਾ**

ਇਹ ਬੁੰਗਾ ਉੱਚੇ ਬੁੰਗੇ ਦੇ ਮਹੰਤ ਭਾਈ ਦੂਨਾ ਸਿੰਘ ਦੇ ਸ਼ਾਗਿਰਦ ਭਾਈ ਕਾਨ੍ਹ ਸਿੰਘ ਨੇ ਸਥਾਪਤ ਕੀਤਾ ਸੀ।[102] ਉਨ੍ਹਾਂ ਤੋਂ ਬਾਅਦ ਭਾਈ ਚੇਤ ਸਿੰਘ ਜੀ ਇਸ ਬੁੰਗੇ ਦੇ ਮਹੰਤ ਬਣੇ ਸਨ। ਉਹ ਬਹੁਤ ਭਜਨ ਬੰਦਗੀ ਵਾਲੇ ਮਹਾਂਪੁਰਖ ਸਨ। ਉਨ੍ਹਾਂ ਤੋਂ ਮਗਰੋਂ ਭਾਈ ਝੰਡਾ ਸਿੰਘ ਨੇ ਇਸ ਬੁੰਗੇ ਦੇ ਮਹੰਤ ਦੀ ਸੇਵਾ ਨਿਭਾਈ। ਉਨ੍ਹਾਂ ਦੇ ਨਾਮ 'ਤੇ ਇਸ ਬੁੰਗੇ ਨੂੰ ਭਾਈ ਝੰਡਾ ਸਿੰਘ ਵਾਲਾ ਬੁੰਗਾ ਵੀ ਕਿਹਾ ਜਾਂਦਾ ਸੀ। ਫਿਰ ਭਾਈ ਨਰੈਣ ਸਿੰਘ ਮਹੰਤ ਬਣੇ ਸਨ। ਗੁਰੂਸਰ ਸਰੋਵਰ ਦੇ ਕਿਨਾਰੇ ਨੌਵੇਂ ਤੇ ਦਸਵੇਂ ਪਾਤਸ਼ਾਹ ਦੇ ਮੰਜੀ ਸਾਹਿਬ ਦੀ ਸੇਵਾ ਇਸ ਬੁੰਗੇ ਵੱਲੋਂ ਨਿਭਾਈ ਜਾਂਦੀ ਸੀ। ਮਗਰੋਂ ਉਸ ਸਥਾਨ ਦਾ ਪ੍ਰਬੰਧ ਬੁੰਗਾ ਮਸਤੂਆਣਾ ਕੋਲ ਚਲਾ ਗਿਆ ਸੀ ਅਤੇ ਉਥੇ ਸੁੰਦਰ ਇਮਾਰਤ ਤਿਆਰ ਕਰਵਾਈ ਗਈ।

---

101 *ਉਹੀ,* ਪੰਨਾ 131

102 *ਉਹੀ*

**(11) ਬੁੰਗਾ ਬਾਬਾ ਖੜਕ ਸਿੰਘ ਵਾਲਾ**

ਇਸ ਬੁੰਗੇ ਦੀ ਸਥਾਪਨਾ ਸੰਤ ਸੇਵਾ ਸਿੰਘ ਨੇ ਕੀਤੀ ਸੀ। ਬਾਬਾ ਖੜਕ ਸਿੰਘ ਉਨ੍ਹਾਂ ਦੇ ਸਪੁੱਤਰ ਸਨ, ਜੋ ਉਨ੍ਹਾਂ ਤੋ ਮਗਰੋਂ ਇਸ ਬੁੰਗੇ ਦੇ ਮਹੰਤ ਬਣੇ ਸਨ। ਬਾਬਾ ਖੜਕ ਸਿੰਘ ਦੀ ਮਾਤਾ ਦਾ ਨਾਂ 'ਮਾਈ ਮਾਲ੍ਹਾਂ' ਸੀ, ਜੋ ਕਿ ਸਿਮਰਨ ਅਤੇ ਸੇਵਾ ਭਾਵਨਾ ਵਾਲੀ ਇਸਤਰੀ ਸੀ। ਸਭ ਯਾਤਰੀਆਂ ਅਤੇ ਮਾਈ-ਭਾਈ ਦੀ ਪ੍ਰੇਮ ਪੂਰਬਕ ਸੇਵਾ ਕਰਦੀ ਤੇ ਨਾਮ ਜਪਾਉਂਦੀ ਸੀ। ਇਸ ਕਰਕੇ ਇਹ ਬੁੰਗਾ 'ਮਾਈ ਮਾਲ੍ਹਾਂ ਵਾਲਾ ਬੁੰਗਾ' ਵੀ ਪ੍ਰਸਿੱਧ ਸੀ।[103] ਫਿਰ ਭਾਈ ਦੀਦਾਰ ਸਿੰਘ, ਭਾਈ ਧੂਮ ਸਿੰਘ ਅਤੇ ਭਾਈ ਅਮਰ ਸਿੰਘ ਕ੍ਰਮਵਾਰ ਮਹੰਤ ਹੋਏ। ਬਾਅਦ ਵਿੱਚ ਮਹੰਤ ਅਮਰ ਸਿੰਘ ਬੁੰਗਾ ਛੱਡ ਕੇ ਚਲਾ ਗਿਆ ਸੀ ਤੇ ਇਹ ਸਥਾਨ ਖੰਡਰ ਬਣ ਗਿਆ ਸੀ।

**(12) ਬੁੰਗਾ ਮਜ਼ਹਬੀ ਸਿੰਘਾ ਦਾ**

ਇਸ ਬੁੰਗਾ ਭਾਈ ਬੀਰ ਸਿੰਘ ਵੱਲੋਂ ਕਾਇਮ ਕੀਤਾ ਗਿਆ ਸੀ।[104] ਇਹ ਭਾਈ ਬੀਰ ਸਿੰਘ ਉਹੀ ਵਡਭਾਗੇ ਮਹਾਂਪੁਰਖ ਸਨ, ਜਿਨ੍ਹਾਂ ਉਪਰ ਦਸਮ ਗੁਰੂ ਸਾਹਿਬ ਨੇ ਬੰਦੂਕ ਦਾ ਨਿਸ਼ਾਨਾ ਪਰਖ ਕੇ ਭਾਈ ਡੱਲ ਸਿੰਘ ਦਾ ਹੰਕਾਰ ਤੋੜਿਆ ਸੀ। ਭਾਈ ਬੀਰ ਸਿੰਘ ਤੋਂ ਮਗਰੋਂ ਭਾਈ ਭੋਲਾ ਸਿੰਘ ਮਹੰਤ ਬਣੇ ਸਨ। ਮੌਜੂਦਾ ਸਮੇਂ ਵਿਚ ਇਸ ਸਥਾਨ ਉਪਰ ਇੱਕ ਸੁੰਦਰ ਗੁਰਦੁਆਰਾ 'ਗੁਰਦੁਆਰਾ ਭਾਈ ਬੀਰ ਸਿੰਘ ਭਾਈ ਧੀਰ ਸਿੰਘ' ਬਣਿਆ ਹੋਇਆ ਹੈ, ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਹੁਣ ਇਹ ਬੁੰਗਾ ਨਾਨਕਸਰ ਸਰੋਵਰ ਵੱਲ ਸਥਿਤ ਹੈ। ਇਥੋਂ ਦੇ ਮੌਜੂਦਾ ਮੁਖ ਪ੍ਰਬੰਧਕ ਬਾਬਾ ਜਸਵੰਤ ਸਿੰਘ ਜੀ ਹਨ।

**(13) ਬੁੰਗਾ ਨਾਨਕਸਰ**

ਇਸ ਬੁੰਗੇ ਦੀ ਸਥਾਪਨਾ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੇ ਗੜਵਈ ਬਾਬਾ ਬਸੰਤ ਸਿੰਘ ਪਿੰਡ ਲਿੱਦੜਾਂ ਨੇੜੇ ਸੰਗਰੂਰ ਜੀ ਨੇ ਕੀਤੀ ਸੀ। 1946 ਈ. ਵਿਚ ਬਾਬਾ ਸਾਧੂ ਰਾਮ ਜੀ ਟਿੱਬੇ ਵਾਲਿਆਂ ਨੇ ਇਸ ਬੁੰਗੇ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਸੀ। ਬਾਬਾ ਬਸੰਤ ਸਿੰਘ ਜੀ ਤੋਂ ਮਗਰੋਂ ਬਾਬਾ ਮੱਘਰ ਸਿੰਘ ਜੀ ਤੇ ਫਿਰ ਬਾਬਾ ਮਹਿੰਦਰ ਸਿੰਘ ਜੀ ਇੱਥੋਂ ਦੇ ਮੁਖ

---

[103] *ਉਹੀ,* ਪੰਨਾ 132

[104] *ਉਹੀ*

ਸੇਵਾਦਾਰ ਰਹੇ। 1994 ਈ. ਤੋਂ ਲਗਾਤਾਰ ਬਾਬਾ ਧਰਮ ਸਿੰਘ ਜੀ ਇਸ ਬੁੰਗੇ ਦੇ ਮੁਖ ਸੇਵਾਦਾਰ ਦੇ ਤੌਰ 'ਤੇ ਸੇਵਾ ਨਿਭਾ ਰਹੇ ਹਨ। ਅੱਜਕੱਲ ਬੁੰਗਾ ਨਾਨਕਸਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਕਾਰ ਪਾਰਕਿੰਗ ਦੇ ਸੱਜੇ ਪਾਸੇ ਸਥਿਤ ਹੈ। ਮੌਜੂਦਾ ਸਮੇਂ ਦੌਰਾਨ ਬੁੰਗੇ ਵਿਚ ਗੁਰਦੁਆਰਾ ਬਾਬਾ ਸੰਗਤ ਸਿੰਘ ਜੀ ਦੀ ਨਵੀਨ ਇਮਾਰਤ ਉਸਾਰੀ ਜਾ ਰਹੀ ਹੈ।

**(14) ਬੁੰਗਾ ਮਸਤੂਆਣਾ**

ਇਹ ਬੁੰਗਾ 1923 ਈ. ਵਿਚ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੁਆਰਾ ਉਸਾਰਿਆ ਗਿਆ।[105] ਸੰਤ ਅਤਰ ਸਿੰਘ ਜੀ ਦੀ ਆਗਿਆ ਨਾਲ ਸੰਤ ਗੁਲਾਬ ਸਿੰਘ ਜੀ ਨੇ ਪਹਿਲਾਂ 'ਗੁਰਮਤਿ ਮਹਾਂ ਵਿਦਿਆਲਯ ਸੰਤ ਆਸ਼ਰਮ' ਦੀ ਸਥਾਪਨਾ ਪੰਜ ਮਹਾਂਪੁਰਖਾਂ ਤੋਂ ਨੀਂਹ ਰਖਵਾ ਕੇ ਆਰੰਭ ਕੀਤੀ ਸੀ। ਪਹਿਲਾਂ ਇਸ ਸਥਾਨ ਉੱਪਰ ਬੇਰੀਆਂ, ਕਿੱਕਰਾਂ, ਜੰਡ ਕਰੀਰ ਤੇ ਸੰਘਣੀਆਂ ਝਾੜੀਆਂ ਸਨ। ਇਹ ਬੁੰਗਾ ਬਣਨ ਤੋਂ ਬਾਅਦ ਇਸ ਜਗ੍ਹਾ ਦੀ ਕਾਇਆ ਕਲਪ ਹੋ ਗਈ ।

ਬੁੰਗਾ ਮਸਤੂਆਣਾ ਵਿੱਚ 1922 ਈ. ਤੋਂ ਲੈ ਕੇ ਹੁਣ ਤੱਕ ਅਨੇਕਾਂ ਇਮਾਰਤਾਂ ਦਾ ਨਿਰਮਾਣ ਹੋ ਚੁੱਕਾ ਹੈ। ਸੰਤ ਅਤਰ ਸਿੰਘ ਜੀ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਵੀ ਕਰੋੜਾਂ ਰੁਪਏ ਦੀਆਂ ਸੁੰਦਰ ਇਮਾਰਤਾਂ, ਸਰੋਵਰ ਅਤੇ ਸਕੂਲ ਤਿਆਰ ਹੋਏ ਹਨ। ਸੰਨ 1958 ਈ. ਵਿਚ ਗੁਰੂਸਰ ਸਰੋਵਰ ਦੇ ਕਿਨਾਰੇ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀ ਅਤੇ ਪਾਤਸ਼ਾਹੀ ਦਸਵੀਂ ਦਾ ਨੀਂਹ ਪੱਥਰ ਰੱਖਿਆ ਗਿਆ ਸੀ।[106] 1980 ਈ. ਵਿਚ ਗੁਰੂਸਰ ਸਰੋਵਰ ਦੀ ਪਰਿਕਰਮਾ ਦੀ ਕਾਰ ਸੇਵਾ ਪੂਰੀ ਹੋਈ ਸੀ ਅਤੇ ਲੰਗਰ ਦੀ ਸੁੰਦਰ ਇਮਾਰਤ ਬਣਾਈ ਗਈ ਸੀ। ਬੁੰਗਾ ਮਸਤੂਆਣਾ ਵਿੱਚ ਲੱਖਾਂ ਰੁਪਏ ਖਰਚ ਕੇ ਇੱਕ ਬਹੁਤ ਡੂੰਘੀ ਬਾਉਲੀ ਤਿਆਰ ਕੀਤੀ ਗਈ ਸੀ। ਗੁਰੂਸਰ ਸਰੋਵਰ ਵਿੱਚ ਜੋ ਰਜਵਾਹੇ ਵਿੱਚੋਂ ਪਾਣੀ ਆਉਂਦਾ ਹੈ, ਉਹ ਪਹਿਲਾਂ ਇਸ ਬਾਉਲੀ ਵਿੱਚ ਪੈਂਦਾ ਹੈ। ਗਾਰ ਬਾਉਲੀ ਵਿਚ ਰਹਿ ਜਾਂਦੀ ਹੈ ਅਤੇ ਸਾਫ ਪਾਣੀ ਗੁਰੂਸਰ ਸਰੋਵਰ ਵਿੱਚ ਜਾਂਦਾ ਹੈ। ਬੁੰਗਾ ਮਸਤੂਆਣਾ ਵਿੱਚ ਸੰਤ ਜੀ ਨੇ ਕੇਵਲ ਨਾਮ ਬਾਣੀ ਦਾ ਅਭਿਆਸ ਅਤੇ ਧਾਰਮਿਕ ਵਿੱਦਿਆ ਦਾਨ ਦੀ ਹਦਾਇਤ ਕੀਤੀ ਸੀ। ਸੰਤ ਜੀ ਦੇ ਮਨੋਰਥ ਅਨੁਸਾਰ ਇੱਥੇ ਅੱਠੇ ਪਹਿਰ ਲੰਗਰ ਚੱਲਦਾ ਹੈ।

---

[105] ਰਤਨ ਸਿੰਘ ਜੱਗੀ, *ਉਕਤ,* ਪੰਨਾ 946

[106] ਗਿਆਨੀ ਬਲਵੰਤ ਸਿੰਘ, *ਉਕਤ,* ਪੰਨਾ 149

ਧਾਰਮਿਕ ਵਿੱਦਿਆ, ਗੁਰਬਾਣੀ, ਗੁਰ ਇਤਿਹਾਸ ਦਾ ਬੋਧ ਅਤੇ ਕਥਾ ਕੀਰਤਨ ਦੀ ਸਿੱਖਿਆ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ। ਵਿਸਾਖੀ ਦੇ ਜੋੜ ਮੇਲੇ ਤੇ ਹੋਰ ਸਮਾਗਮਾਂ ਸਮੇਂ ਦੇਸ਼-ਪ੍ਰਦੇਸ਼ ਤੋਂ ਅਨੇਕਾਂ ਸੰਤ-ਮਹੰਤ, ਵਿਦਵਾਨ ਅਤੇ ਹੋਰ ਸੰਗਤਾਂ ਬੁੰਗਾ ਮਸਤੂਆਣਾ ਵਿਖੇ ਪਹੁੰਚਦੀਆਂ ਹਨ।

19ਵੀਂ ਸਦੀ ਵਿਚ ਸ੍ਰੀ ਦਮਦਮਾ ਸਾਹਿਬ ਤੋਂ ਵੱਖ-ਵੱਖ ਗੁਰਧਾਮਾਂ ਨੂੰ ਚਾਰ ਚੌਂਕੀਆਂ ਚਲਦੀਆਂ ਹੁੰਦੀਆਂ ਸਨ। ਚੌਂਕੀਆਂ ਸਿੱਖ ਧਰਮ ਦਾ ਅਹਿਮ ਅੰਗ ਹਨ। ਇਹ ਚੌਂਕੀਆਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਸ਼ੁਰੂ ਕੀਤੀਆਂ ਸਨ। ਇਨ੍ਹਾਂ ਚੌਂਕੀਆਂ ਦਾ ਮਨੋਰਥ ਗੁਰਮਤਿ ਪ੍ਰਚਾਰ ਅਤੇ ਗੁਰਧਾਮਾਂ ਦੀ ਯਾਤਰਾ ਕਰਨਾ ਹੁੰਦਾ ਸੀ। ਸ੍ਰੀ ਮੁਕਤਸਰ ਸਾਹਿਬ ਨੂੰ ਜਾਣ ਵਾਲੀ ਚੌਂਕੀ ਸੰਤ ਨਿਹਾਲ ਸਿੰਘ ਜੀ ਉੱਚਾ ਬੁੰਗਾ ਵਾਲਿਆਂ ਨੇ ਸ਼ੁਰੂ ਕੀਤੀ ਸੀ ਅਤੇ ਬਾਕੀ ਤਿੰਨ ਚੌਂਕੀਆਂ ਮਹੰਤ ਸੁੰਦਰ ਸਿੰਘ ਉੱਚਾ ਬੁੰਗਾ ਵਾਲਿਆਂ ਨੇ ਆਰੰਭ ਕੀਤੀਆਂ ਸਨ।[107]

ਸ੍ਰੀ ਮੁਕਤਸਰ ਸਾਹਿਬ ਨੂੰ ਮਾਘੀ ਦੇ ਸਾਲਾਨਾ ਜੋੜ ਮੇਲੇ ਤੇ ਚੌਂਕੀ ਚਲਦੀ ਹੁੰਦੀ ਸੀ। ਦੀਵਾਲੀ ਦੇ ਤਿਉਹਾਰ ਤੇ ਸ੍ਰੀ ਅੰਮ੍ਰਿਤਸਰ ਨੂੰ ਚੌਂਕੀ ਜਾਂਦੀ ਸੀ ਅਤੇ ਉੱਥੇ ਗੁਰਦਆਰਾ ਰਾਮਸਰ ਸਾਹਿਬ ਵਿਖੇ ਠਹਿਰਿਆ ਕਰਦੀ ਸੀ। ਹੋਲੇ-ਮਹੱਲੇ ਦੇ ਮੇਲੇ ਤੇ ਸ੍ਰੀ ਆਨੰਦਪੁਰ ਸਾਹਿਬ ਜਾਣ ਵਾਲੀ ਚੌਂਕੀ ਸ਼ਹੀਦੀ ਬਾਗ ਵਿਚ ਰਿਹਾ ਕਰਦੀ ਸੀ ਅਤੇ ਚੌਥੀ ਚੌਂਕੀ ਦੁਸਹਿਰੇ ਦੇ ਤਿਉਹਾਰ ਸਮੇਂ ਸ੍ਰੀ ਧਮਧਾਨ ਸਾਹਿਬ ਵਿਖੇ ਜਾਂਦੀ ਹੁੰਦੀ ਸੀ। ਸੰਤ ਨਿਹਾਲ ਸਿੰਘ ਜੀ ਅਤੇ ਸੰਤ ਸੁੰਦਰ ਸਿੰਘ ਜੀ ਆਪਣੇ-ਆਪਣੇ ਸਮੇਂ ਇਨ੍ਹਾਂ ਚੌਂਕੀਆਂ ਦੇ ਪ੍ਰਬੰਧਕ ਹੁੰਦੇ ਸਨ। ਚੌਂਕੀ ਗੱਡਿਆਂ ਉਪਰ ਲੰਗਰ ਆਦਿ ਦਾ ਸਾਮਾਨ ਲੱਦ ਕੇ ਰਸਤੇ ਦੇ ਪਿੰਡਾਂ-ਨਗਰਾਂ ਵਿਚ ਕਥਾ-ਕੀਰਤਨ, ਅੰਮ੍ਰਿਤ ਸੰਚਾਰ ਕਰਦੀ, ਨਾਮ-ਬਾਣੀ ਅਤੇ ਸਿੱਖੀ ਨਾਲ ਜੋੜਦੀ ਹੋਈ ਗੁਰਧਾਮ ਵੱਲ ਜਾਂਦੀ ਅਤੇ ਵਾਪਸ ਆਉਂਦੀ ਸੀ। ਇਹ ਪ੍ਰੰਪਰਾ ਕਾਫ਼ੀ ਸਮਾਂ ਚਲਦੀ ਰਹੀ ਸੀ। ਫਿਰ ਮਗਰੋਂ ਬੰਦ ਹੋ ਗਈ ਸੀ।[108]

ਚੀਫ਼ ਖਾਲਸਾ ਦੀਵਾਨ ਨਾਲ ਸਿਧਾਂਤਕ ਮੱਤਭੇਦ ਹੋਣ ਕਰਕੇ ਬਾਬੂ ਤੇਜਾ ਸਿੰਘ ਭਸੌੜ ਨੇ 1907 ਈ. (1964 ਬਿ.) ਨੂੰ ਵਿਸਾਖੀ ਦੇ ਮੇਲੇ ਦੇ ਮੌਕੇ 'ਤੇ ਸ੍ਰੀ ਦਮਦਮਾ ਸਾਹਿਬ ਵਿਖੇ ਇਕੱਠ ਕਰ ਕੇ 'ਪੰਚ

---

[107] ਗਿਆਨੀ ਬਲਵੰਤ ਸਿੰਘ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਪ੍ਰਾਕਥਨ, ਪੰਨੇ 3-4

[108] *ਉਹੀ,* ਪੰਨਾ 4

ਖਾਲਸਾ ਦੀਵਾਨ' ਕਾਇਮ ਕੀਤਾ ਸੀ।[109] ਇਸ ਇਕੱਤ੍ਰਤਾ ਵਿਚ ਭਾਈ ਰਣਧੀਰ ਸਿੰਘ ਨਾਰੰਗਵਾਲ, ਭਾਈ ਕਾਨ੍ਹ ਸਿੰਘ ਨਾਭਾ, ਡਾ. ਨੱਥਾ ਸਿੰਘ, ਭਾਈ ਵਸਾਵਾ ਸਿੰਘ ਅਤੇ ਸ. ਬਚਨ ਸਿੰਘ ਵਕੀਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਸਨ। ਸ੍ਰੀ ਗੁਰੂ ਸਿੰਘ ਸਭਾ ਭਸੌੜ ਵੱਲੋਂ ਕਈ ਪ੍ਰਤੀਨਿਧ ਸਿੰਘ ਸਭਾਵਾਂ ਅਤੇ ਜੱਥੇ ਇਕੱਠੇ ਕਰ ਕੇ ਇਸ  ਦੀਵਾਨ ਦੀ ਸਥਾਪਨਾ ਕੀਤੀ ਗਈ ਸੀ।

ਪਹਿਲਾਂ ਤਾਂ ਪੰਚ ਖਾਲਸਾ ਦੀਵਾਨ ਦਾ ਕੇਂਦਰ ਸ੍ਰੀ ਦਮਦਮਾ ਸਾਹਿਬ ਵਿਖੇ ਹੀ ਰੱਖਣ ਦਾ ਫੈਸਲਾ ਕੀਤਾ ਗਿਆ ਸੀ। ਪਰੰਤੂ ਜਦੋਂ ਇਸ ਦੀਵਾਨ ਦੀਆਂ ਗਤੀਵਿਧੀਆਂ ਦਾ ਕੇਂਦਰ ਕਸਬਾ ਭਸੌੜ (ਮਲੇਰਕੋਟਲਾ ਤੋਂ ਧੂਰੀ ਰੋਡ ਤੇ ਇੱਕ ਕਸਬਾ) ਹੋਣ ਕਾਰਣ ਇਸ ਦਾ ਕੇਂਦਰ ਭਸੌੜ ਬਣਾਇਆ ਗਿਆ ਸੀ, ਤਾਂ 1908 ਈ. ਵਿਚ ਇੱਥੇ ਇੱਕ ਹੋਰ 'ਖਾਲਸਾ ਦੀਵਾਨ ਦਮਦਮਾ ਸਾਹਿਬ' ਸਥਾਪਿਤ ਕੀਤਾ ਗਿਆ ਸੀ। ਉਸ ਦੀਵਾਨ ਦੇ ਸਕੱਤਰ ਭਾਈ ਰਣਧੀਰ ਸਿੰਘ ਨਾਰੰਗਵਾਲ ਜੀ ਨੂੰ ਲਗਾਇਆ ਗਿਆ ਸੀ।[110] ਭਾਈ ਸਾਹਿਬ ਖਾਲਸਾ ਹਾਈ ਸਕੂਲ ਦੀ ਸਥਾਪਨਾ ਲਈ ਕੀਰਤਨੀ ਜੱਥੇ ਨਾਲ ਪਿੰਡਾਂ ਵਿਚ ਉਗਰਾਹੀ ਲਈ ਜਾਂਦੇ ਹੁੰਦੇ ਸਨ। ਇਸ ਸਕੂਲ ਨੂੰ ਸਥਾਪਤ ਕਰਨ ਵਿਚ ਭਾਈ ਸਾਹਿਬ ਨੇ ਬਹੁਤ ਵੱਡਾ ਯੋਗਦਾਨ ਪਾਇਆ। ਉਸ ਸਮੇਂ ਵਿੱਦਿਆ ਪੱਖੋਂ ਪੱਛੜੇ ਇਸ ਇਲਾਕੇ ਵਿਚ ਕਈ ਕਿਲੋਮੀਟਰ ਤੱਕ ਇਹ ਇਕਲੌਤਾ ਸਕੂਲ ਹੁੰਦਾ ਸੀ।

ਸ਼ਾਹਜ਼ਾਦਪੁਰੀਆ ਸਰਦਾਰ ਜੀਵਨ ਸਿੰਘ ਚਾਹੁੰਦਾ ਸੀ ਕਿ ਗੁਰੂ ਕਾਸ਼ੀ ਦੇ ਸਮੂਹ ਮਹੰਤ ਅਤੇ ਪੁਜਾਰੀ ਸ੍ਰੀ ਦਮਦਮਾ ਸਾਹਿਬ ਨੂੰ ਛੱਡ ਕੇ ਚਲੇ ਜਾਣ ਤਾਂ ਕਿ ਤਖ਼ਤ ਸਾਹਿਬ ਦੀ ਸਾਰੀ ਜਾਇਦਾਦ ਉਸਦੀ ਨਿੱਜੀ ਮਲਕੀਅਤ ਬਣਨ ਵਿਚ ਕਿਸੇ ਕਿਸਮ ਦਾ ਕੋਈ ਅੜਿੱਕਾ ਨਾ ਆਵੇ। ਇਸ ਕਰਕੇ ਉਹ ਹਰ ਤਰ੍ਹਾਂ ਨਾਲ ਉਨ੍ਹਾਂ ਨੂੰ ਦੁੱਖੀ ਕਰ ਰਿਹਾ ਸੀ। ਉਨ੍ਹਾਂ 'ਤੇ ਇਲਜਾਮ ਲਾ ਕੇ ਅਪਮਾਨ ਕੀਤਾ ਜਾਂਦਾ ਸੀ। ਦੁਖੀ ਹੋਏ ਮਹੰਤਾਂ ਅਤੇ ਗਿਆਨੀਆਂ ਨੇ ਸਿੱਖ ਰਾਜਿਆਂ ਮਹਾਰਾਜਿਆਂ ਨੂੰ ਚਿੱਠੀਆਂ ਲਿਖ ਕੇ ਇਥੋਂ ਦੇ ਮਾੜੇ ਹਾਲਾਤਾਂ ਬਾਰੇ ਦੱਸਿਆ। ਮਹੰਤਾਂ ਵੱਲੋਂ ਮਹਾਰਾਜਾ ਹੀਰਾ ਸਿੰਘ ਨਾਭਾ ਨੂੰ ਲਿਖੀ ਗਈ ਇੱਕ ਚਿੱਠੀ ਮਿਲਦੀ ਹੈ। ਜਿਸ ਵਿਚ ਸ੍ਰੀ ਦਮਦਮਾ ਸਾਹਿਬ ਦੇ ਮਾੜੇ ਪ੍ਰਬੰਧਾਂ ਦਾ ਵਰਣਨ ਕਰਦੇ ਹੋਏ ਬੇਨਤੀ ਕੀਤੀ ਗਈ ਸੀ ਕਿ ਇਥੋਂ ਦੇ ਪ੍ਰਬੰਧ ਵਿਚ ਸੁਧਾਰ ਕੀਤਾ ਜਾਵੇ ਅਤੇ ਬੰਦ ਹੋਇਆ ਲੰਗਰ ਫਿਰ ਤੋਂ ਚਾਲੂ ਕਰਵਾਇਆ ਜਾਵੇ। ਇਹ

---

[109] ਰਤਨ ਸਿੰਘ ਜੱਗੀ, *ਉਕਤ*, ਪੰਨਾ 1152

[110] ਭਾਈ ਰਣਧੀਰ ਸਿੰਘ ਨਾਰੰਗਵਾਲ, *ਜੇਲ੍ਹ ਚਿੱਠੀਆਂ*, ਪੰਨਾ 57

ਦੱਸਿਆ ਗਿਆ ਸੀ ਕਿ ਅੰਗਰੇਜ਼ਾਂ ਦੇ ਆਉਣ 'ਤੇ ਸ਼ਾਹਜਾਦਪੁਰੀਆਂ ਨੇ ਤਖ਼ਤ ਸਾਹਿਬ ਦੀ ਸਾਰੀ ਜ਼ਮੀਨ ਜਾਇਦਾਦ ਤੇ ਕਬਜ਼ਾ ਕਰ ਲਿਆ ਅਤੇ ਗੁਰ-ਮਰਿਆਦਾ ਦਾ ਕੋਈ ਵੀ ਨਿਯਮ ਇਥੇ ਲਾਗੂ ਨਹੀ ਕੀਤਾ ਜਾਂਦਾ।[111]

ਇਹ ਚਿੱਠੀ ਮਿਲਣ ਉਪਰੰਤ ਮਹਾਰਾਜਾ ਹੀਰਾ ਸਿੰਘ ਨਾਭਾ ਨੇ 11 ਨਵੰਬਰ 1911 ਈ. ਨੂੰ ਇੱਕ ਹੁਕਮ ਜਾਰੀ ਕੀਤਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਲੰਗਰ ਲਈ ਬਾਰ੍ਹਾਂ ਸੌ (1200) ਰੁਪਏ ਸਾਲਾਨਾ ਰਿਆਸਤ ਨਾਭਾ ਵੱਲੋਂ ਦਿੱਤਾ ਜਾਇਆ ਕਰੇਗਾ ਅਤੇ ਸ਼ਾਹਜ਼ਾਦਪੁਰੀਆਂ ਦਾ ਇਸ ਜਗੀਰ ਨਾਲ ਕੋਈ ਸੰਬੰਧ ਨਹੀਂ ਹੋਵੇਗਾ।[112]

ਪੁਰਾਤਨ ਸਮੇਂ ਤੋਂ ਹੀ ਤਖ਼ਤ ਸ੍ਰੀ ਦਮਦਮਾ ਸਾਹਿਬ ਪੰਥਕ ਫੈਸਲਿਆਂ ਦਾ ਕੇਂਦਰ ਰਿਹਾ ਹੈ। ਇਥੋਂ ਦੇ ਜੱਥੇਦਾਰ, ਮਹੰਤ, ਗਿਆਨੀ, ਲਿਖਾਰੀ ਸਿੱਖ ਸਿਧਾਂਤਾਂ ਨੂੰ ਗੁਰਬਾਣੀ ਦੀ ਸੇਧ ਮੁਤਾਬਕ ਜਾਣਨ ਵਾਲੇ ਮੰਨੇ ਜਾਂਦੇ ਸਨ। ਹਰ ਵਿਚਾਰ ਅਤੇ ਫੈਸਲਾ ਗੁਰਬਾਣੀ ਦੀ ਰੋਸ਼ਨੀ ਵਿਚ ਕੀਤਾ ਜਾਂਦਾ ਸੀ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਦਸਮ ਗ੍ਰੰਥ ਦੇ ਸੰਗ੍ਰਹਿ ਦਾ ਫੈਸਲਾ ਵੀ ਸੰਨ 1740 ਈ. ਵਿਚ ਖਾਲਸਾ ਪੰਥ ਵੱਲੋਂ ਇਥੇ ਹੀ ਕੀਤਾ ਗਿਆ ਸੀ।[113]

ਭਾਵੇਂ ਜਦੋਂ ਤੋਂ ਤਖ਼ਤ ਸਾਹਿਬ ਦੀ ਜਾਇਦਾਦ 'ਤੇ ਸ਼ਾਹਜ਼ਾਦਪੁਰੀਆਂ ਦਾ ਕਬਜ਼ਾ ਹੋ ਗਿਆ ਸੀ, ਉਦੋਂ ਤੋਂ ਹੀ ਇਸ ਦੀ ਸ਼ਾਨ ਸ਼ੌਕਤ ਅਤੇ ਧਾਰਮਿਕ ਮਰਿਆਦਾ ਵਿਚ ਢਿੱਲ ਆਉਣ ਲੱਗ ਪਈ ਸੀ। ਪਰੰਤੂ ਫਿਰ ਵੀ ਇਥੋਂ ਦੀ ਧਾਰਮਿਕ ਮਰਿਆਦਾ ਪੰਥ ਵਿਚ ਮੁੱਖ ਮੰਨੀ ਜਾਂਦੀ ਸੀ। ਖਾਲਸਾ ਪੰਥ ਦੇ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਮਸਲਿਆਂ ਵਿਚ ਅਗਵਾਈ ਲਈ ਜਾਂਦੀ ਸੀ। ਭਾਵੇਂ ਹੋਰ ਗੁਰਦੁਆਰਿਆਂ ਵਾਂਗ ਇਸ ਤਖ਼ਤ ਸਾਹਿਬ 'ਤੇ ਰਈਸ ਸਿੱਖਾਂ ਅਤੇ ਪੁਜਾਰੀਵਾਦ ਦਾ ਕੁਝ ਪ੍ਰਭਾਵ ਪਿਆ, ਪਰੰਤੂ ਇਹ ਵੀ ਮੰਨਣਾ ਪਵੇਗਾ ਕਿ ਇਸ ਦੀ ਸੁਧਾਈ ਵਾਸਤੇ ਨਾਲੋ-ਨਾਲ ਕੋਸ਼ਿਸ਼ਾਂ ਵੀ ਹੁੰਦੀਆ ਰਹੀਆਂ ਸਨ।

ਵਿਸਾਖੀ ਦੇ ਜੋੜ ਮੇਲੇ ਅਤੇ ਹੋਰ ਸਮਾਗਮਾਂ 'ਤੇ ਪਤਿੱਤਾ ਅਤੇ ਢਿੱਲੜਾਂ ਨੂੰ ਤਖ਼ਤ ਸਾਹਿਬ 'ਤੇ ਸੱਦ

---

111 ਗਿਆਨੀ ਬਲਵੰਤ ਸਿੰਘ, *ਉਕਤ,* ਪੰਨੇ 110 -113

112 ਗੁਰਦੁਆਰਾ ਗਜ਼ਟ, ਪੰਨਾ 137

113 *ਉਹੀ,* ਪੰਨਾ 90

ਕੇ ਤਨਖਾਹਾਂ ਲਾਈਆਂ ਜਾਂਦੀਆਂ ਸਨ। ਇਸ ਮੌਕੇ ਤਖ਼ਤ ਸਾਹਿਬ ਅਤੇ ਸਾਰਿਆਂ ਬੁੰਗਿਆਂ ਦੇ ਮਹੰਤ, ਗਿਆਨੀ ਤੇ ਗ੍ਰੰਥੀ ਤਖ਼ਤ ਸਾਹਿਬ 'ਤੇ ਹਾਜ਼ਰ ਹੁੰਦੇ ਸਨ। ਇੱਕ ਵਾਰ ਮਲਵਈ ਬੁੰਗੇ ਦੇ ਮਹੰਤ ਉੱਤਮ ਸਿੰਘ ਨੂੰ ਵਿਆਹ ਸਮੇਂ ਗੁਰਮਤਿ ਅਨੁਸਾਰ ਆਨੰਦ ਕਾਰਜ ਕਰਨ ਦੀ ਥਾਂ ਬ੍ਰਾਹਮਣੀ ਮੱਤ ਮੁਤਾਬਿਕ ਫੇਰੇ ਲੈਣ ਕਰਕੇ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਮਹੰਤ ਉੱਤਮ ਸਿੰਘ ਨੇ ਵੀ ਨਿਮਾਣਤਾ ਸਹਿਤ ਦੀਵਾਨ ਵਿਚ ਖੜੇ ਹੋ ਕੇ ਤਨਖਾਹ ਲਗਵਾਈ ਸੀ।[114] ਇਹ ਉਸ ਸਮੇਂ (1899 ਈ.) ਦਾ ਪ੍ਰਸੰਗ ਹੈ ਜਦੋਂ ਸਿੱਖਾਂ ਵਿਚ ਆਨੰਦ ਕਾਰਜ ਕਰਨ ਦੀ ਰਸਮ ਬ੍ਰਾਹਮਣਵਾਦੀ ਪ੍ਰਭਾਵ ਹੇਠ ਪੂਰੀ ਤਰ੍ਹਾਂ ਦੱਬ ਗਈ ਸੀ ਅਤੇ ਆਨੰਦ ਮੈਰਿਜ ਐਕਟ ਵੀ ਅਜੇ ਹੋਂਦ ਵਿਚ ਨਹੀਂ ਆਇਆ ਸੀ। ਇਸ ਤਰ੍ਹਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਪੁਰਾਤਨ ਸਮੇਂ ਤੋਂ ਹੀ ਗੁਰਮਤਿ ਅਨੁਸਾਰ ਜੀਵਨ ਸੰਸਕਾਰ ਕਰਨ ਲਈ ਜ਼ੋਰ ਦਿੰਦਾ ਰਿਹਾ ਹੈ ਅਤੇ ਗੁਰਮਤਿ ਸਿਧਾਂਤਾਂ ਬਾਰੇ ਸੇਧ ਦਿੰਦਾ ਰਿਹਾ ਹੈ।

ਪੁਰਾਤਨ ਸਿੱਖ ਵਿਦਵਾਨ ਤੇ ਲੇਖਕ ਆਪਣੇ ਗ੍ਰੰਥ ਪ੍ਰਕਾਸ਼ਤ ਕਰਨ ਤੋਂ ਪਹਿਲਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੇਸ਼ ਕਰ ਕੇ ਸੋਧਿਆ ਕਰਦੇ ਸਨ ਅਤੇ ਪ੍ਰਵਾਨਗੀ ਪ੍ਰਾਪਤ ਕਰਦੇ ਸਨ। ਹੇਠ ਲਿਖੇ ਗ੍ਰੰਥ ਇਥੇ ਪੜ੍ਹ ਸੁਣ ਕੇ ਸੋਧੇ ਗਏ ਅਤੇ ਪ੍ਰਵਾਨ ਕੀਤੇ ਗਏ ਸਨ:-

- ਭਾਈ ਅਵਤਾਰ ਸਿੰਘ ਵਹੀਰੀਆ ਦੇ ਦੋ ਗ੍ਰੰਥ 'ਖਾਲਸਾ ਧਰਮ ਸ਼ਾਸਤਰ' (1914 ਈ.) ਅਤੇ 'ਗੁਰਦਰਸ਼ਨ ਸ਼ਾਸਤਰ' (1916 ਈ.) ਪ੍ਰਵਾਨ ਕੀਤੇ ਗਏ ਸਨ।
- ਪੰਚ ਖਾਲਸਾ ਦੀਵਾਨ (ਸ੍ਰੀ ਗੁਰੂ ਸਿੰਘ ਸਭਾ ਭਸੌੜ) ਵੱਲੋਂ ਕਈ ਪ੍ਰਤੀਨਿਧ ਸਿੰਘ ਸਭਾਵਾਂ ਤੇ ਜੱਥਿਆਂ ਦੀ ਇਕੱਤਰਤਾ ਪਹਿਲੀ ਵਿਸਾਖ ਸੰਨ 1907 ਈ. (1964 ਬਿ.) ਨੂੰ ਕਰਕੇ 'ਖਾਲਸਾ ਰਹਿਤ ਪ੍ਰਕਾਸ਼' ਗ੍ਰੰਥ ਸੋਧਿਆ ਅਤੇ ਪ੍ਰਚਾਰਿਆ ਗਿਆ ਸੀ।[115]
- ਭਾਈ ਕਾਨ੍ਹ ਸਿੰਘ ਨਾਭਾ ਦਾ ਗ੍ਰੰਥ 'ਹਮ ਹਿੰਦੂ ਨਹੀਂ' 25 ਵਿਸਾਖ 1899 ਈ. ਨੂੰ ਪ੍ਰਵਾਨ ਕੀਤਾ ਗਿਆ ਸੀ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਪੁਸਤਕ 'ਹਮ ਹਿੰਦੂ ਨਹੀ' ਲਿਖੀ, ਤਾਂ ਕਈ ਪੰਥ ਵਿਰੋਧੀ ਲੋਕਾਂ ਅਤੇ ਕਈ ਜਾਤੀ ਤੌਰ ਤੇ ਈਰਖਾਲੂਆਂ ਨੇ ਇਸ ਵਿਰੁੱਧ ਮਹਾਰਾਜਾ ਹੀਰਾ ਸਿੰਘ

[114] ਖਾਲਸਾ ਅਖ਼ਬਾਰ ਲਾਹੌਰ, 9 ਜੂਨ 1899 ਈ., ਗੁਰਦੁਆਰਾ ਗਜ਼ਟ, ਨਵੰਬਰ 1965 ਈ. ਦੇ ਹਵਾਲੇ ਨਾਲ, ਪੰਨਾ 97

[115] ਗੁਰਦੁਆਰਾ ਗਜ਼ਟ, ਪੰਨਾ 98

ਨਾਭਾ ਅਤੇ ਪੰਜਾਬ (ਅੰਗਰੇਜ਼) ਸਰਕਾਰ ਕੋਲ ਸ਼ਿਕਾਇਤ ਕੀਤੀ ਕਿ ਇਹ ਪੁਸਤਕ ਹਿੰਦੂਆਂ-ਸਿੱਖਾਂ ਵਿੱਚ ਫੁੱਟ ਪਾਉਣ ਵਾਲੀ ਹੈ। ਭਾਈ ਕਾਨ੍ਹ ਸਿੰਘ ਜੀ ਨੇ ਆਪਣੀ ਪੁਸਤਕ ਸਾਰੇ ਤਖ਼ਤ ਸਾਹਿਬਾਨ ਨੂੰ ਭੇਜੀ। ਤਖ਼ਤ ਸਾਹਿਬਾਨਾਂ ਨੇ ਪੁਸਤਕ ਦੇ ਸਿਧਾਂਤ ਦੀ ਪ੍ਰੋੜਤਾ ਵਿਚ ਹੁਕਮਨਾਮੇ ਕੱਢੇ। ਇਸ ਤਰ੍ਹਾਂ ਇਸ ਪੁਸਤਕ ਨੂੰ ਪੜ੍ਹ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਵੀ ਹੁਕਮਨਾਮਾ ਜਾਰੀ ਕੀਤਾ ਗਿਆ, ਜਿਸ ਵਿੱਚ ਇਸ ਪੁਸਤਕ ਦੀ ਪ੍ਰਸੰਸਾ ਕੀਤੀ ਗਈ ਸੀ।[116]

- ਭਾਈ ਟਹਿਲ ਸਿੰਘ ਲੰਮੇ ਜੱਟਪੁਰੇ ਵਾਲਿਆ ਦਾ ਗ੍ਰੰਥ 'ਰਾਗਮਾਲਾ ਮੰਡਨ' ਸੰਨ 1908 ਈ. ਨੂੰ ਪ੍ਰਵਾਨ ਹੋਇਆ ਸੀ।
- ਗਿਆਨੀ ਸਾਹਿਬ ਸਿੰਘ ਧਮਤਾਨ ਸਾਹਿਬ ਵਾਲਿਆਂ ਦੇ ਦੋ ਗ੍ਰੰਥ 'ਰਾਗਮਾਲਾ ਪ੍ਰਬੋਧ' ਅਤੇ 'ਦਸਮ ਗੁਰ ਗਿਰਾ ਪ੍ਰਕਾਸ਼' 1908 ਈ. ਵਿਚ ਪ੍ਰਵਾਨ ਕੀਤੇ ਗਏ ਸਨ।[117]

ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਪੁਰਾਤਨ ਚਾਂਦੀ ਜਾਂ ਤਾਂਬੇ ਦੀ ਮੋਹਰ ਅੱਜ ਤੱਕ ਸੰਭਾਲੀ ਹੋਈ ਹੈ। ਇਸ ਮੋਹਰ ਵਿਚ ਇਹ ਅੱਖਰ ਖੁਦੇ ਹੋਏ ਹਨ:-

"ਅਕਾਲ ਸਹਾਇ

ਗੁਰੂ ਗੋਬਿੰਦ ਸਿੰਘ

ਸਾਹਿਬ ਜੀ ਕੀ ਜਗਾ ਤ

ਖਤ ਸ੍ਰੀ ਦਮਦਮਾ ਜੀ"

ਇਹ ਮੋਹਰ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲੋਂ ਲਿਖੇ ਜਾਂਦੇ ਹੁਕਮਨਾਮਿਆਂ, ਚਿੱਠੀਆਂ, ਮੇਜਰਨਾਮਿਆਂ, ਵਹੀਆਂ ਆਦਿ ਵਿਚ ਸ਼ੁਰੂ ਤੋਂ ਹੀ ਵਰਤੀ ਜਾਂਦੀ ਸੀ। ਸ੍ਰੀ ਦਮਦਮਾ ਸਾਹਿਬ ਦੇ ਬੁੰਗਿਆਂ ਦੇ ਮਹੰਤਾਂ ਦੀਆਂ ਵਹੀਆਂ ਵਿਚ ਵੀ ਇਹ ਮੋਹਰ ਲੱਗੀ ਹੋਈ ਮਿਲਦੀ ਹੈ।[118] ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਇਹ ਮੋਹਰ ਪੰਥ ਖਾਲਸਾ ਵੱਲੋਂ ਭਾਈ ਦੇਸ ਰਾਜ ਸੁਰ ਸਿੰਘ ਵਾਲੇ ਨੂੰ ਦਿੱਤੀ ਗਈ ਉਸ ਮੋਹਰ ਦੀ ਨਕਲ ਹੈ, ਜਿਹੜੀ

---

[116] ਭਾਈ ਕਾਨ੍ਹ ਸਿੰਘ ਨਾਭਾ, *ਹਮ ਹਿੰਦੂ ਨਹੀਂ,* ਪੰਨਾ 17

[117] ਗਿਆਨੀ ਬਲਵੰਤ ਸਿੰਘ, *ਉਕਤ,* ਪੰਨੇ 83-84

[118] ਗੁਰਦੁਆਰਾ ਗਜ਼ਟ, ਪੰਨਾ 91

ਮੋਹਰ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਵਾਸਤੇ ਹੁਕਮਨਾਮੇਂ ਜਾਰੀ ਕਰਨ ਲਈ ਉਨ੍ਹਾਂ ਨੂੰ ਸੌਂਪੀ ਗਈ ਸੀ।[119]

ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਪੁਰਾਤਨ ਸਮੇਂ ਤੋਂ ਹੀ ਵੱਖ-ਵੱਖ ਮਸਲਿਆਂ ਨਾਲ ਸੰਬੰਧਤ ਹੁਕਮਨਾਮੇ ਜਾਰੀ ਹੁੰਦੇ ਰਹੇ ਹਨ। ਇਸ ਤਖ਼ਤ ਸਾਹਿਬ ਤੋਂ 1818 ਈ. ਤੋਂ ਵੀ ਪਹਿਲਾਂ ਦੇ ਜਾਰੀ ਹੋਏ ਹੁਕਮਨਾਮੇ ਮਿਲਦੇ ਹਨ। ਇਨ੍ਹਾਂ ਹੁਕਮਨਾਮਿਆਂ ਤੇ ਤਖ਼ਤ ਸਾਹਿਬ ਦੀ ਮੋਹਰ ਲੱਗੀ ਹੋਈ ਮਿਲਦੀ ਹੈ। ਤਖ਼ਤ ਦੀ ਮੋਹਰ ਵਾਲੇ ਇਨ੍ਹੇ ਪੁਰਾਣੇ ਹੁਕਮਨਾਮੇ ਹੋਰ ਕਿਸੇ ਤਖ਼ਤ ਸਾਹਿਬ ਤੋਂ ਜਾਰੀ ਹੋਏ ਨਹੀਂ ਮਿਲਦੇ ਹਨ। ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਜਾਰੀ ਹੋਏ ਪੁਰਾਤਨ ਹੁਕਮਨਾਮੇ ਹੇਠ ਲਿਖੇ ਹਨ:-

- ਸੰਨ 1818 ਈ. (ਸੰਮਤ 1875 ਬਿ.) ਵਿਚ ਦਮਦਮਾ ਸਾਹਿਬ ਦੇ ਪੁਜਾਰੀ ਭਾਈ ਜੀਤ ਸਿੰਘ ਵੱਲੋਂ ਜਾਰੀ ਹੋਇਆ ਹੁਕਮਨਾਮਾ ਪਿੰਡ ਤਿਉਣਾ ਪੁਜਾਰੀਆਂ (ਤਲਵੰਡੀ ਸਾਬੋ ਤੋਂ 5-6 ਕਿਲੋਮੀਟਰ ਪੱਛਮ ਵੱਲ) ਉਸਦੇ ਪਰਿਵਾਰ ਕੋਲ ਮੌਜੂਦ ਹੈ।
- 1818 ਈ. ਤੋਂ ਵੀ ਪਹਿਲਾਂ ਦਾ ਜਾਰੀ ਹੋਇਆ ਹੁਕਮਨਾਮਾ ਉਪਰੋਕਤ ਪਿੰਡ ਵਿਚ ਮੌਜੂਦ ਹੈ। ਸੰਮਤ ਵਾਲੀ ਥਾਂ ਨਸ਼ਟ ਹੋ ਗਈ ਹੈ। ਇਸ ਹੁਕਮਨਾਮੇ ਤੋਂ ਇਹ ਵੇਰਵਾ ਨਹੀਂ ਮਿਲਦਾ ਹੈ ਕਿ ਇਸਨੂੰ ਪੁਜਾਰੀ ਭਾਈ ਜੀਤ ਸਿੰਘ ਨੇ ਲਿਖਿਆ ਜਾਂ ਨਕਲ ਕੀਤਾ।
- ਜੁਲਾਈ 1917 ਈ. (30 ਹਾੜ ਸੰਮਤ 1974 ਬਿ.) ਵਿਚ ਬਾਬੂ ਤੇਜਾ ਸਿੰਘ ਭਸੌੜ ਨੂੰ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਕਰਨ ਤੋਂ ਰੋਕਣ ਲਈ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਸੰਨ 1916 ਈ. ਵਿੱਚ ਜਦੋਂ ਬਾਣੀ 'ਰਾਗਮਾਲਾ' ਦੇ ਵਿਰੁੱਧ ਰੌਲਾ ਪਿਆ, ਤਾਂ ਬਾਬੂ ਤੇਜਾ ਸਿੰਘ ਭਸੌੜ ਵਾਲਿਆਂ ਨੇ ਇਤਨੀ ਦ੍ਰਿੜਤਾ ਨਾਲ ਇਸ ਦੇ ਖਿਲਾਫ ਪ੍ਰਚਾਰ ਕੀਤਾ ਕਿ ਉਨ੍ਹਾਂ ਨੇ ਕਈ ਬੀੜਾਂ ਰਾਗਮਾਲਾ ਤੋਂ ਬਿਨਾਂ ਹੀ ਛਪਵਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੇ ਪ੍ਰਤੀਕਰਮ ਵਜੋਂ ਪੈਦਾ ਹੋਏ ਤਿੱਖੇ ਵਿਰੋਧ ਨੂੰ ਦੇਖਦਿਆਂ ਬਾਕੀ ਤਖਤਾਂ ਦੀ ਤਰ੍ਹਾਂ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਵੀ ਹੁਕਮਨਾਮਾ ਜਾਰੀ ਕੀਤਾ ਗਿਆ ਸੀ।
- ਫਰਵਰੀ 1927 ਈ. (22 ਮਾਘ ਸੰਮਤ 1984 ਬਿ.) ਵਿਚ ਨਿਰਮਲ ਸੰਪ੍ਰਦਾਇ ਦੀ ਤਖ਼ਤ

---

[119] *ਉਹੀ,* ਪੰਨਾ 94

ਸਾਹਿਬ ਤੇ ਅਰਦਾਸ ਕਰਨ ਅਤੇ ਪੰਥ ਵਿਚ ਉਨ੍ਹਾਂ ਨਾਲ ਦੁਬਾਰਾ ਅਭੇਦ ਵਰਤਾਉ ਕਰਨ ਲਈ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਕਿਉਂਕਿ ਨਿਰਮਲ ਅਖਾੜਾ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪੁਜਾਰੀਆਂ ਵਿਚਕਾਰ ਝਗੜਾ ਹੋਣ ਕਾਰਨ ਸਾਰੇ ਤਖ਼ਤ ਤੇ ਨਿਰਮਲਿਆਂ ਦੀ ਅਰਦਾਸ ਬੰਦ ਕਰ ਦਿੱਤੀ ਗਈ ਸੀ।[120]

- ਅਪ੍ਰੈਲ 1928 ਈ. ਵਿਚ ਬਾਬੂ ਤੇਜਾ ਸਿੰਘ ਭਸੌੜੀਏ ਨੂੰ ਗੁਰਮੁਖੀ ਕੋਰਸ ਵਿਚ ਗੁਰਬਾਣੀ ਦੇ ਖੰਡਨ ਕਰਨ ਦਾ ਦੋਸ਼ੀ ਮੰਨਦੇ ਹੋਏ ਉਸ ਨਾਲ ਨਾ-ਮਿਲਵਰਤਨ ਦਾ ਹੁਕਮਨਾਮਾ ਜਾਰੀ ਕੀਤਾ ਗਿਆ ਸੀ।
- 1941 ਈ. ਵਿਚ ਕੂਕਿਆਂ (ਨਾਮਧਾਰੀਆਂ) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰਾ ਪਾਠ ਕਰਨ ਦਾ ਭਾਰੀ ਦੋਸ਼ੀ ਮੰਨਿਆ ਗਿਆ ਅਤੇ ਇਸ ਸੰਬੰਧੀ ਚਿੱਠੀ ਸਰਬ ਹਿੰਦ ਕੂਕਾ ਕੁਫ਼ਰ ਤੋੜ ਅਕਾਲੀ ਕਾਨਫ਼ਰੰਸ, ਮੁਲਾਂਪੁਰ ਦਾਖਾ ਵਿਖੇ ਭੇਜੀ ਗਈ ਸੀ।[121]

ਸਾਧੂ ਸਦਾ ਰਾਮ ਆਰਿਫ਼ ਜੀ ਤਲਵੰਡੀ ਸਾਬੋ ਇਲਾਕੇ ਵਿਚ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਪ੍ਰਸਿੱਧ ਪੰਜਾਬੀ ਕਿੱਸਾਕਾਰ ਕਵੀ ਹੋਏ ਹਨ। ਪਹਿਲਾਂ ਉਹ ਕੁਝ ਸਮਾਂ ਸ੍ਰੀ ਦਮਦਮਾ ਸਾਹਿਬ ਵਿਖੇ ਰਹੇ ਅਤੇ ਫਿਰ ਸਾਧੂ ਹੋ ਕੇ ਨੇੜੇ ਹੀ ਇੱਕ ਪਿੰਡ ਗਿਆਨਾ ਵਿਚ ਰਹਿਣ ਲੱਗ ਪਏ ਸਨ। ਉਨ੍ਹਾਂ ਨੇ ਸਤਾਰ੍ਹਾਂ ਕਿੱਸੇ ਲਿਖੇ ਸਨ। ਉਨ੍ਹਾਂ ਨੇ ਸੰਨ 1922 ਈ. (1979 ਬਿ.) ਵਿਚ ਗੁਰੂ ਕਾਸ਼ੀ ਦੀ ਮਹਿਮਾ ਵਿਚ 'ਦਮਦਮੇ ਸਾਹਿਬ ਦਾ ਫ਼ਲ' ਨਾਂ ਦਾ ਇੱਕ ਸੁੰਦਰ ਕਿੱਸਾ ਲਿਖਿਆ। ਇਸ ਕਿੱਸੇ ਵਿਚ ਦਸਮ ਗੁਰੂ ਸਾਹਿਬ ਦੀ ਆਮਦ ਅਤੇ ਇਸ ਸਥਾਨ ਦੀ ਉਸਤਤੀ ਕਾਵਿ ਰੂਪ ਵਿਚ ਵਰਣਨ ਕੀਤੀ ਗਈ ਹੈ। ਇਸ ਕਿੱਸੇ ਦੇ ਅੰਤ ਵਿਚ ਸ੍ਰੀ ਦਮਦਮਾ ਸਾਹਿਬ ਦੇ ਸਾਰੇ ਬੁੰਗਿਆਂ ਦੀ ਵੀ ਮਹਿਮਾ ਬਿਆਨ ਕੀਤੀ ਗਈ ਹੈ।[122]

ਸੰਨ 1922-23 ਈ. ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਕਰਵਾਉਣ ਲਈ ਬਹੁਤ ਯਤਨ ਕੀਤੇ। ਸੰਤ ਜੀ ਚਾਹੁੰਦੇ ਸਨ ਕਿ ਬਾਕੀ ਤਖਤਾਂ ਵਾਂਗ ਇਸ ਤਖ਼ਤ

---

[120] *ਉਹੀ*, ਪੰਨੇ 120 -124

[121] ਵਿਸਾਖਾ ਸਿੰਘ, *ਉਕਤ*, ਪੰਨਾ 202

[122] ਗੁਰਦੁਆਰਾ ਗਜ਼ਟ, ਪੰਨੇ 111-112

ਸਾਹਿਬ ਦੀ ਵੀ ਸ਼ਾਨ-ਸ਼ੌਕਤ ਪੂਰੀ ਤਰ੍ਹਾਂ ਹੋਣੀ ਚਾਹੀਦੀ ਹੈ। ਪਰੰਤੂ ਸ਼ਾਹਜ਼ਾਦਪੁਰੀਏ ਸਰਦਾਰਾਂ ਨੇ ਉਨ੍ਹਾਂ ਨੂੰ ਇਸ ਸੇਵਾ ਦੀ ਆਗਿਆ ਨਹੀਂ ਦਿੱਤੀ ਸੀ। ਇਹ ਆਗਿਆ ਨਾ ਦੇਣ ਦਾ ਮਕਸਦ ਤਾਂ ਸਿਰਫ ਇਹੀ ਸੀ ਕਿ ਇਸ ਤਰ੍ਹਾਂ ਸੇਵਾ ਕਰਨ ਦੀ ਇਜਾਜਤ ਦੇਣ ਨਾਲ ਤਖਤ ਸਾਹਿਬ ਦਾ ਪ੍ਰਬੰਧ ਉਨ੍ਹਾਂ (ਸ਼ਾਹਜ਼ਾਦਪੁਰੀਆਂ) ਦੇ ਹੱਥੋਂ ਨਿਕਲ ਕੇ ਆਮ ਸਿੱਖਾਂ ਦੇ ਹੱਥਾਂ ਵਿੱਚ ਚਲਾ ਜਾਵੇਗਾ। ਜਿਸ ਕਰਕੇ ਸੰਤ ਜੀ ਨੂੰ ਰਿਆਸਤ ਪਟਿਆਲਾ ਰਾਂਹੀ ਆਪਣਾ ਪ੍ਰਭਾਵ ਵਰਤ ਕੇ ਤਖ਼ਤ ਸਾਹਿਬ ਦੀ ਕੁਝ ਜ਼ਮੀਨ ਲੈ ਕੇ ਵੱਖਰਾ ਗੁਰਮਤਿ ਵਿਦਿਆਲਾ ਬਣਾਉਣਾ ਪਿਆ ਸੀ। ਇਹ ਜ਼ਮੀਨ ਸੰਤ ਜੀ ਨੇ ਆਪਣੇ ਇੱਕ ਉਤਰਾਧਿਕਾਰੀ ਸੰਤ ਗੁਲਾਬ ਸਿੰਘ ਦੇ ਨਾਮ ਲਗਵਾ ਦਿੱਤੀ ਸੀ। ਸ਼ਾਹਜ਼ਾਦਪੁਰੀਆਂ ਦੇ ਨਾ-ਮਿਲਵਰਤਨ ਦੇ ਬਾਵਜੂਦ ਵੀ ਸੰਤ ਜੀ ਨੇ ਗੁਰੂਸਰ ਸਰੋਵਰ ਦੀ ਕਾਰ ਸੇਵਾ ਕੀਤੀ। ਇਸ ਸਰੋਵਰ ਨੂੰ ਪੱਕਾ ਅਤੇ ਵੱਡਾ ਕੀਤਾ ਗਿਆ।[123] ਸੰਤ ਗੁਲਾਬ ਸਿੰਘ ਨੇ ਇੱਥੇ ਇੱਕ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਉਸਾਰਿਆ, ਜੋ ਹੁਣ ਇਕ ਸੰਸਥਾ ਦਾ ਰੂਪ ਅਖ਼ਤਿਆਰ ਕਰ ਚੁੱਕਾ ਹੈ। ਇਹ ਗੁਰਦੁਆਰਾ 'ਬੁੰਗਾ ਮਸਤੂਆਣਾ' ਨਾਮ ਨਾਲ ਪ੍ਰਸਿੱਧ ਹੈ।

ਸੰਤ ਅਤਰ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਦੇ ਨਾਲ-ਨਾਲ ਸੰਗਤਾਂ ਨੂੰ ਗੁਰਮਤਿ-ਵਿੱਦਿਆ ਦਿਵਾਉਣ ਵਾਸਤੇ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੂੰ ਤਲਵੰਡੀ ਸਾਬੋ ਵਿਖੇ ਸੱਦਾ ਦੇ ਕੇ ਬੁਲਾਇਆ ਸੀ। ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਰੋਜ਼ਾਨਾ ਅਨੇਕਾਂ ਸਿੱਖਾਂ ਨੂੰ ਗੁਰਬਾਣੀ ਦੇ ਅਰਥਾਂ ਅਤੇ ਸਿੱਖ ਇਤਿਹਾਸ ਦਾ ਗਿਆਨ ਦਿੰਦੇ ਸਨ। ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਆਪਣੀ ਲਿਖਤ 'ਗੁਰਮਤਿ ਪ੍ਰਕਾਸ਼' ਵਿਚ ਸ੍ਰੀ ਦਮਦਮਾ ਸਾਹਿਬ ਵਿਖੇ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੀ ਆਮਦ ਬਾਰੇ ਇਸ ਤਰ੍ਹਾਂ ਵਰਣਨ ਕਰਦੇ ਹਨ:

ਸੰਤ ਤਖ਼ਤ ਪ੍ਰਕਰਮਾਂ ਕੀਨੀ। ਗੁਰ ਨਾਵੇਂ ਅਸਥਾਨ ਪੁਜੀਨੀ।
ਲਿਖਨਸਰ, ਜੰਡਸਰ ਆਦਿ ਸਥਾਨਾਂ। ਯਾਤਰਾ ਕਰੀ ਸਭੀ ਸੁਖਦਾਨਾਂ।[124]

ਕੁਝ ਸਮੇਂ ਪਿੱਛੋਂ 1925 ਈ. ਨੂੰ ਪੰਜਾਬ ਦੇ ਲਗਭਗ ਸਾਰੇ ਇਤਿਹਾਸਕ ਗੁਰਦੁਆਰੇ 'ਗੁਰਦੁਆਰਾ ਐਕਟ 1925' ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆ ਗਏ ਸਨ, ਪਰੰਤੂ ਤਖ਼ਤ ਸ੍ਰੀ

---

123 *ਉਹੀ*, ਪੰਨਾ 102

124 ਸੰਤ ਗੁਰਬਚਨ ਸਿੰਘ ਭਿੰਡਰਾਂ ਵਾਲੇ, *ਗੁਰਮਤਿ ਪ੍ਰਕਾਸ਼,* ਪੰਨਾ 547

ਦਮਦਮਾ ਸਾਹਿਬ ਪਹਿਲਾਂ ਵਾਂਗ ਹੀ ਰਿਆਸਤ ਪਟਿਆਲਾ ਦੀ ਸਰਪ੍ਰਸਤੀ ਹੇਠ ਸ਼ਾਹਜ਼ਾਦਪੁਰੀਆਂ ਦੇ ਅਧੀਨ ਰਿਹਾ ਤੇ ਤਖ਼ਤ ਸਾਹਿਬ ਦਾ ਪ੍ਰਬੰਧ ਉਸੇ ਤਰ੍ਹਾਂ ਸ਼ਾਹਜ਼ਾਦਪੁਰੀਆਂ ਦੁਆਰਾ ਨਿਯੁਕਤ ਕੀਤੇ ਮੁਖਤਿਆਰ ਦੇ ਹੱਥ ਵਿੱਚ ਰਿਹਾ ਸੀ ਅਤੇ ਸਥਿਤੀ ਵਿਚ ਕੋਈ ਸੁਧਾਰ ਨਹੀਂ ਹੋਇਆ ਸੀ।

ਪੰਡਤ ਕਰਤਾਰ ਸਿੰਘ ਜੀ ਦਾਖਾ ਨੇ ਸਤੰਬਰ 1935 ਈ. ਵਿਚ ਸ੍ਰੀ ਦਮਦਮਾ ਸਾਹਿਬ ਵਿਖੇ 'ਗੁਰਮਤਿ ਉਪਦੇਸ਼ਕ ਕਾਲਜ' ਆਰੰਭ ਕੀਤਾ ਸੀ ਅਤੇ 'ਗੁਰੂ ਕਾਸ਼ੀ ਪੱਤਰ' ਨਾਂ ਦਾ ਇੱਕ ਮਾਸਿਕ ਰਿਸਾਲਾ ਵੀ ਕੱਢਣਾ ਸ਼ੁਰੂ ਕੀਤਾ ਸੀ।[125] ਉਨ੍ਹਾਂ ਨੇ ਇਸ ਮਾਸਕ ਪੱਤਰ ਰਾਂਹੀ ਇਸ ਮਹਾਨ ਗੁਰਧਾਮ ਦੇ ਪੁਰਾਤਨ ਇਤਿਹਾਸ ਬਾਰੇ ਖੋਜ ਭਰਪੂਰ ਲੇਖ ਲਿਖੇ ਅਤੇ ਇਥੋਂ ਦੇ ਮੌਜੂਦਾ ਮਾੜੇ ਹਾਲਾਤਾਂ ਨੂੰ ਸੁਧਾਰਨ ਲਈ ਸਮਕਾਲੀ ਸ਼ਾਹਜ਼ਾਦਪੁਰੀਏ ਸਰਦਾਰ ਕਰਨਲ ਰਾਮ ਸਿੰਘ ਨੂੰ ਕਈ ਤਰ੍ਹਾਂ ਦੀਆਂ ਬੇਨਤੀਆਂ ਕੀਤੀਆਂ ਸਨ। ਭਾਵੇਂ ਕਿ ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਦੀ ਆਵਾਜ਼ ਦੀ ਵੀ ਪਹਿਲਾਂ ਵਾਂਗ ਕੋਈ ਸੁਣਵਾਈ ਨਹੀਂ ਹੋਈ ਸੀ।

1944 ਈ. (29-02-2001 ਬਿ.) ਵਿਚ ਸਾਰੇ ਬੁੰਗਿਆਂ ਦੇ ਮਹੰਤਾਂ ਨੇ ਇਕੱਠੇ ਹੋ ਕੇ ਇੱਕ ਚਿੱਠੀ ਰਿਆਸਤ ਪਟਿਆਲਾ ਦੇ ਸਰਦਾਰ ਡਿਉਢੀ ਮੁਅੱਲਾ ਨੂੰ ਲਿਖੀ। ਉਨ੍ਹਾਂ ਨੇ ਇਸ ਚਿੱਠੀ ਰਾਂਹੀ ਇਥੇ ਹੋ ਰਹੀਆਂ ਕੁਰੀਤੀਆਂ ਬਾਰੇ ਜਾਣੂ ਕਰਵਾਇਆ। ਦੱਸਿਆ ਗਿਆ ਕਿ ਸ਼ਾਹਜਾਦਪੁਰੀਆਂ ਦਾ ਭੇਜਿਆ ਹੋਇਆ ਪ੍ਰਬੰਧਕ (ਮੁਖਤਿਆਰ) ਇੱਕ ਪਤਿੱਤ, ਸ਼ਰਾਬੀ ਅਤੇ ਬਦਮਾਸ਼ ਆਦਮੀ ਹੈ, ਜੋ ਤਖਤ ਸ੍ਰੀ ਦਮਦਮਾ ਸਾਹਿਬ ਦੀ ਮਰਿਆਦਾ ਭੰਗ ਕਰ ਰਿਹਾ ਹੈ। ਉੱਥੇ ਰਹਿ ਰਹੀ ਇੱਕ ਆਚਰਣਹੀਣ ਔਰਤ ਬਾਰੇ ਜ਼ਿਕਰ ਕੀਤਾ ਗਿਆ ਸੀ। ਇਹ ਵੀ ਲਿਖਿਆ ਗਿਆ ਸੀ ਕਿ ਤਖ਼ਤ ਸਾਹਿਬ ਦੀ ਸਾਰੀ ਭੇਟਾ ਮੁਖ਼ਤਿਆਰ ਸ਼ਾਹਜ਼ਾਦਪੁਰ ਲੈ ਜਾਂਦਾ ਹੈ ਅਤੇ ਤਖਤ ਸਾਹਿਬ 'ਤੇ ਕੜਾਹ ਪ੍ਰਸ਼ਾਦ ਦੀ ਦੇਗ ਦਾ ਭੋਗ ਤੱਕ ਨਹੀਂ ਲਾਇਆ ਜਾਂਦਾ। ਜਲਦੀ ਤੋਂ ਜਲਦੀ ਕੋਈ ਯੋਗ ਪ੍ਰਬੰਧ ਕਰਨ ਲਈ ਬੇਨਤੀ ਕੀਤੀ ਗਈ ਸੀ।[126]

ਸਮੇਂ-ਸਮੇਂ 'ਤੇ ਤਖਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਪੰਥਕ ਕੰਟਰੋਲ ਹੇਠ ਲਿਆਉਣ ਲਈ ਆਵਾਜ਼ ਉੱਠਦੀ ਰਹੀ। ਕਿਉਂਕਿ 'ਗੁਰਦੁਆਰਾ ਐਕਟ 1925' ਅਨੁਸਾਰ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਹੋਈ ਸੀ, ਇਸ ਲਈ ਰਿਆਸਤਾਂ ਵਿਚਲੇ ਗੁਰਦੁਆਰਿਆਂ ਦੇ ਪ੍ਰਬੰਧ ਸਰਕਾਰੀ ਹੱਥਾਂ ਵਿੱਚੋਂ

---

[125] ਵਿਸਾਖਾ ਸਿੰਘ, *ਉਕਤ,* ਪੰਨਾ 255

[126] ਗਿਆਨੀ ਬਲਵੰਤ ਸਿੰਘ, *ਉਕਤ,* ਪੰਨੇ 114 -115

ਕੱਢਣ ਦੀ ਮੰਗ ਨੂੰ ਜ਼ਿਆਦਾ ਚਿਰ ਟਾਲਿਆ ਨਹੀਂ ਜਾ ਸਕਦਾ ਸੀ। ਦੇਸ ਦੀ ਆਜ਼ਾਦੀ ਤੋਂ ਪਿੱਛੋਂ 1948 ਈ. ਵਿੱਚ ਸਾਰੀਆਂ ਸਿੱਖ ਰਿਆਸਤਾਂ ਤੋੜ ਕੇ ਪੈਪਸੂ ਬਣਾਇਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਜ਼ 'ਤੇ ਪੈਪਸੂ ਦੇ ਗੁਰਦੁਆਰਿਆਂ ਲਈ 'ਗੁਰਦੁਆਰਾ ਇੰਟਰਮ ਬੋਰਡ ਪਟਿਆਲਾ' ਬਣਾਇਆ ਗਿਆ। ਸਾਰੀਆਂ ਸਿੱਖ ਰਿਆਸਤਾਂ ਦੇ ਗੁਰਦੁਆਰੇ ਇਸ ਬੋਰਡ ਦੇ ਹਵਾਲੇ ਕੀਤੇ ਗਏ। ਪਰੰਤੂ ਇਹ ਬੋਰਡ ਨਾਂਮਾਤਰ ਹੀ ਸੀ। ਅਜੇ ਵੀ ਸ਼ਹਿਜਾਦਪੁਰੀਆਂ ਨੇ ਆਪਣੇ ਅਸਰ ਰਸੂਖ ਦੇ ਜ਼ੋਰ 'ਤੇ ਤਖਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਇਸ ਬੋਰਡ ਦੇ ਹਵਾਲੇ ਨਾ ਕੀਤਾ। ਫਿਰ ਜਦੋਂ 1956 ਵਿੱਚ ਪੈਪਸੂ ਨੂੰ ਪੰਜਾਬ ਵਿੱਚ ਮਿਲਾ ਦਿੱਤਾ ਗਿਆ, ਤਾਂ ਕਿਤੇ ਸ਼ਾਹਜਾਦਪੁਰੀਏ ਸਰਦਾਰਾਂ ਦੇ ਪੈਰ ਹਿਲੇ। ਕਿਉਂਕਿ ਉਸ ਸਮੇਂ ਪੰਜਾਬ ਵਿੱਚ ਗੁਰਦੁਆਰਾ ਐਕਟ ਲਾਗੂ ਸੀ, ਇਸ ਲਈ ਪੈਪਸੂ ਦੇ ਪੰਜਾਬ ਵਿੱਚ ਸ਼ਾਮਿਲ ਕਰ ਲੈਣ ਨਾਲ ਪੈਪਸੂ ਦੇ ਗੁਰਦੁਆਰੇ ਵੀ ਗੁਰਦੁਆਰਾ ਐਕਟ ਦੇ ਅਧੀਨ ਆ ਗਏ।

ਅੰਤ 1963 ਈ. ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ ਸੀ। ਇਸ ਸਮੇਂ ਸੰਤ ਫ਼ਤਹਿ ਸਿੰਘ ਅਤੇ ਸੰਤ ਚੰਨਣ ਸਿੰਘ ਸਿੱਖ ਸਿਆਸਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੂਹੇ-ਰਵਾਂ ਸਨ। ਇਸ ਸਮੇਂ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਦਾ ਦਰਜਾ ਦੇਣ ਦੀ ਮੰਗ ਦਾ ਜ਼ੋਰ ਵਧਿਆ। ਇਸ ਕੰਮ ਦੀ ਪੂਰਤੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਸਬ-ਕਮੇਟੀ ਬਣਾਈ ਗਈ ਜਿਸ ਨੇ ਤਖਤ ਸ੍ਰੀ ਦਮਦਮਾ ਸਾਹਿਬ ਬਾਰੇ ਰਿਪੋਰਟ ਦੇਣੀ ਸੀ। ਇਸ ਸਬ-ਕਮੇਟੀ ਦੀ ਰਿਪੋਰਟ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 18 ਨਵੰਬਰ, 1966 ਈ. ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਪੂਰੀ ਤਰ੍ਹਾਂ ਤਖਤ ਸਾਹਿਬ ਦਾ ਦਰਜਾ ਦੇ ਦਿੱਤਾ ਗਿਆ। ਭਾਰਤ ਸਰਕਾਰ ਵੱਲੋ ਕਾਫ਼ੀ ਸਮਾਂ ਬਾਅਦ ਖਾਲਸਾ ਪੰਥ ਦੇ ਤ੍ਰੈ-ਸ਼ਤਾਬਦੀ ਦਿਵਸ ਸਮੇਂ 1999 ਈ. ਵਿਚ ਇਸ ਤਖ਼ਤ ਨੂੰ ਮਾਨਤਾ ਦਿੱਤੀ ਗਈ ਸੀ। ਸ਼੍ਰੋਮਣੀ ਕਮੇਟੀ ਨੇ ਤਖ਼ਤ ਸ੍ਰੀ ਦਮਦਮਾ ਦਾ ਪਹਿਲਾ ਜੱਥੇਦਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਥਾਪਿਆ।

ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖਤ ਸਾਹਿਬ ਵਜੋਂ ਮਾਨਤਾ ਦੇਣ 'ਤੇ ਕੁਝ ਵਿਰੋਧ ਵੀ ਕੀਤਾ ਗਿਆ ਸੀ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਦੇ ਸਾਬਕਾ ਜੱਥੇਦਾਰ ਗਿਆਨੀ ਪ੍ਰਤਾਪ ਸਿੰਘ ਅਤੇ ਇਤਿਹਾਸਕਾਰ ਗਿਆਨੀ ਗਰਜਾ ਸਿੰਘ ਇਸ ਵਿਰੋਧਤਾ ਦੇ ਮੋਢੀ

ਸਨ। ਉਨ੍ਹਾਂ ਦੁਆਰਾ ਜਨਵਰੀ 1966 ਈ. ਨੂੰ 'ਗਿਆਨ ਅੰਮ੍ਰਿਤ' ਰਿਸਾਲੇ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਤਖ਼ਤ ਵਜੋਂ ਮਾਨਤਾ ਦੇ ਖਿਲਾਫ਼ ਲੇਖ ਲਿਖੇ ਗਏ ਸਨ।[127] ਉਨ੍ਹਾਂ ਨੇ ਆਪਣੀ ਵਿਰੋਧਤਾ ਦਾ ਆਧਾਰ ਸਭ ਤੋਂ ਵੱਧ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਮਹਾਨ ਕੋਸ਼ ਵਿਚ ਖਾਲਸਾ ਪੰਥ ਦੇ ਚਾਰ ਤਖ਼ਤ ਲਿਖੇ ਜਾਣ ਨੂੰ ਬਣਾਇਆ ਸੀ। ਇਥੇ ਇਹ ਦੱਸਣਯੋਗ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਖਾਲਸਾ ਪੰਥ ਦੇ ਚਾਰ ਤਖ਼ਤ : ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ, ਤਖ਼ਤ ਸ੍ਰੀ ਪਟਨਾ ਸਾਹਿਬ , ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਅੰਕਿਤ ਕੀਤੇ ਹਨ। ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਨਹੀਂ ਲਿਖਿਆ ਗਿਆ, ਪਰੰਤੂ ਇੱਕ ਵਿਸ਼ੇਸ਼ ਗੁਰਦੁਆਰਾ ਲਿਖਿਆ ਗਿਆ ਹੈ।[128]

ਗਿਆਨੀ ਗੁਰਦਿੱਤ ਸਿੰਘ, ਜੋ ਇਸ ਤਖ਼ਤ ਸਾਹਿਬ ਨੂੰ ਮਾਨਤਾ ਦੇਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਸਬ-ਕਮੇਟੀ ਦੇ ਮੈਂਬਰ ਸਨ ਅਤੇ ਮਗਰੋਂ ਸਿੰਘ ਸਭਾ ਪੱਤ੍ਰਿਕਾ, ਸ੍ਰੀ ਅੰਮ੍ਰਿਤਸਰ ਦੇ ਸੰਪਾਦਕ ਵੀ ਰਹੇ, ਨੇ ਇਸ ਵਿਰੋਧਤਾ ਦਾ ਇਤਿਹਾਸਕ ਸਬੂਤਾਂ ਅਤੇ ਵਜ਼ਨਦਾਰ ਦਲੀਲਾਂ ਨਾਲ ਜਵਾਬ ਦਿੱਤਾ। ਉਨ੍ਹਾਂ ਨੇ ਗਿਆਨੀ ਪ੍ਰਤਾਪ ਸਿੰਘ ਜੀ ਦੁਆਰਾ ਇਸ ਤਖ਼ਤ ਦੀ ਮਾਨਤਾ 'ਤੇ ਉਠਾਏ ਗਏ ਸਵਾਲਾਂ ਦੇ ਉੱਤਰ ਸਿੰਘ ਸਭਾ ਦੀ ਪਤ੍ਰਿਕਾ ਦੇ ਫਰਵਰੀ 1982 ਦੇ ਅੰਕ ਵਿਚ ਬਹੁਤ ਵਿਸਤਾਰ ਸਹਿਤ ਦਿੱਤੇ। ਉਨ੍ਹਾਂ ਨੇ ਦੱਸਿਆ ਕਿ ਭਾਈ ਕਾਨ੍ਹ ਸਿੰਘ ਨਾਭਾ ਪਹਿਲਾਂ ਇਸ ਸਥਾਨ ਨੂੰ ਤਖ਼ਤ ਮੰਨਦੇ ਰਹੇ। ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਪੁਸਤਕ 'ਹਮ ਹਿੰਦੂ ਨਹੀਂ' ਦੀ ਪ੍ਰੋੜਤਾ ਲਈ ਇਥੋਂ ਪ੍ਰਾਪਤ ਹੋਇਆ ਹੁਕਮਨਾਮਾ ਇਸ ਪੁਸਤਕ ਵਿਚ ਦਰਜ ਕੀਤਾ ਸੀ। ਭਾਈ ਸਾਹਿਬ ਨੇ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਸਾਹਿਬ ਵਜੋਂ ਨਾ ਲਿਖਣ ਦੀ ਆਪਣੀ ਮਜ਼ਬੂਰੀ ਸੰਤ ਗੁਰਮੁੱਖ ਸਿੰਘ ਜੀ ਪਟਿਆਲੇ ਵਾਲਿਆਂ ਨੂੰ ਦੱਸੀ ਸੀ। ਮਹਾਨ ਕੋਸ਼ ਗ੍ਰੰਥ ਦੀ ਛਿਪਾਈ ਦਾ ਖਰਚਾ (51000 ਰੁਪਏ) ਰਿਆਸਤ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਵੱਲੋਂ ਕੀਤਾ ਗਿਆ ਸੀ।[129] ਮਹਾਰਾਜਾ ਪਟਿਆਲਾ ਨੇ ਇਸ ਖਰਚੇ ਦੇ ਇਵਜ਼ ਵਜੋਂ ਆਪਣੇ ਰਾਜਸੀ ਸੁਆਰਥ ਅਨੁਸਾਰ ਇਸ ਗ੍ਰੰਥ ਵਿਚ

---

127 ਗਿਆਨੀ ਗੁਰਦਿੱਤ ਸਿੰਘ, *ਸਿੰਘ ਸਭਾ ਪਤ੍ਰਿਕਾ,* ਅੰਮ੍ਰਿਤਸਰ, ਫਰਵਰੀ 1982, ਪੰਨਾ 9

128 *ਮਹਾਨ ਕੋਸ਼,* ਪੰਨਾ 2015

129 ਰਤਨ ਸਿੰਘ ਜੱਗੀ, *ਉਕਤ,* ਪੰਨਾ 496

ਕੁਝ ਬਦਲਾਅ ਕਰਵਾਏ ਸਨ। ਇਸ ਦਬਾਅ ਅਧੀਨ ਭਾਈ ਸਾਹਿਬ ਨੇ ਮਜ਼ਬੂਰੀ ਵਸ ਮਹਾਨ ਕੋਸ਼ ਵਿਚ ਇਸ ਪੁਰਾਤਨ ਤਖ਼ਤ ਨੂੰ ਤਖ਼ਤ ਨਹੀਂ, ਸਗੋਂ ਇੱਕ ਵਿਸ਼ੇਸ਼ ਗੁਰੂਦੁਆਰਾ ਲਿਖਿਆ ਅਤੇ ਇਤਿਹਾਸਕ ਗੁਰਦੁਆਰਾ ਮੋਤੀ ਬਾਗ ਪਟਿਆਲਾ ਦਾ ਮਹਾਨ ਕੋਸ਼ ਵਿਚ ਕੋਈ ਜ਼ਿਕਰ ਤੱਕ ਨਹੀਂ ਕੀਤਾ ਸੀ।[130]

ਅਸਲ ਵਿਚ ਉਸ ਸਮੇਂ ਦੌਰਾਨ ਅਕਾਲੀ ਲਹਿਰ ਪੰਜਾਬ ਵਿਚ ਜ਼ੋਰ ਫੜ ਰਹੀ ਸੀ। ਮਹਾਰਾਜਾ ਪਟਿਆਲਾ ਨਹੀਂ ਚਾਹੁੰਦਾ ਸੀ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਮਾਲਵੇ ਖੇਤਰ ਵਿਚ ਅਕਾਲੀਆਂ ਦੀਆਂ ਗਤੀਵਿਧੀਆਂ ਦਾ ਕੇਂਦਰ ਬਿੰਦੂ ਬਣੇ। ਦੂਸਰਾ ਨੁਕਤਾ ਇਹ ਸੀ ਕਿ ਅਜਿਹੇ ਹਾਲਾਤਾਂ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਉੱਪਰ ਮਹਾਰਾਜੇ ਦੇ ਨਜ਼ਦੀਕੀ ਰਿਸ਼ਤੇਦਾਰਾਂ (ਸ਼ਾਹਜ਼ਾਦਪੁਰੀਏ ਸਰਦਾਰ) ਦਾ ਕਬਜ਼ਾ ਛੁੱਟਣ ਦਾ ਵੀ ਡਰ ਸੀ। ਆਪਣੀ ਰਿਆਸਤ ਵਿਚ ਅਕਾਲੀ ਲਹਿਰ ਦੀਆ ਸਰਗਰਮੀਆਂ ਨੂੰ ਰੋਕਣ ਲਈ ਮਹਾਰਾਜਾ ਭੁਪਿੰਦਰ ਸਿੰਘ ਨੇ ਇੱਕ ਹੁਕਮ ਵੀ ਜਾਰੀ ਕੀਤਾ ਸੀ ਕਿ ਰਿਆਸਤ ਪਟਿਆਲਾ ਦੇ ਕਿਸੇ ਵੀ ਗੁਰਦੁਆਰੇ ਦੀ ਸੇਵਾ ਜਾਂ ਨਵੀਂ ਉਸਾਰੀ ਰਿਆਸਤ (ਇਜਲਾਸ-ਖਾਸ) ਦੀ ਆਗਿਆ ਤੋਂ ਬਿਨ੍ਹਾਂ ਨਾ ਕੀਤੀ ਜਾਵੇ।[131] ਮਗਰੋਂ ਮਹਾਰਾਜਾ ਯਾਦਵਿੰਦਰ ਸਿੰਘ ਨੇ ਸਿੱਖ ਸੰਗਤਾਂ ਦੀ ਵਿਰੋਧਤਾ ਨੂੰ ਦੇਖਦੇ ਹੋਏ ਅਕਾਲੀ ਆਗੂਆਂ ਨਾਲ ਸਮਝੌਤਾ ਕਰ ਕੇ ਇਹ ਪਾਬੰਦੀਆਂ ਵਾਪਸ ਲੈ ਲਈਆਂ ਸਨ।

ਸੰਤ ਹਰਚੰਦ ਸਿੰਘ ਲੌਂਗੋਵਾਲ ਕੁਝ ਸਮਾਂ ਹੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਰਹੇ। ਉਨ੍ਹਾਂ ਪਿੱਛੋਂ ਸੰਤ ਲੱਖਾ ਸਿੰਘ ਅਤਲੇ ਵਾਲਿਆਂ ਨੂੰ ਜੱਥੇਦਾਰ ਬਣਾਇਆ ਗਿਆ ਸੀ। ਉਹ 1987 ਤਕ ਤਖ਼ਤ ਸਾਹਿਬ ਦੀ ਸੇਵਾ ਕਰਦੇ ਰਹੇ। 1984 ਈ. ਵਿਚ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਉਪਰ ਫੌਜੀ ਹਮਲੇ ਕਾਰਨ ਸਿੱਖ ਸਿਆਸਤ ਵਿਚ ਜੋ ਖਾੜਕੂ ਪਰਿਵਰਤਨ ਆਇਆ, ਇਸ ਵਿਚੋਂ ਕੁੱਝ ਨਵੇਂ ਸਿੱਖ ਨੇਤਾ ਪੈਦਾ ਹੋਏ। ਉਨ੍ਹਾਂ ਨੇ ਸੰਤ ਲੱਖਾ ਸਿੰਘ ਤੋਂ ਬਾਅਦ ਭਾਈ ਜਸਵੰਤ ਸਿੰਘ ਨੂੰ ਜਥੇਦਾਰ ਥਾਪਿਆ। ਭਾਈ ਜਸਵੰਤ ਸਿੰਘ ਸ੍ਰੀ ਦਮਦਮਾ ਸਾਹਿਬ ਦੇ ਪੁਰਾਣੇ ਸੇਵਾਦਾਰ ਸਨ। ਭਾਈ ਜਸਵੰਤ ਸਿੰਘ ਨੇ ਦਮਦਮੀ ਟਕਸਾਲ ਵਿੱਚੋਂ ਹੀ ਸਿੱਖਿਆ ਪ੍ਰਾਪਤ ਕੀਤੀ ਸੀ। ਪਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਮਾਨਤਾ ਨਹੀਂ

[130] ਗਿਆਨੀ ਗੁਰਦਿੱਤ ਸਿੰਘ, *ਉਕਤ*, ਪੰਨਾ 79

[131] *ਉਹੀ*, ਪੰਨਾ 75

ਸੀ।[132] ਉਨ੍ਹਾਂ ਤੋਂ ਬਾਅਦ ਸੰਤ ਹਾਕਮ ਸਿੰਘ ਜੀ ਕੀਰਤਨਪੁਰਾ ਜਥੇਦਾਰ ਬਣੇ। ਕੁਝ ਸਮੇਂ ਲਈ ਗਿਆਨੀ ਮਿਹਰ ਸਿੰਘ ਜੀ ਵੀ ਕਾਰਜਕਾਰੀ ਜਥੇਦਾਰ ਰਹੇ। ਫਿਰ ਸ਼੍ਰੋਮਣੀ ਕਮੇਟੀ ਨੇ ਭਾਈ ਕੇਵਲ ਸਿੰਘ ਜੀ ਦੀ ਜਥੇਦਾਰ ਵਜੋਂ ਨਿਯੁਕਤੀ ਕੀਤੀ। ਉਨ੍ਹਾਂ ਤੋਂ ਬਾਅਦ ਭਾਈ ਬਲਵੰਤ ਸਿੰਘ ਜੀ ਨੰਦਗੜ੍ਹ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਨਿਭਾਈ।

ਮਈ 2007 ਨੂੰ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੇ ਡੇਰਾ ਸਲਾਬਤਪੁਰਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਿਆ। ਇਥੇ ਇਹ ਗੱਲ ਦੱਸਣਯੋਗ ਹੈ ਕਿ ਮਾਲਵੇ ਖਿੱਤੇ ਵਿਚ ਵੱਡੀ ਗਿਣਤੀ ਵਿਚ, ਵਿਸ਼ੇਸ਼ ਕਰ ਕੇ ਅਖੌਤੀ ਨੀਵੀਂ ਜਾਤ ਦੇ, ਲੋਕ ਉਸ ਸਮੇਂ ਤੱਕ ਇਸ ਡੇਰੇ ਨਾਲ ਜੁੜ ਚੁੱਕੇ ਸਨ। ਡੇਰਾ ਮੁਖੀ ਦੀ ਇਸ ਗ਼ਲਤ ਹਰਕਤ ਨਾਲ ਸਿੱਖ ਪੰਥ ਵਿਚ ਗੁੱਸੇ ਦੀ ਲਹਿਰ ਦੌੜ ਗਈ। ਇਸ ਮਸਲੇ ਤੇ ਵਿਚਾਰ ਕਰਨ ਲਈ ਮਈ 2007 ਨੂੰ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਸਰਬੱਤ ਖਾਲਸਾ ਬੁਲਾਇਆ ਗਿਆ ਸੀ। ਇਸ ਸਮਾਗਮ ਵਿਚ ਡੇਰਾ ਮੁਖੀ ਅਤੇ ਪ੍ਰੇਮੀਆਂ (ਡੇਰਾ ਸਿਰਸਾ ਦੇ ਸ਼ਰਧਾਲੂ) ਦਾ ਸਮਾਜਿਕ ਬਾਈਕਾਟ ਕਰਨ ਦਾ ਫੈਸਲਾ ਕੀਤਾ ਗਿਆ। ਡੇਰਾ ਸਿਰਸਾ ਅਤੇ ਖਾਲਸਾ ਪੰਥ ਦੇ ਇਸ ਵਿਵਾਦ ਸਮੇਂ ਤਖਤ ਸ੍ਰੀ ਦਮਦਮਾ ਸਾਹਿਬ ਖਾਲਸਾ ਪੰਥ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ ਸੀ।

ਭਾਈ ਬਲਵੰਤ ਸਿੰਘ ਜੀ ਨੰਦਗੜ੍ਹ ਤੋਂ ਮਗਰੋਂ ਦਮਦਮੀ ਟਕਸਾਲ ਨਾਲ ਸੰਬੰਧਿਤ ਗਿਆਨੀ ਗੁਰਮੁਖ ਸਿੰਘ ਜੀ ਨੂੰ ਜਥੇਦਾਰ ਵਜੋਂ ਨਿਯੁਕਤ ਕੀਤਾ ਗਿਆ। ਉਹ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਕਰਕੇ ਚਰਚਾ ਦਾ ਪਾਤਰ ਬਣੇ ਅਤੇ ਉਨ੍ਹਾਂ ਨੂੰ ਭਾਰੀ ਨਮੋਸ਼ੀ ਸਹਿਣ ਕਰਨੀ ਪਈ ਸੀ। ਆਖਰਕਾਰ ਕੁਝ ਸਮੇਂ ਮਗਰੋਂ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ। ਉਨ੍ਹਾਂ ਦੀ ਥਾਂ ਸ੍ਰੀ ਮੁਕਤਸਰ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਜੀ ਨੂੰ ਇਥੋਂ ਦਾ ਜੱਥੇਦਾਰ ਨਿਯੁਕਤ ਕੀਤਾ ਗਿਆ। ਮੌਜੂਦਾ ਸਮੇਂ ਵਿਚ ਉਹ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜੱਥੇਦਾਰ ਹੋਣ ਦੇ ਨਾਲ-ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਕਾਰਜਕਾਰੀ ਜੱਥੇਦਾਰ ਵਜੋਂ ਵੀ ਸੇਵਾ ਨਿਭਾ ਰਹੇ ਹਨ।

---

[132] ਡਾ. ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ,* ਪੰਨਾ 127

ਸਿੱਖ ਗੁਰੂ ਸਾਹਿਬਾਨ ਵੱਲੋਂ ਸਿੱਖ ਪੰਥ ਦੇ ਪੰਜ ਤਖਤ ਸਥਾਪਤ ਕਰਕੇ ਪੰਜਾਂ ਹੀ ਤਖਤਾਂ ਦੀ ਆਪਣੇ-ਆਪਣੇ ਇਲਾਕੇ ਵਿੱਚ ਮਹਾਨਤਾ ਕਾਇਮ ਕੀਤੀ ਸੀ। ਤਖਤ ਸ੍ਰੀ ਦਮਦਮਾ ਸਾਹਿਬ ਇੱਕ ਐਸਾ ਤਖਤ ਹੈ, ਜਿਸ ਦਾ ਇਤਿਹਾਸ ਤੇ ਪ੍ਰਬੰਧ ਬਾਕੀ ਤਖਤਾਂ ਨਾਲੋਂ ਬਿਲਕੁਲ ਵੱਖਰੀ ਕਿਸਮ ਦਾ ਰਿਹਾ ਹੈ। ਜਿਸ ਤਰ੍ਹਾਂ ਬਾਕੀ ਗੁਰਦੁਆਰਿਆਂ ਦੀ ਤਰ੍ਹਾਂ ਦੂਜੇ ਤਖਤ ਸਾਹਿਬਾਨ ਪੁਜਾਰੀਆਂ ਦੀ ਜੱਦੀ ਜਾਇਦਾਦ ਬਣ ਗਏ ਸਨ, ਉਸੇ ਤਰ੍ਹਾਂ ਤਖਤ ਸ੍ਰੀ ਦਮਦਮਾ ਸਾਹਿਬ ਇਨ੍ਹਾਂ ਪੁਜਾਰੀਆਂ ਦੀ ਜਾਇਦਾਦ ਤਾਂ ਨਾ ਬਣ ਸਕਿਆ ਪਰੰਤੂ ਸਮੇਂ ਦੇ ਚੱਕਰ ਨਾਲ ਇਹ ਤਖਤ ਸ਼ਾਹਜਾਦਪੁਰੀਆਂ ਦੀ ਨਿੱਜੀ ਜਾਗੀਰ ਬਣ ਗਿਆ ਸੀ। ਇਸ ਨਾਲ ਇਸ ਨੂੰ ਵਕਤੀ ਸੱਟ ਤਾਂ ਜਰੂਰ ਵੱਜੀ, ਪਰੰਤੂ ਫਿਰ ਵੀ ਇੱਥੇ ਅਨੇਕਾਂ ਪੰਥਕ ਇਕੱਠ ਅਤੇ ਫੈਸਲੇ ਹੁੰਦੇ ਰਹੇ। ਜਦੋਂ ਕਦੇ ਵੀ ਕੋਈ ਸਿੱਖ ਪੰਥ ਵਿਰੋਧੀ ਜਾਂ ਸਿੱਖ ਰਸਮਾਂ ਰੀਤਾਂ ਬਾਰੇ ਵਿਵਾਦ ਖੜਾ ਹੁੰਦਾ ਸੀ, ਤਾਂ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਪੰਥਕ ਫੈਸਲੇ ਲਏ ਜਾਂਦੇ ਸਨ ਅਤੇ ਹੁਕਮਨਾਮੇ ਵੀ ਜਾਰੀ ਕੀਤੇ ਜਾਂਦੇ ਸਨ। ਤਖਤ ਸ੍ਰੀ ਦਮਦਮਾ ਸਾਹਿਬ ਇਤਿਹਾਸਕ ਘਟਨਾਕ੍ਰਮ ਅਨੁਸਾਰ ਚੌਥਾ ਤਖਤ ਹੈ। ਇਸੇ ਲਈ ਇਹ ਤਖਤ ਸਿੱਖੀ ਦਾ ਮਹਾਨ ਕੇਂਦਰ ਬਣ ਚੁੱਕਿਆ ਹੈ।

ਇਸ ਪ੍ਰਕਾਰ ਮੌਜੂਦਾ ਅਧਿਆਇ ਵਿਚ ਅਸੀ ਦੇਖਿਆ ਹੈ ਕਿ ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਸਿੱਖ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਅਸਥਾਨ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਇਹ ਸਥਾਨ ਸਿੱਖ ਧਰਮ ਨਾਲ ਜੁੜ ਗਿਆ ਸੀ। ਉਪਰੰਤ ਗੁਰੂ ਤੇਗ ਬਹਾਦਰ ਜੀ ਨੇ ਇਥੇ ਸਿੱਖੀ ਦਾ ਪ੍ਰਚਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਪਧਾਰਨ ਨਾਲ ਇਹ ਗੁਰਧਾਮ ਸਿੱਖ ਪੰਥ ਦੀਆਂ ਸਾਹਿਤਕ ਅਤੇ ਸੈਨਿਕ ਗਤੀਵਿਧੀਆਂ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ। ਗੁਰੂ ਸਾਹਿਬ ਤੋਂ ਮਗਰੋਂ ਬਾਬਾ ਦੀਪ ਸਿੰਘ ਜੀ ਨੇ ਇਸ ਸਥਾਨ ਦੀ ਸੇਵਾ-ਸੰਭਾਲ ਕੀਤੀ। ਬਾਬਾ ਜੀ ਨੇ ਇਥੇ ਰਹਿ ਕੇ ਗੁਰਬਾਣੀ ਦੀ ਪਾਵਨ ਬੀੜ ਦੇ ਉਤਾਰੇ ਕੀਤੇ ਅਤੇ ਗੁਰਮਤਿ ਵਿੱਦਿਆ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਉਨ੍ਹਾਂ ਦੇ ਜੱਥੇ ਜਾਂ ਮਿਸਲ ਸ਼ਹੀਦਾਂ ਦਾ ਮੁਖ ਟਿਕਾਣਾ ਵੀ ਤਲਵੰਡੀ ਸਾਬੋ ਹੀ ਸੀ। ਉਨ੍ਹਾਂ ਦੀ ਸ਼ਹਾਦਤ ਤੋਂ ਕੁਝ ਸਮਾਂ ਮਗਰੋਂ ਇਸ ਸਥਾਨ ਦਾ ਪ੍ਰਬੰਧ ਸ਼ਾਹਜ਼ਾਦਪੁਰੀਏ ਸਰਦਾਰਾਂ ਦੇ ਹੱਥਾਂ ਵਿਚ ਚਲਾ ਗਿਆ ਸੀ। ਸ. ਕਰਮ ਸਿੰਘ ਸ਼ਾਹਜ਼ਾਦਪੁਰੀਏ ਦੇ ਵੇਲੇ ਤਾਂ ਪ੍ਰਬੰਧ ਕੁਝ ਠੀਕ ਚਲਦਾ ਰਿਹਾ, ਪਰੰਤੂ ਉਸ ਤੋਂ ਬਾਅਦ ਇਸ ਘਰਾਣੇ ਨੇ ਅੰਗਰੇਜਾਂ ਦੇ ਝੋਲੀਚੁੱਕ ਬਣ ਕੇ ਇਸ ਗੁਰਧਾਮ ਦੀ ਸਾਰੀ ਜਾਇਦਾਦ ਤੇ ਕਬਜ਼ਾ ਕਰ ਲਿਆ ਸੀ। ਇਥੋਂ ਦੇ

ਗਿਆਨੀਆ, ਵਿਦਵਾਨਾਂ ਅਤੇ ਮਹੰਤਾਂ ਨੂੰ ਅਪਮਾਨਤ ਕਰ ਕੇ ਤਖ਼ਤ ਸਾਹਿਬ ਤੋਂ ਕੱਢ ਦਿੱਤਾ ਗਿਆ ਸੀ। ਉਨ੍ਹਾਂ ਸੰਤਾਂ-ਮਹੰਤਾਂ ਨੇ ਉਸ ਔਖੇ ਸਮੇਂ ਵਿਚ ਆਪੋ-ਆਪਣੇ ਬੁੰਗੇ ਬਣਾ ਕੇ ਗੁਰਮਤਿ ਵਿੱਦਿਆ ਦਾ ਪ੍ਰਵਾਹ ਨਿਰਵਿਘਨ ਜਾਰੀ ਰੱਖਿਆ। ਇਸ ਸਮੇਂ ਵੀ ਇਹ ਤਖ਼ਤ ਵੱਖ-ਵੱਖ ਮਸਲਿਆਂ ਵਿਚ ਗੁਰਮਤਿ ਸਿਧਾਤਾਂ ਅਨੁਸਾਰ ਪੰਥ ਦੀ ਅਗਵਾਈ ਕਰਦਾ ਰਿਹਾ ਸੀ। ਸਮੇ ਸਮੇਂ 'ਤੇ ਇਸ ਸਥਾਨ ਦੇ ਪ੍ਰਬੰਧ ਵਿਚ ਸੁਧਾਰ ਕਰਨ ਲਈ ਆਵਾਜ਼ ਉਠਦੀ ਰਹੀ। ਪੈਪਸੂ ਦਾ ਪੰਜਾਬ ਵਿਚ ਰਲੇਵਾਂ ਹੋਣ ਤੇ ਇਸ ਗੁਰਧਾਮ ਦਾ ਪ੍ਰਬੰਧ ਸ਼ਾਹਜ਼ਾਦਪੁਰੀਏ ਸਰਦਾਰਾਂ ਕੋਲੋਂ ਛੁੱਟ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ ਸੀ। 1966 ਈ. ਵਿਚ ਇਸ ਗੁਰਧਾਮ ਨੂੰ ਤਖ਼ਤ ਵਜੋਂ ਮਾਨਤਾ ਦਿੱਤੀ ਗਈ। ਬਦਕਿਸਮਤੀ ਨਾਲ ਇਸ ਅਸਥਾਨ ਦਾ ਪ੍ਰਬੰਧ ਸੁਤੇ ਸਿੱਧ ਹੀ ਇੱਕ ਐਸੇ ਜਗੀਰਦਾਰ ਘਰਾਣੇ ਦੇ ਹੱਥਾਂ ਵਿੱਚ ਆ ਗਿਆ ਸੀ, ਜਿਸ ਨੇ ਇਸ ਦੀ ਤਖਤ ਸਾਹਿਬ ਵਾਲੀ ਮਹਾਨਤਾ ਨੂੰ ਕੁਝ ਸਮੇਂ ਲਈ ਸਿੱਖਾਂ ਲਈ ਖਤਮ ਕਰਕੇ ਇੱਕ ਸਾਧਾਰਨ ਜਾਗੀਰ ਵਿੱਚ ਬਦਲ ਦਿੱਤਾ ਸੀ। ਪਰ ਇਸ ਦੀ ਜੋ ਅਸਲ ਮਹਾਨਤਾ ਰਹੀ ਹੈ, ਉਸ ਨੇ ਇੱਕ ਨਾ ਇੱਕ ਦਿਨ ਤਾਂ ਸਾਹਮਣੇ ਆਉਣਾ ਹੀ ਸੀ। ਉਸ ਸਮੇਂ ਤੋਂ ਲਗਾਤਾਰ ਇਹ ਸਥਾਨ ਹਰ ਖੇਤਰ ਵਿਚ ਤਰੱਕੀ ਕਰ ਰਿਹਾ ਹੈ ਅਤੇ ਮਾਲਵੇ ਖੇਤਰ ਵਿਚ ਪੰਥਕ ਗਤੀਵਿਧੀਆਂ ਦੇ ਗੜ੍ਹ ਵਜੋਂ ਉਭਰ ਕੇ ਸਾਹਮਣੇ ਆ ਰਿਹਾ ਹੈ।

## ਅਧਿਆਇ ਚੌਥਾ

# ਅਜੋਕੇ ਸਮੇਂ ਵਿੱਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਦੀ ਪ੍ਰਸੰਗਕਿਤਾ

ਅਜੋਕੇ ਸਮੇ ਵਿੱਚ ਤਲਵੰਡੀ ਸਾਬੋ ਇੱਕ ਖ਼ੂਬਸੂਰਤ ਅਤੇ ਰੌਣਕ ਵਾਲਾ ਨਗਰ ਬਣ ਚੁੱਕਿਆ ਹੈ। ਇਹ ਨਗਰ ਜਿਲ੍ਹਾ ਬਠਿੰਡਾ ਦੀ ਤਹਿਸੀਲ ਅਤੇ ਉਪ-ਮੰਡਲ ਹੈ। ਇਹ ਨਗਰ ਜਿਲ੍ਹਾ ਹੈੱਡ ਕੁਆਟਰ ਬਠਿੰਡਾ ਤੋਂ 28 ਕਿਲੋਮੀਟਰ ਦੱਖਣ ਵੱਲ ਸਥਿਤ ਹੈ। ਰਾਮਾ ਮੰਡੀ ਰੇਲਵੇ ਸਟੇਸ਼ਨ ਤੋਂ ਇਸ ਦੀ ਦੂਰੀ 12 ਕਿਲੋਮੀਟਰ ਹੈ। ਗਲੋਬਲ ਮੈਪ ਉੱਤੇ ਇਸ ਦੀ ਸਥਿਤੀ 29.988268°N 75.078678°E ਹੈ। 2011 ਈ. ਦੀ ਜਨਗਣਨਾ ਮੁਤਾਬਿਕ ਇਸ ਕਸਬੇ ਦੀ ਕੁੱਲ ਆਬਾਦੀ 20,589 ਹੈ। ਇਸ ਵਿਚੋਂ 11,062 ਮਰਦ ਅਤੇ 9,527 ਔਰਤਾਂ ਹਨ।

ਜਿਵੇਂ ਕਿ ਪਹਿਲੇ ਅਧਿਆਇ ਵਿਚ ਦੱਸਿਆ ਗਿਆ ਹੈ ਕਿ ਉਨ੍ਹੀਵੀਂ ਸਦੀ ਦੇ ਅੰਤ ਤੱਕ ਤਲਵੰਡੀ ਸਾਬੋ ਇੱਕ ਸਾਧਾਰਨ ਜਿਹਾ ਪਿੰਡ ਸੀ। ਇੱਥੇ ਉੱਚੇ-ਉੱਚੇ ਟਿੱਬੇ ਅਤੇ ਬੇ-ਆਬਾਦ ਭੂਮੀ ਸੀ, ਸਾਰਾ ਦਿਨ ਰੇਤਾ ਉਡਦਾ ਰਹਿੰਦਾ ਸੀ, ਹਨੇਰੀਆਂ ਚਲਦੀਆ ਰਹਿੰਦੀਆਂ ਸਨ। ਇਸ ਕਰਕੇ ਅਜਿਹੀ ਮਾਰੂ-ਭੂਮੀ ਵਿੱਚ ਜੰਡ ਕਰੀਰ, ਕਿੱਕਰਾਂ, ਬੇਰੀਆਂ, ਬੂੰਈ, ਕੌੜ-ਤੁੰਮੇ, ਪੋਹਲੀ, ਅਲੇਹਾ, ਖਿੱਪ, ਭਖੜਾ, ਆਦਿ ਹੀ ਹੁੰਦਾ ਸੀ। ਮੀਂਹ ਘੱਟ ਪੈਣ ਕਾਰਣ ਫਸਲਾਂ ਨਾਂ-ਮਾਤਰ ਹੀ ਹੁੰਦੀਆ ਸਨ। ਬਾਜਰਾ, ਮੋਠ ਵਰਗੀਆ ਮਾਰੂ ਫਸਲਾਂ ਹੀ ਪੈਦਾ ਹੁੰਦੀਆਂ ਸਨ। ਜੰਗਲ ਹੋਣ ਦੇ ਕਾਰਨ ਇੱਥੇ ਸੇਹ, ਗੋਹ, ਸੱਪ, ਕੋਹੜ-ਕਿਰਲੇ, ਨਿਉਲੇ ਅਤੇ ਮਿਰਗ, ਰੋਝ, ਲੂੰਬੜ, ਗਿੱਦੜ, ਮੋਰ ਆਦਿ ਜੀਵ-ਜੰਤੂ ਆਮ ਫਿਰਦੇ ਸਨ।[1] ਆਮ ਲੋਕ ਮੱਝਾਂ, ਗਾਵਾਂ, ਭੇਡਾਂ ਅਤੇ ਬੱਕਰੀਆਂ ਪਾਲਦੇ ਸਨ। ਰੇਤਲਾ ਇਲਾਕਾ ਹੋਣ ਕਰਕੇ ਊਠ ਵੀ ਅਕਸਰ ਘਰਾਂ ਵਿੱਚ ਰੱਖੇ ਜਾਂਦੇ ਸਨ। ਊਠ ਖੇਤੀਬਾੜੀ ਦੇ ਕੰਮਾਂ ਦੇ ਨਾਲ-ਨਾਲ ਆਵਾਜਾਈ ਦੇ ਸਾਧਨ ਤੌਰ ਤੇ ਵੀ ਵਰਤਿਆ ਜਾਂਦਾ ਸੀ। ਪਰ ਹੁਣ ਇਹ ਗੱਲਾਂ ਤਲਵੰਡੀ ਸਾਬੋ ਦੇ ਨੌਜਵਾਨ ਵਸਨੀਕਾਂ ਨੂੰ ਬਹੁਤ ਹੀ ਅਜੀਬ ਲੱਗਦੀਆਂ ਹਨ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਇਹ ਨਗਰ ਉੱਨਤੀ ਦੇ ਵੱਲ ਕਦਮ ਪੁਟਣ ਲੱਗਿਆ। 1882 ਈ. ਵਿੱਚ ਰੋਪੜ ਤੋਂ ਸਰਹਿੰਦ ਨਹਿਰ ਨਿਕਲਣ ਤੇ ਤਲਵੰਡੀ ਸਾਬੋ ਦੇ ਵਿਚੀਂ ਇੱਕ ਰਜਵਾਹਾ ਨਿਕਲਿਆ। ਜਿਸ ਦੇ

---

[1] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਪੰਨਾ 12

ਕਾਰਣ ਇਸ ਮਾਰੂ ਧਰਤੀ ਤੇ ਖੇਤੀਬਾੜੀ ਵਿਚ ਸੰਚਾਈ ਵਾਸਤੇ ਵਧੀਆ ਪਾਣੀ ਪ੍ਰਾਪਤ ਹੋਇਆ। ਨਹਿਰੀ ਪਾਣੀ ਉਪਲਬਧ ਹੋਣ ਕਰਕੇ ਇਥੇ ਫ਼ਸਲਾਂ, ਫਲ, ਸਬਜ਼ੀਆਂ ਆਦਿ ਪੈਦਾ ਹੋਣੇ ਸ਼ੁਰੂ ਹੋ ਗਏ। ਮੌਜੂਦਾ ਸਮੇਂ ਵਿੱਚ ਤਲਵੰਡੀ ਸਾਬੋ ਦੇ ਇਲਾਕੇ ਵਿਚ ਕਣਕ, ਚਾਵਲ, ਮੱਕੀ ਆਦਿ ਅਨਾਜ, ਆਲੂ, ਗੋਭੀ, ਮਟਰ, ਟਮਾਟਰ, ਗਾਜ਼ਰ, ਮੂਲੀ ਆਦਿ ਸਬਜ਼ੀਆਂ ਅਤੇ ਅੰਗੂਰ, ਸੰਗਤਰਾ, ਕੇਲਾ, ਅੰਬ, ਆੜੂ, ਨਾਸ਼ਪਾਤੀ ਵਗੈਰਾ ਫ਼ਲ ਭਰਪੂਰ ਮਾਤਰਾ ਵਿੱਚ ਪੈਦਾ ਹੁੰਦੇ ਹਨ। ਤਲਵੰਡੀ ਸਾਬੋ ਦੇ ਅੰਗੂਰਾਂ ਦੇ ਬਾਗ ਬਹੁਤ ਮਸ਼ਹੂਰ ਹਨ।

ਹੁਣ ਇਹ ਨਗਰ ਧਾਰਮਿਕ, ਰਾਜਨੀਤਿਕ ਅਤੇ ਸਿੱਖਿਆ ਦੇ ਖੇਤਰ ਵਿੱਚ ਮਾਲਵੇ ਇਲਾਕੇ ਦੀ ਅਗਵਾਈ ਕਰ ਰਿਹਾ ਹੈ। ਤਲਵੰਡੀ ਸਾਬੋ ਇੱਕ ਛੋਟੇ ਜਿਹੇ ਪਿੰਡ ਤੋਂ ਵਿਕਾਸ ਕਰ ਕੇ ਸ਼ਹਿਰ ਬਣ ਚੁੱਕਾ ਹੈ। ਨਗਰ ਵਿੱਚ ਸੁੰਦਰ ਬਾਜ਼ਾਰ ਹਨ। ਸ਼ਹਿਰ ਦੇ ਵਿੱਚ ਅਤੇ ਆਲੇ-ਦੁਆਲੇ ਇਲਾਕੇ ਵਿਚ ਸੜਕਾਂ ਦਾ ਜਾਲ ਵਿਛ ਚੁੱਕਾ ਹੈ। ਦੂਰ-ਦੁਰਾਡੇ ਨੂੰ ਜਾਣ ਲਈ ਬੱਸਾਂ ਦੀ ਆਵਾਜਾਈ ਆਮ ਹੋ ਚੁੱਕੀ ਹੈ। ਵਪਾਰ ਵੀ ਵਿਕਸਤ ਹੋ ਰਿਹਾ ਹੈ। ਇੱਥੇ ਕਈ ਸਰਕਾਰੀ ਅਤੇ ਗ਼ੈਰ-ਸਰਕਾਰੀ ਦਫ਼ਤਰ ਖੁਲ੍ਹ ਚੁੱਕੇ ਹਨ। ਤਲਵੰਡੀ ਸਾਬੋ ਤਹਿਸੀਲ ਵਿਚ ਸਤਾਸੀ (87) ਪਿੰਡ ਹਨ।[2] ਤਹਿਸੀਲ ਦੇ ਪ੍ਰਬੰਧਕੀ ਬਲਾਕ ਦੀ ਨਵੀਨ ਇਮਾਰਤ ਉਸਾਰੀ ਗਈ ਹੈ। ਅਨੇਕਾਂ ਵਿੱਦਿਅਕ ਅਦਾਰੇ ਸਥਾਪਤ ਹੋ ਚੁੱਕੇ ਹਨ। ਇਹ ਵਿੱਦਿਅਕ ਅਦਾਰੇ ਵਰਤਮਾਨ ਸਮੇਂ ਵਿੱਚ ਗੁਰਮਤਿ ਤੇ ਕਿੱਤਾਮੁਖੀ ਦੋਵੇਂ ਤਰ੍ਹਾਂ ਦੀ ਵਿੱਦਿਆ ਨੌਜਵਾਨ ਪੀੜ੍ਹੀ ਨੂੰ ਮੁਹੱਈਆ ਕਰਵਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਹੰਗ ਸਿੰਘਾਂ ਦੇ ਜੱਥੇ ਬੁੱਢਾ ਦਲ ਤੇ ਤਰਨਾ ਦਲ ਆਦਿ ਧਾਰਮਿਕ ਸੰਸਥਾਵਾਂ ਦੇ ਦਫ਼ਤਰ ਹਨ।

ਜਿਵੇ ਕਿ ਪਿਛਲੇ ਅਧਿਆਇ ਵਿਚ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿ ਰਾਏ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਚਰਨ ਛੋਹ ਨਾਲ ਤਲਵੰਡੀ ਸਾਬੋ ਦੀ ਧਰਤੀ ਨੂੰ ਪਵਿੱਤਰ ਕੀਤਾ ਹੈ। ਗੁਰੂ ਸਾਹਿਬਾਨ ਤੋਂ ਬਾਅਦ ਇਹ ਅਸਥਾਨ ਸ਼ਹੀਦ ਬਾਬਾ ਦੀਪ ਸਿੰਘ ਦੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ। ਵਰਤਮਾਨ ਸਮੇਂ ਵਿਚ ਤਲਵੰਡੀ ਸਾਬੋ ਨਗਰ ਵਿਚ ਗੁਰੂ ਸਾਹਿਬਾਨ ਅਤੇ ਬਾਬਾ ਦੀਪ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਕਈ ਸੁੰਦਰ ਗੁਰਦੁਆਰੇ/ਇਤਿਹਾਸਕ ਸਥਾਨ ਬਣ ਚੁੱਕੇ ਹਨ। ਇਹ ਗੁਰਧਾਮ ਸਾਰੀ ਮਨੁੱਖਤਾ ਲਈ ਅਤੇ ਇਸ

---

2 District Census Handbook Bathinda, Part A, Census of India 2011, p.35

ਇਲਾਕੇ ਲਈ ਖਾਸ ਤੌਰ 'ਤੇ ਗਿਆਨ ਅਤੇ ਸ਼ਰਧਾ ਦਾ ਕੇਂਦਰ ਹਨ। ਤਲਵੰਡੀ ਸਾਬੋ ਨਗਰ ਵਿਚ ਸਥਿਤ ਵੱਖ-ਵੱਖ ਗੁਰਦੁਆਰਿਆਂ/ਇਤਿਹਾਸਕ ਸਥਾਨਾਂ[3] ਦਾ ਵਰਣਨ ਨਿਮਨਲਿਖਤ ਅਨੁਸਾਰ ਹੈ:

**ਤਖ਼ਤ ਸ੍ਰੀ ਦਮਦਮਾ ਸਾਹਿਬ**

ਇਸ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਮਰਕੱਸਾ ਖੋਲ੍ਹਿਆ ਸੀ, ਜਿਸ ਕਰਕੇ ਇਸ ਦਾ ਨਾਮ ਦਮਦਮਾ ਸਾਹਿਬ ਪ੍ਰਚੱਲਿਤ ਹੋਇਆ। ਤਲਵੰਡੀ ਸਾਬੋ ਵਿਖੇ ਠਹਿਰ ਦੌਰਾਨ ਗੁਰੂ ਸਾਹਿਬ ਦਾ ਨਿਵਾਸ ਇਸ ਸਥਾਨ 'ਤੇ ਸੀ। ਇਸ ਸਥਾਨ ਤੇ ਹੀ ਦਸਮ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ (ਦਮਦਮੀ ਬੀੜ) ਲਿਖਵਾਈ ਸੀ। ਇਸ ਬੀੜ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਕੀਤੀ ਗਈ ਸੀ। ਅਠਤਾਲੀ ਸਿੰਘਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਵੀ ਇਸ ਅਸਥਾਨ ਤੇ ਗੁਰੂ ਸਾਹਿਬ ਦੀ ਪਾਵਨ ਰਸਨਾ ਤੋਂ ਸ੍ਰਵਣ ਕੀਤੀ ਸੀ। ਗੁਰਬਾਣੀ ਦੇ ਅਰਥ ਬੋਧ ਦੀ ਸੰਪ੍ਰਦਾਇ ਵੀ ਇਥੇ ਹੀ ਆਰੰਭ ਹੋਈ ਸੀ। ਸਿੱਖ ਮਿਸਲਾਂ ਦੇ ਸਮੇਂ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਤਖ਼ਤ ਸਾਹਿਬ ਦੀ ਇਮਾਰਤ ਤਿਆਰ ਕਰਵਾਈ ਸੀ। ਤਖ਼ਤ ਸਾਹਿਬ ਦੀ ਨਵੀਨ ਇਮਾਰਤ, ਜੋ ਅਤਿ ਦਰਸ਼ਨੀਯ ਹੈ, ਦਾ ਆਰੰਭ ਸੰਤ ਫ਼ਤਿਹ ਸਿੰਘ ਜੀ ਨੇ ਕੀਤਾ ਅਤੇ ਸੰਤ ਸੇਵਾ ਸਿੰਘ ਜੀ ਆਨੰਦਪੁਰ ਵਾਲਿਆਂ ਨੇ ਇਸ ਨੂੰ ਸੰਪੂਰਨ ਕੀਤਾ। ਨਵੀਂ ਇਮਾਰਤ 100 ਫੁੱਟ ਲੰਮੀ, 70 ਫੁੱਟ ਚੌੜੀ ਅਤੇ 60 ਫੁੱਟ ਉੱਚੀ ਹੈ। ਤਖ਼ਤ ਸਾਹਿਬ ਦੀ ਇਮਾਰਤ ਅੰਦਰ ਰੰਗ-ਬਿਰੰਗੇ ਸ਼ੀਸ਼ੇ ਦੀ ਜੜਤ ਦਾ ਕੰਮ ਅਤਿਅੰਤ ਪ੍ਰਭਾਵਸ਼ਾਲੀ ਹੈ। ਤਖ਼ਤ ਸਾਹਿਬ ਦੀ ਇਮਾਰਤ ਦੇ ਸਾਹਮਣੇ ਸੌ ਫੁੱਟ ਉਚੇ ਦੋ ਨਿਸ਼ਾਨ ਸਾਹਿਬ ਝੂਲ ਰਹੇ ਹਨ।

**ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ**

ਇਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਬਿਰਾਜੇ ਸਨ। ਆਪ ਜੀ ਨੇ ਦਮਦਮਾ ਸਾਹਿਬ ਵਾਲੇ ਉੱਚੇ ਟਿੱਬੇ ਵੱਲ ਇਸ਼ਾਰਾ ਕਰ ਕੇ ਭਵਿੱਖਬਾਣੀ ਕੀਤੀ ਸੀ ਕਿ ਇਸ ਸਥਾਨ 'ਤੇ ਬੈਠਣ ਵਾਲੇ ਤੇਜਸਵੀ ਸਤਿ ਪੁਰਖ, ਮਹਾਂਬਲੀ (ਗੁਰੂ ਗੋਬਿੰਦ ਸਿੰਘ ਜੀ) ਆਉਣਗੇ, ਉਹ ਇਸ ਸਥਾਨ ਦੇ ਉਪਰ ਬੈਠੇਗਾ ਅਤੇ

---

[3] ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨੇ 2186-87; ਗਿਆਨੀ ਗਿਆਨ ਸਿੰਘ, *ਗੁਰਧਾਮ ਸੰਗ੍ਰਹਿ,* ਪੰਨੇ 108, 259-261; ਪੰਡਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰ ਤੀਰਥ ਸੰਗ੍ਰਹਿ,* ਪੰਨੇ 98,186-188; ਗਿਆਨੀ ਬਲਵੰਤ ਸਿੰਘ, ਉਕਤ, ਪੰਨੇ 64-71; ਹਰਬੰਸ ਸਿੰਘ (ਸੰਪਾ.), *ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ,* ਜਿਲਦ I, ਪੰਨੇ 968-971; ਡਾ. ਜਸਬੀਰ ਸਿੰਘ ਸਰਨਾ ਦਿਲਜੀਤ ਸਿੰਘ ਬੇਦੀ, *ਗੁਰਦੁਆਰਾ ਕੋਸ਼,* ਪੰਨੇ 226-230

ਤੀਰਥ ਨੂੰ ਪ੍ਰਗਟ ਕਰੇਗਾ। ਤਖ਼ਤ ਸਾਹਿਬ ਦੇ ਕੰਪਲੈਕਸ ਵਿਚ ਨੌਵੇਂ ਸਤਿਗੁਰੂ ਜੀ ਦੀ ਯਾਦ ਵਿਚ ਪੁਰਾਤਨ ਸੁੰਦਰ ਇਮਾਰਤ ਬਣੀ ਹੋਈ ਸੀ। ਜੋ ਢਾਹ ਦਿੱਤੀ ਗਈ ਅਤੇ ਹੁਣ ਇਸ ਥਾਂ ਤੇ ਛੋਟਾ ਜਿਹਾ ਮੰਜੀ ਸਾਹਿਬ ਬਣਿਆ ਹੋਇਆ ਹੈ।

**ਗੁਰਦੁਆਰਾ ਨਿਵਾਸ ਅਸਥਾਨ ਦਮਦਮਾ ਸਾਹਿਬ ਪਾਤਸ਼ਾਹੀ ਦਸਵੀਂ**

ਤਖ਼ਤ ਸਾਹਿਬ ਦੇ ਕੰਪਲੈਕਸ ਵਿਚ ਤਖ਼ਤ ਸਾਹਿਬ ਦੇ ਸੱਜੇ ਪਾਸੇ ਮੌਜੂਦ ਬਹੁਮੰਜ਼ਲਾ ਅੱਠ-ਕੋਨਾ ਇਹ ਗੁਰਦੁਆਰਾ ਸਾਹਿਬ, ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਿਹਾਇਸ਼ ਸਥਾਨ ਦੀ ਯਾਦਗਾਰ ਹੈ।

**ਗੁਰਦੁਆਰਾ ਲਿਖਣਸਰ ਸਾਹਿਬ**

ਇਸ ਸਥਾਨ ਵਿਖੇ ਦਸਮ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਨੂੰ 'ਗੁਰੂ ਕੀ ਕਾਸ਼ੀ' ਦੇ ਵਰਦਾਨ ਨਾਲ ਨਿਵਾਜਿਆ ਸੀ। ਜਦੋਂ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾ ਰਹੇ ਸਨ, ਤਾਂ ਲਿਖਾਈ ਸਮੇਂ ਜਿਸ ਕਲਮ ਦਾ ਮੂੰਹ ਘਸ ਜਾਂਦਾ ਸੀ, ਉਸ ਕਲਮ ਨੂੰ ਸੰਭਾਲ ਕੇ ਰੱਖ ਲਿਆ ਜਾਂਦਾ ਸੀ ਤੇ ਲਿਖਾਈ ਵਾਸਤੇ ਨਵੀਂ ਕਲਮ ਲਾਈ ਜਾਂਦੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਲਿਖਾਈ ਮੁਕੰਮਲ ਹੋਣ ਮਗਰੋਂ ਪੁਰਾਣੀਆਂ ਕਲਮਾਂ ਤੇ ਬਚੀ ਹੋਈ ਸਿਆਹੀ ਨੂੰ ਲਿਖਣਸਰ ਸਰੋਵਰ ਵਿਚ ਪ੍ਰਵਾਹ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਥਾਨ ਨੂੰ 'ਗੁਰੂ ਕੀ ਕਾਸ਼ੀ' ਦਾ ਵਰਦਾਨ ਦਿੱਤਾ। ਲਿਖਣਸਰ ਸਰੋਵਰ ਦੇ ਕਿਨਾਰੇ 'ਲਿਖਣਸਰ' ਗੁਰਦੁਆਰਾ ਹੈ। ਸਰੋਵਰ 204 ਫੁੱਟ ਵਰਗਾਕਾਰ ਹੈ ਤੇ 14 ਫੁੱਟ ਡੂੰਘਾ ਹੈ। ਇਥੇ ਸੰਗਤਾਂ ਗੁਰਮੁਖੀ ਦੀ ਵਰਣਮਾਲਾ (ਪੈਂਤੀ) ਲਿਖ ਕੇ ਵਿੱਦਿਆ ਦੀ ਪ੍ਰਾਪਤੀ ਲਈ ਅਰਦਾਸ ਕਰਦੀਆਂ ਹਨ।

**ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਪਾਤਸ਼ਾਹੀ ਦਸਵੀਂ**

ਇਹ ਸਥਾਨ ਗੁਰੂਸਰ ਸਰੋਵਰ ਦੇ ਦੱਖਣ-ਪੱਛਮ ਦੀ ਬਾਹੀ ਵੱਲ ਕਿਨਾਰੇ ਉੱਤੇ ਸਥਿਤ ਹੈ। ਇਸ ਸਰੋਵਰ ਦੇ ਕਿਨਾਰੇ ਬੇਰੀ ਹੇਠ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਵਾਸ ਕੀਤਾ ਸੀ ਤੇ ਇਥੇ ਬੈਠ ਕੇ ਕੀਰਤਨ ਦੀ ਅੰਮ੍ਰਿਤ ਵਰਖਾ ਕੀਤੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਪਵਿੱਤਰ ਅਸਥਾਨ ਦੇ ਸਰੋਵਰ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਰ ਕੱਢੀ ਸੀ। ਇਸ ਗੁਰਦੁਆਰਾ ਸਾਹਿਬ ਦੀ ਦਰਸ਼ਨੀ ਇਮਾਰਤ ਦੀ ਸੇਵਾ 'ਸੰਤ ਸੇਵਕ ਜੱਥਾ' ਬੁੰਗਾ ਮਸਤੂਆਣਾ ਵੱਲੋਂ ਕੀਤੀ ਗਈ ਹੈ। ਮੌਜੂਦਾ ਸਮੇਂ

ਵਿਚ ਵੀ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਬੁੰਗਾ ਮਸਤੂਆਣਾ ਦੇ ਕੋਲ ਹੈ।

**ਗੁਰਦੁਆਰਾ ਜੰਡਸਰ ਸਾਹਿਬ**

ਇਹ ਗੁਰਦੁਆਰਾ 'ਤਖ਼ਤ ਸਾਹਿਬ' ਤੋਂ ਲੱਗਭੱਗ ਅੱਧਾ ਕਿਲੋਮੀਟਰ ਉੱਤਰ-ਪੱਛਮ ਵੱਲ ਸਥਿਤ ਹੈ। ਇਸ ਸਥਾਨ ਨੂੰ ਇਤਿਹਾਸਕ ਸੋਮਿਆਂ ਵਿਚ 'ਜੰਡਿਆਣਾ' ਵੀ ਆਖਿਆ ਗਿਆ ਹੈ। ਅੱਜ ਕਲ੍ਹ ਗੁਰਦੁਆਰੇ ਵਿਚ ਗੁੰਬਦਨੁਮਾ ਪ੍ਰਕਾਸ਼ ਸਥਾਨ ਹੈ। ਇੱਕ ਛੋਟਾ ਜਿਹਾ ਸਰੋਵਰ ਵੀ ਬਣਿਆ ਹੋਇਆ ਹੈ। ਇਸ ਅਸਥਾਨ 'ਤੇ ਦਸਮ ਗੁਰੂ ਸਾਹਿਬ ਸਿੱਖ ਸੈਨਿਕਾਂ ਨੂੰ ਤਨਖਾਹਾਂ ਵੰਡਿਆ ਕਰਦੇ ਸਨ ਅਤੇ ਸ਼ਾਮ ਨੂੰ ਦੀਵਾਨ ਲਾਇਆ ਕਰਦੇ ਸਨ। ਇੱਥੇ ਹੀ ਗੁਰਬਾਣੀ ਦੀ ਕਥਾ ਵਿਚ ਦੱਸੇ ਗਏ ਗੂੜ੍ਹ ਅਰਥਾਂ ਨੂੰ ਮੁੜ ਪ੍ਰਪੱਕ ਕਰਾਇਆ ਜਾਂਦਾ ਸੀ। ਪੁਰਾਤਨ ਵਿਦਵਾਨਾਂ ਵਿਚ ਇਥੇ ਘੱਟ ਤੋਂ ਘੱਟ ਇਕ ਦਿਨ ਕਥਾ ਕਰਕੇ ਹਾਜ਼ਰੀ ਲਾਉਣ ਦੀ ਪਰੰਪਰਾ ਰਹੀ ਹੈ। ਜਿਸ ਪੁਰਾਤਨ ਜੰਡ ਨਾਲ ਗੁਰੂ ਸਾਹਿਬ ਘੋੜਾ ਬੰਨਿਆ ਕਰਦੇ ਸਨ, ਅਜੇ ਤੱਕ ਕਾਇਮ ਹੈ। ਪਹਿਲਾਂ ਇਸ ਗੁਰਧਾਮ ਅਤੇ ਸਰੋਵਰ ਦੀ ਸੇਵਾ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਨੇ ਕਰਵਾਈ ਸੀ ਤੇ ਇੱਥੇ ਇੱਕ ਪੱਕਾ ਖੂਹ ਵੀ ਲਗਵਾਇਆ ਸੀ। ਹੁਣ ਬਹੁਤ ਹੀ ਸੁੰਦਰ ਨਵੀਨ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਤਿਆਰ ਕਰਵਾਈ ਹੈ।

**ਗੁਰਦੁਆਰਾ ਮਹੱਲਸਰ ਸਾਹਿਬ**

ਇਹ ਸਥਾਨ ਦਮਦਮਾ ਸਾਹਿਬ ਤੋਂ ਦੋ ਕਿਲੋਮੀਟਰ ਦੂਰ ਬਠਿੰਡਾ ਰੋਡ 'ਤੇ ਸਥਿਤ ਹੈ। ਇਸ ਗੁਰਦੁਆਰਾ ਸਾਹਿਬ ਦਾ ਨਾਂ 'ਹੋਲਗੜ੍ਹ' ਅਤੇ 'ਟਿੱਬੀ ਸਾਹਿਬ' ਵੀ ਹੈ। ਇਥੇ ਦਸਮ ਗੁਰੂ ਸਾਹਿਬ ਸਿੰਘਾਂ ਨੂੰ ਹੋਲਾ ਮਹੱਲਾ ਖਿਡਾਇਆ ਕਰਦੇ ਸਨ। ਵਿਸਾਖੀ ਦੇ ਜੋੜ ਮੇਲੇ 'ਤੇ ਸਮੂਹ ਸੰਗਤ ਤੇ ਨਿਹੰਗ ਸਿੰਘ ਅਦੁੱਤੀ ਜਲੂਸ ਦੇ ਰੂਪ ਵਿਚ ਇਥੇ ਪਹੁੰਚਦੇ ਹਨ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਵੀ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆਂ ਨੇ ਤਿਆਰ ਕਰਵਾਈ ਹੈ।

**ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰ ਕੌਰ ਜੀ**

ਇਹ ਸਥਾਨ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਸਥਿਤ ਹੈ। ਇਸ ਅਸਥਾਨ 'ਤੇ ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰ ਕੌਰ ਜੀ ਦੀ ਰਿਹਾਇਸ਼ ਸੀ। ਪਹਿਲਾਂ ਇਸ ਸਥਾਨ 'ਤੇ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਨੇ ਇਮਾਰਤ ਤਿਆਰ ਕਰਵਾਈ ਸੀ। ਫਿਰ ਇਸ ਗੁਰਦੁਆਰਾ ਸਾਹਿਬ ਦੀ ਨਵੀਨ

ਇਮਾਰਤ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆਂ ਨੇ ਤਿਆਰ ਕਰਵਾਈ।

**ਗੁਰਦੁਆਰਾ ਬਾਬਾ ਬੀਰ ਸਿੰਘ ਬਾਬਾ ਧੀਰ ਸਿੰਘ**

ਇਹ ਅਸਥਾਨ ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਦੀ ਯਾਦ ਵਿਚ ਬਣਿਆ ਹੋਇਆ ਹੈ, ਜੋ ਤਖ਼ਤ ਸਾਹਿਬ ਦੇ ਨਜ਼ਦੀਕ ਪੂਰਬ ਵੱਲ ਹੈ। ਜਦੋਂ ਦਸਮ ਗੁਰੂ ਸਾਹਿਬ ਨੇ ਬੰਦੂਕ ਦਾ ਨਿਸ਼ਾਨਾ ਪਰਖਿਆ ਸੀ, ਤਾਂ ਇਹ ਦੋਵੇਂ ਸਿੰਘ ਬੰਦੂਕ ਦੇ ਨਿਸ਼ਾਨੇ ਅੱਗੇ ਇਸ ਸਥਾਨ 'ਤੇ ਖੜੇ ਸਨ।

**ਗੁਰਦੁਆਰਾ ਨਾਨਕਸਰ ਸਾਹਿਬ ਪਾਤਸ਼ਾਹੀ ਪਹਿਲੀ**

ਇਹ ਗੁਰਦੁਆਰਾ ਨਾਨਕਸਰ ਸਰੋਵਰ ਦੇ ਵਿਚਕਾਰ ਬਣਿਆ ਹੋਇਆ ਹੈ। ਇਹ ਸਥਾਨ (ਪ੍ਰਚੱਲਤ ਰਿਵਾਇਤ ਅਨੁਸਾਰ) ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਨੂੰ ਸਮਰਪਿਤ ਹੈ। ਇਸ ਸਥਾਨ ਦਾ ਪ੍ਰਬੰਧ ਬੁੱਢਾ ਦਲ ਨਿਹੰਗ ਸਿੰਘ ਜੱਥੇਬੰਦੀ ਦੇ ਅਧੀਨ ਹੈ।

**ਗੁਰੂਸਰ ਸਰੋਵਰ**

ਇਸ ਸਰੋਵਰ ਦੇ ਕਿਨਾਰੇ ਬੇਰੀ ਹੇਠ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਵਾਸ ਕੀਤਾ ਸੀ ਅਤੇ ਕੀਰਤਨ ਕੀਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਪਵਿੱਤਰ ਅਸਥਾਨ ਦੇ ਸਰੋਵਰ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੋਸ਼ਾਲੇ ਨਾਲ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਢਾਲੇ ਨਾਲ ਕਾਰ ਕੱਢੀ ਸੀ। ਇਸ ਸਰੋਵਰ ਨੂੰ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਪੱਕਾ ਕਰਵਾਇਆ ਸੀ। ਇਸ ਸਰੋਵਰ ਦੀ ਪੈਮਾਇਸ਼ 130 x 90 ਮੀਟਰਜ਼ ਹੈ ਅਤੇ ਇਸਦੇ ਆਲੇ-ਦੁਆਲੇ 10 ਮੀਟਰ ਚੌੜੀ ਸੰਗਮਰਮਰ ਦੀ ਪਰਿਕਰਮਾ ਬਣੀ ਹੋਈ ਹੈ। ਮੌਜੂਦਾ ਸਮੇਂ ਵਿਚ ਇਸ ਸਰੋਵਰ ਦੀ ਸਾਂਭ-ਸੰਭਾਲ 'ਸੰਤ ਸੇਵਕ ਜੱਥਾ' ਬੁੰਗਾ ਮਸਤੂਆਣਾ ਵੱਲੋਂ ਕੀਤੀ ਜਾਂਦੀ ਹੈ।

**ਨਾਨਕਸਰ ਸਰੋਵਰ**

ਇਹ ਸਥਾਨ ਤਖ਼ਤ ਸਾਹਿਬ ਅਤੇ ਗੁਰਦੁਆਰਾ ਜੰਡਸਰ ਦੇ ਵਿਚਕਾਰ ਆਉਂਦਾ ਹੈ। ਇਸ ਸਰੋਵਰ ਦੀ ਪੈਮਾਇਸ਼ 80 x 80 ਮੀਟਰ ਹੈ। ਇਹ ਇੱਕ ਕੁਦਰਤੀ ਸਰੋਵਰ ਸੀ, ਜਿਸ ਨੂੰ ਅੱਜ ਕਲ੍ਹ ਨਾਨਕਸਰ ਆਖਿਆ ਜਾਂਦਾ ਹੈ। ਸਥਾਨਕ ਰਵਾਇਤ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਤਲਵੰਡੀ ਸਾਬੋ ਵਿਖੇ ਆਏ ਸਨ। ਗੁਰੂ ਸਾਹਿਬ ਦੀ ਯਾਦਗਾਰ ਨੂੰ ਸਮਰਪਿਤ ਇਸ ਸਰੋਵਰ ਦਾ ਨਾਂ 'ਨਾਨਕਸਰ' ਰੱਖਿਆ ਗਿਆ ਹੈ।

**ਅਕਾਲਸਰ ਸਰੋਵਰ**

ਇਹ ਇਤਿਹਾਸਕ ਸਰੋਵਰ ਤਖ਼ਤ ਸਾਹਿਬ ਦੀ ਇਮਾਰਤ ਨਾਲ ਅੱਠ ਕੋਨਾ ਹੈ। ਇਸ ਸਰੋਵਰ ਵਿਚ ਦਸਮ ਸਤਿਗੁਰੂ ਜੀ ਕੇਸੀ ਇਸ਼ਨਾਨ ਕਰਿਆ ਕਰਦੇ ਸਨ। ਹੁਣ ਇਸ ਸਰੋਵਰ ਵਿਚ ਰਾਜਵਾਹੇ ਦਾ ਪਾਣੀ ਪੈਂਦਾ ਹੈ। ਰਾਜਵਾਹਾ ਆਉਣ ਤੋਂ ਪਹਿਲਾਂ ਬਾਬਾ ਦੀਪ ਸਿੰਘ ਜੀ ਵਾਲੇ ਖੂਹ ਤੋਂ ਬੋਕਿਆਂ ਨਾਲ ਪਾਣੀ ਕਢਕੇ ਪਾਇਆ ਜਾਂਦਾ ਸੀ। ਪ੍ਰਾਚੀਨ ਸਮੇਂ ਵਿਚ ਸਰੋਵਰ ਦੀ ਕਾਰ ਸੇਵਾ ਬਾਬਾ ਦੀਪ ਸਿੰਘ ਜੀ ਨੇ ਕੀਤੀ ਸੀ। ਬਾਅਦ ਵਿਚ ਸੰਤ ਚੰਦਾ ਸਿੰਘ ਜੀ ਬੁੰਗਾ ਕੱਟੂ ਵਾਲਿਆਂ ਨੇ ਇਸ ਸਰੋਵਰ ਨੂੰ ਅੱਠ ਕੋਨਾ ਪੱਕਾ ਕੀਤਾ। ਭਾਈ ਲਾਲ ਸਿੰਘ ਮੈਨੇਜਰ ਵੱਲੋਂ ਵੀ ਇਸ ਦੀ ਸੇਵਾ ਕਰਵਾਈ ਗਈ ਸੀ।

**ਬੁਰਜ ਬਾਬਾ ਦੀਪ ਸਿੰਘ ਜੀ**

ਇਹ ਗੜ੍ਹੀ ਦੀ ਸ਼ਕਲ ਦਾ ਬੁਰਜ, ਤਖ਼ਤ ਸਾਹਿਬ ਦੇ ਨਾਲ ਅੱਠ-ਕੋਨਾ ਸੱਤਰ ਫੁੱਟ ਉੱਚਾ ਬਣਿਆ ਹੋਇਆ ਹੈ। ਪਹਿਲਾਂ ਇਹ ਬੁਰਜ ਨਾਨਕਸ਼ਾਹੀ ਇੱਟਾਂ ਦੀ ਚੂਨੇ ਗੱਚ ਇਮਾਰਤ ਸੀ। ਬਾਬਾ ਦੀਪ ਸਿੰਘ ਜੀ ਨੇ ਇਸ ਬੁਰਜ ਦੀ ਉਸਾਰੀ ਸੈਨਿਕ ਨਜ਼ਰੀਏ ਨਾਲ ਕਰਾਈ ਸੀ। ਇਸ ਬੁਰਜ ਵਿਚ ਲੜਾਈ ਵਾਸਤੇ ਮੋਰਚਾਬੰਦੀ ਦੇ ਸਾਰੇ ਸਾਧਨ ਸਨ। ਦੂਰ ਤੋਂ ਆ ਰਹੇ ਅਤੇ ਨੇੜੇ ਆਏ ਦੁਸ਼ਮਣ 'ਤੇ ਤੀਰ ਜਾਂ ਗੋਲੀ ਮਾਰਨ ਦੇ ਝਰੋਖੇ ਵੱਖ-ਵੱਖ ਢੰਗ ਦੇ ਬਣੇ ਹੋਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੰਕਰੀਟ ਦੀ ਇਮਾਰਤ ਉਸਾਰ ਕੇ ਲਾਲ ਰੰਗ ਦਾ ਸੰਗਮਰਮਰ ਲਾ ਕੇ ਇਸ ਬੁਰਜ ਦੀ ਦੁਬਾਰਾ ਉਸਾਰੀ ਕਰਵਾਈ ਗਈ ਹੈ।

**ਭੋਰਾ ਬਾਬਾ ਦੀਪ ਸਿੰਘ ਜੀ**

ਤਖ਼ਤ ਸਾਹਿਬ ਦੇ ਸੱਜੇ ਪਾਸੇ ਪਿੰਡ ਵਲ ਬਾਬਾ ਦੀਪ ਸਿੰਘ ਜੀ ਦਾ ਬਣਾਇਆ ਹੋਇਆ ਭੋਰਾ ਹੈ। ਇਸ ਭੋਰੇ ਵਿਚ ਬਾਬਾ ਜੀ ਸਿਮਰਨ/ਨਾਮ ਚਿੰਤਨ ਅਤੇ ਵਿਦਿਆ ਅਧਿਐਨ ਕਰਿਆ ਕਰਦੇ ਸਨ। ਇਥੇ ਹੀ ਬਾਬਾ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਤੇ ਪੋਥੀਆਂ ਲਿਖਦੇ ਹੁੰਦੇ ਸਨ। ਇਸ ਭੋਰੇ ਦੀ ਪੁਰਾਤਨ ਇਮਾਰਤ ਨੂੰ ਸਾਂਭ ਕੇ ਰੱਖਿਆ ਗਿਆ ਹੈ।

**ਬਾਬਾ ਦੀਪ ਸਿੰਘ ਦਾ ਖੂਹ**

ਤਖ਼ਤ ਸਾਹਿਬ ਦੇ ਸਾਹਮਣੇ ਬਾਬਾ ਦੀਪ ਸਿੰਘ ਜੀ ਦਾ ਲਾਇਆ ਹੋਇਆ ਖੂਹ ਮੌਜੂਦ ਹੈ। ਇਸ

ਖੂਹ ਦੇ ਨੌਂ ਵਿੱਢ ਅਤੇ ਵੱਡੇ-ਵੱਡੇ ਚੁਬੱਚੇ ਸਨ। ਇਸ ਇਲਾਕੇ ਵਿਚ ਪਾਣੀ ਦੀ ਤੋਟ ਹੋਣ ਕਾਰਨ ਬਾਬਾ ਜੀ ਨੇ ਇਹ ਖੂਹ ਆਪਣੇ ਹੱਥੀਂ ਲਵਾਇਆ ਸੀ। ਇਸ ਖੂਹ ਦਾ ਪਾਣੀ ਬੜਾ ਠੰਢਾ ਤੇ ਮਿੱਠਾ ਹੈ।

**ਗੁਰਦੁਆਰਾ ਬੇਰ ਸਾਹਿਬ ਦੇਗ-ਸਰ ਪਾਤਸ਼ਾਹੀ ਦਸਵੀਂ (ਛਾਉਣੀ ਬੁੱਢਾ ਦਲ)**

ਤਖ਼ਤ ਸਾਹਿਬ ਕੰਪਲੈਕਸ ਦੇ ਖੱਬੇ ਪਾਸੇ ਗੁਰਦੁਆਰਾ ਬੇਰ ਸਾਹਿਬ ਦੇਗਸਰ ਛਾਉਣੀ ਬੁੱਢਾ ਦਲ ਵੀ ਪ੍ਰਸਿੱਧ ਸਥਾਨ ਹੈ। ਨਿਹੰਗ ਸਿੰਘਾਂ ਦੇ ਬੁੱਢਾ ਦਲ ਦਾ ਹੈੱਡ ਕੁਆਟਰ ਇਥੇ ਹੀ ਹੈ, ਜੋ ਕਿ ਬਾਬਾ ਚੇਤ ਸਿੰਘ ਨਿਹੰਗ ਦੁਆਰਾ ਕਾਇਮ ਕੀਤਾ ਗਿਆ ਸੀ। ਇਥੋਂ ਦੇ ਮੌਜੂਦਾ ਮੁੱਖ ਸੇਵਾਦਾਰ ਬਾਬਾ ਅਰਜਨ ਦੇਵ ਸਿੰਘ ਜੀ ਉਰਫ਼ ਸ਼ਿਵਜੀ ਜੀ ਹਨ। ਇਸ ਸਥਾਨ ਤੇ ਬੁੱਢਾ ਦਲ ਵੱਲੋਂ ਹਰ ਮੱਸਿਆ ਵਾਲੇ ਦਿਨ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ।

**ਬੁੰਗਾ ਮਸਤੂਆਣਾ**

ਇਹ ਮਹੱਤਵਪੂਰਨ ਸਥਾਨ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਦੁਆਰਾ ਕਾਇਮ ਕੀਤਾ ਗਿਆ ਸੀ। ਇਹ ਸਥਾਨ ਮੌਜੂਦਾ ਸਮੇਂ ਵਿਚ ਇੱਕ ਵੱਡਾ ਕੰਪਲੈਕਸ ਹੈ। ਇੱਥੇ ਨੌਜਵਾਨ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਵਿੱਦਿਆ ਦਿੱਤੀ ਜਾਂਦੀ ਹੈ। ਸਿੱਖਿਆਰਥੀਆਂ ਲਈ ਰਿਹਾਇਸ਼ ਦਾ ਵਧੀਆ ਪ੍ਰਬੰਧ ਹੈ।

**ਸਮਾਧ ਭਾਈ ਡੱਲ ਸਿੰਘ**

ਇਹ ਛੋਟਾ ਜਿਹਾ ਸਥਾਨ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਦੱਖਣ ਵੱਲ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰ ਕੌਰ ਜੀ ਦੇ ਅੱਗੇ ਸਥਿਤ ਹੈ। ਇਸ ਸਥਾਨ 'ਤੇ ਭਾਈ ਡੱਲ ਸਿੰਘ ( ਚੌਧਰੀ ਡੱਲਾ) ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ। ਇਹ ਸਥਾਨ ਭਾਈ ਡੱਲ ਸਿੰਘ ਦੇ ਘਰਾਣੇ ਵਿਚੋਂ ਸ੍ਰ. ਸ਼ਮਸ਼ੇਰ ਸਿੰਘ ਨੇ ਬਣਾਇਆ।

ਬੁੰਗਾ ਮਸਤੂਆਣਾ ਅਤੇ ਗੁਰਦੁਆਰਾ ਦੇਗਸਰ ਸਾਹਿਬ (ਛਾਉਣੀ ਬੁੱਢਾ ਦਲ) ਨੂੰ ਛੱਡ ਕੇ ਬਾਕੀ ਸਾਰੇ ਅਸਥਾਨਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

**ਤਖ਼ਤ ਸਾਹਿਬ 'ਤੇ ਯਾਦਗਾਰੀ ਵਸਤਾਂ[4]**

**ਇਤਿਹਾਸਕ ਬੀੜ**

ਪ੍ਰਚੱਲਿਤ ਰਵਾਇਤ ਅਨੁਸਾਰ ਇਹ ਹੱਥ-ਲਿਖਤ ਬੀੜ ਸ਼ਹੀਦ ਬਾਬਾ ਦੀਪ ਸਿੰਘ ਜੀ ਦੁਆਰਾ ਲਿਖੀਆਂ ਗਈਆਂ ਚਾਰ ਬੀੜਾਂ ਵਿਚੋਂ ਇੱਕ ਹੈ। ਇਸ ਬੀੜ ਨੂੰ 'ਵੱਡੇ ਬਾਬਾ ਜੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਪਾਵਨ ਬੀੜ ਦੇ 707 ਪੰਨੇ ਹਨ। ਇਹਨਾਂ ਪੰਨਿਆਂ ਤੋਂ ਇਲਾਵਾ 29 ਪੰਨਿਆਂ ਤੇ ਇਸ ਬੀੜ ਦਾ ਤਤਕਰਾ ਹੈ।

**ਸ੍ਰੀ ਸਾਹਿਬ**

ਇਹ ਸ੍ਰੀ ਸਾਹਿਬ (ਕਿਰਪਾਨ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ, ਜੋ ਆਪ ਜੀ ਗਾਤਰੇ ਪਹਿਨ ਕੇ ਰੱਖਦੇ ਸਨ।

**ਬੰਦੂਕ**

ਇਹ ਬੰਦੂਕ ਕਿਸੇ ਪ੍ਰੇਮੀ ਸਿੱਖ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟਾ ਕੀਤੀ ਗਈ ਸੀ। ਇਸ ਬੰਦੂਕ ਨਾਲ ਗੁਰੂ ਸਾਹਿਬ ਨੇ ਭਾਈ ਬੀਰ ਸਿੰਘ ਤੇ ਭਾਈ ਧੀਰ ਸਿੰਘ ਰੰਘਰੇਟੇ ਸਿੰਘਾਂ ਦੀ ਪਰਖ ਕੀਤੀ ਸੀ। ਇਹ ਤੋੜੇਦਾਰ ਬੰਦੂਕ ਹੈ, ਸੱਜੇ ਪਾਸੇ ਘੋੜਾ ਹੈ, ਨਾਲੀ ਗੁਲਾਈ ਵਿਚ ਨਹੀਂ ਫਾਂਟੇਦਾਰ ਹੈ। ਅੰਦਰਲੇ ਪਾਸੇ ਕੋਈ ਗਰੂਫ਼ ਨਹੀਂ ਹੈ। ਸਿਸਤ ਲੈਣ ਲਈ ਮੱਖੀ ਲੱਗੀ ਹੋਈ ਹੈ।

**ਸ਼ੀਸ਼ਾ**

ਇਹ ਸ਼ੀਸ਼ਾ ਦਸਮ ਗੁਰੂ ਸਾਹਿਬ ਨੂੰ ਦਿੱਲੀ ਦੀ ਸੰਗਤ ਵੱਲੋਂ ਭੇਂਟ ਕੀਤਾ ਗਿਆ ਸੀ। ਇਹ ਸ਼ੀਸ਼ਾ ਮਸੀਤ ਦੀ ਸ਼ਕਲ ਵਿਚ ਹੈ। ਲੱਕੜ ਦੀਆਂ ਫੱਟੀਆਂ ਦੇ ਫਰਮੇਂ ਵਿਚ ਜੜਿਆ ਹੈ। ਤਿੰਨ ਫਰਦਾਂ ਵਿਚ ਤਹਿ ਹੋ ਜਾਂਦਾ ਹੈ। ਚੌਗਾਠ ਸੁਨਹਿਰੀ ਹੈ। ਇਸ ਸ਼ੀਸ਼ੇ ਨੂੰ ਗੁਰੂ ਸਾਹਿਬ ਦਾ ਵਰਦਾਨ ਹੈ ਕਿ ਲਕਵੇ ਕਾਰਣ ਵਿੰਗੇ ਹੋ ਚੁੱਕੇ ਮੂੰਹ ਵਾਲੇ ਵਿਅਕਤੀ ਜੇ ਕਰ ਇਸ ਸ਼ੀਸ਼ੇ ਨੂੰ ਮਰਯਾਦਾ ਪੂਰਵਕ ਤਿੰਨ ਦਿਨ ਦੇਖਣਗੇ, ਤਾਂ ਉਹਨਾਂ ਦੇ ਮੂੰਹ ਸਿੱਧੇ ਹੋ ਜਾਣਗੇ।

---

[4] ਗਿਆਨੀ ਬਲਵੰਤ ਸਿੰਘ, ਉਕਤ, ਪੰਨੇ 71-73; ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਸਿੱਖ ਇਤਿਹਾਸ,* ਭਾਗ ਪਹਿਲਾ, ਪੰਨਾ 398

**ਤੇਗਾ ਬਾਬਾ ਦੀਪ ਸਿੰਘ**

ਇਹ ਤੇਗਾ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਹੈ, ਜੋ ਤਖ਼ਤ ਸਾਹਿਬ ਵਿਖੇ ਸੰਭਾਲਿਆ ਪਿਆ ਹੈ। ਇਸ ਤੇਗੇ ਦੀ ਲੰਬਾਈ ਦੋ ਫੁੱਟ ਛੇ ਇੰਚ, ਚੌੜਾਈ ਢਾਈ ਇੰਚ, ਮੁੱਠ ਲੋਹੇ ਦੀ ਤਾੜੀਦਾਰ, ਮੁਲੰਮਾ ਚਾਂਦੀ ਦਾ ਪੌਣੇ ਸਤ ਇੰਚ, ਪਕੜ ਸਾਢੇ ਤਿੰਨ ਇੰਚ ਅਤੇ ਵਜ਼ਨ ਲਗਭਗ ਡੇਢ ਕਿਲੋ ਹੈ। ਮੁੱਠ ਨੇੜੇ ਫਲ ਉੱਤੇ ਧਾਰ ਵੱਲ 'ਸੁਰਿੰਦਰ ਆਹਨ ਨਗਰ' ਉਕਰਿਆ ਹੋਇਆ ਹੈ। ਇਸ ਦੀ ਚਾਂਦੀ ਦੀ ਝਲਕ ਖ਼ਤਮ ਹੋ ਚੁੱਕੀ ਹੈ।

**ਮੋਹਰ**

ਇਹ ਪੁਰਾਤਨ ਮੋਹਰ ਹੈ, ਜੋ ਤਖ਼ਤ ਦਮਦਮਾ ਸਾਹਿਬ ਤੋਂ ਨਿਕਲਦੇ ਹੁਕਮਨਾਮਿਆਂ ਉੱਪਰ ਲਾਈ ਜਾਂਦੀ ਸੀ। ਇਹ ਚਿੱਟੀ ਚਾਂਦੀ ਜਾਂ ਤਾਂਬੇ ਦੀ ਧਾਤ ਦੀ ਬਣੀ ਹੋਈ ਹੈ। ਇਸ ਉੱਤੇ ਗੁਰਮੁੱਖੀ ਵਿਚ ਇਹ ਸ਼ਬਦ ਉਕਰੇ ਹੋਏ ਹਨ:-

"ਅਕਾਲ ਸਹਾਇ

ਗੁਰੂ ਗੋਬਿੰਦ ਸਿੰਘ

ਸਾਹਿਬ ਜੀ ਕੀ ਜਗਾ ਤ

ਖਤ ਸ੍ਰੀ ਦਮਦਮਾ ਜੀ"

**ਤਸਵੀਰ**

ਇੱਕ ਪੁਰਾਤਨ ਤਸਵੀਰ ਜਿਸ ਵਿਚ ਦਸਮ ਸਤਿਗੁਰੂ ਜੀ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾ ਰਹੇ ਹਨ। ਇਹ ਚਿੱਤਰ ਕਿਸੇ ਪ੍ਰੇਮੀ ਸਿੱਖ ਚਿੱਤਰਕਾਰ ਦਾ ਬਣਾਇਆ ਹੋਇਆ ਹੈ।

**ਇਤਿਹਾਸਕ ਕਰੀਰ**

ਗੁਰਦੁਆਰਾ ਦਮਦਮਾ ਸਾਹਿਬ ਦੀ ਇਮਾਰਤ ਦੇ ਨਾਲ ਦੋ ਕਰੀਰ ਦੇ ਦਰੱਖਤ ਹਨ। ਇਹਨਾਂ ਨਾਲ ਦਸਮ ਪਾਤਸ਼ਾਹ ਜੀ ਘੋੜਾ ਬੰਨ੍ਹਿਆ ਕਰਦੇ ਸਨ।

**ਭਾਈ ਡੱਲ ਸਿੰਘ ਦੇ ਪਰਿਵਾਰ ਵਿਚ ਦਸਮ ਗੁਰੂ ਸਾਹਿਬ ਦੀਆਂ ਯਾਦਗਾਰੀ ਵਸਤਾਂ**[5]

**ਤੇਗਾ**

ਇਹ ਅਤਿਅੰਤ ਸੁੰਦਰ ਤੇਗਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ। ਜਿਸ ਉੱਤੇ ਫਾਰਸੀ ਵਿਚ 'ਅੱਲਾ' ਸ਼ਬਦ ਉੱਕਰਿਆ ਹੋਇਆ ਹੈ। ਮਿਆਨ 'ਤੇ ਮਖਮਲੀ ਕੱਪੜਾ ਚੜ੍ਹਿਆ ਹੋਇਆ ਹੈ। ਇਸ ਤੇਗੇ ਦੀ ਲੰਬਾਈ ਡੇਢ ਗਜ਼ ਤੇ ਵਜ਼ਨ ਤਿੰਨ-ਚਾਰ ਕਿਲੋ ਹੈ।

**ਸ੍ਰੀ ਸਾਹਿਬ**

ਇਹ ਦਸਮ ਸਤਿਗੁਰੂ ਜੀ ਦੇ ਗਾਤਰੇ ਦੀ ਕਿਰਪਾਨ ਹੈ। ਇਸ ਦੀ ਲੰਬਾਈ ਲਗਭਗ ਸਵਾ ਤਿੰਨ ਫੁੱਟ ਤੇ ਚੌੜਾਈ ਡੇਢ ਇੰਚ ਹੈ। ਇਸ ਕਿਰਪਾਨ ਦਾ ਮੁੱਠਾ ਸਰਬ ਲੋਹ ਦਾ ਹੈ।

**ਦਸਤਾਰ (ਵੱਡੀ)**

ਇਹ ਦਸਤਾਰ ਅਤਿ ਬਰੀਕ ਸੂਤ ਦੀ ਬਣੀ ਹੋਈ ਹੈ। ਹੁਣ ਇਸ ਦਾ ਰੰਗ ਉੱਡ ਚੁੱਕਾ ਹੈ, ਜੋ ਹਲਕੇ ਮੋਤੀਏ ਵਰਗਾ ਪ੍ਰਤੀਤ ਹੁੰਦਾ ਹੈ। ਤਹਿ ਮਾਰ ਕੇ ਰੱਖੀ ਹੋਈ ਹੈ।

**ਦਸਤਾਰ (ਛੋਟੀ)**

ਦਸਮ ਗੁਰੂ ਸਾਹਿਬ ਦੀ ਛੋਟੀ ਦਸਤਾਰ ਹੈ, ਜਿਸ ਦੀ ਵਰਤੋਂ ਗੁਰੂ ਸਾਹਿਬ ਕੇਸਕੀ ਦੇ ਤੌਰ 'ਤੇ ਕਰਦੇ ਸਨ। ਇਸ ਦਾ ਰੰਗ ਲਾਲ ਹੈ ਅਤੇ ਤਹਿ ਮਾਰ ਕੇ ਰੱਖੀ ਹੋਈ ਹੈ।

**ਵੱਡਾ ਚੋਲਾ**

ਇਹ ਮਹੀਨ ਮਲਮਲ ਦਾ ਬਣਿਆ ਹੋਇਆ ਦਸਮ ਗੁਰੂ ਸਾਹਿਬ ਦਾ ਵੱਡਾ ਚੋਲਾ ਹੈ। ਇਸਦਾ ਰੰਗ ਭੂਸਲਾ ਜਿਹਾ ਹੈ। ਇਹ ਵੀ ਤਹਿ ਮਾਰ ਕੇ ਰੱਖਿਆ ਹੋਇਆ ਹੈ।

**ਛੋਟਾ ਚੋਲਾ**

ਇਹ ਦਸਮ ਗੁਰੂ ਸਾਹਿਬ ਦਾ ਛੋਟਾ ਚੋਲਾ, ਕਲੀਦਾਰ ਅੰਗਰਖਾ, ਮਹੀਨ ਮਲਮਲ ਦਾ ਬਣਿਆ ਹੈ। ਨੈਨ ਸੁਖ ਦਾ ਕਪੜਾ ਪ੍ਰਤੀਤ ਹੁੰਦਾ ਹੈ। ਤਹਿ ਮਾਰੀ ਹੋਈ ਹੈ।

---

5 ਗਿਆਨੀ ਬਲਵੰਤ ਸਿੰਘ, *ਉਕਤ;* ਪੰਨੇ 73-75; *ਮਹਾਨ ਕੋਸ਼,* ਪੰਨਾ 2187

**ਬਾਜ਼ ਦੀ ਡੋਰ**

ਦਸਮ ਗੁਰੂ ਸਾਹਿਬ ਦੇ ਬਾਜ਼ ਦੀ ਡੋਰ, ਜੋ ਦੋ ਗਜ਼ ਲੰਬੀ ਹੈ। ਰੰਗ ਨਾਭੀ ਹੈ, ਇੱਕ ਪਾਸੇ ਦਾ ਫੁੱਲ ਝੜ ਗਿਆ ਹੈ।

**ਰੇਬ ਪਜਾਮਾ**

ਦਸਮ ਗੁਰੂ ਸਾਹਿਬ ਦਾ ਰੇਬ ਪਜਾਮਾ, ਜੋ ਬਰੀਕ ਕੱਪੜੇ ਦਾ ਬਣਿਆ ਹੋਇਆ ਹੈ। ਪੀਲੇ ਰੰਗ ਦਾ ਹੈ।

**ਮਾਤਾ ਸਾਹਿਬ ਕੌਰ ਜੀ ਦਾ ਰੇਬ ਪਜਾਮਾ**

ਲਾਲ ਰੰਗ ਦਾ ਰੇਬ ਪਜਾਮਾ, ਜਿਸ ਵਿਚ ਸੁਨਹਿਰੀ ਧਾਰੀਆਂ ਹਨ। ਰੇਸ਼ਮ ਦਾ ਬਣਿਆ ਹੋਇਆ ਹੈ। ਤਹਿ ਲਗੀ ਹੋਈ ਹੈ।

**ਛੋਟੇ ਆਕਾਰ ਦੀ ਬੀੜ**

ਅਤਿ ਛੋਟੇ ਆਕਾਰ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਡੱਬੀ ਵਿਚ ਬੰਦ, ਸ਼ੀਸ਼ੇ ਸਮੇਤ ਹੈ। ਇਸ ਬੀੜ ਦੇ ਦਰਸ਼ਨ ਵਿਸਾਖੀ ਵਾਲੇ ਦਿਨ 12 ਵਜੇ ਤੋਂ ਪਹਿਲਾਂ ਕਰਾਏ ਜਾਂਦੇ ਹਨ

ਭਾਈ ਡੱਲ ਸਿੰਘ ਦੇ ਪਰਿਵਾਰ ਕੋਲ ਮੌਜੂਦ ਇਹਨਾਂ ਸਾਰੀਆਂ ਇਤਿਹਾਸਕ ਪਵਿੱਤਰ ਵਸਤਾਂ ਦੇ ਨਾਉਂ ਪੱਚੀ (25) ਏਕੜ ਜ਼ਮੀਨ ਹੈ, ਜੋ ਸ੍ਰ. ਸ਼ਮਸ਼ੇਰ ਸਿੰਘ ਜੀ ਨੇ ਭੇਂਟ ਕੀਤੀ ਸੀ। ਇਹ ਪਵਿੱਤਰ ਵਸਤਾਂ ਵੀ ਸ੍ਰ. ਸ਼ਮਸ਼ੇਰ ਸਿੰਘ ਦੇ ਘਰ ਵਿਚ ਹੀ ਹਨ।

**ਤਲਵੰਡੀ ਸਾਬੋ (ਦਮਦਮਾ ਸਾਹਿਬ) ਦੇ ਵਿੱਦਿਅਕ ਆਦਾਰੇ**

ਤਲਵੰਡੀ ਸਾਬੋ ਦੀ ਧਰਤੀ ਨੂੰ ਗੁਰੂ ਸਾਹਿਬਾਨ ਨੇ ਆਪਣੀ ਚਰਨ ਛੋਹ ਰਾਂਹੀ ਪਵਿੱਤਰ ਕੀਤਾ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਕਿ "ਇਹ ਸਥਾਨ ਮਹਾਨ ਤੀਰਥ ਬਣੇਗਾ, ਇੱਥੇ ਭੋਗ-ਮੋਖ, ਮੀਰੀ-ਪੀਰੀ, ਦੇਗ-ਤੇਗ, ਸ਼ਕਤੀ-ਭਗਤੀ, ਗਿਆਨ-ਵਿਗਿਆਨ, ਬ੍ਰਹਮ ਵਿੱਦਿਆ ਦੀ ਗੰਗੋਤਰੀ ਵਹੇਗੀ।"[6] 'ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ' ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਸੈਫਾਬਾਦ ਦੇ ਨਵਾਬ ਸਰਫ਼ ਦੀਨ ਨੂੰ ਫੁਰਮਾਉਂਦੇ ਹਨ ਕਿ "ਜੰਗਲ ਦੇਸ ਮੇਂ ਹਮਾਰੀ ਗੁਪਤਿ ਕਾਂਸੀ ਹੈ ਊਹਾਂ ਜਾ ਕਰ ਤਿਸ ਨੂੰ ਪ੍ਰਗਟ

---

[6] ਗਿਆਨੀ ਬਲਵੰਤ ਸਿੰਘ, *ਉਕਤ;* ਪੰਨਾ 19

ਕਰਾਂਗੇ।"[7] ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਨੂੰ 'ਗੁਰੂ ਕੀ ਕਾਸ਼ੀ' ਦਾ ਵਰਦਾਨ ਦੇ ਕੇ ਨਿਵਾਜਿਆ। ਗੁਰੂ ਜੀ ਦੇ ਇਸ ਵਰਦਾਨ ਨੂੰ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਵਿੱਚ ਭਾਈ ਸੁੱਖਾ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ।

"ਇਹ ਹੈ ਪ੍ਰਗਟ ਹਮਾਰੀ ਕਾਸੀ। ਪੜ੍ਹ ਹੈਂ ਈਹਾਂ ਢੋਰ ਮਤਿ ਰਾਸੀ।
ਲੇਖਕ ਗੁਣੀ ਕਵਿੰਦ ਗਿਆਨੀ। ਬੁਧਿ ਸਿੰਧੁ ਹ੍ਵੈ ਹੈਂ ਇਤਿ ਆਨੀ।
ਤਿੰਨ ਕੇ ਕਾਰਣ ਕਲਮ ਗਢ, ਦੇਤ ਪ੍ਰਗਟ ਹਮ ਡਾਰ।
ਸਿੱਖ ਸਖਾਇਤ ਪੜੈਂਗੇ, ਹਮਰੇ ਕਈ ਹਜਾਰ।"[8]

ਗੁਰਮਤਿ ਵਿੱਦਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸੰਨ 1935 ਈ. ਵਿੱਚ ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਪੰਡਿਤ ਕਰਤਾਰ ਸਿੰਘ ਦਾਖਾ ਵੱਲੋਂ 'ਗੁਰਮਤਿ ਉਪਦੇਸ਼ਕ ਕਾਲਜ' ਖੋਲ੍ਹਿਆ ਗਿਆ ਸੀ। ਇਹ ਕਾਲਜ ਅਗਲੇ ਪੰਜ ਸਾਲ ਤੱਕ ਚੱਲਦਾ ਰਿਹਾ ਸੀ। ਇਸ ਸਮੇਂ ਪੰਡਿਤ ਕਰਤਾਰ ਸਿੰਘ ਜੀ ਵੱਲੋਂ 'ਗੁਰੂ ਕਾਸ਼ੀ ਪਤ੍ਰ' ਨਾਂ ਦਾ ਇੱਕ ਮਾਸਕ-ਪੱਤਰ ਵੀ ਕੱਢਿਆ ਜਾਂਦਾ ਸੀ।[9] ਅਜੋਕੇ ਸਮੇਂ ਵਿੱਚ ਦਮਦਮਾ ਸਾਹਿਬ ਗੁਰੂ ਕੀ ਕਾਸ਼ੀ ਸੰਸਾਰ ਭਰ ਵਿੱਚ ਵਿੱਦਿਆ ਦੀ ਟਕਸਾਲ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਇਆ ਹੈ। ਇਸ ਪਵਿੱਤਰ ਧਰਤੀ ਤੇ ਅਨੇਕਾਂ ਵਿੱਦਿਅਕ ਆਦਾਰੇ ਖੁੱਲ੍ਹ ਚੁੱਕੇ ਹਨ, ਜਿਹਨਾਂ ਵਿਚ ਹਜ਼ਾਰਾਂ ਵਿਦਿਆਰਥੀ ਵਿੱਦਿਆ ਹਾਸਲ ਕਰ ਰਹੇ ਹਨ।

ਮੌਜੂਦਾ ਸਮੇਂ ਦੌਰਾਨ ਤਲਵੰਡੀ ਸਾਬੋ (ਦਮਦਮਾ ਸਾਹਿਬ) ਨਗਰ ਵਿਖੇ ਚਲ ਰਹੇ ਵੱਖ-ਵੱਖ ਵਿੱਦਿਅਕ ਆਦਾਰਿਆਂ ਬਾਰੇ ਮੁਢਲੀ ਜਾਣਕਾਰੀ ਨਿਮਨਲਿਖਤ ਅਨੁਸਾਰ ਹੈ।

**1) ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕਾਲਜ**

ਗੁਰੂ ਕਾਸ਼ੀ ਕਾਲਜ 1964 ਈ. ਵਿੱਚ ਸੰਤ ਫ਼ਤਹਿ ਸਿੰਘ ਜੀ ਦੇ ਉਪਰਾਲੇ ਸਦਕਾ ਆਰੰਭ ਕੀਤਾ ਗਿਆ ਸੀ। ਇਸ ਕਾਲਜ ਲਈ ਪੰਚਾਇਤ ਅਤੇ ਨਗਰ ਵਾਸੀਆਂ ਨੇ 83 ਏਕੜ ਜ਼ਮੀਨ ਦਾਨ ਵਿੱਚ ਦਿੱਤੀ ਸੀ

---

[7] ਭਾਈ ਵੀਰ ਸਿੰਘ (ਸੰਪਾ.), *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ,* ਪੰਨਾ 23

[8] ਭਾਈ ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ 10ਵੀਂ,* ਪੰਨਾ 276

[9] ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਸਿੱਖ ਇਤਿਹਾਸ,* ਭਾਗ ਦੂਜਾ, ਪੰਨਾ 255

ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਲੱਖ ਰੁਪਿਆ ਸਾਲਾਨਾ ਸਹਾਇਤਾ ਆਰੰਭਿਕ ਦਸ ਸਾਲਾਂ ਵਿੱਚ ਦਿੱਤੀ ਜਾਂਦੀ ਰਹੀ ਹੈ। ਪ੍ਰਸਿੱਧ ਵਿਦਵਾਨ ਡਾ. ਹਰਬੰਤ ਸਿਘ ਜੀ ਇਸ ਕਾਲਜ ਦੇ ਪਹਿਲੇ ਪ੍ਰਿੰਸੀਪਲ (1964-1977) ਸਨ। 20 ਦਸੰਬਰ 1995 ਨੂੰ ਇਸ ਕਾਲਜ ਦਾ ਪ੍ਰਬੰਧ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਆਪਣੇ ਹੱਥਾਂ ਵਿੱਚ ਲੈ ਲਿਆ ਅਤੇ 2011 ਵਿੱਚ ਇਸ ਨੂੰ ਯੂਨੀਵਰਸਿਟੀ ਦਾ ਕੰਨਸਟੀਚਿਊਟ ਕਾਲਜ ਬਣਾ ਦਿੱਤਾ ਗਿਆ। ਸ਼ੁਰੂ ਵਿੱਚ ਇਸ ਕਾਲਜ ਵਿੱਚ ਕੇਵਲ ਬੀ.ਏ. ਅਤੇ ਬੀ.ਐਸ.ਸੀ. (ਮੈਡੀਕਲ/ਨਾਨ ਮੈਡੀਕਲ) ਦੀ ਪੜ੍ਹਾਈ ਕਰਾਈ ਜਾਂਦੀ ਸੀ। ਤਕਨੀਕੀ ਸਿੱਖਿਆ ਦੇ ਪ੍ਰਸਾਰ ਲਈ ਬਾਅਦ ਵਿੱਚ ਬੀ.ਸੀ.ਏ., ਪੀ.ਜੀ.ਡੀ.ਸੀ.ਏ., ਐਮ.ਐਸ.ਸੀ. (ਆਈ.ਟੀ.), ਬੀ.ਕਾਮ., ਐਮ.ਕਾਮ. ਪੰਜ ਸਾਲਾਂ ਇੰਟੇਗਰੇਟਡ ਕੋਰਸ, ਬੀ.ਐਸ.ਸੀ. ਐਗਰੀਕਲਚਰ, ਐਮ.ਏ. (ਪੰਜਾਬੀ, ਅੰਗਰੇਜੀ, ਇਤਿਹਾਸ, ਰਾਜਨੀਤੀ ਸ਼ਾਸਤਰ) ਅਤੇ ਐਮ.ਐਸ.ਸੀ. (ਮੈਥ) ਕੋਰਸ ਸ਼ੁਰੂ ਕੀਤੇ ਗਏ ਹਨ। 2016 ਵਿੱਚ ਪੰਜਾਬ ਸਰਕਾਰ ਵੱਲੋਂ ਕਾਲਜ ਨੂੰ ਸ਼ਾਨਦਾਰ ਇਮਾਰਤ ਬਣਾ ਕੇ ਦਿੱਤੀ ਗਈ। ਡਾ. ਆਨੰਦ ਬਾਂਸਲ ਕਾਲਜ ਇੰਚਾਰਜ ਦੇ ਤੌਰ ਤੇ ਸੇਵਾਵਾਂ ਨਿਭਾ ਰਹੇ ਹਨ।

**2) ਯੂਨੀਵਰਸਿਟੀ ਸਕੂਲ ਆਫ਼ ਬਿਜ਼ਨਸ ਸਟੱਡੀਜ਼**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸਾਲ 1988 ਵਿੱਚ ਤਲਵੰਡੀ ਸਾਬੋ ਵਿਖੇ ਗੁਰੂ ਕਾਸ਼ੀ ਨਾਮ ਰੱਖ ਕੇ ਇਸ ਮਾਲਵਾ ਖੇਤਰ ਵਿੱਚ ਕਿੱਤਾਮੁੱਖੀ ਸਿੱਖਿਆ ਪ੍ਰਦਾਨ ਕਰਨ ਲਈ ਰਾਮਾ ਰੋਡ ਤੇ ਕੈਂਪਸ ਸਥਾਪਿਤ ਕੀਤਾ ਗਿਆ। ਯੂਨੀਵਰਸਿਟੀ ਸਕੂਲ ਆਫ ਬਿਜ਼ਨਸ ਸਟੱਡੀਜ਼ ਸਤੰਬਰ 1988 ਤੋਂ ਚਲਾਇਆ ਜਾ ਰਿਹਾ ਹੈ। ਇਸ ਵਿਭਾਗ ਦਾ ਪਹਿਲਾ ਨਾਮ ਯੂ.ਐਸ.ਐਮ. (ਯੂਨੀਵਰਸਿਟੀ ਸਕੂਲ ਆਫ ਮੈਨੇਜਮੈਂਟ) ਸੀ। ਇਸ ਵਿਭਾਗ ਨੂੰ ਵਿਦਿਆਰਥੀਆਂ ਵਿਚ ਮੈਨੇਜਮੈਂਟ ਦੇ ਨਿਯਮਾਂ ਨੂੰ ਰਿਵਾਇਤੀ ਢੰਗ ਨਾਲ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਖੋਲ੍ਹਿਆ ਗਿਆ ਸੀ। ਇਹ ਕੈਂਪਸ ਸਥਾਪਿਤ ਕਰਨ ਦਾ ਮੁਢਲਾ ਮਨੋਰਥ ਮਾਲਵਾ ਖੇਤਰ ਵਿੱਚ ਪੇਂਡੂ ਵਿਦਿਆਰਥੀਆਂ ਨੂੰ ਮੈਨੇਜਮੈਂਟ ਦੀ ਤਕਨੀਕੀ ਸਿੱਖਿਆ ਪ੍ਰਦਾਨ ਕਰਨਾ ਹੈ। ਇਸ ਸੰਸਥਾ ਵਿੱਚ ਐਮ.ਬੀ.ਏ. (ਦੋ ਸਾਲਾ), ਐਮ.ਕਾਮ., ਐਮ.ਬੀ.ਏ. (ਪੰਜ ਸਾਲਾ ਇੰਟੀਗ੍ਰੇਟਡ) ਅਤੇ ਬੀ.ਬੀ.ਏ. ਦੇ ਕੋਰਸ ਪੜ੍ਹਾਏ ਜਾਂਦੇ ਹਨ। ਇਸ ਵਿਭਾਗ ਦੇ ਮੌਜੂਦਾ ਮੁਖੀ ਡਾ. ਅਮਨਦੀਪ ਸਿੰਘ ਹਨ।

### 3) ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ

ਮਾਲਵੇ ਖੇਤਰ ਦੇ ਧਾਰਮਿਕ ਪੱਖ ਤੋਂ ਪੱਛੜੇ ਇਲਾਕੇ ਵਿੱਚ ਧਰਮ ਪ੍ਰਚਾਰ ਦੀ ਲੋੜ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਇਹ ਸੰਸਥਾ 1991 ਈਸਵੀ ਵਿਚ ਗੁਰਦੁਆਰਾ ਜੰਡਸਰ ਸਾਹਿਬ ਦੇ ਨਜ਼ਦੀਕ ਆਰੰਭ ਕੀਤੀ ਗਈ ਹੈ। ਇਸ ਦਾ ਨੀਂਹ –ਪੱਥਰ ਪੰਜ ਪਿਆਰੇ ਸਾਹਿਬਾਨ ਨੇ 24 ਫਰਵਰੀ ਸੰਨ 1991 ਈਸਵੀ ਨੂੰ ਰੱਖਿਆ। ਇਸੇ ਸਾਲ ਸਤੰਬਰ ਮਹੀਨੇ ਵਿੱਚ ਇੱਥੇ ਪੜ੍ਹਾਈ ਦਾ ਕਾਰਜ ਸ਼ੁਰੂ ਕਰ ਦਿੱਤਾ ਗਿਆ ਸੀ। ਪਹਿਲੇ ਪ੍ਰਿੰਸੀਪਲ ਮਹਾਨ ਵਿਦਵਾਨ ਡਾ. ਦੇਵਿੰਦਰ ਸਿੰਘ ਵਿਦਿਆਰਥੀ ਜੀ ਸਨ। ਇੰਸਟੀਚਿਊਟ ਖੋਲ੍ਹਣ ਦਾ ਮੁਖ ਉਦੇਸ਼ ਨੌਜਵਾਨ ਵਿਦਿਆਰਥੀਆਂ ਨੂੰ ਸਿੱਖ ਧਰਮ ਤੇ ਸਿੱਖ ਇਤਿਹਾਸ ਦੇ ਵਡਮੁੱਲੇ ਵਿਰਸੇ ਦੀ ਸੋਝੀ ਕਰਵਾ ਕੇ ਅਜਿਹੇ ਵਧੀਆ ਪ੍ਰਚਾਰਕ/ਰਾਗੀ ਤਿਆਰ ਕਰਨਾ ਹੈ ਜੋ ਅੱਜ ਦੇ ਵਿਗਿਆਨਕ ਯੁਗ ਵਿੱਚ ਸਿੱਖ ਧਰਮ ਦਾ ਸੁਚੱਜੇ ਢੰਗ ਨਾਲ ਪ੍ਰਚਾਰ ਕਰ ਸਕਣ। ਇਸ ਸੰਸਥਾ ਵਿੱਚ ਚਲ ਰਹੇ ਕੋਰਸ ਪ੍ਰਚਾਰਕ, ਗੁਰਮਤਿ ਸੰਗੀਤ ਤੇ ਤਬਲਾ ਵਿੱਚ ਦਾਖਲਾ ਲੈਣ ਲਈ ਘੱਟੋ-ਘੱਟ 10+2 ਵਿਦਿਅਕ ਯੋਗਤਾ ਰੱਖੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 300 ਸਾਲਾ ਸੰਪੂਰਨਤਾ ਸ਼ਤਾਬਦੀ ਮੌਕੇ ਇੰਸਟੀਚਿਊਟ ਵਿਖੇ ਐਡਵਾਂਸਡ ਸਿੱਖ ਸਟੱਡੀਜ਼ ਦੀ ਪੜ੍ਹਾਈ ਆਰੰਭ ਕਰਨ ਤੋਂ ਇਲਾਵਾ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਚਾਰ ਪ੍ਰਸਾਰ ਅਤੇ ਖੋਜ ਕੇਂਦਰ ਸਥਾਪਿਤ ਕਰਨ ਦੀ ਪ੍ਰਵਾਨਗੀ ਧਰਮ ਪ੍ਰਚਾਰ ਕਮੇਟੀ ਵੱਲੋਂ ਦਿੱਤੀ ਜਾ ਚੁੱਕੀ ਹੈ। ਵਰਤਮਾਨ ਸਮੇਂ ਵਿੱਚ ਪ੍ਰੋ. ਅਮਰਜੀਤ ਸਿੰਘ ਟੋਹਾਣਾ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਹਨ।

ਇਸ ਕੈਂਪਸ ਵਿਚ ਸਿੱਖ ਧਰਮ ਦੇ ਅਧਿਐਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਲ 2006 ਵਿੱਚ ਗੁਰੂ ਕਾਸ਼ੀ ਕਾਲਜ ਆਫ ਸਿੱਖ ਸਟੱਡੀਜ਼ ਦੀ ਸਥਾਪਨਾ ਕੀਤੀ ਗਈ ਸੀ। ਇਹ ਕਾਲਜ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫਿਲੀਏਟਡ ਸੀ। ਇਸ ਸੰਸਥਾ ਵਿੱਚ ਬੀ.ਏ.(ਇਤਿਹਾਸ, ਧਰਮ ਅਧਿਐਨ ਅਤੇ ਗੁਰਮਤਿ ਸੰਗੀਤ), ਬੀ.ਏ.ਆਨਰਜ਼ (ਧਰਮ ਅਧਿਐਨ) ਅਤੇ ਐਮ.ਏ.(ਸਿੱਖ ਸਟੱਡੀਜ਼) ਕੋਰਸ ਪੜ੍ਹਾਏ ਜਾਂਦੇ ਸਨ। ਪ੍ਰੰਤੂ ਸਾਲ 2017 ਵਿਚ ਇਹ ਕਾਲਜ ਬੰਦ ਹੋ ਗਿਆ।

### 4) ਮਾਤਾ ਸਾਹਿਬ ਕੌਰ ਗਰਲਜ਼ ਕਾਲਜ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਕਾਲਜ ਇਸ ਪਛੜੇ ਇਲਾਕੇ ਵਿੱਚ ਲੜਕੀਆਂ ਦੀ

ਵਿੱਦਿਆ ਦੀ ਲੋੜ ਨੂੰ ਮੁੱਖ ਰਖਦਿਆਂ, ਉਸ ਸਮੇਂ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦੁਆਰਾ 1997 ਵਿੱਚ ਸ਼ੁਰੂ ਕੀਤਾ ਗਿਆ ਸੀ। ਕਾਲਜ ਦਾ ਨਾਮ ਖਾਲਸੇ ਪੰਥ ਦੀ ਸਤਿਕਾਰ ਯੋਗ ਮਾਤਾ ਸਾਹਿਬ ਕੌਰ ਦੇ ਨਾਮ ਤੇ ਰੱਖਿਆ ਗਿਆ ਹੈ। ਗੁਰਦੁਆਰਾ ਜੰਡਸਰ ਸਾਹਿਬ ਦੇ ਨਜ਼ਦੀਕ 14 ਏਕੜ ਥਾਂ ਵਿੱਚ ਇਸ ਕਾਲਜ ਦੀ ਇਮਾਰਤ ਤਿਆਰ ਕੀਤੀ ਗਈ ਹੈ। ਇਹ ਕਾਲਜ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫਿਲੀਏਟਡ ਹੈ। ਇਸ ਕਾਲਜ ਵਿੱਚ ਬੀ.ਏ., ਬੀ.ਐਸ.ਸੀ. (ਨਾਨ-ਮੈਡੀਕਲ), ਬੀ.ਸੀ.ਏ., ਪੀ.ਜੀ.ਡੀ.ਸੀ.ਏ., ਐਮ.ਐਸ.ਸੀ.(ਆਈ.ਟੀ.), ਬੀ.ਕਾਮ., ਐਮ.ਕਾਮ., ਐਮ.ਏ.(ਪੰਜਾਬੀ, ਇਤਿਹਾਸ, ਰਾਜਨੀਤੀ ਸ਼ਾਸਤਰ) ਅਤੇ ਬੀ.ਏ. ਆਨਰਜ਼(ਪੰਜਾਬੀ ਅਤੇ ਅਰਥ ਸ਼ਾਸਤਰ) ਕੋਰਸ ਸਫਲਤਾ ਪੂਰਵਕ ਚਲ ਰਹੇ ਹਨ। ਸੰਤ ਅਤਰ ਸਿੰਘ ਜੀ ਮਸਤੂਆਣਾ ਦੀ ਯਾਦ ਵਿੱਚ ਹੋਸਟਲ ਦੀ ਇਮਾਰਤ ਸੰਤ ਬਾਬਾ ਮਿੱਠਾ ਸਿੰਘ ਜੀ ਨੇ ਤਿਆਰ ਕਰਵਾਈ ਹੈ। ਇਸ ਸਮੇਂ ਡਾ. ਕਵਲਜੀਤ ਕੌਰ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾ ਰਹੇ ਹਨ।

**5) ਯਾਦਵਿੰਦਰਾ ਇੰਜੀਨੀਅਰਿੰਗ ਕਾਲਜ**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਕਾਸ਼ੀ ਕੈਂਪਸ ਵਿੱਚ ਇਸ ਖੇਤਰ ਦੇ ਤਕਨੀਕੀ ਵਿਕਾਸ ਲਈ ਮਈ 2004 ਵਿੱਚ ਯਾਦਵਿੰਦਰਾ ਕਾਲਜ ਆਫ ਇੰਜੀਨੀਅਰਿੰਗ ਦੀ ਸਥਾਪਨਾ ਕੀਤੀ ਗਈ। ਇਹ ਇੰਜੀਨੀਅਰਿੰਗ ਕਾਲਜ ਪੰਜਾਬ ਦੇ ਪਿੰਡਾਂ ਦੇ ਵਿਦਿਆਰਥੀਆਂ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਸ੍ਰ. ਸਵਰਨ ਸਿੰਘ ਬੋਪਾਰਾਏ ਵੱਲੋਂ ਦਾਨੀਆਂ ਦੀ ਸਹਾਇਤਾ ਨਾਲ ਆਰੰਭ ਕੀਤਾ ਗਿਆ। ਯਾਦਵਿੰਦਰਾ ਕਾਲਜ ਆਫ ਇੰਜੀਨੀਅਰਿੰਗ ਦੀ ਸਥਾਪਨਾ ਇੱਕ ਨਿਵੇਕਲੀ ਅਤੇ ਵਿਲੱਖਣ ਸੋਚ ਦਾ ਨਤੀਜਾ ਹੈ, ਜਿਸ ਰਾਹੀਂ ਨਿਰੋਲ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਗੋਲਡਨ ਹਾਰਟਜ਼ ਸਕਾਲਰਸ਼ਿਪ ਸਕੀਮ ਤਹਿਤ ਨਾਮਾਤਰ ਫ਼ੀਸ ਦਾ ਭੁਗਤਾਨ ਕਰਕੇ ਇੰਜੀ. ਕੋਰਸਾਂ ਵਿੱਚ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਯਾਦਵਿੰਦਰਾ ਕਾਲਜ ਆਫ ਇੰਜੀਨੀਅਰਿੰਗ ਦਾ ਵਿਕਾਸ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਸੈਂਟਰ ਆਫ ਐਕਸੀਲੈਂਸ ਵਜੋਂ ਕੀਤਾ ਜਾ ਰਿਹਾ ਹੈ। ਇਹ ਕਾਲਜ ਮਾਲਵੇ ਖੇਤਰ ਵਿਚ ਤਕਨੀਕੀ ਵਿਦਿਆ ਦੇ ਪੱਛੜੇਪਣ ਨੂੰ ਦੂਰ ਕਰਨ ਲਈ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸ ਕਾਲਜ ਵਿੱਚ ਐਮ. ਟੈੱਕ (ਰੈਗੂਲਰ ਦੋ ਸਾਲਾ ਅਤੇ ਪਾਰਟ ਟਾਈਮ ਤਿੰਨ ਸਾਲਾ), ਬੀ.ਟੈੱਕ. (ਚਾਰ ਸਾਲਾ), ਛੇ ਸਾਲਾ

ਇੰਟੀਗ੍ਰੇਟਡ ਬੀ.ਟੈੱਕ ਕੋਰਸ (ਦਸਵੀਂ ਤੋਂ ਬਾਅਦ), ਐਮ.ਸੀ.ਏ., ਬੀ.ਐਸ.ਸੀ.(ਨਾਨ-ਮੈਡੀਕਲ) ਅਤੇ ਕਈ ਸ਼ਾਰਟ ਟਰਮ ਸਰਟੀਫਿਕੇਟ ਕੋਰਸ ਚਲ ਰਹੇ ਹਨ। ਡਾ. ਜਗਤਾਰ ਸਿੰਘ (ਪ੍ਰੋਫੈਸਰ ਇਨ ਈ.ਸੀ.ਈ.) ਇਸ ਕਾਲਜ ਦੇ ਮੌਜੂਦਾ ਮੁਖੀ ਹਨ।

**6) ਗੁਰੂ ਕਾਸ਼ੀ ਯੂਨੀਵਰਸਿਟੀ**

ਇਹ ਇੱਕ ਪ੍ਰਾਈਵੇਟ ਯੂਨੀਵਰਸਿਟੀ ਹੈ ਜੋ ਤਲਵੰਡੀ-ਸਰਦੂਲਗੜ ਰੋਡ ਤੇ 2011 ਵਿੱਚ ਸਥਾਪਿਤ ਕੀਤੀ ਗਈ। ਗੁਰੂ ਕਾਸ਼ੀ ਯੂਨੀਵਰਸਿਟੀ ਉਹਨਾਂ ਪ੍ਰਮੁੱਖ ਸੰਸਥਾਵਾਂ ਦਾ ਸਮੂਹ ਹੈ, ਜਿਹਨਾਂ ਨੂੰ ਪਹਿਲਾ ਜੀ.ਜੀ.ਐਸ.(ਗੁਰੂ ਗੋਬਿੰਦ ਸਿੰਘ) ਗਰੁੱਪ ਆਫ ਇੰਸਟੀਚਿਊਸ਼ਨਜ਼ ਵਜੋਂ ਜਾਣਿਆ ਜਾਂਦਾ ਸੀ। ਇਸ ਸੰਸਥਾ ਦੀ ਮੈਨੇਜਮੈਂਟ ਵੱਲੋਂ ਸਾਲ 2001 ਵਿੱਚ ਗੁਰੂ ਗੋਬਿੰਦ ਸਿੰਘ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਖੋਲ੍ਹ ਕੇ ਸ਼ੁਰੂਆਤ ਕੀਤੀ ਗਈ। ਇਸ ਯੂਨੀਵਰਸਿਟੀ ਵੱਲੋਂ ਇੰਜੀਨੀਅਰਿੰਗ, ਮੈਨੇਜਮੈਂਟ, ਸਿੱਖਿਆ, ਮੈਡੀਕਲ, ਬੇਸਿਕ ਸਾਇੰਸ ਆਦਿ ਵੱਖ-ਵੱਖ ਖੇਤਰਾਂ ਵਿੱਚ ਡਾਕਟਰੇਟ, ਪੋਸਟ ਗ੍ਰੈਜੂਏਟ, ਗ੍ਰੈਜੂਏਟ ਅਤੇ ਡਿਪਲੋਮਾ ਆਦਿ ਸੌ ਤੋਂ ਜ਼ਿਆਦਾ ਕੋਰਸ ਕਰਵਾਏ ਜਾਂਦੇ ਹਨ। ਇਸ ਸਮੇਂ 10000 ਤੋਂ ਜ਼ਿਆਦਾ ਵਿਦਿਆਰਥੀ ਇੱਥੇ ਪੜ੍ਹ ਰਹੇ ਹਨ। ਯੂਨੀਵਰਸਿਟੀ ਕੈਂਪਸ 100 ਤੋਂ ਜ਼ਿਆਦਾ ਏਕੜ ਵਿੱਚ ਫੈਲਿਆ ਹੋਇਆ ਹੈ। ਵਰਤਮਾਨ ਚਾਂਸਲਰ ਡਾ. ਜੇ.ਐਸ. ਧਾਲੀਵਾਲ ਅਤੇ ਵਾਈਸ ਚਾਂਸਲਰ ਡਾ. ਜੇ.ਐਸ. ਢਿੱਲੋਂ ਹਨ। ਲਗਭਗ 300 ਅਧਿਆਪਕ ਇਸ ਸਮੇਂ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਹਨ।

**7) ਅਕਾਲ ਯੂਨੀਵਰਸਿਟੀ**

ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ ਇੱਕ ਪ੍ਰਾਈਵੇਟ ਯੂਨੀਵਰਸਿਟੀ ਹੈ। ਕਲਗੀਧਰ ਸੋਸਾਇਟੀ ਬੜੂ ਸਾਹਿਬ ਵੱਲੋਂ 2015 ਵਿੱਚ ਇਹ ਯੂਨੀਵਰਸਿਟੀ ਸਥਾਪਿਤ ਕੀਤੀ ਗਈ। ਯੂਨੀਵਰਸਿਟੀ ਕੈਂਪਸ ਲਗਭਗ 100 ਏਕੜ ਵਿੱਚ ਸਥਿਤ ਹੈ। ਇਸ ਯੂਨੀਵਰਸਿਟੀ ਦੇ ਮੌਜੂਦਾ ਚਾਂਸਲਰ ਸ੍ਰੀਮਾਨ ਬਾਬਾ ਇਕਬਾਲ ਸਿੰਘ ਜੀ ਅਤੇ ਵਾਈਸ ਚਾਂਸਲਰ ਡਾ. ਗੁਰਮੇਲ ਸਿੰਘ ਹਨ। ਇਸ ਯੂਨੀਵਰਸਿਟੀ ਵੱਲੋਂ ਬੇਸਿਕ ਸਾਇੰਸ ਦੇ ਗਣਿਤ, ਭੌਤਿਕ, ਰਸਾਇਣ, ਜੀਵ, ਬਨਸਪਤੀ ਵਿਗਿਆਨ ਅਤੇ ਮਨੋਵਿਗਿਆਨ, ਅਰਥ ਸ਼ਾਸਤਰ, ਕਾਮਰਸ, ਅੰਗਰੇਜ਼ੀ, ਪੰਜਾਬੀ ਵਿਸ਼ਿਆਂ ਵਿੱਚ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸ ਸ਼ੁਰੂ ਕੀਤੇ ਗਏ ਹਨ। ਤਿੰਨ ਸਾਲਾ ਬੀ.ਏ.(ਆਨਰਜ਼) ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਕੋਰਸ

ਯੂਨੀਵਰਸਿਟੀ ਵੱਲੋਂ ਸ਼ੁਰੂ ਕੀਤਾ ਆਪਣੀ ਕਿਸਮ ਦਾ ਪਹਿਲਾ ਵਿਲੱਖਣ ਕੋਰਸ ਹੈ ਜੋ ਕਿ ਸ਼ਾਇਦ ਪਹਿਲੀ ਵਾਰ ਹੀ ਕਿਸੇ ਯੂਨੀਵਰਸਿਟੀ ਵੱਲੋਂ ਪੜ੍ਹਾਇਆ ਜਾ ਰਿਹਾ ਹੈ। ਕਈ ਵਿਸ਼ਿਆਂ ਵਿੱਚ ਪੀ.ਐਚ.ਡੀ. ਵੀ ਕਰਵਾਈ ਜਾ ਰਹੀ ਹੈ। ਇਸ ਸਮੇਂ 1200 ਤੋਂ ਜ਼ਿਆਦਾ ਵਿਦਿਆਰਥੀ ਇਸ ਸੰਸਥਾ ਵਿੱਚ ਵਿੱਦਿਆ ਹਾਸਲ ਕਰ ਰਹੇ ਹਨ।

**8) ਖਾਲਸਾ ਸੀਨੀਅਰ ਸੈਕੰਡਰੀ ਸਕੂਲ**

ਇਹ ਸਕੂਲ ਇਸ ਇਲਾਕੇ ਦਾ ਸਭ ਤੋਂ ਪੁਰਾਣਾ ਸਕੂਲ ਹੈ। ਵੀਹਵੀਂ ਸਦੀ ਵਿੱਚ ਸਕੂਲਾਂ /ਕਾਲਜਾਂ ਦੀ ਲੋੜ ਨੂੰ ਅਨੁਭਵ ਕੀਤਾ ਗਿਆ। ਵੱਡੇ ਸ਼ਹਿਰਾਂ ਵਿੱਚ ਸਕੂਲ ਅਤੇ ਕਾਲਜ ਖੋਲ੍ਹੇ ਜਾਣ ਲੱਗੇ। ਤਲਵੰਡੀ ਸਾਬੋ ਵਿੱਚ ਵੀ ਆਧੁਨਿਕ ਵਿੱਦਿਆ ਦੇ ਸਕੂਲ ਦੀ ਲੋੜ ਮਹਿਸੂਸ ਕੀਤੀ ਗਈ। ਇਸ ਵਾਸਤੇ 1908 ਈਸਵੀ ਵਿੱਚ ਸਕੂਲ ਆਰੰਭ ਕੀਤਾ ਗਿਆ। ਇਸ ਸਕੂਲ ਦਾ ਨੀਂਹ ਪੱਥਰ ਪੰਥ ਪ੍ਰਸਿੱਧ ਸ਼ਖ਼ਸੀਅਤ ਭਾਈ ਰਣਧੀਰ ਸਿੰਘ ਮੁਖੀ ਅਖੰਡ ਕੀਰਤਨੀ ਜੱਥਾ ਨੇ ਰੱਖਿਆ।[10] 1928 ਈ. ਵਿੱਚ ਆਰਜ਼ੀ ਤੌਰ ਤੇ ਹਾਈ ਸਕੂਲ ਬਣਿਆ ਅਤੇ 1936 ਵਿੱਚ ਪੱਕਾ ਹੋ ਗਿਆ। ਸਕੂਲ ਦੀ ਇਮਾਰਤ ਪਹਿਲੇ ਕੱਚੀ ਸੀ। ਛੱਤਾਂ ਕਾਨਿਆਂ ਦੀਆਂ ਅਤੇ ਫੱਟੀਆਂ ਦੀਆਂ ਸਨ। ਫਿਰ ਇਮਾਰਤ ਵਿੱਚ ਮਗਰੋਂ ਸੁਧਾਰ ਕੀਤਾ ਗਿਆ। ਨਵੀਂ ਇਮਾਰਤ ਬਣਾਉਣ ਵਿੱਚ ਬੁੰਗਾ ਮਸਤੂਆਣਾ ਦੇ ਮਹਾਂਪੁਰਖਾਂ ਨੇ ਬਹੁਤ ਸਹਿਯੋਗ ਦਿੱਤਾ ਹੈ। ਬਾਅਦ ਵਿਚ ਇਹ ਸਕੂਲ ਹਾਈ ਤੋਂ ਸੀਨੀਅਰ ਸੈਕੰਡਰੀ ਬਣ ਗਿਆ। ਸੰਨ 2002 ਈ. ਵਿਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵੱਖਰੇ ਤੌਰ ਤੇ ਸ਼ੁਰੂ ਕੀਤਾ ਗਿਆ। ਅੱਜਕੱਲ ਇਸ ਸਕੂਲ ਦੇ ਦੋ ਵਿੰਗ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਅਤੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਕੰਮ ਕਰ ਰਹੇ ਹਨ। ਲਗਭਗ 2300 ਵਿਦਿਆਰਥੀ ਖਾਲਸਾ ਸਕੂਲ ਦੇ ਇਹਨਾਂ ਦੋ ਵਿੰਗਜ਼ ਵਿਚ ਸਿੱਖਿਆ ਹਾਸਲ ਕਰ ਰਹੇ ਹਨ।

**9) ਸ੍ਰੀ ਦਸਮੇਸ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ**

ਤਲਵੰਡੀ ਸਾਬੋ ਤੋਂ ਬਠਿੰਡਾ ਵੱਲ ਮੁੱਖ ਸੜਕ ਤੇ ਸ੍ਰੀ ਦਸਮੇਸ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਇੱਕ ਪੁਰਾਣੀ ਵਿੱਦਿਅਕ ਸੰਸਥਾ ਹੈ। ਸਕੂਲ ਦਾ ਨੀਂਹ ਪੱਥਰ ਸਾਲ 1979 ਵਿਚ ਰੱਖਿਆ ਗਿਆ ਤੇ ਪਹਿਲੀ ਜੁਲਾਈ 1981 ਤੋਂ ਪੜ੍ਹਾਈ ਆਰੰਭ ਕੀਤੀ ਗਈ। ਇਹ ਸਕੂਲ 15 ਏਕੜ ਰਕਬੇ ਵਿਚ ਹੈ।

---

[10] ਭਾਈ ਰਣਧੀਰ ਸਿੰਘ ਨਾਰੰਗਵਾਲ, *ਜੇਲ ਚਿੱਠੀਆਂ*, ਪੰਨਾ 57

ਸ਼ਾਨਦਾਰ ਇਮਾਰਤ, ਮੈਦਾਨ ਅਤੇ ਸਟੇਡੀਅਮ ਵੀ ਹੈ। ਨਰਸਰੀ ਤੋਂ ਬਾਰ੍ਹਵੀਂ ਤੱਕ ਪੜ੍ਹਾਈ ਕਰਾਈ ਜਾਂਦੀ ਹੈ। ਇਹ ਸਕੂਲ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਪਰ ਹੁਣ CBSE ਨਾਲ ਐਫਿਲੀਏਟਡ ਹੈ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਸ੍ਰੀ ਮਾਰਤੰਡ ਕੁਮਾਰ ਸ਼ਰਮਾ ਹਨ। ਸਕੂਲ ਵਿੱਚ 450 ਦੇ ਲਗਭਗ ਵਿਦਿਆਰਥੀ ਸਿੱਖਿਆ ਹਾਸਲ ਕਰ ਰਹੇ ਹਨ।

ਇਸ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਯੂਨੀਵਰਸਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਟੈਗੋਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਤਾਰਾ ਕਾਨਵੈਂਟ ਸਕੂਲ, ਸੇਂਟ ਸੋਲਜ਼ਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਅਕਾਲ ਅਕੈਡਮੀ ਆਦਿ ਕਈ ਸਕੂਲ ਤਲਵੰਡੀ ਸਾਬੋ ਵਿੱਚ ਸਫ਼ਲਤਾ ਪੂਰਵਕ ਚਲ ਰਹੇ ਹਨ।

ਭਾਵੇਂ ਕਿ ਤਲਵੰਡੀ ਸਾਬੋ ਦੀਆਂ ਜ਼ਿਆਦਾਤਰ ਵਿੱਦਿਅਕ ਸੰਸਥਾਵਾਂ ਦੇ ਨਾਮ ਦੀ ਸ਼ੁਰੂਆਤ, ਗੁਰੂ ਸਾਹਿਬ ਵੱਲੋਂ ਇਸ ਧਰਤੀ ਨੂੰ 'ਗੁਰੂ ਕਾਸ਼ੀ' ਦੇ ਦਿੱਤੇ ਵਰਦਾਨ ਤੇ, ਗੁਰੂ ਕਾਸ਼ੀ ਸ਼ਬਦਾਂ ਨਾਲ ਹੁੰਦੀ ਹੈ, ਪਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ' ਵਰਗੀਆਂ ਇੱਕਾ-ਦੁੱਕਾ ਸੰਸਥਾਵਾਂ ਨੂੰ ਛੱਡ ਕੇ ਬਹੁਤੀਆਂ ਸਿੱਖਿਆ ਸੰਸਥਾਵਾਂ ਵੱਲੋਂ ਸਿੱਖਿਆ ਦੇ ਵਪਾਰੀਕਰਨ ਦੇ ਇਸ ਸਮੇਂ ਦੌਰਾਨ ਭਾਰੀ ਫੀਸਾਂ ਵਸੂਲੀਆਂ ਜਾਂਦੀਆਂ ਹਨ। ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਵੱਲੋਂ ਵਿਦਿਆਰਥੀਆਂ ਨੂੰ ਬਿਲਕੁਲ ਮੁਫਤ ਗੁਰਮਤਿ ਵਿੱਦਿਆ ਮੁਹੱਈਆ ਕਰਵਾਈ ਜਾ ਰਹੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸਥਾਪਿਤ ਯਾਦਵਿੰਦਰਾ ਕਾਲਜ ਆਫ ਇੰਜੀਨੀਅਰਿੰਗ ਵਿਚ ਵੀ ਗੋਲਡਨ ਹਾਰਟਜ਼ ਸਕੀਮ ਤਹਿਤ ਵਿਦਿਆਰਥੀਆਂ ਨੂੰ ਮੁਫਤ ਤਕਨੀਕੀ ਸਿੱਖਿਆ ਦਿੱਤੀ ਜਾਂਦੀ ਹੈ। ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਦਮਦਮਾ ਸਾਹਿਬ ਗੁਰੂ ਕੀ ਕਾਸ਼ੀ ਵਿਚ ਸਥਿਤ ਅਨੇਕਾਂ ਸਕੂਲ, ਕਾਲਜ, ਯੂਨੀਵਰਸਿਟੀਆਂ ਅਤੇ ਹੋਰ ਵਿੱਦਿਅਕ ਸੰਸਥਾਵਾਂ ਮਾਲਵੇ ਦੇ ਵੱਡੇ ਹਿੱਸੇ ਨੂੰ ਵਿੱਦਿਆ ਪ੍ਰਦਾਨ ਕਰਕੇ ਦਸਮ ਪਾਤਸ਼ਾਹ ਵੱਲੋਂ ਇਸ ਧਰਤੀ ਨੂੰ ਦਿੱਤੇ ਗਏ ਵਰਦਾਨ ਨੂੰ ਪ੍ਰਤੱਖ ਰੂਪਮਾਨ ਕਰ ਰਹੀਆਂ ਹਨ।

ਇਹਨਾਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵੱਲੋਂ ਦਿੱਤੀ ਜਾ ਰਹੀ ਵਿੱਦਿਆ ਤੋਂ ਇਲਾਵਾ ਤਖ਼ਤ ਸ੍ਰੀ ਦਮਦਮਾ ਸਾਹਿਬ, ਬੁੰਗਾ ਮਸਤੂਆਣਾ, ਬੁੰਗਾ ਨਾਨਕਸਰ ਅਤੇ ਦਮਦਮੀ ਟਕਸਾਲ ਵੱਲੋਂ ਵੀ ਗੁਰਮਤਿ ਵਿੱਦਿਆ ਦੇ ਪ੍ਰਸਾਰ ਲਈ ਅਹਿਮ ਰੋਲ ਅਦਾ ਕੀਤਾ ਜਾ ਰਿਹਾ ਹੈ।

**ਤਖ਼ਤ ਸ੍ਰੀ ਦਮਦਮਾ ਸਾਹਿਬ**

ਤਖ਼ਤ ਸ੍ਰੀ ਦਮਦਮਾ ਸਾਹਿਬ ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਧਾਰਮਿਕ ਤੇ ਰਾਜਨੀਤਕ ਮਸਲਿਆਂ ਅਤੇ ਹੋਰ ਲੋੜੀਂਦੇ ਸਮਾਜਕ ਕੰਮਾਂ ਵਿਚ ਸਿੱਖ ਪੰਥ ਦੀ ਅਗਵਾਈ ਕਰ ਰਿਹਾ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਮਾਲਵੇ ਖੇਤਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪੰਥਕ ਗਤੀਵਿਧੀਆਂ ਦਾ ਕੇਂਦਰ ਬਿੰਦੂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸਾਖੀ ਦੇ ਸਾਲਾਨਾ ਜੋੜ ਮੇਲੇ ਤੇ ਹੋਰ ਗੁਰਪੁਰਬ ਦਿਵਸਾਂ ਤੇ ਵੱਡੇ ਧਾਰਮਿਕ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ। ਇਹਨਾਂ ਸਮਾਗਮਾਂ ਰਾਂਹੀ ਰਾਗੀਆਂ, ਢਾਡੀਆਂ, ਕਥਾਵਾਚਕਾਂ ਅਤੇ ਵਿਦਵਾਨਾਂ ਦੁਆਰਾ ਸੰਗਤਾਂ ਨੂੰ ਸਿੱਖੀ ਸਿਧਾਤਾਂ ਤੋਂ ਜਾਣੂ ਕਰਵਾ ਕੇ ਸ਼ਬਦ ਗੁਰੂ ਨਾਲ ਜੋੜਿਆ ਜਾਂਦਾ ਹੈ। ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਇਲਾਕੇ ਵਿਚ ਵੀ ਧਾਰਮਿਕ ਸਮਾਗਮ ਕਰਵਾ ਕੇ ਗੁਰਮਤਿ ਪ੍ਰਚਾਰ ਕੀਤਾ ਜਾਂਦਾ ਹੈ। ਹਰ ਐਤਵਾਰ ਤੇ ਹਰ ਮਹੀਨੇ ਮੱਸਿਆ ਵਾਲੇ ਦਿਨ ਤਖ਼ਤ ਸਾਹਿਬ ਤੇ ਅੰਮ੍ਰਿਤ ਛਕਾਇਆ ਜਾਂਦਾ ਹੈ। ਇਸ ਤੋਂ ਇਲਾਵਾ ਤਖ਼ਤ ਸਾਹਿਬ ਵੱਲੋਂ ਵਿਸਾਖੀ ਦੇ ਸਾਲਾਨਾ ਜੋੜ ਮੇਲੇ ਤੇ ਵੱਡੇ ਪੱਧਰ ਤੇ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਥੇ ਧਰਮ ਪ੍ਰਚਾਰ ਦਫ਼ਤਰ ਸਥਾਪਤ ਕੀਤਾ ਗਿਆ ਹੈ। ਸੌ ਤੋਂ ਜ਼ਿਆਦਾ ਧਰਮ ਪ੍ਰਚਾਰਕ ਇਸ ਦਫ਼ਤਰ ਨਾਲ ਜੁੜ ਕੇ ਮਾਲਵੇ ਖੇਤਰ ਵਿਚ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ। ਇਹਨਾਂ ਧਾਰਮਿਕ ਉਪਰਾਲਿਆਂ ਸਦਕਾ ਇਲਾਕੇ ਦੇ ਲੋਕ ਵੱਡੀ ਗਿਣਤੀ ਵਿਚ ਅੰਮ੍ਰਿਤਧਾਰੀ ਬਣੇ ਹਨ ਅਤੇ ਗੁਰਮਤਿ ਸਿਧਾਤਾਂ ਤੋਂ ਜਾਣੂ ਹੋਏ ਹਨ। ਗੁਰਬਾਣੀ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਲਿਟਰੇਚਰ ਦਫ਼ਤਰ ਸਥਾਪਤ ਕੀਤਾ ਗਿਆ ਹੈ। ਬੱਚਿਆਂ ਨੂੰ ਸਿੱਖ-ਇਤਿਹਾਸ ਤੇ ਵਿਰਸੇ ਤੋਂ ਜਾਣੂ ਕਰਵਾਉਣ ਲਈ ਤਖ਼ਤ ਸਾਹਿਬ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਇਲਾਕੇ ਵਿਚ ਦਸਤਾਰ, ਕਵਿਤਾ, ਪੇਂਟਿੰਗ ਆਦਿ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਤਖ਼ਤ ਸਾਹਿਬ 'ਤੇ ਹਰ ਸਾਲ ਭਾਦੋਂ ਵਦੀ ਤੀਜ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨਤਾ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਸਮੇਂ ਦਮਦਮਾ ਸਾਹਿਬ ਤੇ ਇਲਾਕੇ ਵਿਚ ਧਾਰਮਿਕ ਸਮਾਗਮ ਕੀਤੇ ਜਾਂਦੇ ਹਨ। ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਤੇ ਧਾਰਮਿਕ ਸੈਮੀਨਾਰ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਪੁਰਬ, ਭਗਤ ਸਾਹਿਬਾਨ ਦੇ ਜਨਮ ਦਿਨ ਅਤੇ ਹੋਰ

ਮਹੱਤਵਪੂਰਣ ਇਤਿਹਾਸਕ ਦਿਹਾੜੇ ਮਨਾਏ ਜਾਂਦੇ ਹਨ। ਰਾਜਨੀਤਕ ਸਮਾਗਮਾਂ ਵਿਚ ਸਿੱਖ ਪੰਥ ਦੇ ਰਾਜਸੀ ਮਸਲਿਆਂ ਤੇ ਵਿਚਾਰ ਚਰਚਾ ਕੀਤੀ ਜਾਂਦੀ ਹੈ। ਥੋੜਾ ਸਮਾਂ ਪਹਿਲਾਂ ਡੇਰਾ ਸੱਚਾ ਸੌਦਾ ਸਿਰਸਾ ਤੇ ਸਿੱਖ ਪੰਥ ਦਰਮਿਆਨ ਪੈਦਾ ਹੋਏ ਵਿਵਾਦ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਪੰਥਕ ਸਰਗਰਮੀਆਂ ਦਾ ਗੜ੍ਹ ਰਿਹਾ ਹੈ। ਇਸ ਮਸਲੇ ਨਾਲ ਸੰਬੰਧਤ ਮਈ 2007 ਵਿਚ ਇਸ ਤਖ਼ਤ ਸਾਹਿਬ 'ਤੇ 'ਸਰਬੱਤ ਖਾਲਸਾ' ਬੁਲਾਇਆ ਗਿਆ। ਸਿੱਖ ਪੰਥ ਵੱਲੋਂ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀਆਂ ਗੁਰਮਤਿ ਵਿਰੋਧੀ ਹਰਕਤਾਂ ਖਿਲਾਫ ਵਿੱਢੇ ਸੰਘਰਸ਼ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਤਤਕਾਲੀਨ ਜੱਥੇਦਾਰ ਗਿਆਨੀ ਬਲਵੰਤ ਸਿੰਘ ਜੀ ਨੰਦਗੜ੍ਹ ਨੇ ਮਹੱਤਵਪੂਰਣ ਭੂਮਿਕਾ ਨਿਭਾਈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੌਜੂਦਾ ਜੱਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਕਾਰਜਕਾਰੀ ਜੱਥੇਦਾਰ ਵੀ ਹਨ। ਸਿੰਘ ਸਾਹਿਬ ਉਚੇਰੀ ਵਿੱਦਿਆ ਪ੍ਰਾਪਤ ਨੌਜਵਾਨ ਸਿੱਖ ਵਿਦਵਾਨ ਹਨ। ਉਹਨਾਂ ਨੂੰ ਗੁਰਬਾਣੀ, ਸਿੱਖ ਸਿਧਾਤਾਂ ਅਤੇ ਸਿੱਖ-ਇਤਿਹਾਸ ਦਾ ਡੂੰਘਾ ਗਿਆਨ ਹੈ। ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਜੰਟ ਸਿੰਘ ਜੀ (1 ਅਗਸਤ 2017 ਤੋਂ) ਵੀ ਇੱਕ ਨੌਜਵਾਨ ਗਿਆਨਵਾਨ ਸਿੰਘ ਹਨ। ਗੁਰਦੁਆਰਾ ਲਿਖਣਸਰ ਵਿਖੇ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲੋਂ ਗੁਰਬਾਣੀ ਦੀ ਸੰਥਿਆ ਦਿੱਤੀ ਜਾਂਦੀ ਹੈ। ਵਿਸ਼ੇਸ਼ ਕਰਕੇ ਸਕੂਲਾਂ/ਕਾਲਜਾਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਗੁਰਜੰਟ ਸਿੰਘ ਜੀ ਵੱਲੋਂ ਨੌਜਵਾਨਾਂ ਨੂੰ ਇਸ ਸਥਾਨ ਤੇ ਗੁਰਬਾਣੀ ਦੀ ਸੰਥਿਆ ਦਿੱਤੀ ਜਾਂਦੀ ਹੈ। ਦੇਸ਼-ਵਿਦੇਸ਼ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਦੇ ਠਹਿਰਨ ਲਈ ਦੋ ਸੁੰਦਰ ਨਿਵਾਸ ਸਥਾਨ 'ਭਾਈ ਮਨੀ ਸਿੰਘ ਨਿਵਾਸ ਸਥਾਨ' ਅਤੇ 'ਗੁਰੂ ਤੇਗ ਬਹਾਦਰ ਨਿਵਾਸ ਸਥਾਨ' ਬਣੇ ਹੋਏ ਹਨ। 'ਗੁਰੂ ਤੇਗ ਬਹਾਦਰ ਨਿਵਾਸ ਸਥਾਨ' ਵਿਚ ਆਧੁਨਿਕ ਸਹੂਲਤਾਂ ਨਾਲ ਲੈਸ ਏਅਰ ਕੰਡੀਸ਼ਨਡ ਕਮਰੇ ਹਨ। ਤਖ਼ਤ ਸਾਹਿਬ ਕੰਪਲੈਕਸ ਵਿਚ ਮੁਢਲੀਆਂ ਸਿਹਤ ਸੇਵਾਵਾਂ ਲਈ ਮੈਡੀਕਲ ਡਿਸਪੈਂਸਰੀ ਵੀ ਹੈ।

**ਬੁੰਗਾ ਮਸਤੂਆਣਾ**

ਜਿਵੇਂ ਕਿ ਪਿਛਲੇ ਅਧਿਆਇ ਵਿਚ ਬੁੰਗਾ ਮਸਤੂਆਣਾ ਦੀ ਸਥਾਪਨਾ ਬਾਰੇ ਦੱਸਿਆ ਗਿਆ ਸੀ ਕਿ ਇਹ ਬੁੰਗਾ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਵੱਲੋਂ ਸੰਨ 1923 ਈ. ਵਿਚ ਕਾਇਮ ਕੀਤਾ ਗਿਆ

ਸੀ। ਇਹ ਇੱਕ ਖੁੱਲਾ-ਡੁੱਲਾ ਕੰਪਲੈਕਸ ਹੈ, ਜਿਸ ਵਿਚ ਸ਼ਾਨਦਾਰ ਗੁਰਦੁਆਰਾ ਸਾਹਿਬ, ਰਿਹਾਇਸ਼ ਕਮਰੇ, ਵੱਡਾ ਲੰਗਰ ਹਾਲ ਅਤੇ ਖੇਤੀਬਾੜੀ ਫਾਰਮ ਸਥਿਤ ਹੈ। ਮੌਜੂਦਾ ਸਮੇਂ ਵਿਚ ਸਵਾ ਸੌ ਦੇ ਕਰੀਬ ਵਿਦਿਆਰਥੀ ਇਸ ਬੁੰਗੇ ਵਿਚ ਗੁਰਮਤਿ ਵਿੱਦਿਆ ਹਾਸਲ ਕਰ ਰਹੇ ਹਨ। ਜ਼ਿਆਦਾਤਰ ਵਿਦਿਆਰਥੀ ਉੱਤਰ ਪ੍ਰਦੇਸ਼, ਉੱਤਰਾਖੰਡ ਆਦਿ ਬਾਹਰਲੇ ਸੂਬਿਆਂ ਦੇ ਹਨ। ਇਸ ਬੁੰਗੇ ਵਿਚ ਸਿੱਖ ਨੌਜਵਾਨਾਂ ਨੂੰ ਮੁਹਾਰਨੀ ਤੋਂ ਸ਼ੁਰੂ ਕਰਕੇ ਗੁਰਬਾਣੀ ਦੀ ਸੰਥਿਆ, ਵਿਆਖਿਆ, ਗੁਰ ਇਤਿਹਾਸ ਦੀ ਕਥਾ ਅਤੇ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਬੁੰਗੇ ਦੇ ਵਿਦਿਆਰਥੀ ਦਿੱਲੀ, ਪਟਨਾ ਸਾਹਿਬ ਆਦਿ ਥਾਵਾਂ ਤੇ ਦੇਸ਼ ਦੇ ਵੱਖ-ਵੱਖ ਕੋਨਿਆਂ ਵਿਚ ਸਥਿਤ ਗੁਰਦੁਆਰਿਆਂ ਵਿਚ ਗ੍ਰੰਥੀ, ਕਥਾ ਵਾਚਕ ਅਤੇ ਰਾਗੀ ਸਿੰਘ ਵਜੋਂ ਸੇਵਾਵਾਂ ਨਿਭਾ ਰਹੇ ਹਨ। ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਵੀ ਇਸ ਬੁੰਗੇ ਦੇ ਵਿਦਿਆਰਥੀ ਸੇਵਾ ਨਿਭਾ ਰਹੇ ਹਨ। ਸੰਤ ਹਰਚੰਦ ਸਿੰਘ ਲੌਂਗੋਵਾਲ (ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਸਾਬਕਾ ਜੱਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ), ਗਿਆਨੀ ਜੈਲ ਸਿੰਘ (ਸਾਬਕਾ ਰਾਸ਼ਟਰਪਤੀ) ਆਦਿ ਪ੍ਰਮੁੱਖ ਸ਼ਖ਼ਸੀਅਤਾਂ ਇਸ ਬੁੰਗੇ ਦੇ ਵਿਦਿਆਰਥੀ ਰਹਿ ਚੁੱਕੇ ਹਨ। ਸੰਤ ਬਾਬਾ ਮਿੱਠਾ ਸਿੰਘ ਜੀ ਕਾਫੀ ਲੰਮਾ ਸਮਾਂ ਇਸ ਬੁੰਗੇ ਦੇ ਮੁਖ ਸੇਵਾਦਾਰ ਰਹੇ। ਵਰਤਮਾਨ ਸਮੇਂ ਵਿਚ ਬੁੰਗਾ ਮਸਤੂਆਣਾ ਵਿਖੇ ਬਾਬਾ ਛੋਟਾ ਸਿੰਘ ਜੀ ਮੁਖ ਸੇਵਾਦਾਰ ਅਤੇ ਬਾਬਾ ਤੇਜਾ ਸਿੰਘ ਜੀ ਹੈੱਡ ਗ੍ਰੰਥੀ ਵਜੋਂ ਸੇਵਾ ਨਿਭਾ ਰਹੇ ਹਨ। ਸੰਤ ਸੇਵਕ ਜੱਥੇ ਦੇ ਮੌਜੂਦਾ ਮੈਂਬਰ ਸੰਤ ਬਾਬਾ ਛੋਟਾ ਸਿੰਘ ਜੀ (ਮੁਖ ਸੇਵਾਦਾਰ), ਸੰਤ ਬਾਬਾ ਕਾਕਾ ਸਿੰਘ ਜੀ, ਸੰਤ ਬਾਬਾ ਗੁਰਬਖਸ਼ ਸਿੰਘ ਜੀ, ਸੰਤ ਬਾਬਾ ਤੇਜਾ ਸਿੰਘ ਜੀ (ਹੈੱਡ ਗ੍ਰੰਥੀ) ਅਤੇ ਬਾਬਾ ਸੰਤ ਸਿੰਘ ਜੀ ਹਨ। ਬੁੰਗਾ ਮਸਤੂਆਣਾ ਕੋਲ ਲੱਗਭੱਗ ਪੌਣੇ ਦੋ ਸੌ ਏਕੜ ਜ਼ਮੀਨ ਹੈ। ਬੁੰਗੇ ਵੱਲੋਂ ਸੰਨ 1999 ਈ. ਵਿਚ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਵਾਸਤੇ ਡੇਢ ਕਰੋੜ ਰੁਪਏ ਖਰਚ ਕਰਕੇ 'ਸੰਤ ਅਤਰ ਸਿੰਘ ਜੀ ਹੋਸਟਲ' ਬਣਵਾਇਆ ਗਿਆ। ਇਸ ਬੁੰਗੇ ਵੱਲੋਂ ਸੰਨ 2011 ਈ. ਵਿਚ ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ ਵਾਸਤੇ ਚਾਲੀ (40) ਏਕੜ ਜ਼ਮੀਨ ਕਲਗੀਧਰ ਟਰੱਸਟ ਬੜੂ ਸਾਹਿਬ ਨੂੰ ਦਿੱਤੀ ਗਈ। ਇਸ ਬੁੰਗੇ ਵੱਲੋਂ ਹਰ ਸਾਲ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਸਹਾਇਤਾ ਕੀਤੀ ਜਾਂਦੀ ਹੈ। ਖਾਲਸਾ ਸਕੂਲ, ਤਲਵੰਡੀ ਸਾਬੋ ਦੇ ਹੋਣਹਾਰ ਵਿਦਿਆਰਥੀਆਂ ਦੀ ਬੁੰਗੇ ਤਰਫੋਂ ਹੌਂਸਲਾ ਅਫ਼ਜਾਈ ਵੀ ਕੀਤੀ ਜਾਂਦੀ ਹੈ। ਬੁੰਗੇ ਵੱਲੋਂ ਤਲਵੰਡੀ ਸਾਬੋ ਦੇ ਸਾਰੇ ਸ਼ਹਿਰ ਵਿਚ ਸੜਕਾਂ

ਬਣਵਾਈਆਂ ਗਈਆਂ।

### ਗੁਰਦੁਆਰਾ ਸ੍ਰੀ ਗੁਰ ਪ੍ਰਕਾਸ਼ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਤਲਵੰਡੀ ਸਾਬੋ

ਦਮਦਮੀ ਟਕਸਾਲ ਦਾ ਇਹ ਗੁਰਮਤਿ ਵਿਦਿਆ ਕੇਂਦਰ ਤਲਵੰਡੀ ਸਾਬੋ ਨਗਰ ਤੋਂ ਬਾਹਰ ਬਠਿੰਡਾ ਰੋਡ ਤੇ ਸਥਿਤ ਹੈ। ਦਮਦਮੀ ਟਕਸਾਲ (ਭਿੰਡਰਾਂ) ਚੌਂਕ ਮਹਿਤਾ ਸ੍ਰੀ ਅੰਮ੍ਰਿਤਸਰ ਵੱਲੋਂ ਇਹ ਗੁਰਮਤਿ ਵਿਦਿਆਲਾ ਸੰਤ ਬਾਬਾ ਪ੍ਰਤਾਪ ਸਿੰਘ ਲੰਗੇਆਣਾ ਨੇ ਸਾਲ 2005 ਵਿਚ ਸ਼ੁਰੂ ਕੀਤਾ ਗਿਆ। ਇਸ ਸੰਸਥਾ ਦੀ ਇਮਾਰਤ ਦਾ ਨੀਂਹ ਪੱਥਰ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਵੱਲੋਂ ਸਾਲ 2006 ਵਿੱਚ ਰੱਖਿਆ ਗਿਆ। ਬਾਬਾ ਪ੍ਰਤਾਪ ਸਿੰਘ ਲੰਗੇਆਣਾ ਵਾਲਿਆਂ ਨੇ ਇਸ ਗੁਰਮਤਿ ਵਿਦਿਆਲੇ ਦੀ ਸਥਾਪਨਾ ਅਤੇ ਬਾਅਦ ਵਿਚ ਸੇਵਾ-ਸੰਭਾਲ ਵਿਚ ਅਹਿਮ ਯੋਗਦਾਨ ਪਾਇਆ। ਸਾਲ 2005 ਤੋਂ ਲੈ ਕੇ 2017 ਤੱਕ ਇਹ ਸੰਸਥਾ ਆਪ ਜੀ ਦੀ ਦੇਖ-ਰੇਖ ਹੇਠ ਚੱਲਦੀ ਰਹੀ। ਸਾਲ 2017 ਵਿਚ ਆਪ ਜੀ ਚੜ੍ਹਾਈ ਕਰ ਗਏ। ਉਸ ਤੋਂ ਬਾਅਦ ਆਪ ਜੀ ਦੇ ਸਪੁੱਤਰ ਬਾਬਾ ਸਾਧੂ ਸਿੰਘ (ਅਮਰੀਕਾ ਨਿਵਾਸੀ) ਇਸ ਟਕਸਾਲ ਦੇ ਮੁੱਖ ਪ੍ਰਬੰਧਕ ਦੇ ਤੌਰ ਤੇ ਸੇਵਾ ਨਿਭਾ ਰਹੇ ਹਨ। ਮੌਜੂਦਾ ਸਮੇਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਉੱਤਰਾਖੰਡ ਆਦਿ ਵੱਖ-ਵੱਖ ਸੂਬਿਆਂ ਦੇ 42 ਦੇ ਕਰੀਬ ਵਿਦਿਆਰਥੀ ਗੁਰਮਤਿ ਵਿੱਦਿਆ ਹਾਸਲ ਕਰ ਰਹੇ ਹਨ। ਇੱਥੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੜੀਵਾਰ ਸੰਥਿਆ, ਵਿਆਖਿਆ, ਗੁਰ ਇਤਿਹਾਸ ਦੀ ਕਥਾ ਅਤੇ ਦਸਮ ਗ੍ਰੰਥ ਦੀ ਸੰਥਿਆ ਸਿਖਾਈ ਜਾਂਦੀ ਹੈ। ਭਾਈ ਸੰਤੋਖ ਸਿੰਘ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼) ਦੀ ਵਿਆਖਿਆ ਦੀ ਸਿੱਖਿਆ ਦਿੱਤੀ ਜਾਂਦੀ ਹੈ। ਗੁਰਮਤਿ ਮਰਿਆਦਾ ਅਨੁਸਾਰ ਜੀਵਨ-ਜਾਚ ਸਿਖਾਈ ਜਾਂਦੀ ਹੈ। ਰਾਗਾਂ ਮੁਤਾਬਕ ਕੀਰਤਨ, ਤਬਲਾ ਵਜਾਉਣਾ ਆਦਿ ਗੁਰਮਤਿ ਸੰਗੀਤ ਦੀ ਮੁੱਢਲੀ ਸਿੱਖਿਆ ਵੀ ਦਿੱਤੀ ਜਾਂਦੀ ਹੈ।

### ਬੁੰਗਾ ਨਾਨਕਸਰ

ਬੁੰਗਾ ਨਾਨਕਸਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਕਾਰ ਪਾਰਕਿੰਗ ਦੇ ਸੱਜੇ ਪਾਸੇ ਸਥਿਤ ਹੈ। ਇਸ ਸਥਾਨ ਨੂੰ ਪਹਿਲਾਂ ਰਵਿਦਾਸੀਆਂ ਦਾ ਬੁੰਗਾ ਵੀ ਕਿਹਾ ਜਾਂਦਾ ਸੀ। ਇਹ ਬੁੰਗਾ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੇ ਗੜਵਈ ਬਾਬਾ ਬਸੰਤ ਸਿੰਘ ਜੀ ਪਿੰਡ ਲਿੱਦੜਾਂ ਨੇੜੇ ਸੰਗਰੂਰ ਨੇ ਕਾਇਮ ਕੀਤਾ ਸੀ। 1946 ਈ. ਵਿਚ ਬਾਬਾ ਸਾਧੂ ਰਾਮ ਜੀ ਟਿੱਬੇ ਵਾਲਿਆਂ ਨੇ ਇਸ ਬੁੰਗੇ ਵਿਚ ਗੁਰਦੁਆਰਾ

ਸਾਹਿਬ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਸੀ। ਮੌਜੂਦਾ ਸਮੇਂ ਵਿਚ ਬਾਬਾ ਧਰਮ ਸਿੰਘ ਜੀ ਇਸ ਬੁੰਗੇ ਦੇ ਮੁਖ ਸੇਵਾਦਾਰ ਹਨ। ਬੁੰਗੇ ਦਾ ਪ੍ਰਬੰਧ ਗਿਆਰਾਂ ਮੈਂਬਰੀ ਕਮੇਟੀ ਦੁਆਰਾ ਕੀਤਾ ਜਾਂਦਾ ਹੈ। ਬੁੰਗੇ ਵਿਚ ਗੁਰਦੁਆਰਾ ਬਾਬਾ ਸੰਗਤ ਸਿੰਘ ਜੀ ਦੀ ਨਵੀਨ ਇਮਾਰਤ ਉਸਾਰੀ ਜਾ ਰਹੀ ਹੈ। ਇਸ ਬੁੰਗੇ ਵਿਚ ਥੋੜੇ ਸਥਾਨਕ ਵਿਦਿਆਰਥੀ ਹੀ ਗੁਰਮਤਿ ਵਿੱਦਿਆ ਹਾਸਲ ਕਰਦੇ ਹਨ। ਇਹਨਾਂ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸੰਥਿਆ, ਵਿਆਖਿਆ ਅਤੇ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਬੁੰਗੇ ਦੇ ਨਾਮ ਚਾਰ ਏਕੜ ਜ਼ਮੀਨ ਹੈ। ਇਸ ਜ਼ਮੀਨ ਦੀ ਮਲਕੀਅਤ ਬਾਰੇ ਬੁੰਗੇ ਦੇ ਮੌਜੂਦਾ ਪ੍ਰਬੰਧਕਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ ਅਦਾਲਤੀ ਕੇਸ ਚੱਲ ਰਿਹਾ ਹੈ।

**ਛਾਉਣੀ ਨਿਹੰਗ ਸਿੰਘ ਬੁੱਢਾ ਦਲ**

ਤਲਵੰਡੀ ਸਾਬੋ ਵਿਖੇ ਨਿਹੰਗ ਸਿੰਘਾਂ ਦੇ ਬੁੱਢਾ ਦਲ ਦਾ ਕੇਂਦਰੀ ਦਫ਼ਤਰ (ਹੈੱਡ ਕੁਆਟਰ) ਹੈ। ਇਹ ਸਥਾਨ ਨਿਹੰਗ ਸਿੰਘ ਬੁੱਢਾ ਦਲ ਦੇ ਬਾਰ੍ਹਵੇਂ ਜੱਥੇਦਾਰ ਬਾਬਾ ਚੇਤ ਸਿੰਘ ਜੀ ਨੇ ਕਾਇਮ ਕੀਤਾ ਸੀ। ਬਾਬਾ ਚੇਤ ਸਿੰਘ ਜੀ ਦਾ ਜਨਮ ਸਥਾਨ ਤਲਵੰਡੀ ਸਾਬੋ ਨਗਰ ਹੀ ਸੀ। ਇਹ ਛਾਉਣੀ 13 ਏਕੜ ਜ਼ਮੀਨ ਵਿਚ ਸਥਿਤ ਹੈ। ਇਸ ਛਾਉਣੀ ਵਿਚ ਗੁਰਦੁਆਰਾ ਬੇਰ ਸਾਹਿਬ ਦੇਗਸਰ ਸਾਹਿਬ ਦੀ ਸੁੰਦਰ ਇਮਾਰਤ ਬਣੀ ਹੋਈ ਹੈ। ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਦਸਮ ਗ੍ਰੰਥ ਤੇ ਸਰਬ ਲੋਹ ਗ੍ਰੰਥ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਛਾਉਣੀ ਵਿਚ ਗੁਰਦੁਆਰਾ ਨਾਨਕਸਰ ਸਾਹਿਬ ਪਾਤਸ਼ਾਹੀ ਪਹਿਲੀ, ਨਾਨਕਸਰ ਸਰੋਵਰ, ਕਲਿਆਣਸਰ ਸਰੋਵਰ, ਵੱਡਾ ਲੰਗਰ ਹਾਲ, ਨਿਹੰਗ ਸਿੰਘਾਂ ਦੇ ਰਿਹਾਇਸ਼ੀ ਕਮਰੇ, ਘੋੜਿਆਂ ਦਾ ਤਬੇਲਾ ਆਦਿ ਸਥਾਨ ਸਥਿਤ ਹਨ। ਬੁੱਢਾ ਦਲ ਦੇ ਤੇਰ੍ਹਵੇਂ ਜੱਥੇਦਾਰ ਬਾਬਾ ਸੰਤਾ ਸਿੰਘ ਜੀ ਨੇ ਕਈ ਇਮਾਰਤਾਂ ਦੀ ਉਸਾਰੀ ਕਰਵਾ ਕੇ ਇਸ ਸਥਾਨ ਦੇ ਵਿਕਾਸ ਵਿਚ ਬਹੁਤ ਯੋਗਦਾਨ ਪਾਇਆ। ਇਸ ਸਥਾਨ ਤੇ ਵਿਸਾਖੀ ਦਾ ਸਾਲਾਨਾ ਜੋੜ ਮੇਲਾ, ਬਾਬਾ ਚੇਤ ਸਿੰਘ ਜੀ ਦੀ ਬਰਸੀ 25 ਵਿਸਾਖ ਤੋਂ 27 ਵਿਸਾਖ ਤੱਕ ਅਤੇ ਬਾਬਾ ਸਾਹਿਬ ਸਿੰਘ ਜੀ ਕਲਾਧਾਰੀ (ਗਿਆਰਵੇਂ ਜੱਥੇਦਾਰ ਨਿਹੰਗ ਸਿੰਘ ਬੁੱਢਾ ਦਲ) ਦੀ ਬਰਸੀ 13 ਸਾਵਣ ਤੋਂ 15 ਸਾਵਣ ਤੱਕ ਬਹੁਤ ਉਤਸ਼ਾਹਪੂਰਵਕ ਮਨਾਈ ਜਾਂਦੀ ਹੈ। ਇਹਨਾਂ ਜੋੜ ਮੇਲਿਆਂ ਵਿਚ ਦੂਰੋਂ-ਨੇੜਿਓਂ ਬੁੱਢਾ ਦਲ ਦੇ ਨਿਹੰਗ ਸਿੰਘ ਹਾਜ਼ਰੀ ਭਰਦੇ ਹਨ। ਇਹਨਾਂ ਅਹਿਮ ਦਿਹਾੜਿਆਂ ਤੇ ਬੁੱਢਾ ਦਲ ਵੱਲੋਂ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਹਰ ਮੱਸਿਆ ਨੂੰ ਵੀ ਇੱਥੇ ਅੰਮ੍ਰਿਤ ਛਕਾਇਆ

ਜਾਂਦਾ ਹੈ। ਬੁੱਢਾ ਦਲ ਦੇ ਮੌਜੂਦਾ ਤੇ 14 ਵੇਂ ਜੱਥੇਦਾਰ ਬਾਬਾ ਬਲਬੀਰ ਸਿੰਘ ਜੀ ਹਨ। ਗੁਰਦੁਆਰਾ ਬੇਰ ਸਾਹਿਬ ਛਾਉਣੀ ਬੁੱਢਾ ਦਲ ਤਲਵੰਡੀ ਸਾਬੋ ਦੇ ਵਰਤਮਾਨ ਮੁੱਖ ਸੇਵਾਦਾਰ ਬਾਬਾ ਅਰਜਨ ਦੇਵ ਸਿੰਘ ਜੀ ਉਰਫ਼ ਸ਼ਿਵਜੀ ਹਨ। ਲੱਗਭੱਗ ਪੰਜ ਸੌ ਏਕੜ ਜ਼ਮੀਨ ਗੁਰਦੁਆਰਾ ਬੇਰ ਸਾਹਿਬ ਦੇ ਨਾਂ ਹੈ। ਬੁੱਢਾ ਦਲ ਵੱਲੋਂ ਤਕਰੀਬਨ ਸੌ ਏਕੜ ਜ਼ਮੀਨ ਵਿਚ ਬਾਗ ਲਾਇਆ ਹੋਇਆ ਹੈ ਅਤੇ ਬਾਕੀ ਜ਼ਮੀਨ ਵਿਚ ਖੇਤੀ ਕੀਤੀ ਜਾ ਰਹੀ ਹੈ।

**ਸ੍ਰੀ ਦਮਦਮਾ ਸਾਹਿਬ ਵਿਖੇ ਵਿਸਾਖੀ ਦਾ ਸਾਲਾਨਾ ਜੋੜ ਮੇਲਾ**

ਸ੍ਰੀ ਦਮਦਮਾ ਸਾਹਿਬ ਵਿਖੇ ਵਿਸਾਖੀ ਦਾ ਮੇਲਾ ਸੰਸਾਰ ਭਰ ਵਿਚ ਪ੍ਰਸਿੱਧ ਹੈ ਅਤੇ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾਂਦਾ ਹੈ। ਤਲਵੰਡੀ ਸਾਬੋ ਵਿਖੇ ਵਿਸਾਖੀ ਦਾ ਜੋੜ ਮੇਲਾ ਅੱਜ ਤੋ ਤਕਰੀਬਨ 195 ਸਾਲ ਪਹਿਲਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜੱਥੇਦਾਰ ਗਿਆਨੀ ਭਗਵਾਨ ਸਿੰਘ ਜੀ ਨੇ ਆਰੰਭ ਕਰਵਾਇਆ ਸੀ।[11] ਇਹ ਜੋੜ ਮੇਲਾ ਤਿੰਨ ਦਿਨ ਲਗਾਤਾਰ ਮਨਾਇਆ ਜਾਂਦਾ ਹੈ। ਇਸ ਜੋੜ ਮੇਲੇ ਦੀਆਂ ਇੱਕ ਮਹੀਨਾ ਪਹਿਲਾਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਦੇਸ਼-ਵਿਦੇਸ਼ ਤੋਂ ਅਣਗਿਣਤ ਸਿੱਖ ਸੰਗਤਾਂ ਇਸ ਤਿਉਹਾਰ ਮੌਕੇ ਤਲਵੰਡੀ ਸਾਬੋ ਪਹੁੰਚਦੀਆਂ ਹਨ। ਵੱਖ-ਵੱਖ ਸਿੱਖ ਸੰਪਰਦਾਵਾਂ ਦੇ ਮੁਖੀ ਆਪਣੇ-ਆਪਣੇ ਜੱਥਿਆਂ ਸਮੇਤ ਇੱਥੇ ਪਹੁੰਚਦੇ ਹਨ। ਵਿਸਾਖੀ ਦੇ ਸਾਲਾਨਾ ਜੋੜ ਮੇਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬੁੰਗਾ ਮਸਤੂਆਣਾ, ਬੁੱਢਾ ਦਲ ਆਦਿ ਸਿੱਖ ਜੱਥੇਬੰਦੀਆਂ ਵੱਲੋਂ ਵੱਡੇ ਧਾਰਮਿਕ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ। ਇਹਨਾਂ ਸਮਾਗਮਾਂ ਰਾਂਹੀ ਰਾਗੀ, ਢਾਡੀ, ਕਥਾਵਾਚਕ ਅਤੇ ਵਿਦਵਾਨ ਸੰਗਤਾਂ ਨੂੰ ਗੁਰਮਤਿ ਸਿਧਾਂਤਾਂ ਤੋਂ ਜਾਣੂ ਕਰਵਾ ਕੇ ਸਿੱਖੀ ਨਾਲ ਜੋੜਦੇ ਹਨ। ਤਖ਼ਤ ਸਾਹਿਬ ਵੱਲੋਂ ਇਲਾਕੇ ਵਿਚ ਵੀ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਵਿਸਾਖੀ ਦੇ ਸਾਲਾਨਾ ਜੋੜ ਮੇਲੇ 'ਤੇ ਵੱਡੇ ਪੱਧਰ 'ਤੇ ਅੰਮ੍ਰਿਤ ਛਕਾਇਆ ਜਾਂਦਾ ਹੈ। ਵੱਖ-ਵੱਖ ਰਾਜਸੀ ਪਾਰਟੀਆਂ ਵੱਲੋਂ ਰਾਜਨੀਤਕ ਕਾਨਫ਼ਰੰਸਾਂ ਕੀਤੀਆਂ ਜਾਂਦੀਆਂ ਹਨ। ਬਾਜ਼ਾਰਾਂ ਵਿਚ ਬਹੁਤ ਜ਼ਿਆਦਾ ਰੌਣਕ ਹੁੰਦੀ ਹੈ।

**ਤਲਵੰਡੀ ਸਾਬੋ ਦੀ ਮੌਜੂਦਾ ਰਾਜਨੀਤਕ ਸਥਿਤੀ**

ਪਹਿਲਾਂ ਤੋਂ ਹੀ ਤਲਵੰਡੀ ਸਾਬੋ ਨਗਰ ਵੱਖ-ਵੱਖ ਰਾਜਨੀਤਕ ਪਾਰਟੀਆਂ ਦੀਆਂ ਸਰਗਰਮੀਆਂ ਦਾ

---

[11] ਗਿਆਨੀ ਬਲਵੰਤ ਸਿੰਘ, *ਉਕਤ;* ਪੰਨਾ 118

ਅਹਿਮ ਕੇਂਦਰ ਰਿਹਾ ਹੈ। ਇਸ ਨਗਰ ਨੇ ਪੰਜਾਬ ਦੀ ਰਾਜਨੀਤੀ ਵਿਚ ਮਹੱਤਵਪੂਰਨ ਰੋਲ ਨਿਭਾਇਆ ਹੈ ਤੇ ਹੁਣ ਵੀ ਨਿਭਾ ਰਿਹਾ ਹੈ। 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਨਗਰ ਤੇ ਇਲਾਕੇ ਦੇ ਲੋਕਾਂ ਨੇ ਕਾਗਂਰਸ ਤੇ ਸ਼੍ਰੋਮਣੀ ਅਕਾਲੀ ਦਲ ਦੋਵਾਂ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਨਕਾਰ ਕੇ ਰਾਜਨੀਤੀ ਦੇ ਖੇਤਰ ਵਿਚ ਆਈ ਨਵੀਂ ਪਾਰਟੀ 'ਆਪ'( ਆਮ ਆਦਮੀ ਪਾਰਟੀ) ਦੀ ਉਮੀਦਵਾਰ ਬੀਬੀ ਪ੍ਰੋ. ਬਲਜਿੰਦਰ ਕੌਰ ਨੂੰ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਦੀ ਵਿਧਾਇਕ (ਐਮ. ਐਲ. ਏ.) ਚੁਣਿਆ। ਇਸ ਤੋਂ ਸੰਕੇਤ ਮਿਲਦਾ ਹੈ ਕਿ ਤਲਵੰਡੀ ਸਾਬੋ ਦੇ ਲੋਕ ਪਰੰਪਰਾਗਤ ਰਾਜਨੀਤੀ ਵਿਚ ਬਦਲਾਅ ਦੇ ਚਾਹਵਾਨ ਹਨ। ਬੀਬੀ ਪ੍ਰੋ. ਬਲਜਿੰਦਰ ਕੌਰ ਇੱਕ ਪੜ੍ਹੀ ਲਿਖੀ ਨੌਜਵਾਨ ਇਸਤਰੀ ਹੈ। ਉਹ ਆਮ ਆਦਮੀ ਪਾਰਟੀ ਦੇ ਇਸਤਰੀ ਵਿੰਗ ਦੀ ਸੂਬਾ ਪ੍ਰਧਾਨ ਵੀ ਹੈ। ਇਸ ਤੋਂ ਪਹਿਲਾਂ ਸ੍ਰ. ਜੀਤ ਮਹਿੰਦਰ ਸਿੰਘ ਸਿੱਧੂ ਸੰਨ 2002 ਤੋਂ 2014 ਤੱਕ ਕਾਂਗਰਸ ਪਾਰਟੀ ਵੱਲੋਂ ਅਤੇ 2014 (ਉਪ-ਚੋਣਾਂ) ਤੋਂ ਲੈ ਕੇ 2017 ਤੱਕ ਸ਼੍ਰੋਮਣੀ ਅਕਾਲੀ ਦਲ ਪਾਰਟੀ ਵੱਲੋਂ ਹਲਕਾ ਤਲਵੰਡੀ ਸਾਬੋ ਦੇ ਵਿਧਾਇਕ ਰਹੇ।

**ਤਲਵੰਡੀ ਸਾਬੋ ਦੀ ਮੌਜੂਦਾ ਸਮਾਜਿਕ ਸਥਿਤੀ**

ਤਲਵੰਡੀ ਸਾਬੋ ਨਗਰ ਵਿਚ ਵੱਖ-ਵੱਖ ਜਾਤਾਂ ਦੇ ਲੋਕ ਰਹਿੰਦੇ ਹਨ। ਸਭ ਤੋਂ ਜ਼ਿਆਦਾ ਵਸੋਂ ਜੱਟ ਸਿੱਖਾਂ ਦੀ ਹੈ। ਇਹਨਾਂ ਵਿਚ ਜ਼ਿਆਦਾਤਰ ਸਿੱਧੂ ਜੱਟ ਸਿੱਖ ਹਨ। ਸਿੱਧੂ ਜੱਟਾਂ ਤੋਂ ਇਲਾਵਾ ਗਿੱਲ, ਮਾਨ, ਚੱਠੇ, ਸਰ੍ਹਾਂ, ਗੋਂਦਾਰੇ, ਢਿਲੋਂ, ਚਾਹਲ, ਭੁੱਲਰ, ਆਦਿ ਜੱਟ ਤਲਵੰਡੀ ਸਾਬੋ ਦੇ ਵਸਨੀਕ ਹਨ। ਜੱਟ ਸਿੱਖਾਂ ਤੋਂ ਬਾਅਦ ਅਗਰਵਾਲ (ਬਾਣੀਆ) ਦੀ ਆਬਾਦੀ ਦੂਜੇ ਨੰਬਰ 'ਤੇ ਹੈ। ਇਸ ਤੋਂ ਇਲਾਵਾ ਤਲਵੰਡੀ ਸਾਬੋ ਵਿਖੇ ਬ੍ਰਾਹਮਣ, ਚੋਪੜੇ ਖੱਤਰੀ, ਮੋਂਗਾ ਖੱਤਰੀ, ਖੱਤੀ ਤੇ ਧੀਮਾਨ ਤਰਖਾਣ, ਲੁਹਾਰ, ਸੁਨਿਆਰ, ਘੁਮਿਆਰ, ਬੌਰੀਏ, ਬਾਜੀਗਰ, ਰਵਦਾਸੀਏ, ਮਜ਼ਬੀ ਸਿੱਖ, ਛੀਂਬੇ, ਸਾਧ, ਝਿਉਰ ਆਦਿ ਜਾਤਾਂ ਦੇ ਲੋਕ ਰਹਿੰਦੇ ਹਨ। ਪਹਿਲਾਂ ਤਲਵੰਡੀ ਸਾਬੋ ਨਗਰ ਦੇ ਮੂਲ ਵਸਨੀਕ ਹੀ ਇਥੇ ਰਹਿੰਦੇ ਸਨ। ਪਰੰਤੂ ਪਿਛਲੇ ਕੁਝ ਸਾਲਾਂ ਤੋਂ ਜੀਵਨ ਦਾ ਸ਼ਹਿਰੀਕਰਨ ਹੋਣ ਕਰਕੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ, ਜ਼ਿਆਦਾਤਰ ਨੌਕਰੀਪੇਸ਼ਾ ਲੋਕ, ਤਲਵੰਡੀ ਸਾਬੋ ਨਗਰ ਵਿਚ ਰਹਿਣ ਲੱਗ ਪਏ ਹਨ। ਇਸ ਕਰਕੇ ਨਗਰ ਦੀ ਆਬਾਦੀ ਵੱਧਣ ਲੱਗੀ ਹੈ। ਨਗਰ ਵਿਚ ਕਈ ਯੂਨੀਵਰਸਿਟੀਆਂ, ਕਾਲਜ ਅਤੇ ਸਕੂਲ ਖੁਲ੍ਹਣ ਕਰਕੇ ਵੱਖ-ਵੱਖ ਇਲਾਕਿਆਂ ਦੇ ਲੋਕਾਂ ਨੇ ਵੀ ਸਟਾਫ਼ ਅਤੇ ਵਿਦਿਆਰਥੀਆ ਵਜੋਂ ਨਗਰ ਵਿਚ ਰਿਹਾਇਸ਼ ਕੀਤੀ ਹੈ। ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ

ਰਹੇ ਹਨ। ਬਾਜ਼ਾਰਾਂ ਦਾ ਵਿਕਾਸ ਹੋ ਰਿਹਾ ਹੈ। ਇਸ ਨਾਲ ਲੋਕਾਂ ਦੇ ਰਹਿਣ- ਸਹਿਣ ਵਿਚ ਤਬਦੀਲੀ ਆ ਰਹੀ ਹੈ।

**ਤਲਵੰਡੀ ਸਾਬੋ ਦੀ ਮੌਜੂਦਾ ਆਰਥਿਕ ਸਥਿਤੀ**

ਤਲਵੰਡੀ ਸਾਬੋ ਨਗਰ ਦੀ ਆਰਥਿਕਤਾ ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਖੇਤੀ ਆਧਾਰਤ ਰਹੀ ਹੈ। ਤਲਵੰਡੀ ਸਾਬੋ ਇਲਾਕੇ ਦੀ ਭੂਮੀ ਰੇਤਲੀ ਹੈ। ਪਹਿਲਾਂ ਇਸ ਇਲਾਕੇ ਵਿਚ ਜ਼ਮੀਨੀ ਪਾਣੀ ਵਧੀਆ ਨਾ ਹੋਣ ਕਰਕੇ ਤੇ ਵਰਖਾ ਘੱਟ ਹੋਣ ਕਾਰਨ ਫਸਲ ਦੀ ਪੈਦਾਵਾਰ ਘੱਟ ਹੁੰਦੀ ਸੀ। ਪਰੰਤੂ ਪਿਛਲੇ ਕੁਝ ਸਮੇਂ ਤੋਂ ਖੇਤੀਬਾੜੀ ਲਈ ਨਹਿਰੀ ਪਾਣੀ ਉਪਲਬਧ ਹੋਣ ਕਾਰਨ ਹਰ ਕਿਸਮ ਦੀ ਫਸਲ ਇਸ ਇਲਾਕੇ ਵਿਚ ਪੈਦਾ ਹੋਣ ਲੱਗੀ ਹੈ। ਪੈਦਾਵਾਰ ਵੀ ਪਹਿਲਾਂ ਨਾਲੋਂ ਬਹੁਤ ਵੱਧ ਗਈ ਹੈ। ਕਿਨੂੰ, ਅੰਗੂਰਾਂ ਤੇ ਅਮਰੂਦਾਂ ਦੇ ਬਾਗ ਲਗਾ ਕੇ ਬਾਗਬਾਨੀ ਰਾਂਹੀ ਆਮਦਨ ਪੈਦਾ ਕੀਤੀ ਜਾ ਰਹੀ ਹੈ। ਇਸ ਕਰਕੇ ਨਗਰ ਦੇ ਲੋਕਾਂ ਦੀ ਆਰਥਿਕ ਹਾਲਤ ਪਹਿਲਾਂ ਨਾਲੋਂ ਮਜ਼ਬੂਤ ਹੋਈ ਹੈ। ਪਿਛਲੇ ਕੁਝ ਸਮੇਂ ਤੋਂ ਨਗਰ ਵਿਚ ਬਹੁਤ ਸਾਰੀਆਂ ਵਿੱਦਿਅਕ ਸੰਸਥਾਵਾਂ ਖੁਲੀਆਂ ਹਨ। ਇਹਨਾਂ ਵਿੱਦਿਅਕ ਸੰਸਥਾਵਾਂ ਵਿਚ ਹਰ ਵਰਗ ਦੇ ਲੋਕਾਂ ਲਈ ਰੋਜ਼ਗਾਰ ਪੈਦਾ ਹੋਏ ਹਨ। ਨਗਰ ਦੇ ਨੌਜਵਾਨ ਲੜਕੇ ਤੇ ਲੜਕੀਆਂ ਪੜ੍ਹ ਲਿਖ ਕੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ-ਕਸਬਿਆਂ ਵਿਚ ਸਰਕਾਰੀ ਅਤੇ ਪ੍ਰਾਈਵੇਟ ਖੇਤਰ ਵਿਚ ਨੌਕਰੀਆਂ ਕਰ ਰਹੇ ਹਨ। ਨੌਜਵਾਨਾਂ ਵਿਚ ਵਿਦੇਸ਼ ਜਾਣ ਦਾ ਰੁਝਾਨ ਵੀ ਬਹੁਤ ਵੱਧ ਰਿਹਾ ਹੈ। ਖੇਤੀ ਨਿਰਭਰ ਆਰਥਿਕਤਾ ਘੱਟ ਰਹੀ ਹੈ। ਨਗਰ ਦੀ ਵਸੋਂ ਵੱਧਣ ਨਾਲ ਬਾਜਾਰਾਂ ਦਾ ਵੀ ਵਿਕਾਸ ਹੋਇਆ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਦੇਸ਼-ਵਿਦੇਸ਼ ਦੀ ਸੰਗਤ ਦੀ ਆਮਦ ਵੱਧਣ ਨਾਲ ਨਗਰ ਦੇ ਬਾਜ਼ਾਰਾਂ ਦੀ ਖ਼ਰੀਦੋ-ਫਰੋਖ਼ਤ ਵਿਚ ਵਾਧਾ ਹੋਇਆ ਹੈ। ਵਪਾਰ ਵੀ ਵਿਕਸਤ ਹੋਣ ਲੱਗਾ ਹੈ। ਇਸ ਕਾਰਨ ਵੀ ਆਰਥਿਕਤਾ ਨੂੰ ਹੁਲਾਰਾ ਮਿਲਿਆ ਹੈ। ਪਰੰਤੂ ਅਜੇ ਤੱਕ ਨਗਰ ਵਿਚ ਸਰਕਾਰ ਜਾਂ ਕਿਸੇ ਪ੍ਰਾਈਵੇਟ ਕੰਪਨੀ ਵੱਲੋਂ ਕੋਈ ਵੱਡੀ ਇੰਡਸਟਰੀਜ਼ ਸਥਾਪਤ ਨਹੀ ਕੀਤੀ ਗਈ। ਜਿਸ ਕਰਕੇ ਦੇਸ਼ ਅਤੇ ਸੂਬੇ ਦੇ ਬਾਕੀ ਸ਼ਹਿਰਾਂ ਤੇ ਨਗਰਾਂ ਦੇ ਮੁਕਾਬਲੇ ਅਜੇ ਵੀ ਇਸ ਨਗਰ ਦੀ ਆਰਥਿਕਤਾ ਕਮਜ਼ੋਰ ਜਾਪਦੀ ਹੈ।

**ਸ਼ਹੀਦ ਬਾਬਾ ਦੀਪ ਸਿੰਘ ਸਬ-ਡਵੀਜ਼ਨਲ ਹਸਪਤਾਲ ਤਲਵੰਡੀ ਸਾਬੋ**

ਸਿਹਤ ਵਿਭਾਗ, ਪੰਜਾਬ ਵੱਲੋਂ ਤਲਵੰਡੀ ਸਾਬੋ ਨਗਰ ਅਤੇ ਇਲਾਕੇ ਦੇ ਪਿੰਡਾਂ ਨੂੰ ਸਿਹਤ ਸੇਵਾਵਾਂ

ਮੁਹਈਆ ਕਰਵਾਉਣ ਲਈ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਨਾਂ ਤੇ ਸਿਵਲ ਹਸਪਤਾਲ ਚਲਾਇਆ ਜਾ ਰਿਹਾ ਹੈ। ਸਭ ਤੋਂ ਪਹਿਲਾਂ ਸੰਨ 1953 ਵਿਚ ਨਗਰ ਵਿਚ ਇੱਕ ਡਿਸਪੈਂਸਰੀ ਸਥਾਪਤ ਕੀਤੀ ਗਈ ਸੀ। ਫਿਰ ਸੰਨ 1982 ਵਿਚ ਇਸ ਡਿਸਪੈਂਸਰੀ ਨੂੰ ਪ੍ਰਾਇਮਰੀ ਹੈਲਥ ਸੈਂਟਰ ਵਿਚ ਤਬਦੀਲ ਕੀਤਾ ਗਿਆ। ਇਸ ਤੋਂ ਮਗਰੋਂ ਇਲਾਕਾ ਨਿਵਾਸੀਆਂ ਦੀ ਮੰਗ 'ਤੇ ਇਸਨੂੰ ਸਬ-ਡਵੀਜ਼ਨਲ ਹਸਪਤਾਲ ਵਿਚ ਪ੍ਰਮੋਟ ਕੀਤਾ ਗਿਆ। ਕਰੋੜਾਂ ਰੁਪਏ ਖਰਚ ਕਰ ਕੇ ਹਸਪਤਾਲ ਦੀ ਨਵੀਨ ਇਮਾਰਤ ਉਸਾਰੀ ਗਈ ਹੈ। ਇਸ ਹਸਪਤਾਲ ਵਿਚ ਆਧੁਨਿਕ ਸਿਹਤ ਸਹੂਲਤਾਂ ਬਹੁਤ ਹੀ ਘੱਟ ਖਰਚੇ ਤੇ ਉਪਲਬਧ ਹਨ। ਇਸ ਸਿਵਲ ਹਸਪਤਾਲ ਤੋਂ ਇਲਾਵਾ ਤਲਵੰਡੀ ਸਾਬੋ ਨਗਰ ਵਿਚ ਜਿੰਦਲ ਮਲਟੀਸਪੈਸ਼ਲਿਟੀ ਹੌਸਪਿਟਲ, ਕਾਲੜਾ ਹੌਸਪਿਟਲ, ਲੁਧਿਆਣਾ ਆਈ ਹੌਸਪਿਟਲ, ਜੈਪੁਰ ਜਨਤਾ ਹੌਸਪਿਟਲ, ਦਿੱਲੀ ਡੈਂਟਲ ਕਲੀਨਿਕ, ਇੱਕਓਅੰਕਾਰ ਹੋਮਿਓਪੈਥਿਕ ਕਲੀਨਿਕ, ਬਰਾੜ ਹੋਮਿਓ ਕਲੀਨਿਕ, ਨਿਊਰੋਥੈਰਾਪੀ ਸੈਂਟਰ ਆਦਿ ਪ੍ਰਾਈਵੇਟ ਹਸਪਤਾਲ ਨਗਰ ਅਤੇ ਇਲਾਕੇ ਨੂੰ ਆਧੁਨਿਕ ਸਿਹਤ ਸਹੂਲਤਾਂ ਮੁਹਈਆ ਕਰਵਾ ਰਹੇ ਹਨ।

ਇਸ ਤਰ੍ਹਾਂ ਇਸ ਅਧਿਆਇ ਵਿਚ ਦੱਸਿਆ ਗਿਆ ਹੈ ਕਿ ਤਲਵੰਡੀ ਸਾਬੋ ਪੁਰਾਤਨ ਸਮੇਂ ਦੀ ਤਰ੍ਹਾਂ ਅਜੋਕੇ ਸਮੇਂ ਵਿਚ ਵੀ ਪੰਜਾਬ, ਖਾਸ ਕਰਕੇ ਮਾਲਵੇ ਖੇਤਰ, ਦਾ ਇੱਕ ਮਹੱਤਵਪੂਰਣ ਨਗਰ ਹੈ। ਸਿੱਖ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ 'ਤਖ਼ਤ ਸ੍ਰੀ ਦਮਦਮਾ ਸਾਹਿਬ' ਸਿੱਖ ਪੰਥ ਦੀ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਮਸਲਿਆਂ ਵਿਚ ਅਗਵਾਈ ਕਰ ਰਿਹਾ ਹੈ। ਇਸ ਨਗਰ ਵਿਚ ਸਥਿਤ ਵੱਖ-ਵੱਖ ਇਤਿਹਾਸਕ ਸਥਾਨਾਂ ਦਾ ਜ਼ਿਕਰ ਕੀਤਾ ਗਿਆ ਹੈ। ਤਖ਼ਤ ਸਾਹਿਬ 'ਤੇ ਅਤੇ ਭਾਈ ਡੱਲ ਸਿੰਘ ਦੇ ਪਰਿਵਾਰ ਕੋਲ ਮੌਜੂਦ ਯਾਦਗਾਰੀ ਵਸਤਾਂ ਦਾ ਵੇਰਵਾ ਦਿੱਤਾ ਗਿਆ ਹੈ। ਬੁੰਗਾ ਮਸਤੂਆਣਾ, ਦਮਦਮੀ ਟਕਸਾਲ ਗੁਰਮਤਿ ਵਿਦਿਆਲਾ, ਛਾਉਣੀ ਨਿਹੰਗ ਸਿੰਘ ਬੁੱਢਾ ਦਲ ਆਦਿ ਧਾਰਮਿਕ ਸੰਸਥਾਵਾਂ ਵੱਲੋਂ ਗੁਰਮਤਿ ਵਿੱਦਿਆ, ਸਿੱਖ ਸਿਧਾਤਾਂ ਤੇ ਰਹੁ-ਰੀਤਾਂ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਪਾਏ ਜਾ ਰਹੇ ਯੋਗਦਾਨ ਤੇ ਰੋਸ਼ਨੀ ਪਾਈ ਗਈ ਹੈ। ਇਸ ਅਧਿਆਇ ਵਿਚ ਨਗਰ ਤਲਵੰਡੀ ਸਾਬੋ ਵਿਚ ਮੌਜੂਦ ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਅਤੇ ਹੋਰ ਵਿੱਦਿਅਕ ਆਦਾਰਿਆਂ ਬਾਰੇ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਤਲਵੰਡੀ ਸਾਬੋ ਨਗਰ ਦੀ ਵਰਤਮਾਨ ਸਮਾਜਿਕ, ਆਰਥਿਕ ਤੇ ਰਾਜਨੀਤਕ ਸਥਿਤੀ ਬਾਰੇ ਵੀ ਸੰਖੇਪ ਰੂਪ ਵਿਚ ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ ਸ਼ਹੀਦ ਬਾਬਾ ਦੀਪ ਸਿੰਘ ਸਬ-ਡਿਵੀਜ਼ਨਲ ਹਸਪਤਾਲ ਵੱਲੋਂ ਮੁਹੱਈਆ

ਕਰਵਾਈਆ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਵੀ ਸੰਖਿਪਤ ਵਿਚ ਦੱਸਿਆ ਗਿਆ ਹੈ। ਨਤੀਜੇ ਦੇ ਰੂਪ ਵਿਚ ਅਸੀ ਕਹਿ ਸਕਦੇ ਹਾਂ ਕਿ ਮੌਜੂਦਾ ਸਮੇਂ ਵਿਚ ਨਗਰ ਤਲਵੰਡੀ ਸਾਬੋ ਸਿੱਖ ਪੰਥ ਦੀ ਹਰ ਖੇਤਰ ਵਿਚ ਰਹਿਨੁਮਾਈ ਕਰਨ ਦੇ ਨਾਲ-ਨਾਲ ਸੰਸਾਰ ਨੂੰ ਕਿੱਤਾਮੁਖੀ ਤੇ ਗੁਰਮਤਿ ਦੋਵੇਂ ਤਰ੍ਹਾਂ ਦੀ ਵਿੱਦਿਆ ਮੁਹੱਈਆ ਕਰਵਾ ਰਿਹਾ ਹੈ ਤੇ ਗੁਰੂ ਸਾਹਿਬ ਵੱਲੋਂ ਇਸ ਨਗਰ ਨੂੰ 'ਗੁਰੂ ਕੀ ਕਾਸ਼ੀ' ਦੇ ਦਿੱਤੇ ਹੋਏ ਵਰਦਾਨ ਪ੍ਰਤੱਖ ਰੂਪਮਾਨ ਹੋ ਰਹੇ ਹਨ।

# ਸਾਰ

ਤਲਵੰਡੀ ਸਾਬੋ ਮਾਲਵੇ ਇਲਾਕੇ ਦਾ ਪੁਰਾਤਨ ਤੇ ਇਤਿਹਾਸਕ ਨਗਰ ਹੈ। ਇਹ ਨਗਰ ਬਠਿੰਡਾ ਤੋਂ ਦੱਖਣ ਪੂਰਬ ਵੱਲ 28 ਕਿਲੋਮੀਟਰ ਅਤੇ ਰਾਮਾ ਮੰਡੀ ਰੇਲਵੇ ਸਟੇਸ਼ਨ ਤੋਂ 12 ਕਿਲੋਮੀਟਰ ਦੂਰ ਸਥਿਤ ਹੈ। ਤਲਵੰਡੀ ਸਾਬੋ (ਦਮਦਮਾ ਸਾਹਿਬ) ਸਿੱਖਾਂ ਦਾ ਪ੍ਰਸਿੱਧ ਗੁਰਧਾਮ ਹੈ ਅਤੇ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਤਖ਼ਤ ਇੱਥੇ ਸੁਭਾਇਮਾਨ ਹੈ। ਪਹਿਲੇ, ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਨੇ ਆਪਣੀ ਚਰਨ-ਛੋਹ ਨਾਲ ਇਸ ਸਥਾਨ ਨੂੰ ਪਵਿੱਤਰ ਕੀਤਾ। ਗੁਰੂ ਸਾਹਿਬਾਨ ਨੇ ਇਸ ਪਵਿੱਤਰ ਧਰਤੀ ਨੂੰ 'ਗੁਰੂ ਕੀ ਕਾਸ਼ੀ' ਦਾ ਵਰਦਾਨ ਦੇ ਕੇ ਨਿਵਾਜਿਆ ਹੈ।

ਸਤਲੁਜ ਤੋਂ ਦੱਖਣ-ਪੂਰਬ ਵੱਲ ਮੋਟੇ ਤੌਰ 'ਤੇ ਘੱਗਰ ਦੀ ਬਰਸਾਤੀ ਨਦੀ ਤੱਕ ਮੌਜੂਦਾ ਸਮੇਂ ਵਿਚ ਚੌਦਾਂ ਜ਼ਿਲ੍ਹਿਆਂ ਵਿਚ ਵੰਡਿਆ ਹੋਇਆ ਮਾਲਵਾ ਖੇਤਰ ਹੈ। ਪੰਜਾਬ ਦੇ ਇਸ ਵਿਸ਼ੇਸ਼ ਖਿੱਤੇ ਦਾ ਨਾਮ 'ਮਾਲਵਾ' ਮਾਲਵ ਜਾਂ ਮਲੋਈ ਜਾਤੀ ਦੇ ਨਾਂ ਉੱਤੇ 326 ਈ. ਪੂਰਵ ਤੋਂ 150 ਈ. ਦੇ ਵਿਚਕਾਰ ਪਿਆ। ਪ੍ਰਾਚੀਨ ਕਾਲ ਤੋਂ ਮਾਲਵਾ ਦੇਸ ਸੰਸਾਰ ਨੂੰ ਹਰ ਤਰ੍ਹਾਂ ਦੀ ਵਿੱਦਿਆ ਦੇਣ ਵਿੱਚ ਮੋਢੀ ਰਿਹਾ ਹੈ। ਰਿਸ਼ੀਆਂ-ਮੁਨੀਆਂ ਨੇ ਇਸ ਧਰਤੀ ਉੱਪਰ ਵੇਦਾਂ, ਪੁਰਾਣਾਂ ਤੇ ਹੋਰ ਪ੍ਰਾਚੀਨ ਗ੍ਰੰਥਾਂ ਦੀ ਰਚਨਾ ਕੀਤੀ। ਆਦਿ ਕਾਲ ਤੋਂ ਹੀ ਮਾਲਵੇ ਦੀ ਧਰਤੀ ਦੀ ਧਾਰਮਿਕ ਅਤੇ ਅਧਿਆਤਮਕ ਮਹਾਨਤਾ ਗੌਰਵਸ਼ਾਲੀ ਰਹੀ ਹੈ।

ਇਸ ਮਾਲਵੇ ਖਿੱਤੇ ਦਾ ਨਗਰ ਤਲਵੰਡੀ ਸਾਬੋ ਪੁਰਾਤਨ ਸਮੇਂ ਤੋਂ ਹੀ ਇੱਕ ਅਧਿਆਤਮਿਕ ਅਤੇ ਧਾਰਮਿਕ ਕੇਂਦਰ ਰਿਹਾ ਹੈ। ਪ੍ਰਾਚੀਨ ਸਮੇਂ ਵਿੱਚ ਸਰਸਵਤੀ ਨਦੀ ਥਾਨੇਸਰ ਕੋਲ ਦੀ ਹੋ ਕੇ ਅੱਜ-ਕੱਲ੍ਹ ਦੇ ਤਲਵੰਡੀ ਸਾਬੋ ਦੇ ਕੋਲ ਵਗਦੀ ਹੁੰਦੀ ਸੀ। ਉਸ ਸਮੇਂ ਸਤਲੁਜ ਵੀ ਨਾਭੇ ਦੇ ਉੱਤਰ ਵੱਲ ਦੀ ਹੁੰਦਾ ਹੋਇਆ ਬਠਿੰਡੇ ਪਹੁੰਚਦਾ ਸੀ। ਵੈਦਿਕ ਕਾਲ ਦੌਰਾਨ ਤਲਵੰਡੀ ਸਾਬੋ ਨਗਰ ਵਿਚ ਰਿਸ਼ੀਆ-ਮੁਨੀਆਂ ਦਾ ਨਿਵਾਸ ਸੀ ਅਤੇ ਉਨ੍ਹਾਂ ਨੇ ਇਸ ਧਰਤੀ 'ਤੇ ਵੇਦਾਂ, ਪੁਰਾਣਾਂ ਅਤੇ ਕਈ ਹੋਰ ਧਾਰਮਿਕ ਗ੍ਰੰਥਾਂ ਦੀ ਰਚਨਾ ਕੀਤੀ। ਇਥੇ ਹੀ ਮਾਰਕੰਡੇ ਰਿਸ਼ੀ ਨੇ ਤਪ ਕੀਤਾ ਅਤੇ 'ਉੱਤਰ ਕਾਸ਼ੀ' (ਵਿਦਿਆ ਪੀਠ) ਦੀ ਸਥਾਪਨਾ ਕੀਤੀ ਸੀ। ਮਾਰਕੰਡੇ ਰਿਸ਼ੀ ਦਾ ਤਪ ਸਥਾਨ 'ਗੁਰੂਸਰ ਸਰੋਵਰ' ਦੇ ਦੱਖਣ ਵੱਲ ਬੇਰੀ ਹੇਠ ਸੀ। ਇਸ ਨਗਰ ਦਾ ਪ੍ਰਾਚੀਨ ਗ੍ਰੰਥਾਂ ਵਿੱਚ ਨਾਮ 'ਨੈਮਿਸ਼' ਲਿਖਿਆ ਮਿਲਦਾ ਹੈ।

ਪੁਰਾਤਨ ਸਮੇਂ ਵਿਚ ਸਰਸਵਤੀ ਦੇ ਪਾਣੀ ਤੇ ਬ੍ਰਹਮ ਵਿਦਿਆ ਦੀ ਬਾਣੀ ਨਾਲ ਇਹ ਧਰਤੀ ਧਾਰਮਿਕ, ਅਧਿਆਤਮਿਕ, ਪਵਿੱਤਰ ਅਤੇ ਪੂਜਨੀਕ ਬਣੀ ਹੋਈ ਸੀ। ਪਰੰਤੂ ਸਮੇਂ ਦੇ ਫੇਰ ਨਾਲ ਸਤਲੁਜ ਅਤੇ ਸਰਸਵਤੀ ਨਦੀ ਦੇ ਪਿੱਛੇ ਹਟ ਜਾਣ ਕਰਕੇ ਇਹ ਇਲਾਕਾ ਮਾਰੂ ਭੂਮੀ ਬਣ ਗਿਆ ਸੀ। ਇਸ ਧਰਤੀ ਨੇ ਇਤਿਹਾਸ ਦੇ ਕਈ ਰੂਪ ਦੇਖੇ। ਇੱਥੇ ਬੁੱਧ ਧਰਮ ਦਾ ਵੀ ਬੋਲਬਾਲਾ ਹੋਇਆ। ਇਸਲਾਮੀ ਹਮਲਾਵਰਾਂ ਨੇ ਇਸ ਪ੍ਰਦੇਸ਼ ਦੀ ਸੰਸਕ੍ਰਿਤੀ ਮਿਟਾ ਕੇ ਮਿੱਟੀ ਨਾਲ ਮਿਲਾ ਦਿੱਤੀ। ਹਿੰਦੂ ਅਤੇ ਬੋਧੀ ਮੰਦਰ, ਵਿਦਿਆਲੇ ਅਤੇ ਪੁਸਤਕਾਲਯ ਤਬਾਹ ਕਰ ਦਿੱਤੇ ਗਏ ਤੇ ਇਹ ਪਵਿੱਤਰ 'ਉਤਰਕਾਸ਼ੀ' ਅਗਿਆਨਤਾ ਅਤੇ ਅੱਤਿਆਚਾਰ ਹੇਠ ਦੱਬ ਗਈ। ਇਹ ਸਾਰਾ ਇਲਾਕਾ ਬੇਆਬਾਦ ਜੰਗਲ ਬੀਆਬਾਨ ਬਣ ਗਿਆ ਸੀ।

ਸੰਨ 1149 ਈ: ਵਿਚ ਇਸ ਇਲਾਕੇ 'ਤੇ ਹਿੰਦੂ ਗੁੱਜਰਾਂ ਨੇ ਕਬਜ਼ਾ ਕਰ ਲਿਆ ਸੀ। ਸੁਲਤਾਨ ਸ਼ਮਸ-ਉਦ-ਦੀਨ ਇਲਤੁਤਮਿਸ਼ ਦੇ ਸ਼ਾਸਨ ਕਾਲ ਵਿਚ ਇਨ੍ਹਾਂ ਹਿੰਦੂ ਗੁੱਜਰਾਂ ਨੇ ਇਸਲਾਮ ਧਾਰਨ ਕਰ ਕੇ ਅਠਤਾਲੀ (48) ਪਿੰਡਾਂ ਦੀ ਚੌਧਰ ਪ੍ਰਾਪਤ ਕੀਤੀ ਸੀ। ਇਨ੍ਹਾਂ ਗੁੱਜਰਾਂ ਦੇ ਇੱਕ ਚੌਧਰੀ ਦੀ ਕੇਵਲ ਇਕੋ-ਇਕ ਧੀ 'ਸ਼ਹਾਬੋ' ਸੀ। ਉਹ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪਣੇ ਕਬੀਲੇ ਦੀ ਮੁਖੀ ਬਣੀ ਸੀ। ਜਿਸ ਕਰਕੇ ਪਿੰਡ ਦਾ ਨਾਉ 'ਤਲਵੰਡੀ ਸਹਾਬੋ' ਮਸ਼ਹੂਰ ਹੋ ਗਿਆ ਸੀ। ਜਿਸ ਨੂੰ ਅੱਜ-ਕੱਲ੍ਹ 'ਤਲਵੰਡੀ ਸਾਬੋ' ਕਿਹਾ ਜਾਂਦਾ ਹੈ।

ਤਲਵੰਡੀ ਸਾਬੋ ਦੇ ਨਾਮਕਰਨ ਬਾਰੇ ਦੂਜੀ ਵਿਚਾਰਧਾਰਾ ਇਹ ਹੈ ਕਿ ਤਲਵੰਡੀ ਸਾਬੋ ਦੇ ਚੌਧਰੀਆਂ ਦੇ ਘਰਾਣੇ ਵਿਚ ਬਰਾੜ ਤੋਂ ਛੇਵੇਂ ਸਥਾਨ ਤੇ 'ਸਾਬੋ' ਨਾਮ ਦਾ ਇਕ ਸਰਦਾਰ ਹੋਇਆ ਹੈ, ਜੋ ਹੱਲੜ ਦਾ ਪੁੱਤਰ ਸੀ। ਉਸਨੇ ਬਰਾੜਾਂ ਦਾ ਕਬਜ਼ਾ ਤਲਵੰਡੀ ਸਾਬੋ ਤੇ ਕਰਵਾਇਆ ਸੀ। ਸੰਨ 1526 ਈ. ਵਿਚ ਸਿੱਧੂ-ਬੈਰਾੜਾਂ ਨੇ ਪਾਨੀਪਤ ਦੀ ਲੜਾਈ ਸਮੇਂ ਬਾਬਰ ਦੀ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ। ਇਸ ਲੜਾਈ ਵਿਚ ਜਿੱਤ ਪ੍ਰਾਪਤ ਕਰਨ 'ਤੇ ਬਾਬਰ ਨੇ 'ਲੱਖੀ ਜੰਗਲ-ਬਠਿੰਡਾ' ਦੀ ਚੌਧਰ ਸਿੱਧੂ-ਬੈਰਾੜਾਂ ਨੂੰ ਦੇ ਦਿੱਤੀ। ਉਨ੍ਹਾਂ ਵਿਚੋਂ ਸਾਬੋ ਬਰਾੜ ਨੇ ਤਲਵੰਡੀ ਤੇ ਕਬਜ਼ਾ ਕੀਤਾ। ਸਾਬੋ ਨੇ ਤਲਵੰਡੀ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ ਅਤੇ ਇਥੇ ਵਸਣ ਵਾਲੇ ਲੋਕਾਂ ਨੂੰ ਅਨੇਕਾਂ ਸਹੂਲਤਾਂ ਮੁਹੱਈਆ ਕਰਵਾਈਆਂ। ਸਾਬੋ ਨੇ ਆਪਣੇ ਸਮੇਂ ਇਸ ਨਗਰ ਦਾ ਬਹੁਤ ਵਿਕਾਸ ਕੀਤਾ ਸੀ। ਇਸ ਕਰਕੇ ਉਸਦੇ ਨਾਮ ਤੋਂ ਹੀ ਇਸ ਸਥਾਨ ਦਾ ਨਾਮ 'ਤਲਵੰਡੀ ਸਾਬੋ' ਪੈ ਗਿਆ। ਉਸ ਸਮੇਂ ਮਾਲਵੇ ਦਾ ਇਹ ਇਲਾਕਾ 'ਲੱਖੀ ਜੰਗਲ' ਦੇ ਨਾਮ ਨਾਲ

ਜਾਣਿਆ ਜਾਂਦਾ ਸੀ ਅਤੇ ਮੁਗ਼ਲ ਹਕੂਮਤ ਵਲੋਂ ਇਸ ਇਲਾਕੇ ਤੇ ਆਪਣੇ ਸੂਬੇਦਾਰ ਵੀ ਨਿਯੁਕਤ ਕੀਤੇ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਇਸ ਸਥਾਨ ਨੂੰ ਵਡਿਆਈ ਬਖਸ਼ ਕੇ ਸੰਸਾਰ ਭਰ ਵਿਚ ਪ੍ਰਸਿੱਧ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਕੁਝ ਦਿਨ ਤਲਵੰਡੀ ਸਾਬੋ ਵਿਖੇ ਠਹਿਰ ਕੇ ਧਰਮ ਦਾ ਪ੍ਰਚਾਰ ਕਰ ਕੇ ਇੱਥੇ ਸਿੱਖੀ ਦਾ ਬੀਜ ਬੀਜਿਆ। ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸੋਂ ਤਲਵੰਡੀ ਸਾਬੋ ਦੇ ਸਰਦਾਰਾਂ, ਭਾਈ ਡੱਲੇ ਦੇ ਬਜ਼ੁਰਗਾਂ, ਨੇ ਸਿੱਖੀ ਪ੍ਰਾਪਤ ਕੀਤੀ। ਫੂਲ-ਮਹਿਰਾਜ ਦੀ ਜੰਗ ਸਮੇਂ ਤਲਵੰਡੀ ਸਾਬੋ ਦੇ ਬੈਰਾੜ ਚੌਧਰੀ ਗੁਰੂ ਸਾਹਿਬ ਦੇ ਚਰਣਾਂ ਵਿਚ ਹਾਜ਼ਰ ਹੋਏ ਅਤੇ ਜੰਗ ਵਿਚ ਗੁਰੂ ਸਾਹਿਬ ਦਾ ਸਾਥ ਦਿੱਤਾ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਜੀ ਨੇ ਵੀ ਗਿਆਰਾਂ ਦਿਨ ਤਲਵੰਡੀ ਸਾਬੋ ਵਿਖੇ ਨਿਵਾਸ ਰੱਖਿਆ ਸੀ।

ਇਸ ਤੋਂ ਬਾਅਦ 1674 ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਮਾਲਵਾ ਦੇਸ ਦੀ ਯਾਤਰਾ ਸਮੇਂ ਇਥੇ ਨੌਂ ਦਿਨ ਰਹੇ। ਇਸ ਸਥਾਨ ਨੂੰ ਗੁਰੂ ਸਾਹਿਬ ਨੇ ਆਪਣੀ 'ਗੁਪਤ ਕਾਸ਼ੀ' ਦਾ ਦਰਜਾ ਦਿੱਤਾ ਅਤੇ ਭਵਿੱਖ ਬਾਣੀ ਕੀਤੀ ਕਿ ਦਸਮ ਗੁਰੂ ਸਾਹਿਬ ਇਸ ਸਥਾਨ ਤੇ ਠਹਿਨਗੇ ਤੇ ਇਸ 'ਗੁਪਤ ਕਾਸ਼ੀ' ਨੂੰ ਪ੍ਰਗਟ ਕਰਨਗੇ। ਤਲਵੰਡੀ ਸਾਬੋ ਵਿਚ ਪਾਣੀ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਗੁਰੂ ਸਾਹਿਬ ਨੇ ਗੁਰੂਸਰ ਸਰੋਵਰ ਦੀ ਕਾਰ ਸੇਵਾ ਦਾ ਟੱਕ ਲਾਇਆ ਅਤੇ ਪੰਜ ਵਾਰੀ ਆਪਣੇ ਦੋਸ਼ਾਲੇ ਨਾਲ ਮਿੱਟੀ ਬਾਹਰ ਕੱਢ ਕੇ ਇਸ ਪਵਿੱਤਰ ਕਾਰਜ ਦਾ ਆਰੰਭ ਕੀਤਾ। ਆਲੇ-ਦੁਆਲੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰ ਕੇ ਤਲਵੰਡੀ ਸਾਬੋ ਵਿਖੇ ਸਿੱਖੀ ਦੇ ਪ੍ਰਚਾਰ ਕੇਂਦਰ ਦੀ ਨੀਂਹ ਰੱਖੀ। ਇਸ ਯਾਤਰਾ ਸਮੇਂ ਤਲਵੰਡੀ ਸਾਬੋ ਦਾ ਚੌਧਰੀ ਸਲੇਮ ਸ਼ਾਹ ਬੜੀ ਪ੍ਰੇਮ ਭਾਵਨਾ ਨਾਲ ਗੁਰੂ ਸਾਹਿਬ ਦੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਰਿਹਾ। 'ਗੁਰੂ ਕੀਆਂ ਸਾਖੀਆਂ' ਦੇ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਹਿਲਾਂ ਵੀ ਸੰਨ 1665 ਈ. ਵਿਚ ਇਸ ਇਲਾਕੇ ਦਾ ਦੌਰਾ ਕੀਤਾ ਸੀ। ਪਰੰਤੂ ਗੁਰੂ ਸਾਹਿਬ ਦੇ ਇਸ ਦੌਰੇ ਦੀ ਨਿਸ਼ਚਿਤ ਪ੍ਰਮਾਣ ਦੀ ਅਣਹੋਂਦ ਕਾਰਣ ਪੁਸ਼ਟੀ ਨਹੀਂ ਕੀਤੀ ਜਾ ਸਕਦੀ।

ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਦੀ ਜੰਗ ਤੋਂ ਬਾਅਦ 1706 ਈ. ਦੇ ਆਰੰਭ ਵਿੱਚ ਤਲਵੰਡੀ ਸਾਬੋ ਪਹੁੰਚੇ ਸਨ। ਗੁਰੂ ਜੀ ਤਲਵੰਡੀ ਸਾਬੋ ਵਿਖੇ 9 ਮਹੀਨੇ 9 ਦਿਨ ਠਹਿਰੇ ਸਨ। ਉਹਨਾਂ ਨੇ ਤਲਵੰਡੀ ਸਾਬੋ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ। ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿੱਚ ਟਿਕਾਣਾ

ਕਰ ਲੈਣ ਨਾਲ ਇੱਥੋਂ ਦੀ ਰੌਣਕ ਵਿੱਚ ਬੜਾ ਵਾਧਾ ਹੋਇਆ। ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਤਲਵੰਡੀ ਸਾਬੋ ਆਉਣ ਲੱਗ ਪਈਆਂ। ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿੱਚ ਠਹਿਰਨ ਦਾ ਪਤਾ ਲੱਗਣ ਤੇ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਦਿੱਲੀ ਤੋਂ ਤਲਵੰਡੀ ਸਾਬੋ ਪਹੁੰਚੀਆਂ ਸਨ। ਬਾਬਾ ਫੂਲ ਦੇ ਸਪੁੱਤਰ ਭਾਈ ਰਾਮਾ ਤੇ ਤ੍ਰਿਲੋਕਾ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ ਅਤੇ ਲੰਗਰ ਲਈ ਰਸਦ ਦੇ ਗੱਡੇ ਭਰ ਕੇ ਲਿਆਏ ਸਨ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਤਲਵੰਡੀ ਸਾਬੋ ਵਿਖੇ ਹੀ ਉਨ੍ਹਾਂ ਨੇ ਅੰਮ੍ਰਿਤ ਛਕਿਆ ਸੀ।

ਇਥੇ ਰਹਿੰਦਿਆਂ ਦਸਮ ਗੁਰੂ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਕਰ ਕੇ, ਫ਼ਾਲਤੂ ਅਤੇ ਅਪ੍ਰਮਾਣੀਕ ਬਾਣੀਆਂ ਕੱਢ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣੀਕ ਅਤੇ ਸੰਪੂਰਨ ਬੀੜ ਤਿਆਰ ਕੀਤੀ ਸੀ। ਉਨ੍ਹਾਂ ਨੇ ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਇ ਦਾ ਆਰੰਭ ਕੀਤਾ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਮਰਿਆਦਾ ਕਾਇਮ ਕੀਤੀ ਸੀ। ਗੁਰੂ ਜੀ ਨੇ ਤਲਵੰਡੀ ਸਾਬੋ ਵਿਖੇ ਵੱਡੇ ਪੱਧਰ ਤੇ ਅੰਮ੍ਰਿਤ ਸੰਚਾਰ ਕਰ ਕੇ ਮਾਲਵੇ ਵਿੱਚ ਖਾਲਸਾ ਪੰਥ ਦਾ ਵਿਸਤਾਰ ਕੀਤਾ। ਉਨ੍ਹਾਂ ਨੇ ਇਥੇ 'ਗੁਰੂ ਕੀ ਕਾਂਸ਼ੀ' ਦੀ ਸਥਾਪਨਾ ਕੀਤੀ ਅਤੇ ਵਰਦਾਨ ਦਿੱਤਾ ਕਿ ਇੱਥੇ ਗੁਰਮਤਿ ਦੇ ਵੱਡੇ-ਵੱਡੇ ਵਿਦਵਾਨ, ਲਿਖਾਰੀ, ਗਿਆਨੀ, ਵਿਦਿਆਰਥੀ, ਸ਼ਬਦ ਵੀ ਵਿਚਾਰ ਵਾਲੇ ਵਿਦਵਾਨ ਪੈਦਾ ਹੋਣਗੇ; ਇੱਥੇ ਅਲਪ ਬੁੱਧੀ ਵਾਲੇ ਵੀ ਪੜ੍ਹ-ਲਿਖ ਕੇ ਵਿਦਵਾਨ ਬਣਨਗੇ। ਸਿੱਖ ਸੰਗਤਾਂ ਨੂੰ ਯੁੱਧ-ਵਿਦਿਆ ਵਿਚ ਨਿਪੁੰਨ ਹੋਣ ਲਈ ਉਤਸ਼ਾਹਿਤ ਕੀਤਾ ਅਤੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਆਦਿ ਅਨੇਕਾਂ ਕਾਰਜ ਕੀਤੇ। ਗੁਰੂ ਸਾਹਿਬ ਨੇ ਆਪਣੀ ਢਾਲ ਨਾਲ ਮਿੱਟੀ ਬਾਹਰ ਕੱਢ ਕੇ 'ਗੁਰੂਸਰ ਸਰੋਵਰ' ਦੀ ਕਾਰ-ਸੇਵਾ ਵੀ ਆਰੰਭ ਕਰਵਾਈ ਸੀ।

ਚੌਧਰੀ ਭਾਈ ਡੱਲਾ ਅਤੇ ਹੋਰ ਅਨੇਕਾਂ ਸਿੱਖ ਨੇ ਗੁਰੂ ਸਾਹਿਬ ਦੀ ਤਨ ਮਨ ਅਤੇ ਧਨ ਨਾਲ ਹਰ ਪੱਖੋਂ ਦਿਨ-ਰਾਤ ਸੇਵਾ ਕੀਤੀ ਸੀ। ਭਾਈ ਡੱਲੇ ਅਤੇ ਮਾਲਵੇ ਦੀ ਹੋਰ ਸਿੱਖ ਸੰਗਤਾਂ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਨੇ ਮਾਲਵੇ ਨੂੰ ਅਨੇਕਾਂ ਵਰਦਾਨ ਦਿੱਤੇ। ਇਥੇ ਰਹਿੰਦਿਆਂ ਗੁਰੂ ਸਾਹਿਬ ਨੇ ਧਰਮ ਪ੍ਰਚਾਰ ਲਈ ਆਲੇ-ਦੁਆਲੇ ਦੇ ਪਿੰਡਾਂ ਵਿਚ ਦੌਰੇ ਵੀ ਕੀਤੇ ਸਨ। ਦੱਖਣ ਵਿਚ ਬਾਦਸ਼ਾਹ ਔਰੰਗਜ਼ੇਬ ਨਾਲ ਮੁਲਾਕਾਤ ਕਰਨ ਲਈ ਗੁਰੂ ਸਾਹਿਬ ਨੌਂ ਮਹੀਨੇ ਤੇ ਨੌਂ ਦਿਨ ਇਥੇ ਨਿਵਾਸ ਕਰਨ ਉਪਰੰਤ ਕੱਤਕ ਸੁਦੀ ਪੰਜ (29 ਕੱਤਕ) ਸੰਮਤ 1763 ਬਿ. (30 ਅਕਤੂਬਰ ਸੰਨ 1706 ਈ.) ਨੂੰ ਤਲਵੰਡੀ ਸਾਬੋ ਤੋਂ ਰਾਜਪੂਤਾਨੇ ਵੱਲ

ਚਲੇ ਗਏ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਪਧਾਰਣ ਨਾਲ ਇਹ ਨਗਰ ਸਿੱਖ ਪੰਥ ਦੀਆਂ ਸਾਹਿਤਕ ਅਤੇ ਸੈਨਿਕ ਗਤੀਵਿਧੀਆਂ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ ਸੀ। ਗੁਰੂ ਸਾਹਿਬ ਤੋਂ ਮਗਰੋਂ ਬਾਬਾ ਦੀਪ ਸਿੰਘ ਜੀ ਨੇ ਇਸ ਸਥਾਨ ਦੀ ਸੇਵਾ-ਸੰਭਾਲ ਕੀਤੀ। ਬਾਬਾ ਜੀ ਨੇ ਇਥੇ ਰਹਿ ਕੇ ਗੁਰਬਾਣੀ ਦੀ ਪਾਵਨ ਬੀੜ ਦੇ ਉਤਾਰੇ ਕੀਤੇ ਅਤੇ ਗੁਰਮਤਿ ਵਿੱਦਿਆ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਬਾਬਾ ਜੀ ਨੇ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦੁਆਰਾ ਆਰੰਭ ਕੀਤੀ ਗਈ ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਇ ਨੂੰ ਅੱਗੇ ਤੋਰਿਆ। ਇਤਿਹਾਸ ਵਿੱਚ ਇਹ ਸੰਸਥਾ 'ਦਮਦਮੀ ਟਕਸਾਲ' ਦੇ ਨਾਮ ਨਾਲ ਪ੍ਰਸਿੱਧ ਹੋਈ। ਇਸ ਟਕਸਾਲ ਰਾਹੀਂ ਗੁਰਬਾਣੀ ਦਾ ਸ਼ੁੱਧ ਉਚਾਰਣ ਅਤੇ ਸਹੀ ਅਰਥ ਕਰਨੇ ਸਿਖਾਏ ਜਾਂਦੇ ਸਨ, ਜੋ ਮੌਜੂਦਾ ਸਮੇਂ ਤੱਕ ਨਿਰੰਤਰ ਜਾਰੀ ਹੈ।

ਬਾਬਾ ਜੀ ਦੇ ਜੱਥੇ ਜਾਂ ਮਿਸਲ ਸ਼ਹੀਦਾਂ ਦਾ ਮੁਖ ਟਿਕਾਣਾ ਵੀ ਤਲਵੰਡੀ ਸਾਬੋ ਹੀ ਸੀ। ਬਾਬਾ ਜੀ ਦੇ ਸ਼ਹੀਦੀ ਜੱਥੇ ਨੇ ਧਰਮ ਪ੍ਰਚਾਰ ਦੇ ਨਾਲ-ਨਾਲ ਮਾਲਵੇ ਦੀ ਰਾਜਨੀਤੀ ਵਿਚ ਵੀ ਆਪਣਾ ਯੋਗਦਾਨ ਪਾਇਆ ਸੀ। ਬਾਬਾ ਦੀਪ ਸਿੰਘ ਜੀ ਨੇ ਕਈ ਵਾਰ ਜੰਗਾਂ ਵਿਚ ਬਾਬਾ ਆਲਾ ਸਿੰਘ ਦੀ ਮੱਦਦ ਕੀਤੀ ਸੀ। ਜਦੋਂ ਨਾਦਰ ਸ਼ਾਹ ਦੇ ਕਹਿਣ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ (1739-40 ਈ.) ਸਿੰਘਾਂ ਉਪਰ ਬਹੁਤ ਜ਼ੁਲਮ ਕੀਤੇ, ਤਾਂ ਉਸ ਸਮੇਂ ਮਾਝੇ ਇਲਾਕੇ ਦੇ ਅਨੇਕਾਂ ਸਿੰਘ ਮਾਲਵੇ ਦੇ ਬਰਨਾਲਾ, ਸੁਨਾਮ, ਤਪਾ, ਤਲਵੰਡੀ ਸਾਬੋ ਆਦਿ ਪਿੰਡਾਂ ਵਿਚ ਠਹਿਰੇ ਅਤੇ ਮਾਲਵੇ ਦੇ ਸਿੱਖਾਂ ਨੇ ਇਨ੍ਹਾਂ ਸਿੰਘਾਂ ਦੀ ਬੜੀ ਸੇਵਾ-ਸੰਭਾਲ ਕੀਤੀ ਸੀ। ਪਹਿਲੇ ਘੱਲੂਘਾਰੇ ਸਮੇਂ (1746 ਈ.) ਸ਼ਹੀਦੀ ਜੱਥੇ ਦੇ ਬਾਬਾ ਦੀਪ ਸਿੰਘ ਅਤੇ ਹੋਰ ਸਿੰਘ ਕਾਹਨੂੰਵਾਨ ਦੀ ਜੰਗ ਵਿਚ ਜਖ਼ਮੀ ਹੋਏ ਸ੍ਰੀ ਦਮਦਮਾ ਸਾਹਿਬ ਪਹੁੰਚੇ। ਉਸ ਸਮੇਂ ਵੀ ਤਲਵੰਡੀ ਸਾਬੋ ਦੇ ਲੋਕਾਂ ਨੇ ਇਨ੍ਹਾਂ ਜਖ਼ਮੀ ਸਿੰਘਾਂ ਦੀ ਸੇਵਾ-ਸੰਭਾਲ ਕੀਤੀ ਸੀ।

ਮਿਸਲਾਂ ਦੇ ਸਮੇਂ ਖਾਲਸਾ ਪੰਥ ਵੱਲੋਂ ਪੰਜਾਹ ਹਜ਼ਾਰ ਰੁਪਏ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਵਾਸਤੇ ਭੇਜੇ ਗਏ ਸਨ। ਇਸ ਸਮੇਂ ਬਾਬਾ ਦੀਪ ਸਿੰਘ ਜੀ ਨੇ ਤਖ਼ਤ ਸਾਹਿਬ, ਗੁਰੂ ਤੇਗ ਬਹਾਦਰ ਜੀ ਦਾ ਮੰਜੀ ਸਾਹਿਬ ਆਦਿ ਸਥਾਨ ਪੱਕਾ ਕਰਵਾਇਆ ਸੀ। ਭੋਰਾ ਤੇ ਉਚਾ ਬੁਰਜ ਤਿਆਰ ਕੀਤਾ ਗਿਆ ਅਤੇ ਇੱਕ ਵੱਡਾ ਖੂਹ ਵੀ ਲਗਵਾਇਆ ਸੀ।

ਬਾਬਾ ਜੀ ਦੀ ਸ਼ਹਾਦਤ ਤੋਂ ਕੁਝ ਸਮਾਂ ਮਗਰੋਂ ਤਖ਼ਤ ਸਾਹਿਬ ਦਾ ਪ੍ਰਬੰਧ ਸ਼ਾਹਜ਼ਾਦਪੁਰੀਏ ਸਰਦਾਰਾਂ ਦੇ ਹੱਥਾਂ ਵਿਚ ਚਲਾ ਗਿਆ ਸੀ। ਸ. ਕਰਮ ਸਿੰਘ ਸ਼ਾਹਜ਼ਾਦਪੁਰੀਏ ਦੇ ਵੇਲੇ ਤਾਂ ਪ੍ਰਬੰਧ ਕੁਝ ਠੀਕ ਚਲਦਾ ਰਿਹਾ, ਪਰੰਤੂ ਉਸ ਤੋਂ ਬਾਅਦ ਇਸ ਘਰਾਣੇ ਨੇ ਅੰਗਰੇਜ਼ਾਂ ਦੇ ਝੋਲੀਚੁੱਕ ਬਣ ਕੇ ਇਸ ਗੁਰਧਾਮ ਦੀ ਸਾਰੀ ਜਾਇਦਾਦ ਤੇ ਕਬਜ਼ਾ ਕਰ ਲਿਆ ਸੀ। ਇਸ ਸਮੇਂ ਦੌਰਾਨ ਸ੍ਰੀ ਦਮਦਮਾ ਸਾਹਿਬ ਵਿਖੇ ਲੰਗਰ ਆਦਿ ਦੇ ਪ੍ਰਬੰਧ ਦਿਨ-ਪ੍ਰਤੀਦਿਨ ਮਾੜੇ ਹੁੰਦੇ ਗਏ। ਇਥੋਂ ਦੇ ਗਿਆਨੀਆ, ਵਿਦਵਾਨਾਂ ਅਤੇ ਮਹੰਤਾਂ ਨੂੰ ਅਪਮਾਨਤ ਕਰ ਕੇ ਤਖ਼ਤ ਸਾਹਿਬ ਤੋਂ ਕੱਢ ਦਿੱਤਾ ਗਿਆ ਸੀ। ਉਨ੍ਹਾਂ ਸੰਤਾਂ-ਮਹੰਤਾਂ ਨੇ ਉਸ ਔਖੇ ਸਮੇਂ ਵਿਚ ਆਪੋ-ਆਪਣੇ ਬੁੰਗੇ ਬਣਾ ਕੇ ਗੁਰਮਤਿ ਵਿੱਦਿਆ ਦਾ ਪ੍ਰਵਾਹ ਨਿਰਵਿਘਨ ਜਾਰੀ ਰੱਖਿਆ।

ਸਿੱਖ ਮਿਸਲਾਂ ਦੇ ਸਮੇਂ ਇਹ ਇਲਾਕਾ ਫੂਲਕੀਆਂ ਮਿਸਲ ਦੀ ਪਟਿਆਲਾ ਰਿਆਸਤ ਦੇ ਅਧਿਕਾਰ ਹੇਠ ਆ ਗਿਆ ਸੀ। ਸਿੱਖ ਸਰਦਾਰਾਂ ਤੇ ਰਾਜਿਆਂ ਨੇ ਆਪਣੀ ਰਾਜ ਸੱਤਾ ਸਥਾਪਤ ਕਰਨ ਤੋਂ ਬਾਅਦ ਵੱਖ-ਵੱਖ ਰੂਪਾਂ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਾਂ ਕਾਫ਼ੀ ਜਾਇਦਾਦ ਲਗਵਾਈ ਸੀ। ਰਾਣੀਆਂ ਦੇ ਨਵਾਬ ਜ਼ਾਬਤਾ ਖਾਂ ਨੇ ਵੀ ਸੱਤ ਪਿੰਡ ਦਾਦੂ, ਧਰਮਪੁਰਾ, ਸਿੰਘਪੁਰਾ ਆਦਿ ਲੰਗਰ ਲਈ ਭੇਂਟ ਕੀਤੇ ਸਨ। ਇਨ੍ਹਾਂ ਸਾਰੇ ਪਿੰਡਾਂ ਦੀ ਜ਼ਮੀਨ ਸ਼ਾਹਜ਼ਾਦਪੁਰੀਏ ਸਰਦਾਰਾਂ ਨੇ ਆਪਣੇ ਨਾਂ ਲਗਵਾ ਲਈ ਸੀ।

ਸ਼ਾਹਜ਼ਾਦਪੁਰੀਏ ਸਰਦਾਰ ਜੀਵਨ ਸਿੰਘ ਦਾ ਵਿਆਹ ਰਿਆਸਤ ਪਟਿਆਲਾ ਦੇ ਮਹਾਰਾਜਾ ਰਾਜਿੰਦਰ ਸਿੰਘ ਦੀ ਭੈਣ ਬਚਿੱਤਰ ਕੌਰ ਨਾਲ ਹੋਇਆ। ਜੀਵਨ ਸਿੰਘ ਨੇ ਕਾਨੂੰਨੀ ਪਰਵਾਨਗੀ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਇਥੋਂ ਦੇ ਹੋਰ ਗੁਰਦੁਆਰਿਆਂ ਦੀ ਸਾਰੀ ਜਗੀਰ ਰਿਆਸਤ ਪਟਿਆਲਾ ਤੋਂ ਦਾਜ ਵਿਚ ਲੈ ਕੇ ਆਪਣੇ ਨਾਂ ਲਗਵਾ ਲਈ ਸੀ। ਜਿਸ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਤਖ਼ਤ ਵਜੋਂ ਰੁਤਬਾ ਤੇ ਸਤਿਕਾਰ ਖਤਮ ਹੋ ਗਿਆ ਅਤੇ ਇਹ ਪਾਵਨ ਸਥਾਨ ਸ਼ਾਹਜ਼ਾਦਪੁਰੀਏ ਸਰਦਾਰਾਂ ਦੀ ਇੱਕ ਜਗੀਰ ਬਣ ਕੇ ਰਹਿ ਗਿਆ ਸੀ।

ਭਾਵੇਂ ਜਦੋਂ ਤੋਂ ਤਖ਼ਤ ਸਾਹਿਬ ਦੀ ਜਾਇਦਾਦ 'ਤੇ ਸ਼ਾਹਜ਼ਾਦਪੁਰੀਆਂ ਦਾ ਕਬਜ਼ਾ ਹੋ ਗਿਆ ਸੀ, ਉਦੋਂ ਤੋਂ ਹੀ ਇਸ ਦੀ ਸ਼ਾਨ-ਸ਼ੌਕਤ ਅਤੇ ਧਾਰਮਿਕ ਮਰਿਆਦਾ ਵਿਚ ਢਿੱਲ ਆਉਣ ਲੱਗ ਪਈ ਸੀ। ਪਰੰਤੂ ਫਿਰ ਵੀ ਇਥੋਂ ਦੀ ਧਾਰਮਿਕ ਮਰਿਆਦਾ ਪੰਥ ਵਿਚ ਮੁੱਖ ਮੰਨੀ ਜਾਂਦੀ ਸੀ। ਇਸ ਸਮੇਂ ਵੀ ਇਹ ਤਖ਼ਤ ਵੱਖ-ਵੱਖ ਮਸਲਿਆਂ ਵਿਚ ਗੁਰਮਤਿ ਸਿਧਾਤਾਂ ਅਨੁਸਾਰ ਪੰਥ ਦੀ ਅਗਵਾਈ ਕਰਦਾ ਰਿਹਾ ਸੀ। ਪੁਰਾਤਨ ਸਿੱਖ

ਵਿਦਵਾਨ ਤੇ ਲੇਖਕ ਆਪਣੇ ਗ੍ਰੰਥ ਪ੍ਰਕਾਸ਼ਤ ਕਰਨ ਤੋਂ ਪਹਿਲਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੇਸ਼ ਕਰ ਕੇ ਸੋਧਿਆ ਕਰਦੇ ਸਨ ਅਤੇ ਪ੍ਰਵਾਨਗੀ ਪ੍ਰਾਪਤ ਕਰਦੇ ਸਨ। ਸਮੇ ਸਮੇਂ 'ਤੇ ਇਸ ਸਥਾਨ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਲਈ ਆਵਾਜ਼ ਉਠਦੀ ਰਹੀ ਸੀ।

ਸੰਨ 1922-23 ਈ. ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਕਰਵਾਉਣ ਲਈ ਬਹੁਤ ਯਤਨ ਕੀਤੇ। ਪਰੰਤੂ ਸ਼ਾਹਜ਼ਾਦਪੁਰੀਏ ਸਰਦਾਰਾਂ ਨੇ ਉਨ੍ਹਾਂ ਨੂੰ ਇਸ ਸੇਵਾ ਦੀ ਆਗਿਆ ਨਹੀਂ ਦਿੱਤੀ ਸੀ। ਜਿਸ ਕਰਕੇ ਸੰਤ ਜੀ ਨੂੰ ਰਿਆਸਤ ਪਟਿਆਲਾ ਰਾਂਹੀ ਆਪਣਾ ਪ੍ਰਭਾਵ ਵਰਤ ਕੇ ਤਖ਼ਤ ਸਾਹਿਬ ਦੀ ਕੁਝ ਜ਼ਮੀਨ ਲੈ ਕੇ ਵੱਖਰਾ ਗੁਰਮਤਿ ਵਿਦਿਆਲਾ ਬਣਾਉਣਾ ਪਿਆ ਸੀ। ਸ਼ਾਹਜ਼ਾਦਪੁਰੀਆਂ ਦੇ ਨਾ-ਮਿਲਵਰਤਨ ਦੇ ਬਾਵਜੂਦ ਵੀ ਸੰਤ ਜੀ ਨੇ ਗੁਰੂਸਰ ਸਰੋਵਰ ਦੀ ਕਾਰ ਸੇਵਾ ਕੀਤੀ। ਇਸ ਸਰੋਵਰ ਨੂੰ ਪੱਕਾ ਅਤੇ ਵੱਡਾ ਕੀਤਾ ਗਿਆ। ਸੰਤ ਗੁਲਾਬ ਸਿੰਘ ਜੀ ਨੇ ਇੱਥੇ ਇੱਕ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਉਸਾਰਿਆ, ਜੋ ਹੁਣ ਇਕ ਵੱਡੀ ਸੰਸਥਾ ਦਾ ਰੂਪ ਅਖ਼ਤਿਆਰ ਕਰ ਚੁੱਕਾ ਹੈ। ਇਹ ਗੁਰਦੁਆਰਾ 'ਬੁੰਗਾ ਮਸਤੂਆਣਾ' ਨਾਮ ਨਾਲ ਪ੍ਰਸਿੱਧ ਹੈ।

1963 ਈ. ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ ਸੀ। ਇਸ ਸਮੇਂ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਦਾ ਦਰਜਾ ਦੇਣ ਦੀ ਮੰਗ ਦਾ ਜ਼ੋਰ ਵਧਿਆ। ਇਸ ਕੰਮ ਦੀ ਪੂਰਤੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਸਬ-ਕਮੇਟੀ ਬਣਾਈ ਗਈ, ਜਿਸ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਬਾਰੇ ਰਿਪੋਰਟ ਦੇਣੀ ਸੀ। ਇਸ ਸਬ-ਕਮੇਟੀ ਦੀ ਰਿਪੋਰਟ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 18 ਨਵੰਬਰ, 1966 ਈ. ਨੂੰ (ਤਖ਼ਤ) ਸ੍ਰੀ ਦਮਦਮਾ ਸਾਹਿਬ ਨੂੰ ਪੂਰੀ ਤਰ੍ਹਾਂ ਤਖ਼ਤ ਸਾਹਿਬ ਦਾ ਦਰਜਾ ਦੇ ਦਿੱਤਾ ਗਿਆ। ਭਾਰਤ ਸਰਕਾਰ ਵੱਲੋ ਕਾਫ਼ੀ ਸਮਾਂ ਬਾਅਦ ਖਾਲਸਾ ਪੰਥ ਦੇ ਤ੍ਰੈ-ਸ਼ਤਾਬਦੀ ਦਿਵਸ ਸਮੇਂ 1999 ਈ. ਵਿਚ ਇਸ ਤਖ਼ਤ ਨੂੰ ਮਾਨਤਾ ਦਿੱਤੀ ਗਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਪਹਿਲਾ ਜੱਥੇਦਾਰ ਥਾਪਿਆ ਗਿਆ।

ਬਦਕਿਸਮਤੀ ਨਾਲ ਇਸ ਅਸਥਾਨ ਦਾ ਪ੍ਰਬੰਧ ਸੁਤੇ-ਸਿੱਧ ਹੀ ਇੱਕ ਐਸੇ ਜਗੀਰਦਾਰ ਘਰਾਣੇ ਦੇ ਹੱਥਾਂ ਵਿੱਚ ਆ ਗਿਆ ਸੀ, ਜਿਸ ਨੇ ਇਸ ਦੀ ਤਖ਼ਤ ਸਾਹਿਬ ਵਾਲੀ ਮਹਾਨਤਾ ਨੂੰ ਕੁਝ ਸਮੇਂ ਲਈ ਸਿੱਖਾਂ ਲਈ ਖ਼ਤਮ ਕਰਕੇ ਇੱਕ ਸਾਧਾਰਨ ਜਾਗੀਰ ਵਿੱਚ ਬਦਲ ਦਿੱਤਾ ਸੀ। ਪਰ ਇਸ ਦੀ ਜੋ ਅਸਲ ਮਹਾਨਤਾ

ਰਹੀ ਹੈ, ਉਸ ਨੇ ਇੱਕ ਨਾ ਇੱਕ ਦਿਨ ਤਾਂ ਸਾਹਮਣੇ ਆਉਣਾ ਹੀ ਸੀ। ਮੌਜੂਦਾ ਸਮੇਂ ਵਿਚ ਇਹ ਸਥਾਨ ਮਾਲਵੇ ਖੇਤਰ ਵਿਚ ਪੰਥਕ ਗਤੀਵਿਧੀਆਂ ਦੇ ਗੜ੍ਹ ਵਜੋਂ ਉਭਰ ਕੇ ਸਾਹਮਣੇ ਆ ਰਿਹਾ ਹੈ।

ਦੇਸ ਦੀ ਆਜ਼ਾਦੀ ਤੋਂ ਬਾਅਦ ਇਹ ਇਲਾਕਾ ਥੋੜ੍ਹਾ ਸਮਾਂ ਪੈਪਸੂ ਰਾਜ ਦੇ ਅਧੀਨ ਰਿਹਾ ਤੇ ਫਿਰ 1956 ਈ. ਵਿਚ ਪੈਪਸੂ ਦਾ ਪੰਜਾਬ ਵਿਚ ਰਲੇਵਾਂ ਹੋਣ 'ਤੇ ਪੰਜਾਬ ਸੂਬੇ ਦਾ ਹਿੱਸਾ ਬਣ ਗਿਆ ਸੀ। ਮੌਜੂਦਾ ਸਮੇਂ ਵਿਚ ਇਹ ਨਗਰ ਜ਼ਿਲ੍ਹਾ ਬਠਿੰਡਾ ਦੀ ਇੱਕ ਤਹਿਸੀਲ ਹੈ। ਤਲਵੰਡੀ ਸਾਬੋ ਇੱਕ ਖ਼ੂਬਸੂਰਤ ਅਤੇ ਰੌਣਕ ਵਾਲਾ ਨਗਰ ਬਣ ਚੁੱਕਿਆ ਹੈ। 'ਤਖ਼ਤ ਸ੍ਰੀ ਦਮਦਮਾ ਸਾਹਿਬ' ਸਿੱਖ ਪੰਥ ਦੀ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਮਸਲਿਆਂ ਵਿਚ ਅਗਵਾਈ ਕਰ ਰਿਹਾ ਹੈ। ਬੁੰਗਾ ਮਸਤੂਆਣਾ, ਦਮਦਮੀ ਟਕਸਾਲ ਗੁਰਮਤਿ ਵਿਦਿਆਲਾ, ਛਾਉਣੀ ਨਿਹੰਗ ਸਿੰਘ ਬੁੱਢਾ ਦਲ, ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਆਦਿ ਧਾਰਮਿਕ ਸੰਸਥਾਵਾਂ ਵੱਲੋਂ ਗੁਰਮਤਿ ਵਿੱਦਿਆ, ਸਿੱਖ ਸਿਧਾਂਤਾਂ ਤੇ ਰਹੁ-ਰੀਤਾਂ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਯੋਗਦਾਨ ਪਾਇਆ ਜਾ ਰਿਹਾ ਹੈ। ਨਗਰ ਤਲਵੰਡੀ ਸਾਬੋ ਵਿਚ ਮੌਜੂਦ ਕਈ ਯੂਨੀਵਰਸਿਟੀਆਂ, ਕਾਲਜ, ਸਕੂਲ ਅਤੇ ਹੋਰ ਵਿੱਦਿਅਕ ਆਦਾਰੇ ਸੰਸਾਰ ਨੂੰ ਕਿੱਤਾਮੁਖੀ ਤੇ ਗੁਰਮਤਿ ਦੋਵੇਂ ਤਰ੍ਹਾਂ ਦੀ ਵਿੱਦਿਆ ਮੁਹੱਈਆ ਕਰਵਾ ਰਹੇ ਹਨ। ਗੁਰੂ ਸਾਹਿਬ ਵੱਲੋਂ ਇਸ ਨਗਰ ਨੂੰ 'ਗੁਰੂ ਕੀ ਕਾਸ਼ੀ' ਦੇ ਦਿੱਤੇ ਹੋਏ ਵਰਦਾਨ ਪ੍ਰਤੱਖ ਰੂਪਮਾਨ ਹੁੰਦੇ ਨਜ਼ਰ ਆ ਰਹੇ ਹਨ।

# ਪੁਸਤਕ ਸੂਚੀ

**ਮੁਢਲੇ ਸ੍ਰੋਤ (Primary Sources)**


- ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, (ਸੰਪਾ.) ਭਾਈ ਵੀਰ ਸਿੰਘ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989
- ਸਰੂਪ ਦਾਸ (ਚੰਦ) ਭੱਲਾ, ਮਹਿਮਾ ਪ੍ਰਕਾਸ਼ ਭਾਗ-ਦੂਜਾ, ਖੰਡ-2, (ਸੰਪਾ.) ਡਾ. ਉੱਤਮ ਸਿੰਘ ਭਾਟੀਆ ਤੇ ਹੋਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2003 (ਦੂਜੀ ਵਾਰ)
- ਸਾਕੀ ਮੁਸਤਾਅਦ ਖਾਂ, ਮੁਆਸਿਰਿ-ਆਲਮਗੀਰੀ, (ਸੰਪਾ.) ਫ਼ੌਜਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998
- ਸੁੱਖਾ ਸਿੰਘ, ਗੁਰ ਬਿਲਾਸ ਪਾਤਸ਼ਾਹੀ ਦਸਵੀਂ, (ਸੰਪਾ.) ਡਾ. ਗੁਰਸ਼ਰਨ ਕੌਰ ਜੱਗੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989
- ਸੁਮੇਰ ਸਿੰਘ (ਬਾਬਾ), ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, (ਸੰਪਾ.) ਡਾ. ਅੱਛਰ ਸਿੰਘ ਕਾਹਲੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000
- ਸੇਵਾ ਸਿੰਘ (ਭਾਈ), ਸ਼ਹੀਦ ਬਿਲਾਸ ਭਾਈ ਮਨੀ ਸਿੰਘ, (ਸੰਪਾ.) ਗਿਆਨੀ ਗਰਜਾ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1961
- ਸੈਨਾਪਤਿ ਕਵੀ, ਸ੍ਰੀ ਗੁਰ ਸੋਭਾ, (ਸੰਪਾ.) ਡਾ. ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980
- ਸ੍ਵਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, (ਸੰਪਾ.) ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008 (ਛੇਵੀਂ ਵਾਰ)
- ਕਾਹਨ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990
- ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, (ਸੰਪਾ.) ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997

- ਕੋਇਰ ਸਿੰਘ, ਗੁਰ ਬਿਲਾਸ ਪਾਤਸ਼ਾਹੀ ਦਸਵੀਂ, (ਸੰਪਾ.) ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
- ਗੰਡਾ ਸਿੰਘ (ਸੰਪਾ.), ਹੁਕਮਨਾਮੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967
- ਗਿਆਨੀ ਗਿਆਨ ਸਿੰਘ, ਸ੍ਰੀ ਗੁਰ ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987
- ਗਿਆਨੀ ਗਿਆਨ ਸਿੰਘ, ਗੁਰਧਾਮ ਸੰਗ੍ਰਹਿ, ਕੇਂਦਰੀ ਸਿੰਘ ਸਭਾ ਅਕੈਡਮੀ, ਚੰਡੀਗੜ੍ਹ, 1999
- ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖਾਲਸਾ, ਭਾਗ ਪਹਿਲਾ ਅਤੇ ਦੂਜਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2011 (ਪੰਜਵੀਂ ਵਾਰੀ)
- ਗੁਰਦਿੱਤ ਸਿੰਘ (ਗਿਆਨੀ), ਗੁਰਦੁਆਰਾ ਗਜ਼ਟ ਨਵੰਬਰ 1965, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1965
- ਠਾਕਰ ਸਿੰਘ (ਗਿਆਨੀ), ਸ੍ਰੀ ਗੁਰਦੁਆਰਾ ਦਰਸ਼ਨ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005
- ਤਾਰਾ ਸਿੰਘ ਨਰੋਤਮ (ਪੰਡਤ), ਸ੍ਰੀ ਗੁਰ ਤੀਰਥ ਸੰਗ੍ਰਹਿ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, 1975
- ਪਿਆਰਾ ਸਿੰਘ ਪਦਮ (ਸੰਪਾ.), ਪ੍ਰਾਚੀਨ ਸੌ ਸਾਖੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997 (ਚੌਥੀ ਵਾਰ)
- ਭਗਤ ਸਿੰਘ, ਗੁਰ ਬਿਲਾਸ ਪਾਤਸ਼ਾਹੀ ਛੇਵੀਂ, (ਸੰਪਾ.) ਡਾ. ਗੁਰਮੁੱਖ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997
- ਭਾਈ ਵੀਰ ਸਿੰਘ (ਸੰਪਾ.), ਮਾਲਵਾ ਦੇਸ਼ ਰਟਨ ਕੀ ਸਾਖੀ ਪੋਥੀ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2009
- ਰਤਨ ਸਿੰਘ ਭੰਗੂ (ਭਾਈ), ਸ੍ਰੀ ਗੁਰ ਪੰਥ ਪ੍ਰਕਾਸ਼, (ਸੰਪਾ.) ਡਾ. ਬਲਵੰਤ ਸਿੰਘ ਢਿੱਲੋਂ , ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004 (ਪਹਿਲੀ ਵਾਰ)


**English**


- Punjab District Gazetteer- Bathinda (1991)

**ਗੌਣ ਸ੍ਰੋਤ (Secondary Sources)**


- ਆਰ .ਸੀ. ਮਜੂਮਦਾਰ, ਭਾਰਤ ਦਾ ਬ੍ਰਿਹਤ ਇਤਿਹਾਸ (ਭਾਗ ਪਹਿਲਾ), (ਅਨੁ.) ਐਚ.ਸੀ.ਰੇਅ ਚੌਧਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987
- ਇੰਦੂ ਭੂਸ਼ਨ ਬੈਨਰਜੀ (ਡਾ.), ਖਾਲਸੇ ਦੀ ਉਤਪਤੀ (ਜਿਲਦ ਦੂਜੀ), (ਅਨੁ.) ਪ੍ਰੀਤਪਾਲ ਸਿੰਘ ਅਤੇ ਐਸ.ਐਸ.ਸੋਢੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996
- ਏ.ਸੀ.ਅਰੋੜਾ (ਸੰਪਾ.), ਪੰਜਾਬ ਦੀਆਂ ਲੋਕ ਲਹਿਰਾਂ (1849-1947), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996 (ਦੂਜੀ ਵਾਰ)
- ਸਤਬੀਰ ਸਿੰਘ (ਪ੍ਰਿੰ.), ਪੁਰਖ ਭਗਵੰਤ: ਜੀਵਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਨਿਊ ਬੁੱਕ ਕੰਪਨੀ, ਜਲੰਧਰ, 1980
- ਸਾਹਿਬ ਸਿੰਘ (ਪ੍ਰੋ.), ਆਦਿ ਬੀੜ ਬਾਰੇ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999
- ਸਾਹਿਬ ਸਿੰਘ (ਪ੍ਰੋ.), ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012 (ਚੌਧਵੀਂ ਵਾਰ)
- ਸਾਹਿਬ ਸਿੰਘ (ਪ੍ਰੋ.), ਬਾਬਾਣੀਆਂ ਕਹਾਣੀਆਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011 (ਸੱਤਵੀਂ ਵਾਰ)
- ਸੁਖਦਿਆਲ ਸਿੰਘ (ਡਾ.), ਸ਼ਿਰੋਮਣੀ ਸਿੱਖ ਇਤਿਹਾਸ, ਜਿਲਦ ਪਹਿਲੀ ਅਤੇ ਦੂਜੀ, ਸੰਗਮ ਪਬਲੀਕੇਸ਼ਨਜ਼, ਸਮਾਣਾ, 2010 (ਪਹਿਲੀ ਵਾਰ)
- ਸੁਖਦਿਆਲ ਸਿੰਘ (ਡਾ.), ਖਾਲਸਾ ਪੰਥ ਦੇ ਪੰਜ ਤਖ਼ਤ, ਡੈਫੋਡਿਲ ਪ੍ਰਿੰਟਰਜ਼, ਪਟਿਆਲਾ, 1984
- ਸੁਖਦਿਆਲ ਸਿੰਘ (ਡਾ.), ਗੁਰੂ ਹਰਗੋਬਿੰਦ ਸਾਹਿਬ-ਜੀਵਨ, ਯੁੱਧ ਅਤੇ ਯਾਤਰਾਵਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 (ਪਹਿਲੀ ਵਾਰ)
- ਸੁਖਦਿਆਲ ਸਿੰਘ (ਡਾ.), ਗੁਰੂ ਤੇਗ਼ ਬਹਾਦੁਰ ਮਾਰਗ ਪੰਜਾਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997
- ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ ਗੁਰੂ ਕਾਲ 1469-1708 ਈ. ਜਿਲਦ ਪੰਜਵੀਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000
- ਸੁਦਰਸ਼ਨ ਸਿੰਘ, ਪੰਜਾਬ ਦਾ ਇਤਿਹਾਸ (1849ਈ.-1947), ਪੰਜਾਬੀ ਯੂਨੀਵਰਸਿਟੀ,

ਪਟਿਆਲਾ, 19**94**

- ਸੁਰਿੰਦਰ ਸਿੰਘ ਕੋਹਲੀ, ਗੁਰੂ ਗੋਬਿੰਦ ਸਿੰਘ ਜੀਵਨ ਅਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 197**8**
- ਸੋਹਣ ਸਿੰਘ ਸੀਤਲ, ਸਿੱਖ ਇਤਿਹਾਸ ਦੇ ਸੋਮੇ, ਲਾਹੌਰ ਬੁਕ ਸ਼ਾਪ, ਲੁਧਿਆਣਾ, 1981
- ਸੋਹਣ ਸਿੰਘ ਸੀਤਲ, ਸਿੱਖ ਮਿਸਲਾਂ ਅਤੇ ਸਰਦਾਰ ਘਰਾਣੇ, ਲਾਹੌਰ ਬੁਕ ਸ਼ਾਪ, ਲੁਧਿਆਣਾ, 1993 (ਪੰਜਵੀਂ ਵਾਰ)
- ਸੋਹਣ ਸਿੰਘ ਸੀਤਲ, ਸਿੱਖ ਰਾਜ ਕਿਵੇਂ ਬਣਿਆ, ਸ਼ੀਤਲ ਪੁਸਤਕ ਭੰਡਾਰ, ਲੁਧਿਆਣਾ, 1950
- ਹਰਜਿੰਦਰ ਸਿੰਘ ਦਿਲਗੀਰ (ਡਾ.), ਸਿੱਖ ਤਵਾਰੀਖ਼ 'ਚ ਅਕਾਲ ਤਖ਼ਤ ਸਾਹਿਬ ਦਾ ਰੋਲ, ਸਿੱਖ ਯੂਨੀਵਰਸਿਟੀ ਪ੍ਰੈਸ, ਬੈਲਜੀਅਮ, 2005 (ਪੰਜਵੀਂ ਵਾਰ)
- ਹਰਨਾਮ ਸਿੰਘ ਸ਼ਾਨ, ਚੜ੍ਹਦੀ ਕਲਾ ਦੇ ਪੁੰਜ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1967
- ਹਰਬੰਸ ਸਿੰਘ, ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ, ਚੰਡੀਗੜ੍ਹ, 1971
- ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖਾਲਸਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000 (ਦੂਜੀ ਵਾਰ)
- ਹਰੀ ਸਿੰਘ (ਗਿਆਨੀ), ਮਾਤਾ ਸਾਹਿਬ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਦੂਜੀ ਵਾਰ)
- ਕਰਤਾਰ ਸਿੰਘ (ਪ੍ਰੋ.), ਸਿੱਖ ਇਤਿਹਾਸ ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2012
- ਕਰਤਾਰ ਸਿੰਘ, ਜੀਵਨ ਕਥਾ ਗੁਰੂ ਗੋਬਿੰਦ ਸਿੰਘ ਜੀ, ਲਾਹੌਰ ਬੁੱਕ ਸ਼ਾਪ , ਲਾਹੌਰ, 1935
- ਕਰਮ ਸਿੰਘ ਹਿਸਟੋਰੀਅਨ, ਬਾਬਾ ਆਲਾ ਸਿੰਘ, ਲਾਹੌਰ ਬੁੱਕ ਸ਼ਾਪ , ਲੁਧਿਆਣਾ, 2006
- ਕੇ.ਈ. ਨੀਲਕੰਠ ਸ਼ਾਸਤਰੀ, ਭਾਰਤ ਦਾ ਇਤਿਹਾਸ (ਪ੍ਰਾਚੀਨ ਭਾਰਤ), (ਅਨੁ.) ਪ੍ਰਿਥੀਪਾਲ ਸਿੰਘ ਕਪੂਰ ਗੁਰਬਚਨ ਸਿੰਘ , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986
- ਖੁਸ਼ਵੰਤ ਸਿੰਘ, ਸਿੱਖ ਹਿਸਟਰੀ ਭਾਗ ਪਹਿਲਾ (1469-1839), (ਅਨੁ.) ਡਾ. ਗੁਰਚਰਨ ਸਿੰਘ ਔਲਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006 (ਪਹਿਲੀ ਵਾਰ)

- ਗੰਡਾ ਸਿੰਘ (ਡਾ.), ਸਿੱਖ ਇਤਿਹਾਸ ਬਾਰੇ, ਪੰਜ ਦਰਿਆ, ਨਿਸਬਤ ਰੋਡ, ਲਾਹੌਰ, 1942
- ਗੰਡਾ ਸਿੰਘ (ਡਾ.), ਕੂਕਿਆਂ ਦੀ ਵਿਥਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000
- ਗੰਡਾ ਸਿੰਘ (ਡਾ.), ਬੰਦਾ ਸਿੰਘ ਬਹਾਦਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990
- ਗੁਰਨੇਕ ਸਿੰਘ ਫੌਜਾ ਸਿੰਘ, ਪਰਜਾ ਮੰਡਲ ਅੰਦੋਲਨ-ਰਿਆਸਤ ਫ਼ਰੀਦਕੋਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995
- ਗੁਰਬਚਨ ਸਿੰਘ ਭਿੰਡਰਾਂਵਾਲੇ (ਗਿਆਨੀ), ਸ੍ਰੀ ਗੁਰਮਤਿ ਪ੍ਰਕਾਸ਼,
- ਗੋਪਾਲ ਸਿੰਘ, ਗੁਰੂ ਗੋਬਿੰਦ ਸਿੰਘ, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 1966
- ਜਸਬੀਰ ਸਿੰਘ ਸਰਨਾ (ਡਾ.) ਦਿਲਜੀਤ ਸਿੰਘ ਬੇਦੀ, ਗੁਰਦੁਆਰਾ ਕੋਸ਼, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013
- ਜੀ.ਐਸ. ਨਈਅਰ ਅਤੇ ਸੁਖਦਿਆਲ ਸਿੰਘ, ਗੁਰੂ ਗੋਬਿੰਦ ਸਿੰਘ: ਯਾਤਰਾ ਅਸਥਾਨ, ਪੰਰਪਰਾਵਾਂ ਅਤੇ ਯਾਦ ਚਿੰਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989
- ਜੀ.ਬੀ. ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ, ਮਾਡਰਨ ਪਬਲੀਕੇਸ਼ਨਜ਼, ਲਾਹੌਰ, 1944
- ਜੋਧ ਸਿੰਘ (ਭਾਈ), ਕਰਤਾਰਪੁਰੀ ਬੀੜ ਦੇ ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980
- ਜੋਧ ਸਿੰਘ (ਭਾਈ), ਪ੍ਰਾਚੀਨ ਬੀੜਾਂ ਬਾਰੇ ਭੁਲਾਂ ਦੀ ਸੋਧਨ, ਲਾਹੌਰ ਬੁੱਕ ਸ਼ਾਪ, ਲਾਹੌਰ, 1947
- ਤਾਰਨ ਸਿੰਘ, ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1996
- ਤੇਜਾ ਸਿੰਘ (ਪ੍ਰਿੰ.) ਗੰਡਾ ਸਿੰਘ (ਡਾ.), ਸਿੱਖ ਇਤਿਹਾਸ (1469 ਈ.-1765), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006
- ਤੇਜਾ ਸਿੰਘ, ਸਿੱਖ ਧਰਮ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1998
- ਦਰਸ਼ਨ ਸਿੰਘ (ਡਾ.), ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000
- ਦੀਵਾਨ ਸਿੰਘ, ਦਸਮ ਗੁਰੂ ਜੀਵਨ ਤੇ ਸ਼ਖ਼ਸੀਅਤ, ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1967

- ਦੇਵਿੰਦਰ ਸਿੰਘ ਵਿਦਿਆਰਥੀ, ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983
- ਨਰਿੰਦਰਪਾਲ ਸਿੰਘ, ਪੰਜਾਬ ਦਾ ਇਤਿਹਾਸ (1469ਈ.-1839), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986
- ਨਾਹਰ ਸਿੰਘ (ਡਾ.), ਮਾਲਵੇ ਦੇ ਲੋਕ ਗੀਤ, ਜਿਲਦ ਪਹਿਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998 (ਤੀਜੀ ਵਾਰ)
- ਪਿਆਰ ਸਿੰਘ (ਡਾ.), ਗਾਥਾ ਸ੍ਰੀ ਆਦਿ ਗ੍ਰੰਥ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1992
- ਪਿਆਰਾ ਸਿੰਘ ਪਦਮ, ਸੰਖੇਪ ਸਿੱਖ ਇਤਿਹਾਸ (1469ਈ.-1962 ), ਸਰਦਾਰ ਸਾਹਿਤ ਭਵਨ, ਪਟਿਆਲਾ, 1963
- ਪੂਰਨ ਸਿੰਘ (ਪ੍ਰੋ.), ਦਸ ਗੁਰੂ ਦਰਸ਼ਨ, ਕਿਰਪਾਲ ਸਿੰਘ ਕਸੇਲ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 (ਚੌਥੀ ਵਾਰ)
- ਫ਼ੌਜਾ ਸਿੰਘ (ਸੰਪਾ.), ਗੁਰੂ ਤੇਗ਼ ਬਹਾਦੁਰ: ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ੍ਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987
- ਫ਼ੌਜਾ ਸਿੰਘ (ਸੰਪਾ.), ਪੰਜਾਬ ਦਾ ਇਤਿਹਾਸ **(**1000-1526 ਈ.**)**, ਜਿਲਦ ਤੀਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988 (ਦੂਜੀ ਵਾਰ)
- ਫ਼ੌਜਾ ਸਿੰਘ ਤਾਰਨ ਸਿੰਘ, ਸ੍ਰੀ ਗੁਰੂ ਤੇਗ਼ ਬਹਾਦੁਰ-ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987
- ਫ਼ੌਜਾ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਸਫ਼ਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973
- ਬਲਬੀਰ ਸਿੰਘ ਨੰਦਾ, ਪੁਰਾਤਨ ਸਿੱਖ ਸੰਪ੍ਰਦਾਇ, ਜਸਲੀਨ ਪ੍ਰਕਾਸ਼ਨ, ਚੰਡੀਗੜ੍ਹ, 1984
- ਬਲਵੰਤ ਸਿੰਘ ਕੋਠਾ ਗੁਰੂ (ਗਿਆਨੀ), ਅਗਮ ਅਗਾਧ ਪੁਰਖ, ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਗੁਰੂ ਕਾਸ਼ੀ ਦਮਦਮਾ ਸਾਹਿਬ ਤਲਵੰਡੀ ਸਾਬੋ, ਬਠਿੰਡਾ, 1994
- ਬਲਵੰਤ ਸਿੰਘ ਕੋਠਾ ਗੁਰੂ (ਗਿਆਨੀ), ਸ੍ਰੀ ਦਮਦਮਾ ਗੁਰੂ ਕੀ ਕਾਸ਼ੀ, ਗਿਆਨੀ ਕੌਰ ਸਿੰਘ

ਸਾਹਿਤਯ ਸਾਸ਼ਤ੍ਰੀ ਸਦਨ ਕੋਠਾ ਗੁਰੂ, ਬਠਿੰਡਾ, 1995

- ਬਲਵੰਤ ਸਿੰਘ ਕੋਠਾ ਗੁਰੂ (ਗਿਆਨੀ), ਕਲਾਧਾਰੀ ਪੁਰਖ, ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਗੁਰੂ ਕਾਸ਼ੀ, ਤਲਵੰਡੀ ਸਾਬੋ, ਬਠਿੰਡਾ, 2012
- ਬਲਵੰਤ ਸਿੰਘ ਕੋਠਾ ਗੁਰੂ, ਗਿਆਨੀ (ਸੰਪਾ.), ਸੰਤ ਅਤਰ ਸਿੰਘ ਅਭਿਨੰਦਨ ਗ੍ਰੰਥ, ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਗੁਰੂ ਕਾਸ਼ੀ ਦਮਦਮਾ ਸਾਹਿਬ ਤਲਵੰਡੀ ਸਾਬੋ, ਬਠਿੰਡਾ, 1994
- ਬੁੱਧ ਪਰਕਾਸ਼, ਰਾਜਾ ਪੋਰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973
- ਮੈਕਸ ਆਰਥਰ ਮੈਕਾਲਿਫ਼, ਸਿੱਖ ਇਤਿਹਾਸ, ਲਾਹੌਰ ਬੁੱਕ ਸ਼ਾਪ , ਲੁਧਿਆਣਾ, 2010
- ਮੈਕਸ ਆਰਥਰ ਮੈਕਾਲਿਫ਼, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ, ਧਰਮ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
- ਰਣਧੀਰ ਸਿੰਘ (ਭਾਈ), ਜੇਲ ਚਿੱਠੀਆਂ, ਪੰਜਾਬ ਗਿਆਨੀ ਪ੍ਰੈਸ, ਭਦੌੜ ਹਾਊਸ, ਲੁਧਿਆਣਾ, 1956 (ਚੌਥੀ ਵਾਰ)
- ਰਣਧੀਰ ਸਿੰਘ, ਭਾਈ (ਸੰਪਾ.), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦਿ ਮੂਰਤਿ ਦਾ ਇਤਿਹਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962
- ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005
- ਰਤਨ ਸਿੰਘ ਜੱਗੀ (ਡਾ.), ਭਾਈ ਮਨੀ ਸਿੰਘ-ਜੀਵਨ ਅਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003
- ਰਾਏ ਕਾਲੀ ਰਾਏ ਸਾਹਿਬ, ਮੁਨਸ਼ੀ ਤੁਲਸੀ ਰਾਮ, ਪੰਜਾਬ ਦੀ ਸੈਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
- ਰਾਜਿੰਦਰ ਸਿੰਘ ਆਹਲੂਵਾਲੀਆ, ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1967
- ਰਾਜਿੰਦਰ ਕੌਰ (ਡਾ.), ਪਵਿੱਤਰ ਧਰਤੀ (ਤਖਤ ਸ੍ਰੀ ਦਮਦਮਾ ਸਾਹਿਬ), ਗ੍ਰੇਸ਼ੀਅਸ਼ ਬੁੱਕਸ਼, ਪਟਿਆਲਾ, 2012

- ਰਾਮਾ ਸ਼ੰਕਰ ਤ੍ਰਿਪਾਠੀ, ਪ੍ਰਾਚੀਨ ਭਾਰਤ ਦਾ ਇਤਿਹਾਸ, (ਅਨੁ.) ਗੁਰਬਚਨ ਸਿੰਘ ਸੇਠੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977
- ਰੂਪ ਸਿੰਘ (ਡਾ.), ਸੋ ਥਾਨ ਸੁਹਾਵਾ, ਸਿੱਖ ਇਤਿਹਾਸ ਰੀਸਰਚ ਬੋਰਡ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2001
- ਲਾਲ ਸਿੰਘ, ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ 1,2,3, ਲਾਹੌਰ ਬੁੱਕ ਸ਼ਾਪ , ਲਾਹੌਰ, 1940
- ਲਾਲਾ ਦੌਲਤ ਰਾਏ, ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ, ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ, ਅੰਮ੍ਰਿਤਸਰ, 2006 (25 ਵੀਂ ਵਾਰ)
- ਵਣਜਾਰਾ ਬੇਦੀ, ਐੱਸ. ਐੱਸ (ਡਾ.), ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 1973
- ਵਿਸਾਖਾ ਸਿੰਘ ਜੁਨੇਤਪੁਰਾ, ਮਾਲਵਾ ਸਿੱਖ ਇਤਿਹਾਸ, ਭਾਗ I, II, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1998
- ਵੀਰ ਸਿੰਘ, ਭਾਈ (ਸੰਪਾ.), ਸ੍ਰੀ ਕਲਗੀਧਰ ਚਮਤਕਾਰ: ਉਤ੍ਰਾਰਧ ਅਤੇ ਪੂਰਬਾਰਧ, ਜੀਵਨ ਚਰਿੱਤ੍ਰ: ਗੁਰੂ ਗੋਬਿੰਦ ਸਿੰਘ ਜੀ, ਦੋ ਜਿਲਦਾਂ, ਖਾਲਸਾ ਸਮਾਚਾਰ, ਅੰਮ੍ਰਿਤਸਰ, 1965


**ਰਿਸਾਲੇ, ਪੰਜਾਬੀ**


- ਗਿਆਨੀ ਗੁਰਦਿੱਤ ਸਿੰਘ (ਸੰਪਾ.), ਸਿੰਘ ਸਭਾ ਪਤਿਕ੍ਰਾ, ਜਿਲਦ ਨੰ: 10, ਪਰਚਾ ਨੰ: 2, ਫਰਵਰੀ 1982, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਸ੍ਰੀ ਅੰਮ੍ਰਿਤਸਰ
- ਮੇਜਰ ਗੁਰਮੁਖ ਸਿੰਘ (ਰਿਟਾ.), ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਗੁਰਧਾਮਾਂ ਦੀ ਮਹੱਤਤਾ, ਖੋਜ ਪਤ੍ਰਿਕਾ ਸਤੰਬਰ 1998 ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ


**ਅੰਗਰੇਜੀ**


- The Encyclopedia of Sikhism, Punjabi University, Patiala, 2006
- Ahluwalia, R.S., Founder of The Khalsa, Guru Gobind Singh Foundation, Chandigarh, 1996

- Bhagat Singh, A history of The Sikh Misals, Punjabi University, Patiala, 1993
- Bhagat Lakshaman Singh, Short Sketch of the Life and Work of Guru Gobind Singh, Language Department, Punjab, Patiala, 1970
- Cunningham, Joseph Davey, A History of the Sikhs from the Origin of the Nation to the Battle of the Sutlej (1849), S. Chand and Company Ltd., New Delhi, 1985
- Dalip Singh, Guru Gobind Singh and Khalsa Discipline, Singh Brothers, Amritsar, 1992
- Dharam Singh, Dynamics of the Social Thought of Guru Gobind Singh, Punjabi University, Patiala, 1998
- Ernest Trumpp (Dr.), The Adi Granth or The Holy Scriptures of the Sikhs, Stephen Austin and Sons, Printers, Hertford, England, 1877
- Gobind Singh Mansukhani and Dharamjit Singh, Guru Gobind Singh- A Cosmic Hero, India Book House, New Delhi, 1967
- Gopal Singh, A History of the Sikh People: 1469-1988 (Revised), World Book Centre, New Delhi, 1988
- Grewal, J.S. and S.S. Bal, Guru Gobind Singh (A Biographical Study), Punjab University, Chandigarh, 1967
- Griffin, Lepel, Rajas of the Punjab, Punjab Printing Press, Lahore, 1870, Patiala, 1970
- Gurbachan Singh Talib, Rosery and the Sword: A Brief Sketch of Guru Gobind Singh's Achievements, Academy of Sikh Religion and Culture,

Patiala, 1962

- Hari Ram Gupta, History of the Sikhs-The Sikh Gurus 1469-1708 (2nd Edition), Munshi Ram Manohar Lal, New Delhi, 1984
- Indu Bhushan Banerjee, Evolution of the Khalsa, A. Mukherjee and Co. Pvt. Ltd. Calcutta, 1992
- Joginder Singh Ramdev, Guru Gobind Singh, Punjab University, Chandigarh, 1967
- Kirpal Singh and Kharak Singh (eds.), History of the Sikhs and Their Religion, Dharam Parchar Committee (S.G.P.C.) Amritsar, 2004
- Kohli, S.S. and G.S. Mansukhani, Guru Gobind Singh: His Life, Personality and Achievements, Hemkunt Press, New Delhi, 1977
- Macauliffe, Max Arthur, The Sikh Religion: Its Gurus, Sacred Writings and Authors, Six Volumes, S. Chand and Company, New Delhi, 1963
- Satish Chandra, Medieval India: From Sultanate to the Mughals (1206-1526), Har Anand, New Delhi, 2011
- Suniti Kumar Chatterjee, Guru Gobind Singh: 1666-1708, Punjab University, Chandigarh, 1967
- Syad Muhammad Latif, History of The Punjab, New Delhi, 1964
- Teja Singh, Guru Nanak to Guru Gobind Singh, University Sikh Association, Lahore, 1941
- Verma, D.K., Guru Gobind Singh: On the Canvas of History, Harman Publishing House, New Delhi, 1995

**Journal, English**


- Jasbir Singh Mann, “Final standardization of Guru Granth Sahib (Damdami Bir) at Damdama Sahib/Talwandi Sabo 1706” "One Granth One Panth and Sikh Rehat Maryada" Conference Proceedings. May 5, 2003
- K.S. Bajwa, “Takhat Sri Damdama Sahib: Establishment and Role in Sikh History” Journal Sikh Formations, Oxon, UK, Volume 10, 2014-Issue 3, pp.355-368

# ਅੰਤਿਕਾ

੪੩. ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਤਲੋਕਾ ਭਾਈ ਰਾਮਾ ਜੋਗੁ
[ਭਾਦੋਂ ੨ ਸੰਮਤ ੧੭੫੩ ਬਿ., ੨ ਅਗਸਤ ੧੬੯੬ ਈ.]
"...ਤੁਧ ਜਮੀਅਤ ਲੈ ਕੇ ਅਸਾਡੇ ਹਜੂਰ ਆਵਣਾ ਤੇਰਾ ਘਰੁ ਮੇਰਾ ਅਸੈ..."



[ਬੁਰਜ ਬਾਬਾ ਆਲਾ ਸਿੰਘ, ਕਿਲ੍ਹਾ ਮੁਬਾਰਿਕ, ਪਟਿਆਲਾ]


**ਗੁਰੂ ਗੋਬਿੰਦ ਸਿੰਘ ਜੀ ਵੱਲੋਂ ਫੂਲ ਵੰਸ਼ੀ ਭਾਈ ਤ੍ਰਿਲੋਕਾ ਤੇ**

**ਭਾਈ ਰਾਮਾ ਨੂੰ ਭੇਜਿਆ ਹੋਇਆ ਹੁਕਮਨਾਮਾ**

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਗਤਿ ਚੋਲੇ (ਮਾਝੇ) ਦੀ ਜੋਗੁ

[ਚੇਤ ੬, ਸੰਮਤ ੧੭੬੨ ਬਿ. ੪ ਮਾਰਚ ੧੭੦੬ ਈ.]

"... ਰੁਪਯੇ ੨੦ ਬੀਹ ਹਜੂਰਿ ਭੇਜਣੇ ਪੈਸੇ ਸਿਖਾ ਨੋ ਖਰਚਣ ਨੋ ਚਾਹੀਦੇ ਹੈਨ... ਜੋ ਸਿਖ ਹਥਿਯਾਰ ਬੰਨ੍ਹ ਕੇ ਹਜੂਰ ਆਵੈਗਾ ਨਿਹਾਲ ਹੋਗ ..."



[ਨਉਸ਼ਹਰਾ ਪੱਨੂਆਂ ਵਿਚ]


**ਗੁਰੂ ਗੋਬਿੰਦ ਸਿੰਘ ਜੀ ਵੱਲੋਂ ਤਲਵੰਡੀ ਸਾਬੋ ਤੋਂ ਮਾਝੇ ਦੀ**

**ਸੰਗਤ ਨੂੰ ਭੇਜਿਆ ਹੋਇਆ ਹੁਕਮਨਾਮਾ**

## ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਬੈਰਾੜਾਂ ਤੇ ਭਾਈ ਰੂਪੇ ਕੀ ਸੰਗਤਿ ਦੇ ਨਾਮ

[ਕਤਕ ੨੦, ਸੰਮਤ ੧੭੬੩ ਬਿ. ੨੧ ਅਕਤੂਬਰ ੧੭੦੬ ਈ.]


"...ਅਸਾਂ ਦਖਣ ਨੋ ਕੂਚ ਕੀਤਾ ਹੈ ਜਿਨਿ ਸਿਖ ਸਾਡੇ ਨਾਲ ਚਲਣਾ ਹੋਇ ਤਿਨਿ ਹੁਕਮੁ ਦੇਖਦਿਆ ਹਜੂਰਿ ਆਵਣਾ ..."




[ਪਿੰਡ ਭਾਈ ਰੂਪਾ ਵਿਚ]

**ਗੁਰੂ ਗੋਬਿੰਦ ਸਿੰਘ ਜੀ ਵੱਲੋਂ ਤਲਵੰਡੀ ਸਾਬੋ ਤੋਂ ਬੈਰਾੜਾਂ ਤੇ ਭਾਈ ਰੂਪੇ ਦੀ ਸੰਗਤ ਨੂੰ ਭੇਜਿਆ ਹੋਇਆ ਹੁਕਮਨਾਮਾ**


## ਤਖ਼ਤ ਦਮਦਮੇ ਦਾ ਹੁਕਮਨਾਮਾ



**ਤਖ਼ਤ ਸਾਹਿਬ ਦੀ ਮੋਹਰ ਵਾਲਾ ਪਿੰਡ ਤਿਹੁਣਾ ਪੁਜਾਰੀਆਂ ਵਿਖੇ ਪਿਆ ਹੁਕਮਨਾਮਾ**



**ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਪੁਰਾਤਨ ਤਸਵੀਰ**



**ਬਾਬਾ ਦੀਪ ਸਿੰਘ ਜੀ ਦੇ ਬੁਰਜ ਦੀ ਪੁਰਾਤਨ ਤਸਵੀਰ**



ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਵਰਤਮਾਨ ਤਸਵੀਰ



**ਬਾਬਾ ਦੀਪ ਸਿੰਘ ਜੀ ਦੇ ਬੁਰਜ ਦੀ ਮੌਜੂਦਾ ਤਸਵੀਰ**

# ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫੈਕਲਟੀ ਅਧੀਨ

ਪੀਐੱਚ.ਡੀ. ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

(2020)


**ਨਿਗਰਾਨ**

ਡਾ. ਰਾਜਿੰਦਰ ਕੌਰ ਰੋਹੀ

ਪ੍ਰੋਫ਼ੈਸਰ

ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥਣ**

ਹਰਜਿੰਦਰਪਾਲ ਕੌਰ

ਹਰਜਿੰਦਰਪਾਲ ਕੌਰ


PUNJABI UNIVERSITY PATIALA

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਾਰ

ਤਲਵੰਡੀ ਸਾਬੋ ਮਾਲਵੇ ਇਲਾਕੇ ਦਾ ਪੁਰਾਤਨ ਤੇ ਇਤਿਹਾਸਕ ਨਗਰ ਹੈ। ਇਹ ਨਗਰ ਬਠਿੰਡਾ ਤੋਂ ਦੱਖਣ ਪੂਰਬ ਵੱਲ 28 ਕਿਲੋਮੀਟਰ ਅਤੇ ਰਾਮਾ ਮੰਡੀ ਰੇਲਵੇ ਸਟੇਸ਼ਨ ਤੋਂ 12 ਕਿਲੋਮੀਟਰ ਦੂਰ ਸਥਿਤ ਹੈ। ਤਲਵੰਡੀ ਸਾਬੋ (ਦਮਦਮਾ ਸਾਹਿਬ) ਸਿੱਖਾਂ ਦਾ ਪ੍ਰਸਿੱਧ ਗੁਰਧਾਮ ਹੈ ਅਤੇ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਤਖ਼ਤ ਇੱਥੇ ਸੁਭਾਇਮਾਨ ਹੈ। ਪਹਿਲੇ, ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਨੇ ਆਪਣੀ ਚਰਨ-ਛੋਹ ਨਾਲ ਇਸ ਸਥਾਨ ਨੂੰ ਪਵਿੱਤਰ ਕੀਤਾ। ਗੁਰੂ ਸਾਹਿਬਾਨ ਨੇ ਇਸ ਪਵਿੱਤਰ ਧਰਤੀ ਨੂੰ 'ਗੁਰੂ ਕੀ ਕਾਸ਼ੀ' ਦਾ ਵਰਦਾਨ ਦੇ ਕੇ ਨਿਵਾਜਿਆ ਹੈ।

ਸਤਲੁਜ ਤੋਂ ਦੱਖਣ-ਪੂਰਬ ਵੱਲ ਮੋਟੇ ਤੌਰ 'ਤੇ ਘੱਗਰ ਦੀ ਬਰਸਾਤੀ ਨਦੀ ਤੱਕ ਮੌਜੂਦਾ ਸਮੇਂ ਵਿਚ ਚੌਦਾਂ ਜ਼ਿਲ੍ਹਿਆਂ ਵਿਚ ਵੰਡਿਆ ਹੋਇਆ ਮਾਲਵਾ ਖੇਤਰ ਹੈ। ਪੰਜਾਬ ਦੇ ਇਸ ਵਿਸ਼ੇਸ਼ ਖਿੱਤੇ ਦਾ ਨਾਮ 'ਮਾਲਵਾ' ਮਾਲਵ ਜਾਂ ਮਲੋਈ ਜਾਤੀ ਦੇ ਨਾਂ ਉੱਤੇ 326 ਈ. ਪੂਰਵ ਤੋਂ 150 ਈ. ਦੇ ਵਿਚਕਾਰ ਪਿਆ। ਪ੍ਰਾਚੀਨ ਕਾਲ ਤੋਂ ਮਾਲਵਾ ਦੇਸ ਸੰਸਾਰ ਨੂੰ ਹਰ ਤਰ੍ਹਾਂ ਦੀ ਵਿੱਦਿਆ ਦੇਣ ਵਿੱਚ ਮੋਢੀ ਰਿਹਾ ਹੈ। ਰਿਸ਼ੀਆਂ-ਮੁਨੀਆਂ ਨੇ ਇਸ ਧਰਤੀ ਉੱਪਰ ਵੇਦਾਂ, ਪੁਰਾਣਾਂ ਤੇ ਹੋਰ ਪ੍ਰਾਚੀਨ ਗ੍ਰੰਥਾਂ ਦੀ ਰਚਨਾ ਕੀਤੀ। ਆਦਿ ਕਾਲ ਤੋਂ ਹੀ ਮਾਲਵੇ ਦੀ ਧਰਤੀ ਦੀ ਧਾਰਮਿਕ ਅਤੇ ਅਧਿਆਤਮਕ ਮਹਾਨਤਾ ਗੌਰਵਸ਼ਾਲੀ ਰਹੀ ਹੈ।

ਇਸ ਮਾਲਵੇ ਖਿੱਤੇ ਦਾ ਨਗਰ ਤਲਵੰਡੀ ਸਾਬੋ ਪੁਰਾਤਨ ਸਮੇਂ ਤੋਂ ਹੀ ਇੱਕ ਅਧਿਆਤਮਿਕ ਅਤੇ ਧਾਰਮਿਕ ਕੇਂਦਰ ਰਿਹਾ ਹੈ। ਪ੍ਰਾਚੀਨ ਸਮੇਂ ਵਿੱਚ ਸਰਸਵਤੀ ਨਦੀ ਥਾਨੇਸਰ ਕੋਲ ਦੀ ਹੋ ਕੇ ਅੱਜ-ਕੱਲ੍ਹ ਦੇ ਤਲਵੰਡੀ ਸਾਬੋ ਦੇ ਕੋਲ ਵਗਦੀ ਹੁੰਦੀ ਸੀ। ਉਸ ਸਮੇਂ ਸਤਲੁਜ ਵੀ ਨਾਭੇ ਦੇ ਉੱਤਰ ਵੱਲ ਦੀ ਹੁੰਦਾ ਹੋਇਆ ਬਠਿੰਡੇ ਪਹੁੰਚਦਾ ਸੀ। ਵੈਦਿਕ ਕਾਲ ਦੌਰਾਨ ਤਲਵੰਡੀ ਸਾਬੋ ਨਗਰ ਵਿਚ ਰਿਸ਼ੀਆ-ਮੁਨੀਆਂ ਦਾ ਨਿਵਾਸ ਸੀ ਅਤੇ ਉਨ੍ਹਾਂ ਨੇ ਇਸ ਧਰਤੀ 'ਤੇ ਵੇਦਾਂ, ਪੁਰਾਣਾਂ ਅਤੇ ਕਈ ਹੋਰ ਧਾਰਮਿਕ ਗ੍ਰੰਥਾਂ ਦੀ ਰਚਨਾ ਕੀਤੀ। ਇਥੇ ਹੀ ਮਾਰਕੰਡੇ ਰਿਸ਼ੀ ਨੇ ਤਪ ਕੀਤਾ ਅਤੇ 'ਉੱਤਰ ਕਾਸ਼ੀ' (ਵਿਦਿਆ ਪੀਠ) ਦੀ ਸਥਾਪਨਾ ਕੀਤੀ ਸੀ। ਮਾਰਕੰਡੇ ਰਿਸ਼ੀ ਦਾ ਤਪ ਸਥਾਨ 'ਗੁਰੂਸਰ ਸਰੋਵਰ' ਦੇ ਦੱਖਣ ਵੱਲ ਬੇਰੀ ਹੇਠ ਸੀ। ਇਸ ਨਗਰ ਦਾ ਪ੍ਰਾਚੀਨ ਗ੍ਰੰਥਾਂ ਵਿੱਚ ਨਾਮ 'ਨੈਮਿਸ਼' ਲਿਖਿਆ ਮਿਲਦਾ ਹੈ।

ਪੁਰਾਤਨ ਸਮੇਂ ਵਿਚ ਸਰਸਵਤੀ ਦੇ ਪਾਣੀ ਤੇ ਬ੍ਰਹਮ ਵਿਦਿਆ ਦੀ ਬਾਣੀ ਨਾਲ ਇਹ ਧਰਤੀ ਧਾਰਮਿਕ, ਅਧਿਆਤਮਿਕ, ਪਵਿੱਤਰ ਅਤੇ ਪੂਜਨੀਕ ਬਣੀ ਹੋਈ ਸੀ। ਪਰੰਤੂ ਸਮੇਂ ਦੇ ਫੇਰ ਨਾਲ ਸਤਲੁਜ ਅਤੇ ਸਰਸਵਤੀ ਨਦੀ ਦੇ ਪਿੱਛੇ ਹਟ ਜਾਣ ਕਰਕੇ ਇਹ ਇਲਾਕਾ ਮਾਰੂ ਭੂਮੀ ਬਣ ਗਿਆ ਸੀ। ਇਸ ਧਰਤੀ ਨੇ ਇਤਿਹਾਸ ਦੇ ਕਈ ਰੂਪ ਦੇਖੇ। ਇੱਥੇ ਬੁੱਧ ਧਰਮ ਦਾ ਵੀ ਬੋਲਬਾਲਾ ਹੋਇਆ। ਇਸਲਾਮੀ ਹਮਲਾਵਰਾਂ ਨੇ ਇਸ ਪ੍ਰਦੇਸ਼ ਦੀ ਸੰਸਕ੍ਰਿਤੀ ਮਿਟਾ ਕੇ ਮਿੱਟੀ ਨਾਲ ਮਿਲਾ ਦਿੱਤੀ। ਹਿੰਦੂ ਅਤੇ ਬੋਧੀ ਮੰਦਰ, ਵਿਦਿਆਲੇ ਅਤੇ ਪੁਸਤਕਾਲਯ ਤਬਾਹ ਕਰ ਦਿੱਤੇ ਗਏ ਤੇ ਇਹ ਪਵਿੱਤਰ 'ਉਤਰਕਾਸ਼ੀ' ਅਗਿਆਨਤਾ ਅਤੇ ਅੱਤਿਆਚਾਰ ਹੇਠ ਦੱਬ ਗਈ। ਇਹ ਸਾਰਾ ਇਲਾਕਾ ਬੇਆਬਾਦ ਜੰਗਲ ਬੀਆਬਾਨ ਬਣ ਗਿਆ ਸੀ।

ਸੰਨ 1149 ਈ: ਵਿਚ ਇਸ ਇਲਾਕੇ 'ਤੇ ਹਿੰਦੂ ਗੁੱਜਰਾਂ ਨੇ ਕਬਜ਼ਾ ਕਰ ਲਿਆ ਸੀ। ਸੁਲਤਾਨ ਸ਼ਮਸ-ਉਦ-ਦੀਨ ਇਲਤੁਤਮਿਸ਼ ਦੇ ਸ਼ਾਸਨ ਕਾਲ ਵਿਚ ਇਨ੍ਹਾਂ ਹਿੰਦੂ ਗੁੱਜਰਾਂ ਨੇ ਇਸਲਾਮ ਧਾਰਨ ਕਰ ਕੇ ਅਠਤਾਲੀ (48) ਪਿੰਡਾਂ ਦੀ ਚੌਧਰ ਪ੍ਰਾਪਤ ਕੀਤੀ ਸੀ। ਇਨ੍ਹਾਂ ਗੁੱਜਰਾਂ ਦੇ ਇੱਕ ਚੌਧਰੀ ਦੀ ਕੇਵਲ ਇਕੋ-ਇਕ ਧੀ 'ਸ਼ਹਾਬੋ' ਸੀ। ਉਹ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪਣੇ ਕਬੀਲੇ ਦੀ ਮੁਖੀ ਬਣੀ ਸੀ। ਜਿਸ ਕਰਕੇ ਪਿੰਡ ਦਾ ਨਾਉ 'ਤਲਵੰਡੀ ਸਹਾਬੋ' ਮਸ਼ਹੂਰ ਹੋ ਗਿਆ ਸੀ। ਜਿਸ ਨੂੰ ਅੱਜ-ਕੱਲ੍ਹ 'ਤਲਵੰਡੀ ਸਾਬੋ' ਕਿਹਾ ਜਾਂਦਾ ਹੈ।

ਤਲਵੰਡੀ ਸਾਬੋ ਦੇ ਨਾਮਕਰਨ ਬਾਰੇ ਦੂਜੀ ਵਿਚਾਰਧਾਰਾ ਇਹ ਹੈ ਕਿ ਤਲਵੰਡੀ ਸਾਬੋ ਦੇ ਚੌਧਰੀਆਂ ਦੇ ਘਰਾਣੇ ਵਿਚ ਬਰਾੜ ਤੋਂ ਛੇਵੇਂ ਸਥਾਨ ਤੇ 'ਸਾਬੋ' ਨਾਮ ਦਾ ਇਕ ਸਰਦਾਰ ਹੋਇਆ ਹੈ, ਜੋ ਹੱਲੜ ਦਾ ਪੁੱਤਰ ਸੀ। ਉਸਨੇ ਬਰਾੜਾਂ ਦਾ ਕਬਜ਼ਾ ਤਲਵੰਡੀ ਸਾਬੋ ਤੇ ਕਰਵਾਇਆ ਸੀ। ਸੰਨ 1526 ਈ. ਵਿਚ ਸਿੱਧੂ-ਬੈਰਾੜਾਂ ਨੇ ਪਾਨੀਪਤ ਦੀ ਲੜਾਈ ਸਮੇਂ ਬਾਬਰ ਦੀ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ। ਇਸ ਲੜਾਈ ਵਿਚ ਜਿੱਤ ਪ੍ਰਾਪਤ ਕਰਨ 'ਤੇ ਬਾਬਰ ਨੇ 'ਲੱਖੀ ਜੰਗਲ-ਬਠਿੰਡਾ' ਦੀ ਚੌਧਰ ਸਿੱਧੂ-ਬੈਰਾੜਾਂ ਨੂੰ ਦੇ ਦਿੱਤੀ। ਉਨ੍ਹਾਂ ਵਿਚੋਂ ਸਾਬੋ ਬਰਾੜ ਨੇ ਤਲਵੰਡੀ ਤੇ ਕਬਜ਼ਾ ਕੀਤਾ। ਸਾਬੋ ਨੇ ਤਲਵੰਡੀ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ ਅਤੇ ਇਥੇ ਵਸਣ ਵਾਲੇ ਲੋਕਾਂ ਨੂੰ ਅਨੇਕਾਂ ਸਹੂਲਤਾਂ ਮੁਹੱਈਆ ਕਰਵਾਈਆਂ। ਸਾਬੋ ਨੇ ਆਪਣੇ ਸਮੇਂ ਇਸ ਨਗਰ ਦਾ ਬਹੁਤ ਵਿਕਾਸ ਕੀਤਾ ਸੀ। ਇਸ ਕਰਕੇ ਉਸਦੇ ਨਾਮ ਤੋਂ ਹੀ ਇਸ ਸਥਾਨ ਦਾ ਨਾਮ 'ਤਲਵੰਡੀ ਸਾਬੋ' ਪੈ ਗਿਆ। ਉਸ ਸਮੇਂ ਮਾਲਵੇ ਦਾ ਇਹ ਇਲਾਕਾ 'ਲੱਖੀ ਜੰਗਲ' ਦੇ ਨਾਮ ਨਾਲ

ਜਾਣਿਆ ਜਾਂਦਾ ਸੀ ਅਤੇ ਮੁਗ਼ਲ ਹਕੂਮਤ ਵਲੋਂ ਇਸ ਇਲਾਕੇ ਤੇ ਆਪਣੇ ਸੂਬੇਦਾਰ ਵੀ ਨਿਯੁਕਤ ਕੀਤੇ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਨੇ ਇਸ ਸਥਾਨ ਨੂੰ ਵਡਿਆਈ ਬਖਸ਼ ਕੇ ਸੰਸਾਰ ਭਰ ਵਿਚ ਪ੍ਰਸਿੱਧ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਕੁਝ ਦਿਨ ਤਲਵੰਡੀ ਸਾਬੋ ਵਿਖੇ ਠਹਿਰ ਕੇ ਧਰਮ ਦਾ ਪ੍ਰਚਾਰ ਕਰ ਕੇ ਇੱਥੇ ਸਿੱਖੀ ਦਾ ਬੀਜ ਬੀਜਿਆ। ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸੋਂ ਤਲਵੰਡੀ ਸਾਬੋ ਦੇ ਸਰਦਾਰਾਂ, ਭਾਈ ਡੱਲੇ ਦੇ ਬਜ਼ੁਰਗਾਂ, ਨੇ ਸਿੱਖੀ ਪ੍ਰਾਪਤ ਕੀਤੀ। ਫੂਲ-ਮਹਿਰਾਜ ਦੀ ਜੰਗ ਸਮੇਂ ਤਲਵੰਡੀ ਸਾਬੋ ਦੇ ਬੈਰਾੜ ਚੌਧਰੀ ਗੁਰੂ ਸਾਹਿਬ ਦੇ ਚਰਣਾਂ ਵਿਚ ਹਾਜ਼ਰ ਹੋਏ ਅਤੇ ਜੰਗ ਵਿਚ ਗੁਰੂ ਸਾਹਿਬ ਦਾ ਸਾਥ ਦਿੱਤਾ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਜੀ ਨੇ ਵੀ ਗਿਆਰਾਂ ਦਿਨ ਤਲਵੰਡੀ ਸਾਬੋ ਵਿਖੇ ਨਿਵਾਸ ਰੱਖਿਆ ਸੀ।

ਇਸ ਤੋਂ ਬਾਅਦ 1674 ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਮਾਲਵਾ ਦੇਸ ਦੀ ਯਾਤਰਾ ਸਮੇਂ ਇਥੇ ਨੌਂ ਦਿਨ ਰਹੇ। ਇਸ ਸਥਾਨ ਨੂੰ ਗੁਰੂ ਸਾਹਿਬ ਨੇ ਆਪਣੀ 'ਗੁਪਤ ਕਾਸ਼ੀ' ਦਾ ਦਰਜਾ ਦਿੱਤਾ ਅਤੇ ਭਵਿੱਖ ਬਾਣੀ ਕੀਤੀ ਕਿ ਦਸਮ ਗੁਰੂ ਸਾਹਿਬ ਇਸ ਸਥਾਨ ਤੇ ਠਹਿਨਗੇ ਤੇ ਇਸ 'ਗੁਪਤ ਕਾਸ਼ੀ' ਨੂੰ ਪ੍ਰਗਟ ਕਰਨਗੇ। ਤਲਵੰਡੀ ਸਾਬੋ ਵਿਚ ਪਾਣੀ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਗੁਰੂ ਸਾਹਿਬ ਨੇ ਗੁਰੂਸਰ ਸਰੋਵਰ ਦੀ ਕਾਰ ਸੇਵਾ ਦਾ ਟੱਕ ਲਾਇਆ ਅਤੇ ਪੰਜ ਵਾਰੀ ਆਪਣੇ ਦੋਸ਼ਾਲੇ ਨਾਲ ਮਿੱਟੀ ਬਾਹਰ ਕੱਢ ਕੇ ਇਸ ਪਵਿੱਤਰ ਕਾਰਜ ਦਾ ਆਰੰਭ ਕੀਤਾ। ਆਲੇ-ਦੁਆਲੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰ ਕੇ ਤਲਵੰਡੀ ਸਾਬੋ ਵਿਖੇ ਸਿੱਖੀ ਦੇ ਪ੍ਰਚਾਰ ਕੇਂਦਰ ਦੀ ਨੀਂਹ ਰੱਖੀ। ਇਸ ਯਾਤਰਾ ਸਮੇਂ ਤਲਵੰਡੀ ਸਾਬੋ ਦਾ ਚੌਧਰੀ ਸਲੇਮ ਸ਼ਾਹ ਬੜੀ ਪ੍ਰੇਮ ਭਾਵਨਾ ਨਾਲ ਗੁਰੂ ਸਾਹਿਬ ਦੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਰਿਹਾ। 'ਗੁਰੂ ਕੀਆਂ ਸਾਖੀਆਂ' ਦੇ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਹਿਲਾਂ ਵੀ ਸੰਨ 1665 ਈ. ਵਿਚ ਇਸ ਇਲਾਕੇ ਦਾ ਦੌਰਾ ਕੀਤਾ ਸੀ। ਪਰੰਤੂ ਗੁਰੂ ਸਾਹਿਬ ਦੇ ਇਸ ਦੌਰੇ ਦੀ ਨਿਸ਼ਚਿਤ ਪ੍ਰਮਾਣ ਦੀ ਅਣਹੋਂਦ ਕਾਰਣ ਪੁਸ਼ਟੀ ਨਹੀਂ ਕੀਤੀ ਜਾ ਸਕਦੀ।

ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਦੀ ਜੰਗ ਤੋਂ ਬਾਅਦ 1706 ਈ. ਦੇ ਆਰੰਭ ਵਿੱਚ ਤਲਵੰਡੀ ਸਾਬੋ ਪਹੁੰਚੇ ਸਨ। ਗੁਰੂ ਜੀ ਤਲਵੰਡੀ ਸਾਬੋ ਵਿਖੇ 9 ਮਹੀਨੇ 9 ਦਿਨ ਠਹਿਰੇ ਸਨ। ਉਹਨਾਂ ਨੇ ਤਲਵੰਡੀ ਸਾਬੋ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ। ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿੱਚ ਟਿਕਾਣਾ

ਕਰ ਲੈਣ ਨਾਲ ਇੱਥੋਂ ਦੀ ਰੌਣਕ ਵਿੱਚ ਬੜਾ ਵਾਧਾ ਹੋਇਆ। ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਤਲਵੰਡੀ ਸਾਬੋ ਆਉਣ ਲੱਗ ਪਈਆਂ। ਗੁਰੂ ਸਾਹਿਬ ਦੇ ਤਲਵੰਡੀ ਸਾਬੋ ਵਿੱਚ ਠਹਿਰਨ ਦਾ ਪਤਾ ਲੱਗਣ ਤੇ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਦਿੱਲੀ ਤੋਂ ਤਲਵੰਡੀ ਸਾਬੋ ਪਹੁੰਚੀਆਂ ਸਨ। ਬਾਬਾ ਫੂਲ ਦੇ ਸਪੁੱਤਰ ਭਾਈ ਰਾਮਾ ਤੇ ਤ੍ਰਿਲੋਕਾ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ ਅਤੇ ਲੰਗਰ ਲਈ ਰਸਦ ਦੇ ਗੱਡੇ ਭਰ ਕੇ ਲਿਆਏ ਸਨ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਤਲਵੰਡੀ ਸਾਬੋ ਵਿਖੇ ਹੀ ਉਨ੍ਹਾਂ ਨੇ ਅੰਮ੍ਰਿਤ ਛਕਿਆ ਸੀ।

ਇਥੇ ਰਹਿੰਦਿਆਂ ਦਸਮ ਗੁਰੂ ਸਾਹਿਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਕਰ ਕੇ, ਫ਼ਾਲਤੂ ਅਤੇ ਅਪ੍ਰਮਾਣੀਕ ਬਾਣੀਆਂ ਕੱਢ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣੀਕ ਅਤੇ ਸੰਪੂਰਨ ਬੀੜ ਤਿਆਰ ਕੀਤੀ ਸੀ। ਉਨ੍ਹਾਂ ਨੇ ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਇ ਦਾ ਆਰੰਭ ਕੀਤਾ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਮਰਿਆਦਾ ਕਾਇਮ ਕੀਤੀ ਸੀ। ਗੁਰੂ ਜੀ ਨੇ ਤਲਵੰਡੀ ਸਾਬੋ ਵਿਖੇ ਵੱਡੇ ਪੱਧਰ ਤੇ ਅੰਮ੍ਰਿਤ ਸੰਚਾਰ ਕਰ ਕੇ ਮਾਲਵੇ ਵਿੱਚ ਖਾਲਸਾ ਪੰਥ ਦਾ ਵਿਸਤਾਰ ਕੀਤਾ। ਉਨ੍ਹਾਂ ਨੇ ਇਥੇ 'ਗੁਰੂ ਕੀ ਕਾਂਸ਼ੀ' ਦੀ ਸਥਾਪਨਾ ਕੀਤੀ ਅਤੇ ਵਰਦਾਨ ਦਿੱਤਾ ਕਿ ਇੱਥੇ ਗੁਰਮਤਿ ਦੇ ਵੱਡੇ-ਵੱਡੇ ਵਿਦਵਾਨ, ਲਿਖਾਰੀ, ਗਿਆਨੀ, ਵਿਦਿਆਰਥੀ, ਸ਼ਬਦ ਵੀ ਵਿਚਾਰ ਵਾਲੇ ਵਿਦਵਾਨ ਪੈਦਾ ਹੋਣਗੇ; ਇੱਥੇ ਅਲਪ ਬੁੱਧੀ ਵਾਲੇ ਵੀ ਪੜ੍ਹ-ਲਿਖ ਕੇ ਵਿਦਵਾਨ ਬਣਨਗੇ। ਸਿੱਖ ਸੰਗਤਾਂ ਨੂੰ ਯੁੱਧ-ਵਿਦਿਆ ਵਿਚ ਨਿਪੁੰਨ ਹੋਣ ਲਈ ਉਤਸ਼ਾਹਿਤ ਕੀਤਾ ਅਤੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਆਦਿ ਅਨੇਕਾਂ ਕਾਰਜ ਕੀਤੇ। ਗੁਰੂ ਸਾਹਿਬ ਨੇ ਆਪਣੀ ਢਾਲ ਨਾਲ ਮਿੱਟੀ ਬਾਹਰ ਕੱਢ ਕੇ 'ਗੁਰੂਸਰ ਸਰੋਵਰ' ਦੀ ਕਾਰ-ਸੇਵਾ ਵੀ ਆਰੰਭ ਕਰਵਾਈ ਸੀ।

ਚੌਧਰੀ ਭਾਈ ਡੱਲਾ ਅਤੇ ਹੋਰ ਅਨੇਕਾਂ ਸਿੱਖ ਨੇ ਗੁਰੂ ਸਾਹਿਬ ਦੀ ਤਨ ਮਨ ਅਤੇ ਧਨ ਨਾਲ ਹਰ ਪੱਖੋਂ ਦਿਨ-ਰਾਤ ਸੇਵਾ ਕੀਤੀ ਸੀ। ਭਾਈ ਡੱਲੇ ਅਤੇ ਮਾਲਵੇ ਦੀ ਹੋਰ ਸਿੱਖ ਸੰਗਤਾਂ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਨੇ ਮਾਲਵੇ ਨੂੰ ਅਨੇਕਾਂ ਵਰਦਾਨ ਦਿੱਤੇ। ਇਥੇ ਰਹਿੰਦਿਆਂ ਗੁਰੂ ਸਾਹਿਬ ਨੇ ਧਰਮ ਪ੍ਰਚਾਰ ਲਈ ਆਲੇ-ਦੁਆਲੇ ਦੇ ਪਿੰਡਾਂ ਵਿਚ ਦੌਰੇ ਵੀ ਕੀਤੇ ਸਨ। ਦੱਖਣ ਵਿਚ ਬਾਦਸ਼ਾਹ ਔਰੰਗਜ਼ੇਬ ਨਾਲ ਮੁਲਾਕਾਤ ਕਰਨ ਲਈ ਗੁਰੂ ਸਾਹਿਬ ਨੌਂ ਮਹੀਨੇ ਤੇ ਨੌਂ ਦਿਨ ਇਥੇ ਨਿਵਾਸ ਕਰਨ ਉਪਰੰਤ ਕੱਤਕ ਸੁਦੀ ਪੰਜ (29 ਕੱਤਕ) ਸੰਮਤ 1763 ਬਿ. (30 ਅਕਤੂਬਰ ਸੰਨ 1706 ਈ.) ਨੂੰ ਤਲਵੰਡੀ ਸਾਬੋ ਤੋਂ ਰਾਜਪੂਤਾਨੇ ਵੱਲ

ਚਲੇ ਗਏ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਪਧਾਰਣ ਨਾਲ ਇਹ ਨਗਰ ਸਿੱਖ ਪੰਥ ਦੀਆਂ ਸਾਹਿਤਕ ਅਤੇ ਸੈਨਿਕ ਗਤੀਵਿਧੀਆਂ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ ਸੀ। ਗੁਰੂ ਸਾਹਿਬ ਤੋਂ ਮਗਰੋਂ ਬਾਬਾ ਦੀਪ ਸਿੰਘ ਜੀ ਨੇ ਇਸ ਸਥਾਨ ਦੀ ਸੇਵਾ-ਸੰਭਾਲ ਕੀਤੀ। ਬਾਬਾ ਜੀ ਨੇ ਇਥੇ ਰਹਿ ਕੇ ਗੁਰਬਾਣੀ ਦੀ ਪਾਵਨ ਬੀੜ ਦੇ ਉਤਾਰੇ ਕੀਤੇ ਅਤੇ ਗੁਰਮਤਿ ਵਿੱਦਿਆ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਬਾਬਾ ਜੀ ਨੇ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦੁਆਰਾ ਆਰੰਭ ਕੀਤੀ ਗਈ ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਇ ਨੂੰ ਅੱਗੇ ਤੋਰਿਆ। ਇਤਿਹਾਸ ਵਿੱਚ ਇਹ ਸੰਸਥਾ 'ਦਮਦਮੀ ਟਕਸਾਲ' ਦੇ ਨਾਮ ਨਾਲ ਪ੍ਰਸਿੱਧ ਹੋਈ। ਇਸ ਟਕਸਾਲ ਰਾਹੀਂ ਗੁਰਬਾਣੀ ਦਾ ਸ਼ੁੱਧ ਉਚਾਰਣ ਅਤੇ ਸਹੀ ਅਰਥ ਕਰਨੇ ਸਿਖਾਏ ਜਾਂਦੇ ਸਨ, ਜੋ ਮੌਜੂਦਾ ਸਮੇਂ ਤੱਕ ਨਿਰੰਤਰ ਜਾਰੀ ਹੈ।

ਬਾਬਾ ਜੀ ਦੇ ਜੱਥੇ ਜਾਂ ਮਿਸਲ ਸ਼ਹੀਦਾਂ ਦਾ ਮੁਖ ਟਿਕਾਣਾ ਵੀ ਤਲਵੰਡੀ ਸਾਬੋ ਹੀ ਸੀ। ਬਾਬਾ ਜੀ ਦੇ ਸ਼ਹੀਦੀ ਜੱਥੇ ਨੇ ਧਰਮ ਪ੍ਰਚਾਰ ਦੇ ਨਾਲ-ਨਾਲ ਮਾਲਵੇ ਦੀ ਰਾਜਨੀਤੀ ਵਿਚ ਵੀ ਆਪਣਾ ਯੋਗਦਾਨ ਪਾਇਆ ਸੀ। ਬਾਬਾ ਦੀਪ ਸਿੰਘ ਜੀ ਨੇ ਕਈ ਵਾਰ ਜੰਗਾਂ ਵਿਚ ਬਾਬਾ ਆਲਾ ਸਿੰਘ ਦੀ ਮੱਦਦ ਕੀਤੀ ਸੀ। ਜਦੋਂ ਨਾਦਰ ਸ਼ਾਹ ਦੇ ਕਹਿਣ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ (1739-40 ਈ.) ਸਿੰਘਾਂ ਉਪਰ ਬਹੁਤ ਜ਼ੁਲਮ ਕੀਤੇ, ਤਾਂ ਉਸ ਸਮੇਂ ਮਾਝੇ ਇਲਾਕੇ ਦੇ ਅਨੇਕਾਂ ਸਿੰਘ ਮਾਲਵੇ ਦੇ ਬਰਨਾਲਾ, ਸੁਨਾਮ, ਤਪਾ, ਤਲਵੰਡੀ ਸਾਬੋ ਆਦਿ ਪਿੰਡਾਂ ਵਿਚ ਠਹਿਰੇ ਅਤੇ ਮਾਲਵੇ ਦੇ ਸਿੱਖਾਂ ਨੇ ਇਨ੍ਹਾਂ ਸਿੰਘਾਂ ਦੀ ਬੜੀ ਸੇਵਾ-ਸੰਭਾਲ ਕੀਤੀ ਸੀ। ਪਹਿਲੇ ਘੱਲੂਘਾਰੇ ਸਮੇਂ (1746 ਈ.) ਸ਼ਹੀਦੀ ਜੱਥੇ ਦੇ ਬਾਬਾ ਦੀਪ ਸਿੰਘ ਅਤੇ ਹੋਰ ਸਿੰਘ ਕਾਹਨੂੰਵਾਨ ਦੀ ਜੰਗ ਵਿਚ ਜਖ਼ਮੀ ਹੋਏ ਸ੍ਰੀ ਦਮਦਮਾ ਸਾਹਿਬ ਪਹੁੰਚੇ। ਉਸ ਸਮੇਂ ਵੀ ਤਲਵੰਡੀ ਸਾਬੋ ਦੇ ਲੋਕਾਂ ਨੇ ਇਨ੍ਹਾਂ ਜਖ਼ਮੀ ਸਿੰਘਾਂ ਦੀ ਸੇਵਾ-ਸੰਭਾਲ ਕੀਤੀ ਸੀ।

ਮਿਸਲਾਂ ਦੇ ਸਮੇਂ ਖਾਲਸਾ ਪੰਥ ਵੱਲੋਂ ਪੰਜਾਹ ਹਜ਼ਾਰ ਰੁਪਏ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਵਾਸਤੇ ਭੇਜੇ ਗਏ ਸਨ। ਇਸ ਸਮੇਂ ਬਾਬਾ ਦੀਪ ਸਿੰਘ ਜੀ ਨੇ ਤਖ਼ਤ ਸਾਹਿਬ, ਗੁਰੂ ਤੇਗ ਬਹਾਦਰ ਜੀ ਦਾ ਮੰਜੀ ਸਾਹਿਬ ਆਦਿ ਸਥਾਨ ਪੱਕਾ ਕਰਵਾਇਆ ਸੀ। ਭੋਰਾ ਤੇ ਉਚਾ ਬੁਰਜ ਤਿਆਰ ਕੀਤਾ ਗਿਆ ਅਤੇ ਇੱਕ ਵੱਡਾ ਖੂਹ ਵੀ ਲਗਵਾਇਆ ਸੀ।

ਬਾਬਾ ਜੀ ਦੀ ਸ਼ਹਾਦਤ ਤੋਂ ਕੁਝ ਸਮਾਂ ਮਗਰੋਂ ਤਖ਼ਤ ਸਾਹਿਬ ਦਾ ਪ੍ਰਬੰਧ ਸ਼ਾਹਜ਼ਾਦਪੁਰੀਏ ਸਰਦਾਰਾਂ ਦੇ ਹੱਥਾਂ ਵਿਚ ਚਲਾ ਗਿਆ ਸੀ। ਸ. ਕਰਮ ਸਿੰਘ ਸ਼ਾਹਜ਼ਾਦਪੁਰੀਏ ਦੇ ਵੇਲੇ ਤਾਂ ਪ੍ਰਬੰਧ ਕੁਝ ਠੀਕ ਚਲਦਾ ਰਿਹਾ, ਪਰੰਤੂ ਉਸ ਤੋਂ ਬਾਅਦ ਇਸ ਘਰਾਣੇ ਨੇ ਅੰਗਰੇਜਾਂ ਦੇ ਝੋਲੀਚੁੱਕ ਬਣ ਕੇ ਇਸ ਗੁਰਧਾਮ ਦੀ ਸਾਰੀ ਜਾਇਦਾਦ ਤੇ ਕਬਜ਼ਾ ਕਰ ਲਿਆ ਸੀ। ਇਸ ਸਮੇਂ ਦੌਰਾਨ ਸ੍ਰੀ ਦਮਦਮਾ ਸਾਹਿਬ ਵਿਖੇ ਲੰਗਰ ਆਦਿ ਦੇ ਪ੍ਰਬੰਧ ਦਿਨ-ਪ੍ਰਤੀਦਿਨ ਮਾੜੇ ਹੁੰਦੇ ਗਏ। ਇਥੋਂ ਦੇ ਗਿਆਨੀਆ, ਵਿਦਵਾਨਾਂ ਅਤੇ ਮਹੰਤਾਂ ਨੂੰ ਅਪਮਾਨਤ ਕਰ ਕੇ ਤਖ਼ਤ ਸਾਹਿਬ ਤੋਂ ਕੱਢ ਦਿੱਤਾ ਗਿਆ ਸੀ। ਉਨ੍ਹਾਂ ਸੰਤਾਂ-ਮਹੰਤਾਂ ਨੇ ਉਸ ਔਖੇ ਸਮੇਂ ਵਿਚ ਆਪੋ-ਆਪਣੇ ਬੁੰਗੇ ਬਣਾ ਕੇ ਗੁਰਮਤਿ ਵਿੱਦਿਆ ਦਾ ਪ੍ਰਵਾਹ ਨਿਰਵਿਘਨ ਜਾਰੀ ਰੱਖਿਆ।

ਸਿੱਖ ਮਿਸਲਾਂ ਦੇ ਸਮੇਂ ਇਹ ਇਲਾਕਾ ਫੂਲਕੀਆਂ ਮਿਸਲ ਦੀ ਪਟਿਆਲਾ ਰਿਆਸਤ ਦੇ ਅਧਿਕਾਰ ਹੇਠ ਆ ਗਿਆ ਸੀ। ਸਿੱਖ ਸਰਦਾਰਾਂ ਤੇ ਰਾਜਿਆਂ ਨੇ ਆਪਣੀ ਰਾਜ ਸੱਤਾ ਸਥਾਪਤ ਕਰਨ ਤੋਂ ਬਾਅਦ ਵੱਖ-ਵੱਖ ਰੂਪਾਂ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਾਂ ਕਾਫ਼ੀ ਜਾਇਦਾਦ ਲਗਵਾਈ ਸੀ। ਰਾਣੀਆਂ ਦੇ ਨਵਾਬ ਜ਼ਾਬਤਾ ਖਾਂ ਨੇ ਵੀ ਸੱਤ ਪਿੰਡ ਦਾਦੂ, ਧਰਮਪੁਰਾ, ਸਿੰਘਪੁਰਾ ਆਦਿ ਲੰਗਰ ਲਈ ਭੇਂਟ ਕੀਤੇ ਸਨ। ਇਨ੍ਹਾਂ ਸਾਰੇ ਪਿੰਡਾਂ ਦੀ ਜ਼ਮੀਨ ਸ਼ਾਹਜ਼ਾਦਪੁਰੀਏ ਸਰਦਾਰਾਂ ਨੇ ਆਪਣੇ ਨਾਂ ਲਗਵਾ ਲਈ ਸੀ।

ਸ਼ਾਹਜ਼ਾਦਪੁਰੀਏ ਸਰਦਾਰ ਜੀਵਨ ਸਿੰਘ ਦਾ ਵਿਆਹ ਰਿਆਸਤ ਪਟਿਆਲਾ ਦੇ ਮਹਾਰਾਜਾ ਰਾਜਿੰਦਰ ਸਿੰਘ ਦੀ ਭੈਣ ਬਚਿੱਤਰ ਕੌਰ ਨਾਲ ਹੋਇਆ। ਜੀਵਨ ਸਿੰਘ ਨੇ ਕਾਨੂੰਨੀ ਪਰਵਾਨਗੀ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਇਥੋਂ ਦੇ ਹੋਰ ਗੁਰਦੁਆਰਿਆਂ ਦੀ ਸਾਰੀ ਜਗੀਰ ਰਿਆਸਤ ਪਟਿਆਲਾ ਤੋਂ ਦਾਜ ਵਿਚ ਲੈ ਕੇ ਆਪਣੇ ਨਾਂ ਲਗਵਾ ਲਈ ਸੀ। ਜਿਸ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਤਖ਼ਤ ਵਜੋਂ ਰੁਤਬਾ ਤੇ ਸਤਿਕਾਰ ਖਤਮ ਹੋ ਗਿਆ ਅਤੇ ਇਹ ਪਾਵਨ ਸਥਾਨ ਸ਼ਾਹਜ਼ਾਦਪੁਰੀਏ ਸਰਦਾਰਾਂ ਦੀ ਇੱਕ ਜਗੀਰ ਬਣ ਕੇ ਰਹਿ ਗਿਆ ਸੀ।

ਭਾਵੇਂ ਜਦੋਂ ਤੋਂ ਤਖ਼ਤ ਸਾਹਿਬ ਦੀ ਜਾਇਦਾਦ 'ਤੇ ਸ਼ਾਹਜ਼ਾਦਪੁਰੀਆਂ ਦਾ ਕਬਜ਼ਾ ਹੋ ਗਿਆ ਸੀ, ਉਦੋਂ ਤੋਂ ਹੀ ਇਸ ਦੀ ਸ਼ਾਨ-ਸ਼ੌਕਤ ਅਤੇ ਧਾਰਮਿਕ ਮਰਿਆਦਾ ਵਿਚ ਢਿੱਲ ਆਉਣ ਲੱਗ ਪਈ ਸੀ। ਪਰੰਤੂ ਫਿਰ ਵੀ ਇਥੋਂ ਦੀ ਧਾਰਮਿਕ ਮਰਿਆਦਾ ਪੰਥ ਵਿਚ ਮੁੱਖ ਮੰਨੀ ਜਾਂਦੀ ਸੀ। ਇਸ ਸਮੇਂ ਵੀ ਇਹ ਤਖ਼ਤ ਵੱਖ-ਵੱਖ ਮਸਲਿਆਂ ਵਿਚ ਗੁਰਮਤਿ ਸਿਧਾਤਾਂ ਅਨੁਸਾਰ ਪੰਥ ਦੀ ਅਗਵਾਈ ਕਰਦਾ ਰਿਹਾ ਸੀ। ਪੁਰਾਤਨ ਸਿੱਖ

ਵਿਦਵਾਨ ਤੇ ਲੇਖਕ ਆਪਣੇ ਗ੍ਰੰਥ ਪ੍ਰਕਾਸ਼ਤ ਕਰਨ ਤੋਂ ਪਹਿਲਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੇਸ਼ ਕਰ ਕੇ ਸੋਧਿਆ ਕਰਦੇ ਸਨ ਅਤੇ ਪ੍ਰਵਾਨਗੀ ਪ੍ਰਾਪਤ ਕਰਦੇ ਸਨ। ਸਮੇ ਸਮੇਂ 'ਤੇ ਇਸ ਸਥਾਨ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਲਈ ਆਵਾਜ਼ ਉਠਦੀ ਰਹੀ ਸੀ।

ਸੰਨ 1922-23 ਈ. ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਕਰਵਾਉਣ ਲਈ ਬਹੁਤ ਯਤਨ ਕੀਤੇ। ਪਰੰਤੂ ਸ਼ਾਹਜ਼ਾਦਪੁਰੀਏ ਸਰਦਾਰਾਂ ਨੇ ਉਨ੍ਹਾਂ ਨੂੰ ਇਸ ਸੇਵਾ ਦੀ ਆਗਿਆ ਨਹੀਂ ਦਿੱਤੀ ਸੀ। ਜਿਸ ਕਰਕੇ ਸੰਤ ਜੀ ਨੂੰ ਰਿਆਸਤ ਪਟਿਆਲਾ ਰਾਂਹੀ ਆਪਣਾ ਪ੍ਰਭਾਵ ਵਰਤ ਕੇ ਤਖ਼ਤ ਸਾਹਿਬ ਦੀ ਕੁਝ ਜ਼ਮੀਨ ਲੈ ਕੇ ਵੱਖਰਾ ਗੁਰਮਤਿ ਵਿਦਿਆਲਾ ਬਣਾਉਣਾ ਪਿਆ ਸੀ। ਸ਼ਾਹਜ਼ਾਦਪੁਰੀਆਂ ਦੇ ਨਾ-ਮਿਲਵਰਤਨ ਦੇ ਬਾਵਜੂਦ ਵੀ ਸੰਤ ਜੀ ਨੇ ਗੁਰੂਸਰ ਸਰੋਵਰ ਦੀ ਕਾਰ ਸੇਵਾ ਕੀਤੀ। ਇਸ ਸਰੋਵਰ ਨੂੰ ਪੱਕਾ ਅਤੇ ਵੱਡਾ ਕੀਤਾ ਗਿਆ। ਸੰਤ ਗੁਲਾਬ ਸਿੰਘ ਜੀ ਨੇ ਇੱਥੇ ਇੱਕ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਉਸਾਰਿਆ, ਜੋ ਹੁਣ ਇਕ ਵੱਡੀ ਸੰਸਥਾ ਦਾ ਰੂਪ ਅਖ਼ਤਿਆਰ ਕਰ ਚੁੱਕਾ ਹੈ। ਇਹ ਗੁਰਦੁਆਰਾ 'ਬੁੰਗਾ ਮਸਤੂਆਣਾ' ਨਾਮ ਨਾਲ ਪ੍ਰਸਿੱਧ ਹੈ।

1963 ਈ. ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ ਸੀ। ਇਸ ਸਮੇਂ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਦਾ ਦਰਜਾ ਦੇਣ ਦੀ ਮੰਗ ਦਾ ਜ਼ੋਰ ਵਧਿਆ। ਇਸ ਕੰਮ ਦੀ ਪੂਰਤੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਸਬ-ਕਮੇਟੀ ਬਣਾਈ ਗਈ, ਜਿਸ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਬਾਰੇ ਰਿਪੋਰਟ ਦੇਣੀ ਸੀ। ਇਸ ਸਬ-ਕਮੇਟੀ ਦੀ ਰਿਪੋਰਟ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 18 ਨਵੰਬਰ, 1966 ਈ. ਨੂੰ (ਤਖ਼ਤ) ਸ੍ਰੀ ਦਮਦਮਾ ਸਾਹਿਬ ਨੂੰ ਪੂਰੀ ਤਰ੍ਹਾਂ ਤਖ਼ਤ ਸਾਹਿਬ ਦਾ ਦਰਜਾ ਦੇ ਦਿੱਤਾ ਗਿਆ। ਭਾਰਤ ਸਰਕਾਰ ਵੱਲੋ ਕਾਫ਼ੀ ਸਮਾਂ ਬਾਅਦ ਖਾਲਸਾ ਪੰਥ ਦੇ ਤ੍ਰੈ-ਸ਼ਤਾਬਦੀ ਦਿਵਸ ਸਮੇਂ 1999 ਈ. ਵਿਚ ਇਸ ਤਖ਼ਤ ਨੂੰ ਮਾਨਤਾ ਦਿੱਤੀ ਗਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਪਹਿਲਾ ਜੱਥੇਦਾਰ ਥਾਪਿਆ ਗਿਆ।

ਬਦਕਿਸਮਤੀ ਨਾਲ ਇਸ ਅਸਥਾਨ ਦਾ ਪ੍ਰਬੰਧ ਸੁਤੇ-ਸਿੱਧ ਹੀ ਇੱਕ ਐਸੇ ਜਗੀਰਦਾਰ ਘਰਾਣੇ ਦੇ ਹੱਥਾਂ ਵਿੱਚ ਆ ਗਿਆ ਸੀ, ਜਿਸ ਨੇ ਇਸ ਦੀ ਤਖ਼ਤ ਸਾਹਿਬ ਵਾਲੀ ਮਹਾਨਤਾ ਨੂੰ ਕੁਝ ਸਮੇਂ ਲਈ ਸਿੱਖਾਂ ਲਈ ਖ਼ਤਮ ਕਰਕੇ ਇੱਕ ਸਾਧਾਰਨ ਜਾਗੀਰ ਵਿੱਚ ਬਦਲ ਦਿੱਤਾ ਸੀ। ਪਰ ਇਸ ਦੀ ਜੋ ਅਸਲ ਮਹਾਨਤਾ

ਰਹੀ ਹੈ, ਉਸ ਨੇ ਇੱਕ ਨਾ ਇੱਕ ਦਿਨ ਤਾਂ ਸਾਹਮਣੇ ਆਉਣਾ ਹੀ ਸੀ। ਮੌਜੂਦਾ ਸਮੇਂ ਵਿਚ ਇਹ ਸਥਾਨ ਮਾਲਵੇ ਖੇਤਰ ਵਿਚ ਪੰਥਕ ਗਤੀਵਿਧੀਆਂ ਦੇ ਗੜ੍ਹ ਵਜੋਂ ਉਭਰ ਕੇ ਸਾਹਮਣੇ ਆ ਰਿਹਾ ਹੈ।

ਦੇਸ ਦੀ ਆਜ਼ਾਦੀ ਤੋਂ ਬਾਅਦ ਇਹ ਇਲਾਕਾ ਥੋੜ੍ਹਾ ਸਮਾਂ ਪੈਪਸੂ ਰਾਜ ਦੇ ਅਧੀਨ ਰਿਹਾ ਤੇ ਫਿਰ 1956 ਈ. ਵਿਚ ਪੈਪਸੂ ਦਾ ਪੰਜਾਬ ਵਿਚ ਰਲੇਵਾਂ ਹੋਣ 'ਤੇ ਪੰਜਾਬ ਸੂਬੇ ਦਾ ਹਿੱਸਾ ਬਣ ਗਿਆ ਸੀ। ਮੌਜੂਦਾ ਸਮੇਂ ਵਿਚ ਇਹ ਨਗਰ ਜ਼ਿਲ੍ਹਾ ਬਠਿੰਡਾ ਦੀ ਇੱਕ ਤਹਿਸੀਲ ਹੈ। ਤਲਵੰਡੀ ਸਾਬੋ ਇੱਕ ਖੂਬਸੂਰਤ ਅਤੇ ਰੌਣਕ ਵਾਲਾ ਨਗਰ ਬਣ ਚੁੱਕਿਆ ਹੈ। 'ਤਖ਼ਤ ਸ੍ਰੀ ਦਮਦਮਾ ਸਾਹਿਬ' ਸਿੱਖ ਪੰਥ ਦੀ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਮਸਲਿਆਂ ਵਿਚ ਅਗਵਾਈ ਕਰ ਰਿਹਾ ਹੈ। ਬੁੰਗਾ ਮਸਤੂਆਣਾ, ਦਮਦਮੀ ਟਕਸਾਲ ਗੁਰਮਤਿ ਵਿਦਿਆਲਾ, ਛਾਉਣੀ ਨਿਹੰਗ ਸਿੰਘ ਬੁੱਢਾ ਦਲ, ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਆਦਿ ਧਾਰਮਿਕ ਸੰਸਥਾਵਾਂ ਵੱਲੋਂ ਗੁਰਮਤਿ ਵਿੱਦਿਆ, ਸਿੱਖ ਸਿਧਾਂਤਾਂ ਤੇ ਰਹੁ-ਰੀਤਾਂ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਯੋਗਦਾਨ ਪਾਇਆ ਜਾ ਰਿਹਾ ਹੈ। ਨਗਰ ਤਲਵੰਡੀ ਸਾਬੋ ਵਿਚ ਮੌਜੂਦ ਕਈ ਯੂਨੀਵਰਸਿਟੀਆਂ, ਕਾਲਜ, ਸਕੂਲ ਅਤੇ ਹੋਰ ਵਿੱਦਿਅਕ ਆਦਾਰੇ ਸੰਸਾਰ ਨੂੰ ਕਿੱਤਾਮੁਖੀ ਤੇ ਗੁਰਮਤਿ ਦੋਵੇਂ ਤਰ੍ਹਾਂ ਦੀ ਵਿੱਦਿਆ ਮੁਹੱਈਆ ਕਰਵਾ ਰਹੇ ਹਨ। ਗੁਰੂ ਸਾਹਿਬ ਵੱਲੋਂ ਇਸ ਨਗਰ ਨੂੰ 'ਗੁਰੂ ਕੀ ਕਾਸ਼ੀ' ਦੇ ਦਿੱਤੇ ਹੋਏ ਵਰਦਾਨ ਪ੍ਰਤੱਖ ਰੂਪਮਾਨ ਹੁੰਦੇ ਨਜ਼ਰ ਆ ਰਹੇ ਹਨ।

**Abstract**

**Historical and Religious Significance of Talwandi Sabo (Damdama Sahib)**

Takhat Sri Damdama Sahib, One of five *takhats* of *Khalsa Panth*, is situated in town Talwandi Sabo. We are dealing with in this respect with the historical and religious significance of Talwandi Sabo (Damdama Sahib). This study is an account of historical background, religious importance, contribution of Talwandi Sabo in Sikh history and relevance of this town in present time.

Talwandi Sabo is an ancient town. During Vedic age, the Saraswati River flowed through this town. The saints and sages resided in this town and they wrote the Vedas and many other ancient scriptures. The sage Markanda established *'Uttar Kashi'* here. Then with the passage of time, due to the drying up of rivers and the Islamic invasions, this region became an uninhabited desert. In twelfth century, the *Hindu Gujjars* acquired the *chaudhar* (chief ship) of this area by converting to the Islam. In Mughal period, '*Sabo ke Brars'* occupied Talwandi Sabo.

Sri Guru Nanak Dev graced Talwandi Sabo by his visit during the journeys/ *udasis*. Sri Guru Tegh Bahadur preached the Sikhism, by staying here for nine days. In 1706 A.D., Sri Guru Gobind Singh resided here for nine months and nine days. Here the Guru, by incorporating the hymns of Sri Guru Tegh Bahadur, prepared the complete and authentic version of Sri Guru Granth Sahib and commenced the sect for meaning and parsing of *Gurbani*.

Baba Deep Singh made this town the centre of his activities after the tenth *Guru ji* and propagated and disseminated the *Gurmat vidya*. After his martyrdom, the control of *Takhat Sahib* passed into the hands of *Shahzadpuria Sardars*/chiefs.

This area was occupied by the princely state of Patiala of *Phulkian Misl* during the time of *Sikh Misls* and remained under its subjection till the independence of country.  After the merger of PEPSU with Punjab, it became the part of Punjab state.

The *Shiromani Gurdwara Parbandhak Committee* took over the control of Takhat Sri Damdama Sahib in 1963A.D. At present, this town is a *tehsil*/subdivision of Bathinda District. Many universities, colleges, schools and other religious institutions located here are providing the education to the world on the large scale.

## ਸਾਰਾਂਸ਼

### ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ

ਤਲਵੰਡੀ ਸਾਬੋ ਨਗਰ ਵਿਖੇ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਸਥਿਤ ਹੈ। ਅਸੀਂ ਤਲਵੰਡੀ ਸਾਬੋ (ਦਮਦਮਾ ਸਾਹਿਬ) ਨਗਰ ਦੇ ਇਤਿਹਾਸਕ ਅਤੇ ਧਾਰਮਿਕ ਮਹੱਤਵ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਹ ਲਿਖਤ ਤਲਵੰਡੀ ਸਾਬੋ ਦੇ ਇਤਿਹਾਸਕ ਪਿਛੋਕੜ, ਧਾਰਮਿਕ ਮਹੱਤਵ, ਸਿੱਖ ਇਤਿਹਾਸ ਵਿਚ ਤਲਵੰਡੀ ਸਾਬੋ ਦੇ ਯੋਗਦਾਨ ਅਤੇ ਵਰਤਮਾਨ ਸਮੇਂ ਵਿਚ ਇਸ ਨਗਰ ਦੀ ਪ੍ਰਸੰਗਕਿਤਾ ਦਾ ਅਧਿਐਨ ਕਰਦੀ ਹੈ।

ਤਲਵੰਡੀ ਸਾਬੋ ਇੱਕ ਪ੍ਰਾਚੀਨ ਨਗਰ ਹੈ। ਵੈਦਿਕ ਕਾਲ ਸਮੇਂ ਸਰਸਵਤੀ ਨਦੀ ਇਸ ਨਗਰ ਦੇ ਵਿਚੀਂ ਵਗਦੀ ਹੁੰਦੀ ਸੀ। ਇਸ ਨਗਰ ਵਿਚ ਰਿਸ਼ੀਆ-ਮੁਨੀਆਂ ਦਾ ਨਿਵਾਸ ਸੀ ਅਤੇ ਉਨ੍ਹਾਂ ਨੇ ਇਸ ਧਰਤੀ ਤੇ ਵੇਦਾਂ ਅਤੇ ਕਈ ਹੋਰ ਗ੍ਰੰਥਾਂ ਦੀ ਰਚਨਾ ਕੀਤੀ। ਮਾਰਕੰਡੇ ਰਿਸ਼ੀ ਨੇ ਇਥੇ ਉੱਤਰ ਕਾਸ਼ੀ ਦੀ ਸਥਾਪਨਾ ਕੀਤੀ। ਫਿਰ ਸਮੇਂ ਦੇ ਫੇਰ ਨਾਲ ਨਦੀਆਂ ਦੇ ਸੁੱਕਣ ਅਤੇ ਇਸਲਾਮੀ ਹਮਲਿਆਂ ਕਾਰਨ ਇਹ ਇਲਾਕਾ ਬੇਆਬਾਦ ਮਾਰੂਥਲ ਬਣ ਗਿਆ। ਬਾਰ੍ਹਵੀਂ ਸਦੀ ਵਿਚ ਹਿੰਦੂ ਗੁੱਜਰਾਂ ਨੇ ਇਸਲਾਮ ਧਾਰਨ ਕਰਕੇ ਇਸ ਇਲਾਕੇ ਦੀ ਚੌਧਰ ਪ੍ਰਾਪਤ ਕੀਤੀ। ਮੁਗ਼ਲ ਕਾਲ ਸਮੇਂ 'ਸਾਬੋ ਕੇ ਬਰਾੜਾਂ' ਨੇ ਤਲਵੰਡੀ ਸਾਬੋ ਤੇ ਕਬਜ਼ਾ ਕਰ ਲਿਆ ਸੀ।

ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੌਰਾਨ ਇਸ ਨਗਰ ਵਿਚ ਚਰਨ ਪਾਏ। ਗੁਰੂ ਤੇਗ ਬਹਾਦਰ ਜੀ ਨੌਂ ਦਿਨ ਇਥੇ ਰਹਿ ਕੇ ਸਿੱਖੀ ਦਾ ਪ੍ਰਚਾਰ ਕੀਤਾ। 1706 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਨੌਂ ਮਹੀਨੇ ਤੇ ਨੌਂ ਦਿਨ ਨਿਵਾਸ ਕੀਤਾ। ਇਥੇ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਅਤੇ ਪ੍ਰਮਾਣੀਕ ਬੀੜ ਤਿਆਰ ਕੀਤੀ ਅਤੇ ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਇ ਦਾ ਆਰੰਭ ਕੀਤਾ।

ਗੁਰੂ ਸਾਹਿਬ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਨੇ ਇਸ ਨਗਰ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ ਅਤੇ ਗੁਰਮਤਿ ਵਿੱਦਿਆ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਉਨ੍ਹਾਂ ਦੀ ਸ਼ਹਾਦਤ ਤੋਂ ਮਗਰੋਂ ਤਖ਼ਤ ਸਾਹਿਬ ਦਾ

ਪ੍ਰਬੰਧ ਸ਼ਾਹਜ਼ਾਦਪੁਰੀਏ ਸਰਦਾਰਾਂ ਦੇ ਹੱਥਾਂ ਵਿਚ ਚਲਾ ਗਿਆ ਸੀ। ਸਿੱਖ ਮਿਸਲਾਂ ਦੇ ਸਮੇਂ ਇਸ ਇਲਾਕੇ ਤੇ ਫੂਲਕੀਆ ਮਿਸਲ ਦੀ ਪਟਿਆਲਾ ਰਿਆਸਤ ਨੇ ਕਬਜ਼ਾ ਕਰ ਲਿਆ ਸੀ ਅਤੇ ਦੇਸ ਆਜ਼ਾਦ ਹੋਣ ਤੱਕ ਇਸ ਦੇ ਅਧੀਨ ਰਿਹਾ। 1956 ਵਿਚ ਪੈਪਸੂ ਦਾ ਪੰਜਾਬ ਵਿਚ ਰਲੇਵੇਂ ਹੋਣ 'ਤੇ ਇਹ ਪੰਜਾਬ ਸੂਬੇ ਦਾ ਹਿੱਸਾ ਬਣਿਆ।

1963 ਈ. ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ ਸੀ। ਮੌਜੂਦਾ ਸਮੇਂ ਵਿਚ ਇਹ ਨਗਰ ਜ਼ਿਲ੍ਹਾ ਬਠਿੰਡਾ ਦੀ ਇੱਕ ਤਹਿਸੀਲ ਹੈ। ਇਥੇ ਸਥਿਤ ਕਈ ਯੂਨੀਵਰਸਿਟੀਆਂ, ਕਾਲਜ, ਸਕੂਲ ਅਤੇ ਹੋਰ ਧਾਰਮਿਕ ਸੰਸਥਾਵਾਂ ਵੱਡੇ ਪੱਧਰ 'ਤੇ ਸੰਸਾਰ ਨੂੰ ਸਿੱਖਿਆ ਮੁਹੱਈਆ ਕਰਵਾ ਰਹੀਆਂ ਹਨ।

**TO WHOM IT MAY CONCERN**

It is certifying that **Mrs Harjinderpal Kaur** is doing Ph.D. on the topic of **''Historical and Religious Significance of Talwandi Sabo (Damdama Sahib)''** under my supervision. She has submitted her doctoral thesis on 30-07-2020. During the research period her following research papers/papers have been published/presented in the following Journals/Conferences.

| **Journal/ Name** | **Research Paper/ Paper Title** | **Volume & Year** | **ISBN/ISSN No.** | **Page No.** |
|---|---|---|---|---|
| Abstracts of Sikh Studies | Historical background of Talwandi Sabo (Damdama Sahib) | Vol. XXII<br>Issue 1<br>Jan.-March 2020 | 2230-7729 | 88-93 |
| Teg Bahadur journal of Religious Studies | *Gyan* | Volume: 1<br>Issue:1<br>July 2015 | 2454-8995 | 117-120 |
| | | | | |
| **Paper Title** | **Conference Title** | **Organized Institution** | **Date of Conference** | **University** |
| ਨਰਿੰਦਰਪਾਲ ਸਿੰਘ ਰਚਿਤ ਨਾਵਲਾਂ ਵਿਚ ਇਤਿਹਾਸਕ ਚੇਤਨਾ | ਚੌਥੀ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ | ਪੰਜਾਬੀ ਸਾਹਿਤ ਅਧਿਐਨ ਵਿਭਾਗ | 15-17 ਦਸੰਬਰ, 2014 | ਪੰਜਾਬੀ ਯੂਨੀਵਰਸਿਟੀ, ਪਟਿਆਲਾ |

**Supervisor**

**Dr. Rajinder Kaur Rohi**

**Department of Religious Studies**

**Punjabi University, Patiala**

## ਘੋਸ਼ਣਾ-ਪੱਤਰ

ਮੈਂ ਬਿਆਨ ਕਰਦੀ ਹਾਂ ਕਿ **'ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ'** ਵਿਸ਼ੇ 'ਤੇ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਵਿਚ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ, ਡਿਪਲੋਮਾ ਜਾਂ ਸਰਟੀਫ਼ਿਕੇਟ ਦਿੱਤਾ ਗਿਆ ਹੋਵੇ।

ਖੋਜਾਰਥਣ

ਹਰਜਿੰਦਰਪਾਲ ਕੌਰ

ਮਿਤੀ 30/07/2020

ਹਰਜਿੰਦਰਪਾਲ ਕੌਰ

## ਧੰਨਵਾਦ

ਸਭ ਤੋਂ ਪਹਿਲਾਂ ਮੈਂ ਉਸ ਵਾਹਿਗੁਰੂ ਦਾ ਧੰਨਵਾਦ ਕਰਦੀ ਹਾਂ, ਜਿਸ ਦੀ ਮਿਹਰ ਸਦਕਾ ਹੱਥਲੇ ਖੋਜ-ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਸਫਲਤਾ ਮਿਲੀ ਹੈ।

ਮੈਂ ਧੰਨਵਾਦ ਕਰਦੀ ਹਾਂ ਮੇਰੀ ਨਿਗਰਾਨ ਡਾ. ਰਾਜਿੰਦਰ ਕੌਰ ਰੋਹੀ ਜੀ ਦਾ, ਜਿਨ੍ਹਾਂ ਦੀ ਸੁਯੋਗ ਅਗਵਾਈ ਅਤੇ ਸਮੇਂ-ਸਮੇਂ ਦਿੱਤੇ ਉਤਸ਼ਾਹ ਕਾਰਨ ਹੱਥਲਾ ਖੋਜ-ਕਾਰਜ ਸੰਪੂਰਨ ਹੋਇਆ।

ਮੈਂ ਡਾ. ਦਰਸ਼ਨ ਸਿੰਘ ਜੀ, ਪ੍ਰੋਫ਼ੈਸਰ ਧਰਮ ਅਧਿਐਨ ਵਿਭਾਗ ਦੀ ਬਹੁਤ ਰਿਣੀ ਹਾਂ, ਜਿਨ੍ਹਾਂ ਨੇ ਇਸ ਖੋਜ-ਕਾਰਜ ਦੌਰਾਨ ਹਰ ਕਦਮ ਤੇ ਸੁਚੱਜੀ ਸੇਧ ਦੇ ਕੇ ਮੇਰਾ ਮਾਰਗ ਦਰਸ਼ਨ ਕੀਤਾ।

ਵਿਭਾਗ ਦੇ ਮੁਖੀ ਪ੍ਰੋ. ਮੁਹੰਮਦ ਹਬੀਬ ਜੀ ਅਤੇ ਪ੍ਰੋ. ਗੁਰਮੀਤ ਸਿੰਘ ਸਿੱਧੂ ਜੀ ਅਤੇ ਹੋਰ ਸਾਰੇ ਅਧਿਆਪਕ ਸਾਹਿਬਾਨ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਸਮੇਂ-ਸਮੇਂ ਤੇ ਹੱਲਾਸ਼ੇਰੀ ਦਿੱਤੀ ਅਤੇ ਚੰਗੇ ਸੁਝਾਅ ਵੀ ਦਿੱਤੇ।

ਧੰਨਵਾਦ ਕਰਦੀ ਹਾਂ ਵਿਭਾਗ ਦੇ ਲਾਇਬ੍ਰੇਰੀਅਨ, ਕਲਰਕ ਅਤੇ ਸਮੂਹ ਸਟਾਫ ਦਾ ਜਿਨ੍ਹਾਂ ਨੇ ਹਰ ਮੋੜ 'ਤੇ ਮੇਰਾਸਾਥ ਦਿੱਤਾ।

ਧੰਨਵਾਦ ਕਰਦੀ ਹਾਂ ਆਪਣੇ ਪਿਆਰੇ ਮਿੱਤਰਾਂ, ਵਿਸ਼ੇਸ਼ ਤੌਰ ਤੇ ਜਗਮੋਹਨ ਸਿੰਘ, ਗੁਰਪ੍ਰੀਤ ਕੌਰ, ਦਾ ਜਿਨ੍ਹਾਂ ਨੇ ਮੇਰੇ ਇਸ ਖੋਜ-ਕਾਰਜ ਨੂੰ ਪੂਰਾ ਕਰਨ ਵਿਚ ਮੇਰੀ ਵਿਸ਼ੇਸ਼ ਤੌਰ 'ਤੇ ਮਦਦ ਕੀਤੀ।

ਮੇਰੇ ਪਤੀ ਸ੍ਰ. ਪ੍ਰਦੀਪ ਸਿੰਘ, ਪੁੱਤਰ ਸੁਬੇਗ ਸਿੰਘ, ਸਹੁਰੇ ਅਤੇ ਪੇਕੇ ਪਰਿਵਾਰ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਦੀਆਂ ਦੁਆਵਾਂ ਅਤੇ ਸਹਿਯੋਗ ਸਦਕਾ ਇਹ ਕਾਰਜ ਪੂਰਾ ਹੋਇਆ।

ਹਰਜਿੰਦਰਪਾਲ ਕੌਰ

## ਤਤਕਰਾ


**ਪੰਨਾ**

**ਭੂਮਿਕਾ** ........................................ **i-vii**

ਅਧਿਆਇ ਪਹਿਲਾ ........................................ **1-35**

**ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਇਤਿਹਾਸਕ ਪਿਛੋਕੜ**

ਅਧਿਆਇ ਦੂਜਾ ........................................ **36-86**

**ਤਲਵੰਡੀ ਸਾਬੋ (ਦਮਦਮਾ ਸਾਹਿਬ) ਤਲਵੰਡੀ ਸਾਬੋ ਦਾ ਧਾਰਮਿਕ ਮਹੱਤਵ**

ਅਧਿਆਇ ਤੀਜਾ ........................................ **87-142**

**ਸਿੱਖ ਇਤਿਹਾਸ ਵਿਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਯੋਗਦਾਨ ਅਤੇ ਸਥਾਨ**

ਅਧਿਆਇ ਚੌਥਾ ........................................ **143-171**

**ਅਜੋਕੇ ਸਮੇਂ ਵਿਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਦੀ ਪ੍ਰਸੰਗਕਿਤਾ**

**ਸਾਰ** ........................................ **172-179**

**ਪੁਸਤਕ ਸੂਚੀ** ........................................ **180-190**

**ਅੰਤਿਕਾ** ........................................ **191-198**

# ਭੂਮਿਕਾ

ਪੰਜਾਬ ਅੰਦਰ ਤਲਵੰਡੀ ਨਾਮ ਦੇ ਅਨੇਕ ਪਿੰਡ ਮਿਲਦੇ ਹਨ। ਪਰੰਤੂ ਸਿੱਖ ਇਤਿਹਾਸ ਵਿੱਚ ਇਸ ਨਾਮ ਦੇ ਕੇਵਲ ਦੋ ਹੀ ਪਵਿੱਤਰ ਨਗਰ ਪ੍ਰਸਿੱਧ ਹਨ, ਜੋ ਸਿੱਖ ਇਤਿਹਾਸ ਦਾ ਅਨਿੱਖੜਵਾਂ ਅੰਗ ਹਨ। ਪਹਿਲਾ ਇਤਿਹਾਸਕ ਪਿੰਡ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖੂਪੁਰਾ ਪਾਕਿਸਤਾਨ ਵਿੱਚ ਹੈ। ਇਸ ਨਾਮ ਦਾ ਦੂਸਰਾ ਨਗਰ ਮਾਲਵੇ ਇਲਾਕੇ ਦੇ ਜ਼ਿਲ੍ਹਾ ਬਠਿੰਡਾ ਵਿੱਚ ਇਤਿਹਾਸਕ ਪਿੰਡ 'ਤਲਵੰਡੀ ਸਾਬੋ' ਹੈ। ਤਲਵੰਡੀ ਸਾਬੋ ਮਾਲਵੇ ਇਲਾਕੇ ਦਾ ਪੁਰਾਤਨ ਤੇ ਇਤਿਹਾਸਕ ਨਗਰ ਹੈ। ਇਹ ਨਗਰ ਸਿੱਖ ਪੰਥ ਦਾ ਪ੍ਰਸਿੱਧ ਗੁਰਧਾਮ ਹੈ। ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ, ਤਖ਼ਤ ਸ੍ਰੀ ਦਮਦਮਾ ਸਾਹਿਬ ਇਸ ਨਗਰ ਵਿਚ ਸਥਿਤ ਹੈ।

ਤਲਵੰਡੀ ਸਾਬੋ ਦੀ ਧਰਤੀ ਤੇ ਆਦਿ ਕਾਲ ਤੋਂ ਰੱਬੀ ਬਾਣੀ ਦੀ ਗੂੰਜ ਪੈਂਦੀ ਰਹੀ ਹੈ। ਵੈਦਿਕ ਕਾਲ ਦੌਰਾਨ ਇਹ ਨਗਰ ਰਮਣੀਕ ਮਨੋਹਰ ਤੇ ਖ਼ੂਬਸੂਰਤ ਸੀ। ਇਸ ਸਮੇਂ ਸਰਸਵਤੀ ਨਦੀ ਦੀ ਇੱਕ ਸ਼ਾਖਾ ਥਾਨੇਸਰ ਕੋਲ ਦੀ ਹੁੰਦੀ ਹੋਈ ਵਰਤਮਾਨ ਤਲਵੰਡੀ ਸਾਬੋ ਕੋਲ ਦੀ ਵਗਦੀ ਸੀ। ਇਥੇ ਮਾਰਕੰਡੇ ਰਿਸ਼ੀ ਨੇ ਤਪ ਕੀਤਾ ਅਤੇ 'ਉਤਰ ਕਾਸ਼ੀ' ਦੀ ਸਥਾਪਨਾ ਕੀਤੀ ਸੀ। ਪੁਰਾਤਨ ਸਮੇਂ ਵਿਚ ਸਰਸਵਤੀ ਦੇ ਪਾਣੀ ਤੇ ਬ੍ਰਹਮ ਵਿਦਿਆ ਦੀ ਬਾਣੀ ਨਾਲ ਇਹ ਧਰਤੀ ਧਾਰਮਿਕ, ਅਧਿਆਤਮਿਕ, ਪਵਿੱਤਰ ਤੇ ਪੂਜਨੀਕ ਬਣੀ ਹੋਈ ਸੀ।

ਪਰੰਤੂ ਸਮੇਂ ਦੇ ਫੇਰ ਨਾਲ ਸਤਲੁਜ ਅਤੇ ਸਰਸਵਤੀ ਦੇ ਪਿੱਛੇ ਹਟ ਜਾਣ ਕਰਕੇ ਇਹ ਪ੍ਰਦੇਸ਼ ਮਾਰੂ ਭੂਮੀ ਬਣ ਗਿਆ। ਇਸ ਧਰਤੀ ਨੇ ਇਤਿਹਾਸ ਦੇ ਕਈ ਰੂਪ ਦੇਖੇ। ਇੱਥੇ ਬੁੱਧ ਧਰਮ ਦਾ ਵੀ ਬੋਲਬਾਲਾ ਹੋਇਆ। ਇਸਲਾਮੀ ਹਮਲਾਵਰਾਂ ਨੇ ਇਸ ਪ੍ਰਦੇਸ਼ ਦੀ ਅਮੀਰ ਸੰਸਕ੍ਰਿਤੀ ਮਿਟਾ ਕੇ ਮਿੱਟੀ ਨਾਲ ਮਿਲਾ ਦਿੱਤੀ। ਹਿੰਦੂ ਅਤੇ ਬੋਧੀ ਮੰਦਰ, ਵਿਦਿਆਲਯ ਅਤੇ ਪੁਸਤਕਾਲਯ ਤਬਾਹ ਕਰ ਦਿੱਤੇ ਤੇ ਇਹ ਪਵਿੱਤਰ 'ਉਤਰਕਾਸ਼ੀ' ਅਗਿਆਨਤਾ ਅਤੇ ਅੱਤਿਆਚਾਰ ਹੇਠ ਦੱਬ ਗਈ। ਇਹ ਸਾਰਾ ਇਲਾਕਾ ਬੇਆਬਾਦ ਜੰਗਲ ਬੀਆਬਾਨ ਬਣ ਗਿਆ।

ਸੰਨ 1149 ਈ. ਵਿੱਚ ਇਸ ਸਥਾਨ 'ਤੇ ਹਿੰਦੂ ਗੁੱਜਰ ਕਾਬਜ਼ ਹੋ ਗਏ ਸਨ। ਜਿਨ੍ਹਾਂ ਨੇ 'ਸ਼ਮਸ਼-

ਉਦ-ਦੀਨ ਇਲਤੁਤਮਿਸ਼' ਸਮੇਂ ਇਸਲਾਮ ਧਾਰਨ ਕਰਕੇ 48 ਪਿੰਡਾਂ ਦੀ ਚੌਧਰ ਪ੍ਰਾਪਤ ਕੀਤੀ। ਇਨ੍ਹਾਂ ਗੁੱਜਰਾਂ ਦੇ ਚੌਧਰੀ ਦੀ ਕੇਵਲ ਇਕੋ ਇਕ ਧੀ 'ਸਹਾਬੋ' ਸੀ, ਜੋ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪਣੇ ਕਬੀਲੇ ਦੀ ਮੁਖੀ ਬਣੀ। ਜਿਸ ਕਰਕੇ ਪਿੰਡ ਦਾ ਨਾਉ ਤਲਵੰਡੀ 'ਸਹਾਬੋ' ਬਣ ਗਿਆ, ਜਿਸ ਨੂੰ ਅੱਜ-ਕੱਲ੍ਹ 'ਤਲਵੰਡੀ ਸਾਬੋ' ਕਿਹਾ ਜਾਂਦਾ ਹੈ।

ਤਲਵੰਡੀ ਸਾਬੋ ਦੇ ਨਾਮਕਰਨ ਬਾਰੇ ਦੂਜੀ ਮੱਤ ਇਹ ਵੀ ਹੈ ਕਿ ਤਲਵੰਡੀ ਸਾਬੋ ਦੇ ਸਰਦਾਰਾਂ ਦੀ ਬੰਸਾਵਲੀ ਵਿਚ ਬਰਾੜ ਤੋਂ ਛੇਵੇਂ ਸਥਾਨ ਤੇ 'ਸਾਬੋ' ਨਾਮ ਦਾ ਇਕ ਸਰਦਾਰ ਹੋਇਆ ਹੈ, ਜਿਸਨੇ ਬਰਾੜਾਂ ਦਾ ਕਬਜ਼ਾ ਤਲਵੰਡੀ ਸਾਬੋ ਤੇ ਕਰਵਾਇਆ । 1526 ਈ: ਵਿਚ ਬਾਬਰ ਦੇ ਹਮਲੇ ਸਮੇਂ ਬਰਾੜਾਂ ਨੇ ਪਾਨੀਪਤ ਦੇ ਮੈਦਾਨ ਵਿਚ ਬਾਬਰ ਦੀ ਸਹਾਇਤਾ ਕੀਤੀ। ਜਿਸ ਕਰਕੇ 'ਲੱਖੀ ਜੰਗਲ- ਬਠਿੰਡਾ' ਦੀ ਚੌਧਰ ਸਿੱਧੂ ਬਰਾੜਾਂ ਨੂੰ ਹਾਸਿਲ ਹੋਈ। ਜਿਨ੍ਹਾਂ ਵਿਚੋਂ ਸਾਬੋ ਤਲਵੰਡੀ ਦੇ ਸਥਾਨ ਤੇ ਕਾਬਜ਼ ਹੋਇਆ। ਸਾਬੋ ਨੇ ਤਲਵੰਡੀ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ ਅਤੇ ਉਸਨੇ ਇਥੇ ਵਸਣ ਵਾਲੇ ਕਿਸਾਨਾਂ ਨੂੰ ਅਨੇਕਾਂ ਸਹੂਲਤਾਂ ਮੁਹੱਈਆ ਕਰਵਾਈਆਂ। ਇਸ ਤਰ੍ਹਾਂ ਉਸਦੇ ਨਾਮ ਤੋਂ ਹੀ ਇਸ ਸਥਾਨ ਦਾ ਨਾਮ 'ਤਲਵੰਡੀ ਸਾਬੋ' ਪੈ ਗਿਆ। ਜਦੋਂ ਗੁਰੂ ਤੇਗ ਬਹਾਦਰ ਜੀ ਤਲਵੰਡੀ ਸਾਬੋ ਪੁੱਜੇ ਸਨ, ਤਾਂ ਉਸ ਸਮੇਂ ਇਥੋਂ ਦੇ ਚੌਧਰੀ ਸਲੇਮਸ਼ਾਹ ਨੇ ਬਹੁਤ ਪ੍ਰੇਮ ਭਾਵਨਾ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ। ਚੌਧਰੀ ਸਲੇਮਸ਼ਾਹ ਤੋਂ ਬਾਅਦ ਉਸਦਾ ਵੱਡਾ ਪੁੱਤਰ 'ਡੱਲਾ' ਇਲਾਕੇ ਦਾ ਚੌਧਰੀ ਬਣਿਆ। ਉਹ ਮਹਾਨ ਸੂਰਬੀਰ ਤੇ ਤਾਕਤਵਰ ਯੋਧਾ ਸੀ। ਉਸਨੇ ਦਸਮ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਅਤੇ ਬੜੀ ਸ਼ਰਧਾ ਭਾਵਨਾ ਨਾਲ ਗੁਰੂ ਜੀ ਦੀ ਸੇਵਾ ਕੀਤੀ ਸੀ।

ਤਲਵੰਡੀ ਸਾਬੋ ਦਾ ਸਿੱਖ ਪੰਥ ਦੇ ਇਤਿਹਾਸ ਨਾਲ ਬਹੁਤ ਗਹਿਰਾ ਅਤੇ ਪੁਰਾਤਨ ਸੰਬੰਧ ਹੈ। ਇਸ ਸਥਾਨ ਨੂੰ ਵੱਖ-ਵੱਖ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੈ। ਤਲਵੰਡੀ ਸਾਬੋ ਵਿਚ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਾਉਣ ਦੀ ਰਵਾਇਤ ਹੈ। ਤਲਵੰਡੀ ਸਾਬੋ ਦਾ ਸੰਬੰਧ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਵੀ ਦੱਸਿਆ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਮਾਲਵਾ ਪ੍ਰਦੇਸ਼ ਦੀ ਯਾਤਰਾ ਦੌਰਾਨ ਧਰਮ ਪ੍ਰਚਾਰ ਕਰਦੇ ਹੋਏ ਤਲਵੰਡੀ ਸਾਬੋ ਪਹੁੰਚੇ ਸਨ ਅਤੇ ਨੌਂ ਦਿਨ ਇੱਥੇ ਠਹਿਰੇ ਸਨ।

ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਦੀ ਜੰਗ ਤੋਂ ਬਾਅਦ 1706 ਈ. ਦੇ ਆਰੰਭ ਵਿੱਚ ਤਲਵੰਡੀ

ਸਾਬੋ ਪਹੁੰਚੇ ਸਨ। ਗੁਰੂ ਜੀ ਤਲਵੰਡੀ ਸਾਬੋ ਵਿਖੇ 9 ਮਹੀਨੇ 9 ਦਿਨ ਠਹਿਰੇ ਸਨ। ਇਥੇ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਇੱਕ ਸੰਪੂਰਨ ਤੇ ਪ੍ਰਮਾਣੀਕ ਬੀੜ ਦੀ ਰਚਨਾ ਕੀਤੀ, ਜੋ ਸਿੱਖ ਪੰਥ ਵਿਚ 'ਦਮਦਮੀ ਬੀੜ' ਨਾਮ ਨਾਲ ਪ੍ਰਸਿੱਧ ਹੈ। ਗੁਰੂ ਸਾਹਿਬ ਵੱਲੋਂ ਅਖੰਡ ਪਾਠ ਦੀ ਮਰਯਾਦਾ ਕਾਇਮ ਕੀਤੀ ਗਈ ਅਤੇ ਗੁਰਬਾਣੀ ਦੇ ਅਰਥਾਂ ਦੀ ਸੰਪਰਦਾਇ (ਦਮਦਮੀ ਟਕਸਾਲ) ਤੋਰੀ ਗਈ। ਗੁਰੂ ਸਾਹਿਬ ਨੇ ਫੁਰਮਾਇਆ ਕਿ ਇਥੇ ਗੁਰਮਤਿ ਦੇ ਵੱਡੇ-ਵੱਡੇ ਵਿਦਵਾਨ, ਲਿਖਾਰੀ, ਗਿਆਨੀ, ਵਿਦਿਆਰਥੀ, ਸ਼ਬਦ ਦੀ ਵਿਚਾਰ ਕਰਨ ਵਾਲੇ ਪੈਦਾ ਹੋਣਗੇ। ਅਕਤੂਬਰ 1706 ਵਿਚ ਗੁਰੂ ਸਾਹਿਬ ਬਾਬਾ ਦੀਪ ਸਿੰਘ ਜੀ ਨੂੰ ਦਮਦਮਾ ਸਾਹਿਬ ਦਾ ਮੁੱਖ ਸੇਵਾਦਾਰ ਥਾਪ ਕੇ ਦੱਖਣ ਵੱਲ ਨੂੰ ਚਲੇ ਗਏ।

ਗੁਰੂ ਸਾਹਿਬ ਤੋਂ ਮਗਰੋਂ ਬਾਬਾ ਦੀਪ ਸਿੰਘ ਜੀ ਨੇ ਇਸ ਸਥਾਨ ਦੀ ਸੇਵਾ-ਸੰਭਾਲ ਕੀਤੀ। ਬਾਬਾ ਜੀ ਨੇ ਇਥੇ ਰਹਿ ਕੇ ਗੁਰਬਾਣੀ ਦੀ ਪਾਵਨ ਬੀੜ ਦੇ ਉਤਾਰੇ ਕੀਤੇ ਅਤੇ ਗੁਰਮਤਿ ਵਿੱਦਿਆ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਉਨ੍ਹਾਂ ਦੇ ਜੱਥੇ ਜਾਂ ਮਿਸਲ ਸ਼ਹੀਦਾਂ ਦਾ ਮੁਖ ਟਿਕਾਣਾ ਵੀ ਤਲਵੰਡੀ ਸਾਬੋ ਹੀ ਸੀ। ਉਨ੍ਹਾਂ ਦੀ ਸ਼ਹਾਦਤ ਤੋਂ ਕੁਝ ਸਮਾਂ ਮਗਰੋਂ ਇਸ ਸਥਾਨ ਦਾ ਪ੍ਰਬੰਧ ਸ਼ਾਹਜ਼ਾਦਪੁਰੀਏ ਸਰਦਾਰਾਂ ਦੇ ਹੱਥਾਂ ਵਿਚ ਚਲਾ ਗਿਆ ਸੀ। ਇਸ ਘਰਾਣੇ ਨੇ ਅੰਗਰੇਜ਼ਾਂ ਦੇ ਝੋਲੀਚੁੱਕ ਬਣ ਕੇ ਇਸ ਗੁਰਧਾਮ ਦੀ ਸਾਰੀ ਜਾਇਦਾਦ ਤੇ ਕਬਜ਼ਾ ਕਰ ਲਿਆ ਸੀ। ਇਥੋਂ ਦੇ ਸੰਤਾਂ-ਮਹੰਤਾਂ ਨੇ ਉਸ ਔਖੇ ਸਮੇਂ ਵਿਚ ਆਪੋ-ਆਪਣੇ ਬੁੰਗੇ ਬਣਾ ਕੇ ਗੁਰਮਤਿ ਵਿੱਦਿਆ ਦਾ ਪ੍ਰਵਾਹ ਨਿਰਵਿਘਨ ਜਾਰੀ ਰੱਖਿਆ। ਇਸ ਸਮੇਂ ਵੀ ਇਹ ਤਖ਼ਤ ਵੱਖ-ਵੱਖ ਮਸਲਿਆਂ ਵਿਚ ਗੁਰਮਤਿ ਸਿਧਾਤਾਂ ਅਨੁਸਾਰ ਪੰਥ ਦੀ ਅਗਵਾਈ ਕਰਦਾ ਰਿਹਾ ਸੀ। ਸਮੇ ਸਮੇਂ 'ਤੇ ਇਸ ਗੁਰਧਾਮ ਦੇ ਪ੍ਰਬੰਧ ਵਿਚ ਸੁਧਾਰ ਕਰਨ ਲਈ ਆਵਾਜ਼ ਉਠਦੀ ਰਹੀ। 1963 ਈ. ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਸ਼ਾਹਜ਼ਾਦਪੁਰੀਏ ਸਰਦਾਰਾਂ ਕੋਲੋਂ ਛੁੱਟ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਿਆ ਸੀ।

ਅਜੋਕੇ ਸਮੇਂ ਵਿਚ ਤਲਵੰਡੀ ਸਾਬੋ ਪੰਜਾਬ, ਖਾਸ ਕਰਕੇ ਮਾਲਵੇ ਖੇਤਰ, ਦਾ ਇੱਕ ਮਹੱਤਵਪੂਰਣ ਨਗਰ ਹੈ। 'ਤਖ਼ਤ ਸ੍ਰੀ ਦਮਦਮਾ ਸਾਹਿਬ' ਸਿੱਖ ਪੰਥ ਦੀ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਮਸਲਿਆਂ ਵਿਚ ਅਗਵਾਈ ਕਰ ਰਿਹਾ ਹੈ। ਬੁੰਗਾ ਮਸਤੂਆਣਾ, ਦਮਦਮੀ ਟਕਸਾਲ ਗੁਰਮਤਿ ਵਿਦਿਆਲਾ, ਛਾਉਣੀ ਨਿਹੰਗ ਸਿੰਘ ਬੁੱਢਾ ਦਲ, ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਆਦਿ ਧਾਰਮਿਕ ਸੰਸਥਾਵਾਂ ਵੱਲੋਂ

ਗੁਰਮਤਿ ਵਿੱਦਿਆ, ਸਿੱਖ ਸਿਧਾਂਤਾਂ ਤੇ ਰਹੁ-ਰੀਤਾਂ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਮਹੱਤਵਪੂਰਣ ਯੋਗਦਾਨ ਪਾਇਆ ਜਾ ਰਿਹਾ ਹੈ। ਮੌਜੂਦਾ ਸਮੇਂ ਵਿਚ ਨਗਰ ਤਲਵੰਡੀ ਸਾਬੋ ਵਿਚ ਕਈ ਯੂਨੀਵਰਸਿਟੀਆਂ, ਕਾਲਜ, ਸਕੂਲ ਅਤੇ ਹੋਰ ਵਿੱਦਿਅਕ ਆਦਾਰੇ ਸਥਿਤ ਹਨ।

ਇਸ ਪ੍ਰਾਚੀਨ ਅਤੇ ਇਤਿਹਾਸਕ ਨਗਰ ਦੀ ਧਾਰਮਿਕ ਅਤੇ ਅਧਿਆਤਮਕ ਮਹੱਤਤਾ ਨੂੰ ਦੇਖਦੇ ਹੋਏ '**ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ**' ਵਿਸ਼ੇ ਨੂੰ ਖੋਜ ਕਾਰਜ ਲਈ ਚੁਣਿਆ ਗਿਆ ਹੈ। ਇਸ ਖੋਜ ਕਾਰਜ ਵਿਚ ਤਲਵੰਡੀ ਸਾਬੋ ਦੇ ਇਤਿਹਾਸਕ ਪਿਛੋਕੜ ਅਤੇ ਸਿੱਖ ਇਤਿਹਾਸ ਵਿਚ ਇਸ ਨਗਰ ਦੇ ਯੋਗਦਾਨ ਦਾ ਵਿਸਤਾਰਪੂਰਵਕ, ਵਿਸ਼ਲੇਸ਼ਨਾਤਮਿਕ ਅਤੇ ਕ੍ਰਮਬੱਧ ਅਧਿਐਨ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਨਗਰ ਦੀ ਮੌਜੂਦਾ ਸਥਿਤੀ ਤੇ ਵੀ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਵਿਚਾਰ ਅਧੀਨ ਖੋਜ ਵਿਸ਼ੇ ਨਾਲ ਸੰਬੰਧਤ ਸਿੱਧੇ ਰੂਪ ਵਿਚ ਭਾਵੇਂ ਕੋਈ ਕਾਰਜ ਨਹੀਂ ਹੋਇਆ, ਪਰੰਤੂ ਇਸ ਨਾਲ ਅਸਿੱਧੇ ਰੂਪ ਵਿਚ ਮਿਲਦੇ ਜੁਲਦੇ ਕਈ ਕਾਰਜ ਪ੍ਰਾਪਤ ਹਨ, ਜਿਵੇਂ ਕਿ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ (ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਸ਼ੀ) ਪੁਸਤਕ ਵਿਚ ਤਲਵੰਡੀ ਸਾਬੋ ਦੇ ਇਤਿਹਾਸ ਦੇ ਨਾਲ-ਨਾਲ ਉਥੇ ਗੁਰੂ ਸਾਹਿਬਾਨ ਦੀ ਆਮਦ ਬਾਰੇ ਵੀ ਜ਼ਿਕਰ ਮਿਲਦਾ ਹੈ। ਡਾ. ਸੁਖਦਿਆਲ ਸਿੰਘ ਦੀ ਪੁਸਤਕ 'ਖਾਲਸਾ ਪੰਥ ਦੇ ਪੰਜ ਤਖ਼ਤ' ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸਕ ਵਿਸ਼ਲੇਸ਼ਣ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਾ. ਸਰਬਜਿੰਦਰ ਸਿੰਘ ਦੇ ਖੋਜ ਪ੍ਰਬੰਧ 'ਸਿੱਖ ਤਖ਼ਤਾਂ ਦਾ ਧਰਮ ਵਿਗਿਆਨਕ ਪਰਿਪੇਖ' ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਸਮੇਤ ਪੰਜ ਤਖ਼ਤਾ ਦੇ ਧਰਮ ਵਿਗਿਆਨਕ ਪੱਖ ਅਤੇ ਉਨ੍ਹਾਂ ਦਾ ਸਮੁੱਚੇ ਸਿੱਖ ਪੰਥ ਨੂੰ ਯੋਗਦਾਨ ਬਾਰੇ ਅਧਿਐਨ ਕੀਤਾ ਗਿਆ ਹੈ। ਇਸੇ ਤਰ੍ਹਾਂ ਹੋਰ ਵੀ ਕੁਝ ਕਾਰਜ ਇਸ ਵਿਸ਼ੇ ਤੇ ਹੋਏ ਹੋਣਗੇ, ਜੋ ਹੁਣ ਦੇ ਸਮੇਂ ਤੱਕ ਧਿਆਨਗੋਚਰੇ ਨਹੀਂ ਹੋਏ।

ਭਾਵੇਂ ਇਨ੍ਹਾਂ ਉਪਰੋਕਤ ਲਿਖਤਾਂ ਤੋਂ ਸਾਨੂੰ ਤਲਵੰਡੀ ਸਾਬੋ ਨਗਰ ਸੰਬੰਧੀ ਕੁਝ ਇਤਿਹਾਸਕ ਜਾਣਕਾਰੀ ਪ੍ਰਾਪਤ ਹੁੰਦੀ ਹੈ, ਪਰੰਤੂ ਇਸ ਨਗਰ ਦੀ ਮਹੱਤਤਾ ਦੇ ਮੁਕਾਬਲਤਨ ਇਹ ਜਾਣਕਾਰੀ ਨਾਕਾਫ਼ੀ ਹੈ। ਇਸ ਕਰਕੇ ਇਸ ਨਗਰ ਦੇ ਇਤਿਹਾਸਕ ਪਿਛੋਕੜ, ਧਾਰਮਿਕ ਮਹੱਤਵ ਅਤੇ ਸਿੱਖ ਇਤਿਹਾਸ ਵਿਚ ਇਸ ਦੇ ਯੋਗਦਾਨ ਨੂੰ ਜਾਣਨ ਲਈ ਇੱਕ ਵਿਸਤਾਰਪੂਰਵਕ ਅਧਿਐਨ ਅਤੇ ਖੋਜ ਦੀ ਜ਼ਰੂਰਤ ਸੀ।

ਇਸ ਖੋਜ ਕਾਰਜ ਦੇ ਵਿਸਤ੍ਰਿਤ ਅਧਿਐਨ ਲਈ ਸੂਰਜ ਪ੍ਰਕਾਸ਼, ਤਵਾਰੀਖ਼ ਗੁਰੂ ਖਾਲਸਾ, ਸਾਖੀ ਪੋਥੀ, ਗੁਰੂ ਕੀਆਂ ਸਾਖੀਆਂ, ਪ੍ਰਾਚੀਨ ਪੰਥ ਪ੍ਰਕਾਸ਼, ਪੰਥ ਪ੍ਰਕਾਸ਼, ਗੁਰਬਿਲਾਸ ਪਾਤਸ਼ਾਹੀ 10ਵੀਂ, ਗੁਰਬਿਲਾਸ ਪਾਤਸ਼ਾਹੀ 6ਵੀਂ, ਮਹਿਮਾ ਪ੍ਰਕਾਸ਼, ਬੰਸਾਵਲੀਨਾਮਾ, ਸ੍ਰੀ ਗੁਰ ਸੋਭਾ, ਸ਼ਹੀਦ ਬਿਲਾਸ, ਸ੍ਰੀ ਗੁਰ ਤੀਰਥ ਸੰਗ੍ਰਹਿ, ਗੁਰਧਾਮ ਸੰਗ੍ਰਹਿ, ਹੁਕਮਨਾਮੇ, ਬਠਿੰਡਾ ਡਿਸ.ਗਜ਼ਟੀਅਰ, ਗੁਰਦੁਆਰਾ ਗਜ਼ਟ, ਆਦਿ ਮੌਲਿਕ ਸਰੋਤਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਮਹਾਨ ਕੋਸ਼, ਇਨਸਾਇਕਲੋਪੀਡੀਆ ਆਫ਼ ਸਿੱਖਇਜ਼ਮ, ਸਿੱਖ ਪੰਥ ਵਿਸ਼ਵਕੋਸ਼, ਮਾਲਵਾ ਸਿੱਖ ਇਤਿਹਾਸ, ਸ੍ਰੀ ਦਮਦਮਾ ਗੁਰੂ ਕੀ ਕਾਸ਼ੀ, ਪੰਜਾਬ ਦਾ ਇਤਿਹਾਸ (ਜਿਲਦ ਤੀਜੀ ਅਤੇ ਪੰਜਵੀਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਸ਼੍ਰੋਮਣੀ ਸਿੱਖ ਇਤਿਹਾਸ, ਸਿੱਖ ਮਿਸਲਾਂ ਅਤੇ ਸਰਦਾਰ ਘਰਾਣੇ, ਆਦਿ ਪੁਸਤਕਾਂ ਅਤੇ ਕੋਸ਼ਾਂ ਦੀ ਜਾਣਕਾਰੀ ਵਰਤੋਂ ਵਿਚ ਲਿਆਦੀ ਗਈ ਹੈ।

ਇਸ ਖੋਜ ਕਾਰਜ ਲਈ ਵਰਤੇ ਗਏ ਇਤਿਹਾਸਕ ਸਰੋਤਾਂ ਨੂੰ ਵਾਚਣ ਤੋਂ ਬਾਅਦ ਵਿਆਖਿਆਤਮਕ ਅਤੇ ਵਰਣਾਤਮਕ ਵਿਧੀ ਦੀ ਵਰਤੋਂ ਕੀਤੀ ਗਈ ਹੈ। ਧਾਰਮਿਕ ਅਤੇ ਅਧਿਆਤਮਕ ਪੱਖ ਨੂੰ ਸਮਝਣ/ਸਮਝਾਉਣ ਲਈ ਸੰਬੰਧਤ ਸਮੱਗਰੀ ਨੂੰ ਧਰਮ ਸ਼ਾਸਤਰੀ ਵਿਧੀ ਦੇ ਨੁਕਤੇ ਦੀ ਦ੍ਰਿਸ਼ਟੀ ਤੋਂ ਵਾਚਿਆ ਗਿਆ ਹੈ।

ਇਸ ਖੋਜ ਕਾਰਜ ਨੂੰ ਚਾਰ ਅਧਿਆਇ ਵਿਚ ਵੰਡ ਕੇ ਵਿਸਤਾਰ ਕੀਤਾ ਗਿਆ ਹੈ:

ਪਹਿਲੇ ਅਧਿਆਇ ਵਿਚ ਤਲਵੰਡੀ ਸਾਬੋ (ਦਮਦਮਾ ਸਾਹਿਬ ) ਨਗਰ ਦੇ ਪੁਰਾਤਨ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ ਹੈ। ਇਸਦੇ ਅੰਤਰਗਤ ਵੈਦਿਕ ਸਮੇਂ ਤੋਂ ਲੈ ਕੇ ਵੀਹਵੀਂ ਸਦੀ ਦੇ ਅਖੀਰ ਤੱਕ ਮਾਲਵੇ ਖਿੱਤੇ, ਬਠਿੰਡੇ ਅਤੇ ਤਲਵੰਡੀ ਸਾਬੋ ਦੇ ਇਤਿਹਾਸ ਸੰਬੰਧੀ ਵਿਚਾਰ ਪ੍ਰਸਤੁਤ ਕੀਤੇ ਗਏ ਹਨ। ਇਸ ਵਿਚ ਤਲਵੰਡੀ ਸਾਬੋ ਨਗਰ ਦੇ ਨਾਮਕਰਨ ਸੰਬੰਧੀ ਚਰਚੇ ਕਰਦੇ ਹੋਏ ਇਤਿਹਾਸ ਦੇ ਵੱਖ-ਵੱਖ ਪੜਾਵਾਂ ਵਿਚ ਇਥੋਂ ਦੇ ਧਾਰਮਿਕ ਅਤੇ ਰਾਜਨੀਤਕ ਹਾਲਾਤਾਂ ਦਾ ਵਿਵਰਣ ਦਿੱਤਾ ਗਿਆ ਹੈ।

ਦੂਜੇ ਅਧਿਆਇ ਅਧੀਨ ਤਲਵੰਡੀ ਸਾਬੋ ਵਿਚ ਵੱਖ-ਵੱਖ ਗੁਰੂ ਸਾਹਿਬਾਨ ਦੇ ਆਗਮਨ ਬਾਰੇ ਵਿਸਤਾਰਪੂਰਵਕ ਵਰਣਨ ਕੀਤਾ ਗਿਆ ਹੈ। ਪਹਿਲੇ, ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਵੱਲੋਂ ਇੱਥੇ ਰਹਿ ਕੇ ਕੀਤੇ ਸਿੱਖੀ ਪ੍ਰਚਾਰ ਬਾਰੇ ਵਿਚਾਰ ਪ੍ਰਗਟ ਕੀਤੇ ਗਏ ਹਨ ਅਤੇ ਉਹਨਾਂ ਦੁਆਰਾ ਇਸ ਸਥਾਨ ਤੇ ਕੀਤੇ ਗਏ

ਪ੍ਰਮੁੱਖ ਕਾਰਜਾਂ ਬਾਰੇ ਬਿਆਨ ਕੀਤਾ ਗਿਆ ਹੈ। ਛੇਵੇਂ ਗੁਰੂ ਸਾਹਿਬ ਦੇ ਤਲਵੰਡੀ ਸਾਬੋ ਨਾਲ ਸੰਬੰਧਾਂ ਬਾਰੇ ਜ਼ਿਕਰ ਕੀਤਾ ਗਿਆ ਹੈ। ਇਸ ਵਿਚ ਗੁਰੂ ਸਾਹਿਬਾਨ ਵੱਲੋਂ ਤਲਵੰਡੀ ਸਾਬੋ ਨੂੰ ਦਿੱਤੇ ਵਰਦਾਨਾਂ ਨੂੰ ਵੀ ਪ੍ਰਗਟਾਇਆ ਗਿਆ ਹੈ।

ਤੀਜੇ ਅਧਿਆਇ ਵਿਚ ਸਿੱਖ ਇਤਿਹਾਸ ਵਿਚ ਤਲਵੰਡੀ ਸਾਬੋ ਦੇ ਯੋਗਦਾਨ ਤੇ ਸਥਾਨ ਬਾਰੇ ਵਿਸਤ੍ਰਿਤ ਵੇਰਵੇ ਦਿੱਤੇ ਗਏ ਹਨ। ਸਿੱਖ ਗੁਰੂ ਸਾਹਿਬਾਨ ਦੀ ਆਮਦ ਬਾਰੇ ਸੰਖੇਪ ਜਾਣਕਾਰੀ, ਗੁਰੂ ਸਾਹਿਬ ਤੋਂ ਬਾਅਦ ਬਾਬਾ ਦੀਪ ਸਿੰਘ, ਸਿੱਖ ਮਿਸਲਾਂ, ਸਿੱਖ ਰਿਆਸਤਾਂ, ਆਜ਼ਾਦੀ ਸੰਘਰਸ਼ ਅਤੇ ਆਜ਼ਾਦੀ ਤੋਂ ਬਾਅਦ ਦੇ ਸਮੇਂ ਦੌਰਾਨ ਤਲਵੰਡੀ ਸਾਬੋ ਵਿਖੇ ਸਿੱਖ ਪੰਥ ਦੀਆਂ ਧਾਰਮਿਕ ਅਤੇ ਰਾਜਨੀਤਿਕ ਗਤੀਵਿਧੀਆਂ ਨੂੰ ਅੰਕਿਤ ਕੀਤਾ ਗਿਆ ਹੈ। ਇਸ ਅਧਿਆਇ ਵਿਚ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਤਖ਼ਤ ਸਾਹਿਬ ਤੇ ਕਾਬਜ਼ ਹੋਏ ਸ਼ਾਹਜ਼ਾਦਪੁਰੀਏ ਸਰਦਾਰਾਂ ਦੇ ਭੈੜੇ ਪ੍ਰਬੰਧਾਂ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ।

ਚੌਥੇ ਅਧਿਆਇ ਵਿਚ ਮੌਜੂਦਾ ਸਮੇਂ ਵਿਚ ਤਲਵੰਡੀ ਸਾਬੋ ਦੇ ਧਾਰਮਿਕ, ਅਧਿਆਤਮਿਕ ਅਤੇ ਰਾਜਨੀਤਕ ਮਹੱਤਵ ਨੂੰ ਦਰਸਾਇਆ ਗਿਆ ਹੈ। ਇਹ ਪੇਸ਼ ਕੀਤਾ ਗਿਆ ਕਿ ਕਿਸ ਤਰ੍ਹਾਂ ਇਹ ਨਗਰ ਵਰਤਮਾਨ ਸਮੇਂ ਦੌਰਾਨ ਮਾਲਵੇ ਵਿਚ ਸਿੱਖ ਪੰਥ ਦੀਆਂ ਧਾਰਮਿਕ ਅਤੇ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਬਿੰਦੂ ਹੈ। ਵਿੱਦਿਅਕ ਪੱਖੋਂ ਪੱਛੜੇ ਇਸ ਖੇਤਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸੰਸਥਾਵਾਂ, ਬੁੰਗਿਆਂ, ਟਕਸਾਲ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵੱਲੋਂ ਕੀਤੇ ਜਾ ਰਹੇ ਗੁਰਮਤਿ ਅਤੇ ਕਿੱਤਾਮੁਖੀ ਸਿੱਖਿਆ ਦੇ ਪ੍ਰਚਾਰ ਅਤੇ ਪ੍ਰਸਾਰ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ।

ਇਸ ਤਰ੍ਹਾਂ ਇਸ ਖੋਜ ਕਾਰਜ ਰਾਹੀਂ ਤਲਵੰਡੀ ਸਾਬੋ (ਦਮਦਮਾ ਸਾਹਿਬ) ਦਾ ਬਹੁਪੱਖੀ ਅਧਿਐਨ ਕਰਦੇ ਹੋਏ ਇਸ ਦੇ ਜਨ ਸਧਾਰਨ ਨਾਲ ਸੰਬੰਧਤ ਸਵਰੂਪ ਨੂੰ ਪੇਸ਼ ਕਰਨ ਦਾ ਇੱਕ ਅਕਾਦਮਿਕ ਪੱਧਰ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਕਾਰਜ ਨੂੰ ਕਰਦਿਆਂ ਹੋਇਆ ਵੈਦਿਕ ਕਾਲ ਤੋਂ ਲੈ ਕੇ ਇੱਕੀਵੀਂ ਸਦੀ ਦੇ ਸ਼ੁਰੂ ਤੱਕ ਤਲਵੰਡੀ ਸਾਬੋ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ। ਤਲਵੰਡੀ ਸਾਬੋ ਨਾਲ ਸੰਬੰਧਤ ਸਿੱਖ ਧਰਮ ਦੇ ਇਤਿਹਾਸ ਬਾਰੇ ਕੀਮਤੀ ਅਤੇ ਮਹੱਤਵਪੂਰਣ ਗਿਆਨ ਹਾਸਲ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਅਤੇ ਪ੍ਰਮਾਣੀਕ ਬੀੜ 'ਦਮਦਮੀ ਬੀੜ' ਦੀ ਸੰਪਾਦਨਾ, ਇਸ ਬੀੜ ਦੇ ਚਾਰ ਉਤਾਰਿਆਂ, ਸ੍ਰੀ ਅਖੰਡ ਪਾਠ ਦੀ ਮਰਯਾਦਾ ਦੀ ਸ਼ੁਰੂਆਤ ਆਦਿ ਪ੍ਰਮੁੱਖ ਕਾਰਜਾਂ ਬਾਰੇ ਵਿਸਤ੍ਰਿਤ ਬਿਰਤਾਂਤ

ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਖੋਜ ਕਾਰਜ ਵਿਚ ਤਲਵੰਡੀ ਸਾਬੋ ਦੇ ਇਤਿਹਾਸਕ, ਧਾਰਮਿਕ, ਅਧਿਆਤਮਿਕ ਅਤੇ ਰਾਜਨੀਤਿਕ ਪੱਖ ਨੂੰ ਪੇਸ਼ ਕਰਨ ਦੇ ਨਾਲ ਨਾਲ ਅਜੋਕੇ ਸਮੇਂ ਵਿਚ ਇਸ ਦੀ ਪ੍ਰਸੰਗਿਕਤਾ ਨੂੰ ਉਜਾਗਰ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਇਹ ਸਥਾਨ ਮਾਲਵੇ ਖੇਤਰ ਨੂੰ ਹਰ ਪੱਖੋਂ ਪ੍ਰਫੁੱਲਿਤ ਕਰਨ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਿਹਾ ਹੈ।